Voice of Social Concerns | Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ-5, ਅੰਕ-11, ਦਸੰਬਰ 2015 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

## ਸਦਮਿਆਂ ਦੀ ਪ੍ਰਯੋਗਸ਼ਾਲਾ ਬਣਦਾ ਜਾ ਰਿਹੈ ਸੰਸਾਰ




ਗੁਰਚਰਨ ਨੂਰਪੁਰ

ਇਕ ਅੰਗਰੇਜ਼ ਲੇਖਕਾ ਹੈ ਨਿਓਮੀ ਕਲੇਨ ਉਸ ਨੇ ਵੱਖ ਵੱਖ ਦੇਸ਼ਾਂ ਵਿਚ ਘੁੰਮ ਕੇ, ਅਧਿਐਨ ਕਰਕੇ ਇਕ ਕਿਤਾਬ The Shock Doctrine' (The Rise of Disaster Capitalism) ਲਿਖੀ ਇਸ ਦਾ ਪੰਜਾਬੀ ਵਿਚ ਅਨੁਵਾਦ ਹੈ 'ਸਦਮਾ ਸਿਧਾਂਤ' (ਤਬਾਹੀ ਪਸੰਦ ਸਰਮਾਏਦਾਰੀ ਦਾ ਉਭਾਰ)। ਤਕਰੀਬਨ 600 ਪੰਨੇ ਦੀ ਇਸ ਕਿਤਾਬ ਵਿਚ ਲੇਖਕਾ ਨੇ ਕਾਰਪੋਰੇਟ ਤਾਕਤਾਂ ਦੇ ਵੱਖ-ਵੱਖ ਦੇਸ਼ਾਂ ਵਿਚ ਕੰਮ ਕਰਨ ਦੇ ਤੌਰ-ਤਰੀਕਿਆਂ ਦਾ ਅਧਿਐਨ ਕੀਤਾ। ਉਸ ਅਨੁਸਾਰ 'ਜਦੋਂ ਲੋਕ ਕੁਦਰਤੀ ਆਫ਼ਤਾਂ ਨਾਲ ਸਦਮੇ ਵਿਚ ਹੋਣ ਜਾਂ ਜਦੋਂ ਫਿਰ ਮਸਨੂਈ ਢੰਗ ਨਾਲ ਉਨ੍ਹਾਂ ਨੂੰ ਸਦਮੇ ਦੇ ਕੇ ਅਜਿਹੇ ਹਾਲਾਤ ਪੈਦਾ ਕੀਤੇ ਜਾਣ ਕਿ ਲੋਕਾਂ ਦੇ ਹੌਸਲੇ ਪਸਤ ਹੋ ਜਾਣ, ਲੋਕ ਜੜ੍ਹਾਂ ਤੋਂ ਹਿਲ ਜਾਣ, ਸਮਾਜ ਵਿਚ ਜਦੋਂ ਉੱਥਲ ਪੁਥਲ ਅਤੇ ਬੇਵਿਸ਼ਵਾਸੀ ਦਾ ਮਾਹੌਲ ਹੋਵੇ ਤਾਂ ਇਹੀ ਸਹੀ ਸਮਾਂ ਹੁੰਦਾ ਹੈ ਜਦੋਂ ਕਾਰਪੋਰੇਸ਼ਨਾਂ ਆਪਣੀਆਂ ਮੁਨਾਫ਼ਾ ਬਟੋਰੂ ਨੀਤੀਆਂ ਨੂੰ ਬੜੀ ਆਸਾਨੀ ਨਾਲ ਅੱਗੇ ਵਧਾ ਸਕਦੀਆਂ ਹਨ।'

ਲੇਖਕਾ ਅਨੁਸਾਰ ਸਦਮਾ ਸਿਧਾਂਤ ਸ਼ਿਕਾਗੋ ਦੇ ਅਰਥਸ਼ਾਸ਼ਤਰੀ ਪ੍ਰਫੈਸਰ ਫਰਾਇਡਮੈਨ ਦੇ ਦਿਮਾਗ ਦੀ ਕਾਢ ਸੀ। ਉਸ ਨੂੰ ਇਸ ਦਾ ਇਲਮ ਸੱਤਰਵਿਆਂ ਦੇ ਆਸ ਪਾਸ ਹੋਇਆ। 16 ਨਵੰਬਰ 2006 ਨੂੰ ਫਰਾਇਡਮੈਨ ਦੀ ਮੌਤ ਹੋਈ। ਕਲੇਨ ਅਨੁਸਾਰ ਫਰਾਇਡਮੈਨ, ਬੀਤੀ ਅੱਧੀ ਸਦੀ ਦੌਰਾਨ, ਆਰਥਕ ਨੀਤੀਆਂ ਸਬੰਧੀ ਅਸਰ ਰਸੂਖ ਰੱਖਣ ਵਾਲਾ ਦੁਨੀਆਂ ਦਾ ਵੱਡਾ ਵਿਅਕਤੀ ਸੀ। ਅਮਰੀਕਾ ਦੇ ਕਈ ਰਾਸ਼ਟਰਪਤੀ, ਬਰਤਾਨੀਆਂ ਦਾ ਪ੍ਰਧਾਨ ਮੰਤਰੀ, ਰੂਸੀ ਵਿੱਤੀ ਜੁੰਡੀਆਂ ਦੇ ਸਰਦਾਰ, ਪੋਲੈਂਡ ਦਾ ਵਿੱਤ ਮੰਤਰੀ, ਤੀਜੀ ਦੁਨੀਆਂ ਦੇ ਤਾਨਾਸ਼ਾਹ ਆਦਿ ਉਸ ਦੇ ਸ਼ਾਗਿਰਦਾਂ ਵਾਂਗ ਸਨ। ਨਿੱਜੀਕਰਨ ਨੀਤੀਆਂ ਨੂੰ ਅੱਗੇ ਵਧਾਉਣ ਵਿੱਚ ਵੱਡੀ ਭੂਮਿਕਾ ਨਿਭਾਉਣ ਵਾਲੇ ਫਰਾਇਡਮੈਨ ਦਾ ਵਿਚਾਰ ਸੀ ਕਿ ਜਦੋਂ ਲੋਕ ਕੁਦਰਤੀ ਆਫਤਾਂ ਦੇ ਭੰਨੇ ਹੋਣ ਉਸ ਸਮੇਂ ਕੰਮ ਕਰਨ ਦਾ ਵਧੀਆ ਮੌਕਾ ਹੁੰਦਾ ਹੈ। ਜੇਕਰ ਕੁਦਰਤੀ ਆਫਤਾਂ ਨਹੀਂ ਤਾਂ ਅਜਿਹੇ ਹਾਲਾਤ ਪੈਦਾ ਕੀਤੇ ਜਾਣ ਕਿ ਲੋਕ ਜੰਗਾਂ ਯੁੱਧਾਂ ਅਤੇ ਆਪਸੀ ਲੜਾਈਆਂ ਵਿੱਚ ਉਲਝ ਜਾਣ ਤਾਂ ਖੌਜੁਦਾ ਹੋਏ ਲੋਕਾਂ ਤੇ ਪੁਲਸ ਜਾਂ ਫੌਜ ਦੀ ਮਦਦ ਨਾਲ ਹਰ ਤਰ੍ਹਾਂ ਦੀਆਂ ਮਨਮਰਜੀਆਂ ਥੋਪੀਆਂ ਜਾ ਸਕਦੀਆਂ ਹਨ। ਉਸ ਦਾ ਏਜੰਡਾ ਸੀ ਕਿ ਪਹਿਲਾਂ ਸਰਕਾਰਾਂ ਨੂੰ ਆਪਣੇ ਮੁਨਾਫੇ ਬਟੋਰਨ ਦੇ ਰਾਹ ਦਾ ਰੋੜਾ ਬਣਨ ਵਾਲੇ ਸਾਰੇ ਕਾਇਦੇ ਕਾਨੂੰਨ ਖਤਮ ਕਰਨੇ ਹੋਣਗੇ। ਦੂਜਾ ਸਰਕਾਰਾਂ ਆਪਣੇ ਪਬਲਿਕ ਸੈਕਟਰ ਦੇ ਸਾਰੇ ਅਸਾਸੇ ਵੇਚ ਦੇਣ ਤਾਂ ਜੋ ਕਾਰਪੋਰੇਸ਼ਨਾਂ ਨੂੰ ਮੁਨਾਫੇ ਹੋਣੇ ਸ਼ੁਰੂ ਹੋ ਜਾਣ। ਤੀਜਾ ਸਰਕਾਰਾਂ ਸਮਾਜਿਕ ਪ੍ਰੋਗਰਾਮਾਂ ਲਈ ਦਿੱਤੇ ਜਾਂਦੇ ਫੰਡਾਂ/ਸਬਸਿਡੀਆਂ ਚ ਤਿੱਖੀਆਂ ਕਟੌਤੀਆਂ ਕਰਨ। ਕਾਰਪੋਰੇਸ਼ਨਾਂ ਨੂੰ ਕਿਤੇ ਵੀ ਮਾਲ ਵੇਚਣ ਦੀ ਖੁੱਲ ਦਿੱਤੀ ਜਾਵੇ। ਸਰਕਾਰਾਂ ਸਥਾਨਕ ਸਨਅਤਾਂ ਜਾਂ ਸਨਅਤਕਾਰਾਂ ਨੂੰ ਬਚਾਉਣ ਦੀ ਕੋਸ਼ਿਸ਼ ਨਹੀਂ ਕਰਨਗੀਆਂ। ਮਿਹਨਤ ਦੇ ਮੁੱਲ ਸਮੇਤ ਸਾਰੀਆਂ ਕੀਮਤਾਂ ਮੰਡੀ ਤੈਅ ਕਰੇਗੀ। ਫਰਾਇਡਮੈਨ ਨੇ ਸਿਹਤ ਸਹੂਲਤਾਂ, ਡਾਕ ਸੇਵਾਵਾਂ, ਸਿੱਖਿਆ, ਸੇਵਾ ਮੁਕਤੀ ਪੈਨਸ਼ਨ, ਇੱਥੋਂ ਤੱਕ ਕਿ ਨੈਸ਼ਨਲ ਪਾਰਕ ਤੱਕ ਵੇਚ ਦੇਣ ਦੀ ਸਲਾਹ ਦਿੱਤੀ।



ਨਿਓਮੀ ਕਲੇਨ



ਫਰਾਇਡਮੈਨ

ਤੀਜੀ ਦੁਨੀਆਂ ਦੇ ਦੇਸ਼ਾਂ ਵਿੱਚ ਸਦਮਾ ਸਿਧਾਂਤ ਨੂੰ ਬੜੇ ਕਾਰਗਰ ਢੰਗ ਨਾਲ ਲਾਗੂ ਕੀਤਾ ਗਿਆ। ਇਰਾਕ, ਸੀਰੀਆ, ਪੋਲੈਂਡ, ਸ੍ਰੀ ਲੰਕਾ ਅਤੇ ਆਦਿ ਦੇਸ਼ਾਂ ਵਿੱਚ ਕਾਰਪੋਰੇਟ ਤਾਕਤਾਂ ਨੂੰ ਖੁੱਲ ਕੇ ਖੇਡਣ ਦੀ ਆਗਿਆ ਦਿੱਤੀ ਗਈ। ਅਸੀਂ ਗਹੁ ਨਾਲ ਦੇਖਦੇ ਹਾਂ ਤਾਂ ਪਤਾ ਚਲਦਾ ਇਹ ਨੀਤੀਆਂ ਸਾਡੇ ਮੁਲਕ ਵਿੱਚ ਵੀ ਇਨ ਬਿਨ ਲਾਗੂ ਕੀਤੀਆਂ ਜਾ ਰਹੀਆਂ ਹਨ। ਜਦੋਂ ਅਸੀਂ ਪੰਜਾਬ ਦੀ ਗੱਲ ਕਰਦੇ ਹਾਂ ਤਾਂ ਇੱਥੇ ਇਝ ਭਾਸਦਾ ਹੈ ਜਿਵੇਂ ਪੰਜਾਬ ਦੀ ਧਰਤੀ ਤਾਂ ਇੱਕ ਤਰ੍ਹਾਂ ਨਾਲ ਸਦਮਾ ਸਿਧਾਂਤ ਦੀ ਪ੍ਰੋਯਗਸ਼ਾਲਾ ਹੀ ਬਣ ਗਈ ਹੈ। ਇੱਥੇ 84 ਦੀ ਅੱਗ ਦੀਆਂ ਲਪਟਾਂ ਚੋਂ ਬਚੇ ਲੋਕਾਂ ਚੋਂ ਕੁਝ ਤਾਂ ਬਾਹਰਲੇ ਮੁਲਕਾਂ ਵਿੱਚ ਜਾ ਵਸੇ ਅਤੇ ਬਾਕੀ ਜਿਹਨਾਂ ਨੇ ਇਸ ਮਿੱਟੀ ਦਾ ਮੋਹ ਨਹੀਂ ਛੱਡਿਆ ਉਹ ਅਜੇ ਉਸ ਸੰਤਾਪ ਚੋਂ ਉਭਰ ਹੀ ਰਹੇ ਸਨ ਕਿ ਨਸ਼ਿਆਂ ਦੇ ਕਹਿਰ ਨੇ ਇੱਥੋਂ ਦੀ ਜਵਾਨੀ ਨੂੰ ਗਾਲਣਾ ਸ਼ੁਰੂ ਕਰ ਦਿੱਤਾ। ਘਰਾਂ ਦੇ ਘਰ ਤਬਾਹ ਹੋ ਗਏ ਲੋਕਾਂ ਦੀ ਤਬਾਹੀ ਤੋਂ ਕਮਾਈਆਂ ਕਰਨ ਵਾਲਿਆਂ ਨੇ ਨੋਟਾਂ ਦੇ ਢੇਰ ਲਾ ਲਏ ਪਰ ਲੱਖਾਂ ਮਾਵਾਂ ਬਹੂ ਬੇਟੀਆਂ ਜਿਹਨਾਂ ਦੇ ਪੁੱਤ, ਭਰਾ ਸਿਰ ਦੇ ਸਾਈ ਇਸ ਨਸ਼ਿਆ ਦੀ ਹਨੇਰੀ ਵਿੱਚ ਗਵਾਚ ਗਏ ਉਹ ਅੱਜ ਵੀ ਡੌਰ ਭੌਰ ਹੋਈਆਂ ਆਪਣੇ ਸਿਰ ਦੇ ਅੰਬਰ ਨੂੰ ਤਲਾਸ਼ ਰਹੀਆਂ ਹਨ। ਇੱਕ ਵਕਤ ਅਜਿਹਾ ਵੀ ਰਿਹਾ ਜਦੋਂ ਅਤਿਵਾਦ ਨੂੰ ਸਿਖਰ ਵੱਲ ਜਾਣ ਦਿੱਤਾ ਗਿਆ। ਫਿਰ ਸਟੇਟ ਦੀ ਤਾਕਤ ਝੋਕ ਕੇ ਕਸੂਰਵਾਰਾਂ ਦੇ ਪਰਦੇ ਹੇਠ ਹਜਾਰਾਂ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਕੇ ਅਜਿਹਾ ਮਾਹੌਲ ਸਿਰਜਿਆ ਗਿਆ ਕਿ ਹਰ ਵਰਗ ਦੇ ਲੋਕਾਂ ਦੇ ਹੌਸਲੇ ਪਸਤ ਹੋ ਜਾਣ। 1990 ਤੋਂ ਉਦਾਰਵਾਦੀ ਨੀਤੀਆਂ ਨੂੰ ਲਾਗੂ ਕਰਨ ਲਈ ਯੂ ਪੀ ਏ ਅਤੇ ਐਨ ਡੀ ਏ ਦੇ ਏਜੰਡੇ ਵਿੱਚ ਕੋਈ ਫਰਕ ਨਹੀਂ ਹੈ। ਹੁਣ ਹਾਲਾਤ ਇਹ ਹਨ ਕਿ ਮੁਲਕ ਦੇ ਹੁਕਮਰਾਨਾਂ ਨੇ ਕਾਰਪੋਰੇਟ ਕੰਪਨੀਆਂ ਅੱਗੇ ਇੱਕ ਤਰ੍ਹਾਂ ਨਾਲ ਗੋਡੇ ਹੀ ਟੇਕ ਦਿੱਤੇ ਹਨ।

ਪੰਜਾਬ ਵਿੱਚ ਇੱਕ ਸਮਾਂ ਉਹ ਆਇਆ ਜਦੋਂ ਇੱਥੋਂ ਦੀ ਨੌਜੁਆਨੀ ਜਿਸ ਵਿੱਚ ਪੁਲਸ ਦੇ ਨੌਜੁਆਨ ਵੀ ਸਨ ਅਤੇ ਆਮ ਘਰਾਂ ਦੇ ਨੌਜੁਆਨ ਵੀ ਸਨ ਜੋ ਬਲਦੀ ਦੇ ਬੁੱਥੇ ਦੇ ਦਿੱਤੇ ਗਏ ਸਨ। ਇਹਨਾਂ ਚੋਂ ਬਹੁਤ ਸਾਰੇ ਅੱਜ ਵੀ ਅਜਿਹੇ ਹਨ ਜੋ ਜੇਲਾਂ ਦੀਆਂ ਕੋਠੜੀਆਂ ਵਿੱਚ ਬੈਠੇ ਬੁੱਢੇ ਹੋ ਗਏ ਹਨ ਤਿਲ ਤਿਲ ਮਰ ਰਹੇ ਹਨ।

(ਬਾਕੀ ਸ.ਫ਼ਾ 27 'ਤੇ)



ਭਾਰਤ ਦੀ ਵਿਦਿਆ ਨੀਤੀ ਅਤੇ ਵਿਸ਼ਵ ਪੂੰਜੀ ਮੁਨਾਫਾ



Strengthening the heart of Ontario universities: making sure every academic job is a good job



ਵਿਚਾਰੇ ਬਣਕੇ ਰੁੰਘਾ ਲੈਣ ਦੀ ਥਾਂ ਆਪਣਾ ਥੜ੍ਹਾ ਮਜਬੂਤ ਕਰੋ



ਕੈਨੇਡਾ ਦੀ ਨਵੀਂ ਸਰਕਾਰ ਨਵੀਆਂ ਆਸਾਂ, ਨਵੇਂ ਸਵੇਰੇ

SUPER VISA INSURANCE

PUNJAB INSURANCE INC.

• Life Insurance • Mortgage Insurance
• Critical Illness Insurance • Disability Insurance
• RESP, RRSP

www.punjabinsurance.ca



Sherjang Singh Rana
416.910.9000



Ravinder Singh Basra
416.845.6232

# ਮਨੁੱਖ ਲਈ ਜਾਨਲੇਵਾ, ਘਰੈਗੀ ਤਾਪ ਗੈਸ



ਪ੍ਰਿੰ. ਗੁਰਦੀਪ ਸਿੰਘ ਰੰਧਾਵਾ, ਅੰਮ੍ਰਿਤਸਰ
647-821-7170



ਕਾਰਬਨ ਯੁੱਕਤ ਬਾਲਣ ਜਦੋਂ ਆਕਸੀਜਨ ਦੀ ਬੰਦ ਸੀਮਤ ਮਾਤਰਾ ਵਿਚ ਬਲ਼ਦਾ ਹੈ ਤਾਂ ਕਾਰਬਨ ਡਾਇਅਕਸਾਈਡ ਦੀ ਥਾਂ ਇਕ ਬਹੁਤ ਖਤਰਨਾਕ ਗੈਸ ਪੈਦਾ ਹੁੰਦੀ ਹੈ ਜਿਸ ਨਾਲ , ਸਾਰੇ ਪਾਸਿਉਂ ਬੰਦ ਘਰ ਵਿੱਚ ਇਹ ਯੰਮਦੂਤ ਦਾ ਰੂਪ ਧਾਰ ਕੇ ਉਥੇ ਰਹਿ ਰਹੇ ਸਾਰੇ ਮਨੁੱਖਾਂ ਅਤੇ ਜੀਵਾਂ ਨੂੰ ਪਲ ਵਿਚ ਹੀ ਮੌਤ ਦੇ ਘਾਟ ਉਤਾਰ ਦਿੰਦੀ ਹੈ। ਪਹਿਲਾਂ ਪਹਿਲਾਂ ਕਾਰਬਾਨ ਮੋਨੋਅਕਸਾਈਡ ਬਾਰੇ ਮਨੁੱਖ ਨੂੰ ਕੋਈ ਗਿਆਨ ਨਾ ਹੋਣ ਕਰਕੇ ਇਸ ਨੂੰ ਜਿੰਨ੍ਹ-ਭੂਤ ਦਾ ਨਾਮ ਦਿੱਤਾ ਗਿਆ ਸੀ, ਮਨੁੱਖ ਦੇ ਤਰੱਕੀ ਕਰਨ ਤੋਂ ਬਾਅਦ ਜਦੋਂ ਵਿਗਿਆਨਕ ਯੁੱਗ ਆਇਆ ਤਾਂ ਕਾਰਬਨ-ਮੋਨੋਅਕਸਾਈਡ ਬਾਰੇ ਵਿਗਿਆਨੀਆਂ ਨੇ ਪੂਰੀ-ਪੂਰੀ ਖੋਜ ਕੀਤੀ ਤਾਂ ਉਸ ਨੂੰ ਪਤਾ ਲੱਗਾ ਕਿ ਇਸ ਤਰ੍ਹਾਂ ਮਾਰਨ ਵਾਲਾ ਕੋਈ ਭੂਤ-ਪਰੇਤ ਨਹੀਂ ਸਗੋਂ ਇਕ ਖਤਰਨਾਕ ਗੈਸ ਹੈ ਜੋ ਮਨੁੱਖ ਦੇ ਫੇਫੜਿਆਂ, ਰਾਹੀਂ ਲਹੂ ਵਿਚ ਪਹੁੰਚ ਕੇ ਸਰੀਰ ਵਿਚ ਆਕਸੀਜਨ ਦੀ ਥਾਂ ਲੈ ਲੈਂਦੀ ਹੈ ਤੇ ਆਕਸੀਜਨ ਨੂੰ ਮਨੁੱਖ ਅੰਦਰ ਨਹੀਂ ਪਹੁੰਚਣ ਦਿੰਦੀ। ਆਕਸੀਜਨ ਗੈਸ ਇਕ ਅਜਿਹਾ ਤੱਤ ਹੈ ਜੋ ਮਨੁੱਖ ਦੀ ਪਚੀ ਖੁਰਾਕ ਨਾਲ ਕਿਰਿਆ ਕਰਕੇ ਮਨੁੱਖ ਦੀਆਂ ਮਾਸਪੇਸ਼ੀਆਂ ਵਿਚ ਊਰਜਾ ਪੈਦਾ ਕਰਦੀ ਹੈ ਜਿਸ ਨਾਲ ਆਦਮੀ ਜੀਵਤ ਰਹਿ ਕੇ ਸਾਰੇ ਸੰਸਾਰਿਕ ਕੰਮ ਕਰਦਾ ਹੈ। ਕਾਰਬਨ ਮੋਨੋਅਕਸਾਈਡ ਕਾਰਨ ਇਹ ਜੀਵਨ ਕਿਰਿਆ ਰੁਕ ਜਾਂਦੀ ਹੈ ਤੇ ਮਨੁੱਖ ਕੁਝ ਹੀ ਸਮੇਂ ਵਿਚ ਢਹਿ ਢੇਰੀ ਹੋ ਜਾਂਦਾ ਹੈ ਅਤੇ ਸਦਾ ਦੀ ਨੀਂਦ ਸੌਂ ਜਾਂਦਾ ਹੈ। ਕਾਰਬਨ ਮੋਨੋਅਕਸਾਈਡ ਸੰਸਾਰ ਵਿਚ ਵਾਯੂ ਮੰਡਲ ਵਿਚ ਬਹੁਤ ਹੀ ਘੱਟ ਮਾਤਰਾ ਵਿਚ ਮਲਦੀ ਹੈ, ਵਾਯੂ ਮੰਡਲ ਵਿਚ ਕਾਰਬਨ ਡਾਇਅਕਸਾਈਡ ਸਭ ਤੋਂ ਵੱਧ ਮਾਤਰਾ ਵਿਚ ਲਗਭਗ 78% ਅਤੇ ਅਕਾਸੀਜਨ 20% ਮਿਲਦੀ ਹੈ, ਵਾਤਾਵਰਣ ਦੀ ਹਵਾ ਵਿਚ ਕਾਰਬਨ ਡਾਇਅਕਸਾਈਡ ਦੀ ਵੱਧ ਮਾਤਰਾ ਤੇ ਹੋਣ ’ਤੇ ਵੀ ਮਨੁੱਖ ਤੇ ਕੋਈ ਗੰਭੀਰ ਮਾੜਾ ਅਸਰ ਨਹੀਂ ਪੈਂਦਾ ਜਿਨ੍ਹਾਂ ਜ਼ਿਆਦਾ ਵੱਧ ਮਾਤਰਾ ਦੀ ਬੰਦ ਹਵਾ ਵਿਚ ਸਾਹ ਲੈਣ ਨਾਲ ਦਮ ਘੁਟਣ ਲਗਦੈ, ਤੇ ਫਿਰ ਕਾਰਬਨ ਮੋਨੋਅਕਸਾਈਡ ਮਨੁੱਖ ਦੇ ਅੰਦਰ ਜਾਂਦਿਆਂ ਹੀ ਜੀਵਨ ਕਿਰਿਆ ਨੂੰ ਰੋਕ ਕੇ ਪਹਿਲਾਂ ਬੇਹੋਸ਼ ਕਰਦੀ ਹੈ, ਫਿਰ ਛੇਤੀ ਹੀ ਖਤਮ ਕਰ ਦਿੰਦੀ ਹੈ। ਇਕ ਵਾਰੀ ਜੋ ਆਦਮੀ ਇਸ ਦੇ ਅਸਰ ਥੱਲੇ ਆ ਜਾਵੇ ਉਹ ਸੁੱਕਾ ਨਹੀਂ ਜਾ ਸਕਦਾ ਫਲੂ ਵਰਗੀ ਬਿਮਾਰੀ ਦਿਮਾਗੀ ਤੌਰ ’ਤੇ ਹੌਲਾ ਅਤੇ ਸਰੀਰਕ ਤੌਰ ’ਤੇ ਨਿਕਾਰਾ ਹੋ ਜਾਂਦਾ ਹੈ। ਉਸਨੂੰ ਚਿੱਤ ਮਤਲਾਉਣਾ, ਸਿਰਦਰਦ, ਸੁਸਤੀ ਪਹਿਲੇ ਲੱਛਣ ਹਨ ਜੋ ਦਿਮਾਗੀ ਪ੍ਰੇਸ਼ਾਨੀ ਦਾ ਸਬੱਬ ਬਣਦੇ ਹਨ ਅਤੇ ਜੇ ਖੁਲ੍ਹੀ ਹਵਾ ਵਿੱਚ ਨ ਨਿਕਲਿਆ ਜਾਵੇ ਤਾਂ ਆਖਰਕਾਰ ਉਸ ਦੀ ਕੁਝ ਸਮੇਂ ਬਾਅਦ ਮੌਤ ਹੋ ਜਾਂਦੀ ਹੈ। ਪਰ ਇਹ ਗੈਸ ਗੰਧ-ਰਹਿਤ ਹੋਣ ਕਰਕੇ ਅਤੇ ਨੀਮ ਬੇਹੋਸ਼ੀ ਕਰਕੇ ਪ੍ਰਭਾਵਿਤ ਵਿਅਕਤੀ ਬੇ-ਖਬਰ ਹੀ ਕਾਰਬਨ ਮੋਨੋਅਕਸਾਈਡ ਦੇ ਜ਼ਹਰੀਲੇ ਪ੍ਰਭਾਵ ਤੋਂ ਬਚਾਉ ਕਰਣ ਤੋਂ ਖੁੰਝ ਜਾਂਦਾ ਹੈ ਤੇ ਮੌਤ ਦਾ ਸ਼ਿਕਾਰ ਹੋ ਜਾਂਦਾ ਹੈ। ਇਸ ਲਈ ਜਦੋਂ ਵੀ ਇਸ ਤੋਂ ਕੋਈ ਖਤਰਾ ਜਾਪੇ ਤਾਂ ਸਾਰੀਆਂ ਸਾਵਧਾਨੀਆਂ ਵਰਤਣ ਦੀ ਲੋੜ ਹੈ ਕਿਉਂਕਿ ਮਨੁੱਖੀ ਜੀਵਨ ਬਹੁਤ ਹੀ ਕੀਮਤੀ ਹੈ ।

ਕਾਰਬਨ ਮੋਨੋਅਕਸਾਈਡ ਗੈਸ ਕੁਕਿੰਗ ਗੈਸ ਜਾਂ ਗੈਸ ਸਿਲੰਡਰ ਦੇ ਲੀਕ ਹੋਣ ’ਤੇ ਰਸੋਈ ਤੋਂ ਸਾਰੇ ਘਰ ਵਿਚ ਫੈਲ ਸਕਦੀ ਹੈ, ਕੋਇਲਾ ਜਾਂ ਲਕੜੀ ਨੂੰ ਆਕਸੀਜਨ ਦੀ ਸੀਮਿਤ ਜਾਂ ਘੱਟ ਮਾਤਰਾ ਵਿਚ ਬੰਦ ਘਰ ਵਿੱਚ ਜਲਾਉਣ ਤੇ ਕਾਰਬਨ ਮੋਨੋਅਕਸਾਈਡ ਪੈਦਾ ਹੋ ਸਕਦੀ ਹੈ। ਸਟੋਵ ਗੈਸ ਜਾਂ ਵੁੱਡ ਫਾਇਰ ਪਲੇਟ, ਪ੍ਰੋਪੇਨ ਵਾਟਰ ਹੀਟਰ, ਗੈਰਜ ਘਰ ਨਾਲ ਜੁੜੀ ਹੋਏ ਅਤੇ ਕਾਰਪੇਟ ਜੋ ਸਾਰੇ ਘਰ ਵਿਚ ਜੁੜੇ ਹੁੰਦੇ ਹਨ, ਕਾਰਬਨ ਮੋਨੋਅਕਸਾਈਡ ਕਾਰਨ ਘਰ ਵਿਚ ਦੁਰਘਟਨਾ ਦਾ ਕਾਰਨ ਬਣ ਸਕਦੇ ਹਨ। ਜੇਕਰ ਹੀਟਿੰਗ ਸਿਸਟਮ ਵੱਲ ਚੰਗੀ ਤਰ੍ਹਾਂ ਧਿਆਨ ਰੱਖ ਕੇ ਠੀਕ ਨਾ ਕੀਤਾ ਜਾਵੇ ਜਾਂ ਚਿਮਨੀਆਂ ਨੂੰ ਬਲਾਕ ਹੋਣ ਤੋਂ ਰੋਕਣ ਲਈ ਸਾਫ਼ ਨਾ ਕੀਤਾ ਜਾਵੇ ਤੇ ਟੈਂਕਰ ਬੰਦ ਹੋਣ ਜਾਂ ਟੁੱਟੇ ਹੋਇਆਂ ਨੂੰ ਬਦਲਿਆ ਨਾ ਜਾਵੇ ਤਾਂ ਖਤਰਨਾਕ ਕਾਰਬਨ ਮੋਨੋਅਕਸਾਈਡ ਘਰ ਵਿਚ ਰਹਿਣ ਵਾਲਿਆਂ ਲਈ ਘਾਤਕ ਸਾਬਤ ਹੋ ਸਕਦੀ ਹੈ ਕਿਉਂਕਿ ਇਸ ਗੈਸ ਦਾ ਵਾਯੂ ਮੰਡਲ ਵਿਚ ਨਿਕਾਸ ਹੋਣਾ ਬਹੁਤ ਹੀ ਜ਼ਰੂਰੀ ਹੈ। ਇਸ ਗੈਸ ਦੇ ਫੈਲਣ ਵਾਲੀ ਘਰ ਵਿਚੋ ਹੀ ਆਪਸ਼ਨ ਨਹੀਂ ਹੋਣੀ ਚਾਹੀਦੀ ਕਿ ਗੈਸ ਕਾਰਬਨ ਮੋਨੋਅਕਸਾਈਡ ਘਰ ਵਿਚ ਫੈਲ ਜਾਵੇਗੀ ਤਾਂ ਉਸ ਨੂੰ ਦੂਰ ਕਰਨ ਲਈ ਅਸੀਂ ਕੁਝ ਕਰਲਵਾਂਗੇ, ਕੁਝ ਕਰਨ ਤੋਂ ਪਹਿਲਾਂ ਹੀ ਤੁਸੀਂ ਬੇਹੋਸ਼ ਹੋ ਸਕਦੇ ਹੋ ਤੁਹਾਨੂੰ ਇਕ ਕੁਝ ਕਰਨ ਲਈ ਕੋਈ ਮੌਕਾ ਨਹੀਂ ਦੇਵੇਗੀ, ਸ਼ੁਰੂ ਸ਼ੁਰੂ ਵਿਚ ਪਤਾ ਲੱਗ ਜਾਵੇ ਤਾਂ ਸਾਰੇ ਪਰਿਵਾਰਕ ਮੈਂਬਰਾਂ ਨੂੰ ਉਠਾਲ ਕੇ ਬਾਹਰ ਤਾਂ ਖੜ੍ਹ ਸਕਦੇ ਹੋ ਪਰ ਜੇਕਰ ਕੁਝ ਸਮੇਂ ਲਈ ਤੁਸੀਂ ਕਾਰਬਨ ਮੋਨੋਅਕਸਾਈਡ ਗੈਸ ਵਿਚ ਰਹੇ ਤਾਂ ਬੇਹੋਸ਼ ਹੋ ਕੇ ਡਿੱਗ ਸਕਦੇ ਹੋ, ਫਿਰ ਤੁਹਾਡੇ ਲਈ ਢਹਿ ਢੇਰੀ ਹੋ ਕੇ ਮੌਤ ਦੇ ਮੂੰਹ ਵਿਚ ਜਾਣ ਤੋਂ ਬਗੈਰ ਕੋਈ ਚਾਰਾ ਨਹੀਂ ਜੇ ਕੋਈ ਸਹਾਇਤਾ ਕਰਨੀ ਚਾਹੁੰਦਾ ਹੈ ਤਾਂ ਪਹਿਲਾਂ ਵਧੀਆ ਕਿਸਮ ਦੇ ਮਾਸਿਕ ਪਾਉਣਾ ਬਹੁਤ ਹੀ ਜ਼ਰੂਰੀ ਹੈ ਨਹੀਂ ਤਾਂ ਮੌਤ ਦੇ ਮੂੰਹ ਵਿਚ ਪੈ ਕੇ ਸਹਾਇਤਾ ਕਰਨੀ ਕਿਸੇ ਖ਼ਤਰੇ ਤੋਂ ਖਾਲੀ ਨਹੀਂ ਹੈ। ਇਸ ਲਈ ਅਜਿਹਾ ਪ੍ਰਬੰਧ ਕਰਨ ਦੀ ਲੋੜ ਹੈ ਕਿ ਕੋਈ ਅਜਿਹੀ ਘਟਨਾ ਨੂੰ ਹੋਣ ਹੀ ਨਾ ਦਿੱਤਾ ਜਾਵੇ। ਬਹੁਤ ਸਾਰੇ ਦੇਸ਼ਾਂ ਵਿਚ ਕਾਰਬਨ ਮੋਨੋਅਕਸਾਈਡ ਦੀ ਵਰਤੋਂ ਪਾਣੀ ਗਰਮ ਕਰਨ ਵਾਲੇ ਗੀਜ਼ਰਾਂ ਵਿਚ ਨਹਾਉਣ ਵਾਲੇ ਗੁਸਲਖਾਨਿਆਂ ਵਿਚ ਕੀਤੀ ਜਾਂਦੀ ਹੈ ਜੋ ਕਿ ਅਤਿ ਖਤਰਨਾਕ ਹੈ, ਇਸ ਗੈਸ ਦੀ ਕੋਈ ਗੰਧ ਜਾਂ ਸਵਾਦ ਜਾਂ ਰੰਗ ਨਹੀਂ ਹੁੰਦਾ ਅਤੇ ਇਹ ਹਵਾ ਨਾਲੋਂ ਹੌਲੀ ਹੁੰਦੀ ਹੈ। ਇਸ ਕਰਕੇ ਜਦੋਂ ਛੋਟੇ-ਛੋਟੇ ਬਾਥਰੂਮਾਂ ਵਿਚ ਇਹ ਲੀਕ ਹੋ ਕੇ ਫੈਲਦੀ ਹੈ ਤਾਂ ਆਦਮੀ ਨੂੰ ਪਤਾ ਨਹੀਂ ਚਲਦਾ, ਗੁਸਲਖਾਨੇ ਦਾ ਦਰਵਾਜ਼ਾ ਬੰਦ ਕੀਤਾ ਹੁੰਦਾ ਹੈ, ਨਹਾਉਣ ਵਾਲੇ ਨੂੰ ਕੋਈ ਨਹੀਂ ਪਤਾ ਚਲਦਾ ਕਿ ਕਦੋਂ ਉਹ ਬੇਹੋਸ਼ ਹੋ ਜਾਂਦਾ ਹੈ, ਇਸ ਤੋਂ ਬਾਅਦ ਚੰਗੀ ਕਿਸਮਤ ਹੋਏ ਤਾਂ ਦਰਵਾਜ਼ਾ ਸਮੇਂ ਸਿਰ ਖੁੱਲ੍ਹ ਜਾਵੇ ਤਾਂ ਆਦਮੀ ਬਚ ਸਕਦਾ ਹੈ ਨਹੀਂ ਤਾਂ ਗੁਸਲਖਾਨੇ ਵਿਚ ਮਰੇ ਹੀ ਆਦਮੀ ਨੂੰ ਕੁੰਡਾ ਤੋੜ ਕੇ ਬਾਹਰ ਕੱਢਦੇ ਹਨ, ਕਾਰਬਨ ਮੋਨੋਅਕਸਾਈਡ ਗੈਸ ਸਿਲੰਡਰ ਦੀ ਗੁਸਲਖਾਨਿਆਂ ਵਿਚ ਵਰਤੋਂ ਕਰਨੀ ਵਰਜਿਤ ਹੋਣੀ ਚਾਹੀਦੀ ਹੈ ਤਾਂ ਕਿ ਮਨੁੱਖੀ ਜਾਨਾਂ ਇਸ ਕਾਰਨ ਬਰਬਾਦ ਨਾ ਹੋ ਸਕਣ।

ਇਸ ਸੰਸਾਰ ਵਿਚ ਕਾਰਬਨ ਮੋਨੋਅਕਸਾਈਡ ਦੇ ਗੈਸ ਸਿਲੰਡਰਾਂ ਦੀ ਬੇਧਿਆਨੀ ਨਾਲ ਵਰਤੋਂ ਕਰਨੀ ਤੇ ਘਰਾਂ ਨੂੰ ਏਅਰਟਾਈਟ ਬਣਾਉਣਾ ਇਸ ਗੈਸ ਦੁਆਰਾ ਦੁਰਘਟਨਾਵਾਂ ਨੂੰ ਸੱਦਾ ਦੇਣ ਦੇ ਬਰਾਬਰ ਹੁੰਦਾ ਹੈ ਕਿਉਂਕਿ ਇਹ ਗੈਸ ਹਵਾ ਨਾਲੋਂ ਹੌਲੀ ਹੁੰਦੀ ਹੈ, ਇਸ ਕਰਕੇ ਚਿਮਨੀਆਂ ਤੇ ਆਉਟਲਿਟਾਂ ਦਾ ਖਾਸ ਧਿਆਨ ਰੱਖਣਾ






ਚਾਹੀਦਾ ਹੈ ਕਿ ਇਹ ਬਲਾਕ ਤਾਂ ਨਹੀਂ ਹੋਏ ਨਹੀਂ ਤਾਂ ਇਹ ਗੈਸ ਘਰ ਵਿਚ ਹੀ ਇਕੱਠੀ ਹੋ ਕੇ ਨੁਕਸਾਨ ਕਰ ਸਕਦੀ ਹੈ, ਇਸ ਲਈ ਨਿਕਾਸੀ ਪੱਖੇ ਐਗਜ਼ਾਸਟਫੈਨ ਦਿਨ ਵਿਚ 4-5 ਵਾਰੀ ਜ਼ਰੂਰ ਚਲਾਉਣੇ ਚਾਹੀਦੇ ਹਨ ਤਾਂ ਕਿ ਸਰੀਰ ਤੇ ਅਸਰ ਕਰਨ ਵਾਲੀਆਂ ਤਮਾਮ ਗੈਸਾਂ ਜਿਵੇਂ ਕਾਰਬਨ ਡਾਇਅਕਸਾਈਡ, ਕਾਰਬਨ ਮੋਨੋਅਕਸਾਈਡ ਜੇ ਭੈੜੀ ਦੁਰਗੰਧ ਵਾਲੇ ਪਦਾਰਥ ਦੀ ਗੰਧ ਹਵਾ ਵਿਚ ਵਾਤਾਵਰਣ ਵਿਚ ਜਾਂਦੇ ਰਹਿਣ ਤੇ ਘਰ ਵਿਚ ਕਿਸੇ ਵੀ ਮਨੁੱਖੀ ਸਰੀਰ 'ਤੇ ਭੈੜਾ ਅਸਰ ਨਾ ਪੈ ਸਕੇ, ਇਹ ਹੋਰ ਵੀ ਜ਼ਰੂਰੀ ਬਣਦਾ ਹੈ ਕਿਉਂਕਿ ਇਨ੍ਹਾਂ ਗੈਸਾਂ ਦਾ ਬੱਚਿਆਂ, ਛੋਟੇ ਬੱਚਿਆਂ 'ਤੇ ਬਜ਼ੁਰਗਾਂ 'ਤੇ ਬਹੁਤ ਹੀ ਹਾਨੀਕਾਰਕ ਅਸਰ ਪੈਂਦਾ ਹੈ।

ਹੁਣ ਇਹ ਬਹੁਤ ਹੀ ਜ਼ਰੂਰੀ ਬਣਦਾ ਹੈ ਕਿ ਇਸ ਖ਼ਤਰਨਾਕ ਅਤੇ ਭਿਆਨਕ ਗੈਸ ਕਾਰਬਨ ਮੋਨੋਅਕਸਾਈਡ ਤੋਂ ਕਿਵੇਂ ਬਚਿਆ ਜਾਵੇ? ਕਿਉਂਕਿ ਸੰਸਾਰ ਵਿਚ ਬਹੁਤੇ ਦੇਸ਼ਾਂ ਵਿਚ ਰਸੋਈਆਂ ਵਿਚ ਖਾਣਾ ਬਦਾਉਣ ਲਈ ਇਸ ਦੀ ਵਰਤੋਂ ਕੀਤੀ ਜਾ ਰਹੀ ਹੈ। ਬਿਜਲੀ ਦੇ ਚੁੱਲੇ ਤੋਂ ਬਗੈਰ ਇਸ ਦਾ ਕੋਈ ਹੋਰ ਬਦਲ ਨਹੀਂ ਹੈ ਇਸ ਲਈ ਇਸ ਦੀ ਵਰਤੋਂ ਕਰਦਿਆਂ ਬਹੁਤ ਹੀ ਸਤਰਕ ਰਹਿਣ ਦੀ ਲੋੜ ਹੈ। ਇਸ ਲਈ ਸਭ ਤੋਂ ਜ਼ਰੂਰੀ ਗੱਲ ਇਹ ਹੈ ਕਿ ਖ਼ਤਰੇ ਤੋਂ ਪਹਿਲਾਂ ਇਸ ਗੈਸ ਦੇ ਘਰ ਵਿਚ ਫੈਲਣ ਦਾ ਕਿਵੇਂ ਪਤਾ ਲਗਾਇਆ ਜਾਵੇ? ਇਸ ਕੰਮ ਲਈ ਕੈਨੇਡਾ ਵਿਚ ਕਿੰਡਜ਼ ਨੇ ਕਾਰਬਨ ਮੋਨੋਅਕਸਾਈਡ ਅਲਾਰਮ ਤਿਆਰ ਕੀਤੇ ਹਨ ਜੋ ਤਿੰਨ ਮਾਡਲਾਂ ਵਿਚ ਉਪਲਬਧ ਹਨ, ਸਮੋਕ ਅਲਾਰਮ, ਕਾਰਬਨ ਮੋਨੋਅਕਸਾਈਡ ਅਲਾਰਮ ਅਤੇ ਸਮੋਕ ਦੇ ਨਾਲ ਕਾਰਬਨ ਮੋਨੋਅਕਸਾਈਡ ਅਲਾਰਮ। ਇਨ੍ਹਾਂ ਅਲਾਰਮਾਂ ਦਾ ਕੰਮ ਕਰਨ ਦੀ ਮਿਆਦ 10 ਸਾਲ ਹੈ। ਇਨ੍ਹਾਂ ਵਿਚ ਸ਼ੀਲਡ ਲਿਥੀਅਮ ਬੈਟਰੀਆਂ ਲੱਗੀਆਂ ਹੋਈਆਂ ਹਨ। ਮਿਆਦ ਪੁੱਗਣ 'ਤੇ ਨਵੇਂ ਅਲਾਰਮ ਨਾਲ ਇਨ੍ਹਾਂ ਨੂੰ ਬਦਲ ਲੈਣਾ ਬਹੁਤ ਹੀ ਜ਼ਰੂਰੀ ਹੈ। ਕਿਸੇ ਤਰ੍ਹਾਂ ਦੀ ਅਣਗਹਿਲੀ ਕਰਨ ਦੀ ਕਾਰਬਨ ਮੋਨੋਅਕਸਾਈਡ ਦੇ ਮਸਲੇ ਵਿਚ ਕੋਈ ਗੁੰਜਾਇਸ਼ ਨਹੀਂ ਹੈ। ਇਨ੍ਹਾਂ ਅਲਾਰਮਾਂ ਨੂੰ "ਵਰੀ ਫਰੀ" ਭਾਵ ਚਿੰਤਾ-ਮੁਕਤ ਅਲਾਰਮ ਆਖਿਆ ਜਾਂਦਾ ਹੈ। ਕਾਰਬਨ ਮੋਨੋਅਕਸਾਈਡ ਗੈਸ ਖ਼ਾਮੋਸ਼ ਮੌਤ ਭਾਵ ਸਾਇਲੈਂਟ ਕਿਲਰ ਹੈ, ਇਸ ਦੀ ਕੋਈ ਗੰਧ ਜਾਂ ਸੁਆਦ ਨਹੀਂ ਹੁੰਦਾ ਅਤੇ ਨਾ ਹੀ ਕੋਈ ਰੰਗ ਹੁੰਦਾ ਹੈ ਜਿਸ ਨੂੰ ਅਸੀਂ ਇਸ ਨੂੰ ਅੱਖਾਂ ਨਾਲ ਦੇਖ ਨਹੀਂ ਸਕਦੇ। ਸਿਰਫ਼ ਅਤੇ ਸਿਰਫ਼ ਕਾਰਬਨ ਮੋਨੋਅਕਸਾਈਡ ਲਈ ਅਲਾਰਮ ਹੀ ਇਕੋ ਇਕ ਅਜਿਹਾ ਸਾਧਨ ਹੈ ਜਿਸ ਨਾਲ ਉਸ ਦੇ ਅਸਰ ਦਾ ਪਹਿਲਾਂ ਪਤਾ ਲੱਗਣ ਤੇ ਅਸੀਂ ਬਚ ਸਕਦੇ ਹਾਂ। ਕੈਨੇਡਾ ਵਿਚ ਓਂਟਾਰੀਓ ਸਰਕਾਰ ਅਕਤੂਬਰ 2014 ਵਿਚ ਹਰ ਘਰ ਕਾਰਬਨ ਮੋਨੋਅਕਸਾਈਡ ਅਲਾਰਮ ਲਾਉਣ ਲਈ ਕਾਨੂੰਨ ਬਣਾਇਆ ਹੈ ਜਿਸ ਵਿਚ ਅਲਾਰਮ ਪ੍ਰਤੀ ਘਰ ਵਿਚ ਲਾਉਣਾ ਜ਼ਰੂਰੀ ਕਰਾਰ ਦਿੱਤਾ ਹੋਇਆ ਹੈ। ਇਥੋਂ ਦੇ ਲੋਕਾਂ ਨੂੰ ਇਹ ਅਲਾਰਮ ਫਿਟ ਕਰਾਉਣ ਲਈ 6 ਮਹੀਨੇ ਦਾ ਸਮਾਂ ਦਿੱਤਾ ਸੀ ਜੋ ਅਪ੍ਰੈਲ 2015 ਤੱਕ ਖਤਮ ਹੋ ਚੁੱਕਿਆ ਹੈ ਜੋ ਵੀ ਆਪਣੇ ਘਰ ਵਿਚ ਕਾਰਬਨ ਮੋਨੋਅਕਸਾਈਡ ਅਲਾਰਮ ਨਹੀਂ ਲਗਾਉਣਗੇ ਸਜ਼ਾ ਦੇ ਹੱਕਦਾਰ ਹਨ। ਚੈਕਿੰਗ ਦੌਰਾਨ ਦੋਸ਼ੀ ਪਾਏ ਜਾਂਦੇ ਹਨ ਤਾਂ ਇਸ ਕਾਨੂੰਨ ਅਨੁਸਾਰ ਉਨ੍ਹਾਂ ਨੂੰ 235 ਡਾਲਰ ਜ਼ੁਰਮਾਨਾ ਕੀਤਾ ਜਾ ਸਕਦਾ ਹੈ ਅਤੇ ਜੇਕਰ ਫਿਰ ਵੀ ਨਹੀਂ ਲਾਂਉਦੇ ਤਾਂ ਜੁਰਮਾਨੇ ਜਾਂ ਸਜ਼ਾ ਦਾ ਹੋਰ ਵੀ ਪਰਾਵਧਾਨ ਹੈ। ਘਰ ਵਿੱਚ ਇਹ ਗੈਸ ਕਦੀ ਵੀ ਭਿਆਨਕ ਰੂਪ ਧਾਰਨ ਕਰ ਸਕਦੀ ਹੈ ਅਤੇ ਕਈ ਮਨੁੱਖੀ ਜਾਨਾਂ ਜਾ ਸਕਦੀਆਂ ਹਨ। ਮੁਲਕ ਕੈਨੈਡਾ ਵਿਚ ਇਸ ਨਾਮੁਰਾਦ ਕਾਰਬਨ ਮੋਨੋਅਕਸਾਈਡ ਨਾਲ ਹਰ ਸਾਲ 50 ਤੋਂ ਵੱਧ ਮਨੁੱਖੀ ਜਾਨਾਂ ਜਾਂਦੀਆਂ ਹਨ ਤੇ ਮੁਲਕ ਦੀ ਜ਼ਿਆਦਾ ਵਸੋਂ ਕੈਨੇਡਾ ਦੇ ਪ੍ਰਾਂਤ ਓਂਟਾਰੀਓ ਵਿਚ ਹੀ ਵਸਦੀ ਹੈ। ਇਸ ਬਾਰੇ ਬਰੈਂਪਟਨ ਵਿਚ 1 ਨਵੰਬਰ ਤੋਂ 7 ਨਵੰਬਰ 2015 ਤੱਕ ਕਾਰਬਨ ਮੋਨੋਅਕਸਾਈਡ ਹਫ਼ਤਾ ਮਨਾਇਆ ਗਿਆ ਹੈ, ਜਿਸ ਵਿਚ ਹਾਕਿਨਜ ਗਿਗਨੇਟ ਕਾਰਬਨ ਮੋਨੋਅਕਸਾਈਡ ਸਿੱਖਿਆ ਸੰਸਥਾ ਕੈਨੇਡਾ ਦੇ ਸੰਸਥਾਪਕ ਮਿਸਟਰ ਜਾਹਨ ਗਿਗਨੇਟ ਨੇ ਬਰੈਂਪਟਨ ਵਿਚ ਪੂਰੇ ਦਿਨਾਂ ਲਈ ਸੈਮੀਨਾਰ ਨੂੰ ਸੰਬੋਧਨ ਕੀਤਾ। ਇਸ ਸੈਮੀਨਾਰ ਵਿਚ ਉਨਸੁਰੈਂਠਸ ਬਿਊਰੋ ਕੈਨੇਡਾ ਨੇ 150 ਡਾਇਰੈਕਟਰ ਅਲਾਰਮ ਬਰੈਂਪਟਨ ਵਾਲਿਆਂ ਨੂੰ ਫ੍ਰੀ ਵੰਡੇ। ਰਾਜ ਦੇ ਅਲਾਰਮ ਵਰਤਣ ਦੀ ਆਦਤ ਇਨ੍ਹਾਂ ਲੋਕਾਂ ਨੂੰ ਪਾਈ ਜਾਵੇ। ਜੋਹਨ ਨੇ ਆਖਿਆ ਕਿ ਹੁਣ ਇਥੇ ਬਰੈਂਪਟਨ ਵਿਚ ਕਾਰਬਨ ਮੋਨੋਅਕਸਾਈਡ ਤੋਂ ਕੋਈ ਵੀ ਖਤਰਾ ਨਹੀਂ ਹੋਵੇਗਾ, ਸ਼ਰਤ ਇਹ ਹੈ ਕਿ ਸਾਰੇ ਲੋਕ ਸਿਆਣੇ ਬਣਦੇ ਇਹ ਕਾਰਬਨ ਮੋਨੋਅਕਸਾਈਡ ਅਲਾਰਮ ਆਪਣੇ ਘਰਾਂ ਵਿਚ ਲਗਵਾ ਲੈਣ ਜੋ ਕਿ ਡਾਲਰ 25 ਤੋਂ ਡਾਲਰ 60 ਤੱਕ ਇਨ੍ਹਾਂ ਦੀ ਕੀਮਤ ਹੈ ਅਤੇ 10 ਸਾਲ ਇਨ੍ਹਾਂ ਦੀ ਮੁੜਿਆ ਹੈ, ਸਿਰ 2 ਸੈਂਟ ਪ੍ਰਤੀ ਦਿਨ ਖਰਚਾ ਬਣਦਾ ਹੈ ਅਤੇ ਫਾਇਦੇਮੰਦ ਬਹੁਤ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਕੈਨੇਡਾ ਵਿਚ ਲੋਕ ਭਾਵੇਂ ਬਹੁਤ ਸਿਆਣੇ ਹਨ, ਪਰ ਇਸ ਖਤਰਨਾਕ ਕਾਰਬਨ ਮੋਨੋਅਕਸਾਈਡ ਦੇ ਭਿਆਨਕ ਅਸਰ ਬਾਰੇ ਉਹ ਸੁਚੇਤ ਨਹੀਂ ਹਨ ਜੋ ਕਿ ਬਹੁਤ ਹੀ ਜ਼ਰੂਰੀ ਹੈ। ਮਨੁੱਖੀ ਜਾਨਾਂ ਆਪ ਬਚਾਉਣੀਆਂ ਹਨ। ਆਪਣੀ ਰੱਖਿਆ ਆਪ ਕਰਨੀ ਹੈ। ਭਾਵੇਂ ਅਸੀਂ ਹਰ ਪੱਖ ਤੋਂ ਬਾਕੀ ਸੰਸਾਰ ਦਿਆਂ ਲੋਕਾਂ ਨਾਲੋਂ ਅੱਗੇ ਹਾਂ, ਪਰ ਹਰ ਆਦਮੀ ਨੂੰ ਇਸ ਗੈਸ ਦੇ ਕਹਿਰ ਤੋਂ ਬਚਾਉਣ ਲਈ ਸਹੀ ਉਪਰਾਲੇ ਕਰਨੇ ਬਹੁਤ ਹੀ ਜ਼ਰੂਰੀ ਹਨ।

ਬਰੈਂਪਟਨ ਵਿਚ ਬਹੁਤ ਸਾਰੀਆਂ ਅਜਿਹੀਆਂ ਘਟਨਾਵਾਂ ਵਾਪਰੀਆਂ ਹਨ ਜਿਨ੍ਹਾਂ ਘਰਾਂ ਵਿਚ ਨਾ ਤਾਂ ਸਮੋਕ ਅਲਾਰਮ ਅਤੇ ਨਾ ਹੀ ਕਾਰਬਨ ਮੋਨੋਅਕਸਾਈਡ ਅਲਾਰਮ ਲੱਗੇ ਹੋਏ ਸਨ ਫਾਇਰ ਚੀਫ ਮਾਇਕਲ ਕਲਾਰਕ ਅਨੁਸਾਰ ਇਸ ਸਰਵੇ ਮੁਤਾਬਕ 60× ਇਸ ਸ਼ਹਿਰ ਦੇ ਘਰਾਂ ਵਿਚ ਸਮੋਕ ਜਾਂ ਕਾਰਬਨ ਮੋਨੋਅਕਸਾਈਡ ਅਲਾਰਮ ਨਹੀਂ ਲੱਗੇ ਹੋਏ ਹਨ। ਉਨ੍ਹਾਂ ਮੁਤਾਬਕ ਇਨ੍ਹਾਂ ਸਾਰਿਆਂ ਨੂੰ 235 ਡਾਲਰ ਪ੍ਰਤੀ ਘਰ ਜੁਰਮਾਨਾ ਹੋ ਸਕਦਾ ਹੈ, ਸਰਕਾਰ ਕਾਨੂੰਨ ਅਨੁਸਾਰ ਚੈਕਿੰਗ ਦੇ ਹੁਕਮ ਕਰ ਦਿੱਤੇ ਹਨ ਜਿਸ ਦੀ ਪਾਲਣਾ ਕਰਨ ਦੀ ਜਲਦੀ ਸਭਾਵਨਾ ਹੈ। ਪਿਛਲੇ ਸਾਲ ਬਰੈਂਪਟਨ ਵਿਚ ਲਿੰਡਨ ਕਰੀਸਟ ਸਟਰੀਟ ਦੇ ਇਕ ਘਰ ਵਿਚ ਕਾਰਬਨ ਮੋਨੋਅਕਸਾਈਡ ਰਿਸਣ ਨਾਲ ਪੀਟਰ ਪੇਟੰਬਰ 60, ਉਸ ਦੀ ਪਤਨੀ ਸੀਤਾ 59 ਉਨ੍ਹਾਂ ਦੇ ਬੇਟੇ ਟੋਗੀ ਦੀ ਮੌਤ ਹੋਈ ਸੀ। ਇਸ ਤੋਂ ਇਲਾਵਾ ਪਿਛਲੇ ਸਾਲ ਸੀਰੇਨਾ ਧਰਾਨੀ ਫੈਸਿਹ ਤੇ ਉਸ ਪਤੀ ਅਲਾਰਮ ਵਜਣ ਕਰਕੇ ਜਾਗ ਪਏ ਉਨ੍ਹਾਂ 911 ਤੇ ਫੋਨ ਕੀਤਾ ਤੇ ਉਹ ਘਰ ਛੱਡ ਕੇ ਚਲੇ ਗਏ ਬਾਅਦ ਵਿਚ ਪਤਾ ਲੱਗਾ ਕਿ ਉਨ੍ਹਾਂ ਦੇ ਖਰਾਬ ਚੁੱਲ੍ਹੇ ਕਰਕੇ ਉਨ੍ਹਾਂ ਦਾ ਘਰ ਕਾਰਬਨ ਮੋਨੋਅਕਸਾਈਡ ਭਰਿਆ ਹੋਇਆ ਸੀ। ਜੇਕਰ ਉਹ ਬਾਹਰ ਨਾ ਜਾਂਦੇ ਤਾਂ ਉਨ੍ਹਾਂ ਵੀ ਰੱਬ ਨੂੰ ਪਿਆਰੇ ਹੋ ਜਾਣਾ ਤੇ ਫੇਰ ਉਨ੍ਹਾਂ ਨਾ ਜਾਂਦੇ ਤਾਂ ਉਨ੍ਹਾਂ ਕਾਰਬਨ ਮੋਨੋਅਕਸਾਈਡ ਦਾ ਨਵਾਂ ਅਲਾਰਮ ਓਂਟਾਰੀਓ ਕਾਨੂੰਨ ਮੁਤਾਬਕ ਲਗਵਾ ਲਿਆ। ਇਕ ਹੋਰ ਘਟਨਾ ਅਨੁਸਾਰ ਤਿੰਨ ਸਾਲ ਪਹਿਲਾਂ ਸੀਨੀਅਰ ਸੈਂਟਰ ਬਰੈਂਪਟਨ ਵਿਚ ਰੋਸਲਿੰਗ ਰੇਂਜਰ ਸੁਤੀ ਹੋਈ ਸੀ, ਉਨ੍ਹਾਂ ਦੀ 80 ਸਾਲਾਂ ਮਾਂ ਥੱਲੇ ਬੇਸਮੈਂਟ ਵਿਚ ਸੁੱਤੀ ਹੋਈ ਸੀ 4 ਵਜੇ ਸਵੇਰੇ ਅਲਾਰਮ ਵਜਿਆ ਉਸ ਨੇ ਆਪਣੀ ਮਾਂ ਨੂੰ ਹਾਕਾਂ ਮਾਰਕੇ ਜਗਾਇਆ ਅਤੇ ਅੱਗ ਬੁਝਾਉਣ ਵਾਲਿਆਂ ਨੂੰ ਸੱਦਿਆ ਉਨ੍ਹਾਂ ਕਿਹਾ ਕਿ ਤੁਸੀਂ ਸਾਰੇ ਬਾਹਰ ਚਲੇ ਜਾਓ ਕਿਉਂਕਿ ਉਨ੍ਹਾਂ ਦਾ ਘਰ ਕਾਰਬਨ ਮੋਨੋਅਕਸਾਈਡ ਨਾਲ ਭਰਿਆ ਹੋਇਆ ਸੀ। ਰੇਂਜਰ ਨੇ ਆਖਿਆ ਜੇ ਸਾਨੂੰ ਪਤਾ ਨਾ ਲਗਦਾ ਤਾਂ ਅਸੀਂ ਸਾਰਿਆਂ ਜਾਂਦੇ ਰਹਿਣਾ ਸੀ। ਉਨ੍ਹਾਂ ਨੇ ਉਸ ਤੋਂ ਬਾਅਦ ਰਸੋਈ ਵਾਲੇ ਥਾਂ ਸਾਉਣ ਵਾਲੇ ਪਰੋਸਨ ਤੇ ਬੇਸਮੈਂਟਇ ਵਿਚ ਤਿੰਨ ਕਾਰਬਨ ਮੋਨੋਅਕਸਾਈਡ ਅਲਾਰਮ ਲਗਾਏ। ਉਨ੍ਹਾਂ ਕਿਹ ਕਿ ਕੋਈ ਵੀ ਲਾਪ੍ਰਵਾਹੀ ਕਿਸੇ ਵੀ ਕੈਨੇਡਾ ਜਾਂ ਬਰੈਂਪਟਨ ਦੇ ਸ਼ਹਿਰੀ ਨੂੰ ਨਹੀਂ ਕਰਨੀ ਚਾਹੀਦੀ। ਬਰੈਂਪਟਨ ਵਿਚ ਫਾਇਰ ਫਾਈਟਰਜ਼ ਮੁਤਾਬਕ ਇਕ ਸਰਵੇ ਅਨੁਸਾਰ 1300 ਤੋਂ ਵੱਧ ਘਰਾਂ ਵਿਚ ਉਨ੍ਹਾਂ ਦੌਰਾ ਕੀਤਾ ਤੇ ਉਨ੍ਹਾਂ 700 ਘਰਾਂ ਵਿਚ ਕਾਰਬਨ ਮੋਨੋਅਕਸਾਈਡ ਤੇ ਸਮੋਕ ਅਲਾਰਮ ਉਨ੍ਹਾਂ ਲੱਗੇ ਹੋਏ ਸਨ ਅਤੇ ਕਈਆਂ ਘਰਾਂ ਦੇ ਅਲਾਰਮਾਂ ਵਿਚ ਬੈਟਰੀਆਂ ਨਹੀਂ ਸਨ। ਉਨ੍ਹਾਂ ਨੂੰ ਬਦਲਿਆ/ਘਰ ਨੂੰ ਘਟਨਾਗ੍ਰਸਤ ਹੋਣ ਤੋਂ ਬਚਾਉਣ ਲਈ, ਹਰ ਮਹੀਨੇ ਸਮੋਕ ਅਲਾਰਮ ਜਾਂ ਕਾਰਬਨ ਮੋਨੋਅਕਸਾਈਡ ਅਲਾਰਮ ਨੂੰ ਚੈਕ ਕਰਨਾ ਬਣਦਾ ਹੈ। ਸਮੋਕ ਅਲਾਰਮ ਜਾਂ ਕਾਰਬਨ ਮੋਨੋਅਕਸਾਈਡ ਅਲਾਰਮ ਦੀ ਮੋਹਲਤ ਮੁਕਾਣ ਤੇ ਬਦਲ ਲੈਣਾ ਚਾਹੀਦਾ ਹੈ। ਅਲਾਰਮ ਜਦੋਂ ਵਜਦਾ ਹੈ ਤਾਂ ਸਾਰੇ ਪਰਿਵਾਰ ਨੂੰ ਘਰ ਛੱਡ ਕੇ ਬਾਹਰ ਖੁਲ੍ਹੇ ਵਿਚ ਚਲੇ ਜਾਣ ਵਿਚ ਹੀ ਉਨ੍ਹਾਂ ਦੀ ਬਿਹਤਰੀ ਹੈ, ਪਰ 911 ਤੇ ਫੋਨ ਕਰਕੇ ਆਪਣਾ ਘਰ ਦਾ ਪਤਾ ਅਤੇ ਬਿਪਤਾ ਬਾਰੇ ਦੱਸ ਦੇਣਾ ਚਾਹੀਦਾ ਹੈ।

# ਰਾਜਨਾਥ ਜੀ, ਜੇਕਰ ਬਾਬਾ ਸਾਹਿਬ ਹੁੰਦੇ ਤਾਂ...

ਮਾਨਯੋਗ ਰਾਜਨਾਥ ਸਿੰਘ ਜੀ,

ਉਜੇਕਰ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਹੁੰਦੇ ਤਾਂ ਦੇਸ਼ ਛੱਡ ਕੇ ਨਹੀਂ ਜਾਂਦੇ।" ਜਦੋਂ ਤੋਂ ਤੁਹਾਡੀ ਕਹੀ ਇਹ ਸਤਰ ਸੁਣੀ ਹੈ ਉਦੋਂ ਤੋਂ ਸੋਚ ਰਿਹਾ ਹਾਂ ਕਿ ਬਾਬਾ ਸਾਹਿਬ ਹੁੰਦੇ ਤਾਂ ਕੀ ਕੀ ਕਰਦੇ।ਤੁਸੀਂ ਠੀਕ ਕਿਹਾ ਜਦੋਂ ਉਹ ਉਦੋਂ ਨਹੀਂ ਗਏ ਜਦੋਂ ਉਨ੍ਹਾਂ ਦੇ ਸਮਾਜ ਨੂੰ ਤਾਲਾਬ ਤੋਂ ਪਾਣੀ ਤੱਕ ਨਹੀਂ ਪੀਣ ਦਿੱਤਾ ਗਿਆ ਤਾਂ ਹੁਣ ਕਿਵੇਂ ਚਲੇ ਜਾਂਦੇ। ਅਸੀ ਸਭ ਭੁੱਲ ਗਏ ਕਿ ਇਹ ਬਾਬਾ ਸਾਹਿਬ ਦਾ ਸੰਵਿਧਾਨਵਾਦ ਹੈ ਕਿ ਜਾਤੀ ਦੇ ਨਾਮ ਉੱਤੇ ਵੰਚਿਤ ਅਤੇ ਨਪੀੜੇ ਜਾਣ ਬਾਅਦ ਵੀ ਐਡਾ ਵੱਡਾ ਦਲਿਤ ਸਮਾਜ ਸੰਵਿਧਾਨ ਨੂੰ ਹੀ ਆਪਣੀ ਮੁਕਤੀ ਦਾ ਰਸਤਾ ਮੰਨਦਾ ਹੈ। ਇਹ ਸੰਵਿਧਾਨ ਦੀ ਸਾਮਾਜਿਕ ਮਨਜ਼ੂਰੀ ਦਾ ਸਭ ਤੋਂ ਵੱਡਾ ਉਦਾਹਰਣ ਹੈ। ਦਲਿਤ ਰਾਜਨੀਤਕ ਚੇਤਨਾ ਵਿੱਚ ਸੰਵਿਧਾਨ ਧਰਮ ਨਹੀਂ ਹੈ ਸਗੋਂ ਉਸਦੇ ਹੋਣ ਦਾ ਪ੍ਰਮਾਣ ਹੈ।



ਖੈਰ ਮੈਂ ਇਹ ਸੋਚ ਰਿਹਾ ਹਾਂ ਕਿ ਬਾਬਾ ਸਾਹਿਬ ਹੁੰਦੇ ਤਾਂ ਕੀ ਕੀ ਕਰਦੇ। ਇਸ ਹਿਸਾਬ ਤੋਂ ਮੈਂ ਇੱਕ ਸੂਚੀ ਤਿਆਰ ਕੀਤੀ ਹੈ।

ਜੇਕਰ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਹੁੰਦੇ ਤਾਂ ਸੌ ਚੋਣ ਹਾਰ ਜਾਂਦੇ ਅਤੇ ਕਦੇ ਆਪਣੇ ਵਿਰੋਧੀ ਨੂੰ ਨਹੀਂ ਕਹਿੰਦੇ ਕਿ ਪਾਕਿਸਤਾਨ ਭੇਜ ਦਿੱਤੇ ਜਾਓਗੇ। ਆਪਣੀ ਜਾਨ ਦੇ ਦਿੰਦੇ ਮਗਰ ਕਿਸੇ ਕਮਜੋਰ ਪਲ ਵਿੱਚ ਵੀ ਨਹੀਂ ਕਹਿੰਦੇ ਕਿ ਖਾਣ-ਪੀਣ ਉੱਤੇ ਬਹੁਗਿਣਤੀ ਦਾ ਫੈਸਲਾ ਸਵੀਕਾਰ ਕਰੋ ਵਰਨਾ ਪਾਕਿਸਤਾਨ ਭੇਜ ਦਿੱਤੇ ਜਾਓਗੇ।

ਜੇਕਰ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਹੁੰਦੇ ਤਾਂ ਕਦੇ ਨਹੀਂ ਕਹਿੰਦੇ ਕਿ ਮੇਰੀ ਭਗਤੀ ਕਰੋ। ਮੈਨੂੰ ਹੀਰੋ ਦੀ ਤਰ੍ਹਾਂ ਪੂਜੋ। ਉਹ ਸਾਫ਼ ਸਾਫ਼ ਕਹਿੰਦੇ ਕਿ ਭਗਤੀ ਤੋਂ ਆਤਮਾ ਦੀ ਮੁਕਤੀ ਹੋ ਸਕਦੀ ਹੈ ਮਗਰ ਰਾਜਨੀਤੀ ਵਿੱਚ ਭਗਤੀ ਤੋਂ ਤਾਨਾਸ਼ਾਹੀ ਪੈਦਾ ਹੁੰਦੀ ਹੈ ਅਤੇ ਰਾਜਨੀਤੀ ਦਾ ਪਤਨ ਹੁੰਦਾ ਹੈ। ਬਾਬਾ ਸਾਹਿਬ ਕਦੇ ਵਿਅਕਤੀ ਪੂਜਾ ਦਾ ਸਮਰਥਨ ਨਾ ਕਰਦੇ। ਇਹ ਹੋਰ ਗੱਲ ਹੈ ਕਿ ਉਨ੍ਹਾਂ ਦੀ ਵੀ ਵਿਅਕਤੀ ਪੂਜਾ ਅਤੇ ਨਾਇਕ ਵੰਦਨਾ ਹੋਣ ਲੱਗੀ ਹੈ।

ਜੇਕਰ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਹੁੰਦੇ ਤਾਂ ਕਦੇ ਨਹੀਂ ਕਹਿੰਦੇ ਕਿ ਧਰਮ ਜਾਂ ਧਰਮ ਗ੍ਰੰਥ ਦੀ ਸੱਤਾ ਰਾਜ ਜਾਂ ਰਾਜਨੀਤੀ ਉੱਤੇ ਥੋਪੀ ਜਾਵੇ। ਉਨ੍ਹਾਂ ਨੇ ਤਾਂ ਕਿਹਾ ਸੀ ਕਿ ਗ੍ਰੰਥਾਂ ਦੀ ਸੱਤਾ ਖ਼ਤਮ ਹੋਵੇਗੀ ਉਦੋਂ ਆਧੁਨਿਕ ਭਾਰਤ ਦੀ ਉਸਾਰੀ ਹੋ ਸਕੇਗੀ।

ਜੇਕਰ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਹੁੰਦੇ ਤਾਂ ਕਦੇ ਨਹੀਂ ਕਹਿੰਦੇ ਕਿ ਤਾਰਕਿਕਤਾ ਉੱਤੇ ਭਾਵੁਕਤਾ ਹਾਵੀ ਹੋਵੇ। ਉਹ ਬੁੱਧੀਜੀਵੀ ਵਰਗ ਤੋਂ ਵੀ ਉਮੀਦ ਕਰਦੇ ਸਨ ਕਿ ਭਾਵੁਕਤਾ ਅਤੇ ਖੁਮਾਰੀ ਤੋਂ ਪਰੇ ਹੋਕੇ ਸਮਾਜ ਨੂੰ ਦਿਸ਼ਾ ਦਿਓ ਕਿਉਂਕਿ ਸਮਾਜ ਨੂੰ ਇਹ ਬੁੱਧੀਜੀਵੀਆਂ ਦੇ ਛੋਟੇ ਜਿਹੇ ਸਮੂਹ ਤੋਂ ਹੀ ਮਿਲਦੀ ਹੈ।

ਜੇਕਰ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਹੁੰਦੇ ਤਾਂ ਕਦੇ ਨਹੀਂ ਕਹਿੰਦੇ ਕਿ ਦੇਸ਼ ਛੱਡ ਕੇ ਨਾ ਜਾਓ। ਜਰੂਰ ਕਹਿੰਦੇ ਕਿ ਨਵੇਂ ਮੌਕਿਆਂ ਦੀ ਤਲਾਸ਼ ਹੀ ਇੱਕ ਨਾਗਰਿਕ ਦਾ ਆਰਥਕ ਕਰਤੱਵ ਹੈ। ਇਸ ਲਈ ਕੋਲੰਬੀਆ ਜਾਓ ਅਤੇ ਕੈਲੇਫੋਰਨੀਆ ਜਾਓ। ਉਨ੍ਹਾਂ ਨੇ ਕਿਹਾ ਵੀ ਹੈ ਕਿ ਇਤਿਹਾਸ ਗਵਾਹ ਹੈ ਕਿ ਜਦੋਂ ਵੀ ਨੈਤਿਕਤਾ ਅਤੇ ਆਰਥਿਕਤਾ ਵਿੱਚ ਟਕਰਾਓ ਹੁੰਦਾਂ ਹੈ,ਆਰਥਿਕਤਾ ਜਿੱਤ ਜਾਂਦੀ ਹੈ। ਜੋ ਦੇਸ਼ ਛੱਡ ਕੇ ਐਨ. ਆਰ. ਆਈ. ਰਾਸ਼ਟਰਵਾਦੀ ਬਣੇ ਘੁੰਮ ਰਹੇ ਹਨ ਉਹ ਇਸਦੇ ਸਭ ਤੋਂ ਵਡੇ ਪ੍ਰਮਾਣ ਹੈ। ਉਨ੍ਹਾਂ ਨੇ ਦੇਸ਼ ਪ੍ਰਤੀ ਕੋਰੀ ਨੈਤਿਕਤਾ ਅਤੇ ਭਾਵੁਕਤਾ ਦਾ ਤਿਆਗ ਕਰਕੇ ਪਲਾਇਨ ਕੀਤਾ ਅਤੇ ਆਪਣਾ ਭਲਾ ਕੀਤਾ।

ਜੇਕਰ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਹੁੰਦੇ ਤਾਂ ਕਦੇ ਨਹੀਂ ਕਹਿੰਦੇ ਕਿ ਪਤਨੀ ਨੂੰ ਪਰਿਵਾਰ ਸੰਭਾਲਨਾ ਚਾਹੀਦਾ ਹੈ। ਕੀ ਪਹਿਨਣਾ ਚਾਹੀਦਾ ਹੈ ਅਤੇ ਕੀ ਨਹੀਂ ਕਰਨਾ ਚਾਹੀਦਾ ਹੈ। ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਨੇ ਕਿਹਾ ਸੀ ਕਿ ਪਤੀ ਪਤਨੀ ਵਿਚਕਾਰ ਇੱਕ ਦੋਸਤ ਵਰਗੇ ਸੰਬੰਧ ਹੋਣੇ ਚਾਹੀਦੇ ਹਨ।

ਜੇਕਰ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਹੁੰਦੇ ਤਾਂ ਕਦੇ ਨਹੀਂ ਕਹਿੰਦੇ ਕਿ ਹਿੰਦੂ ਰਾਸ਼ਟਰ ਹੋਣਾ ਚਾਹੀਦਾ ਹੈ। ਭਾਰਤ ਹਿੰਦੁਆਂ ਦਾ ਹੈ। ਜੋ ਹਿੰਦੂ ਹਿੱਤ ਦੀ ਗੱਲ ਕਰੇਗਾ ਉਹੀ ਦੇਸ਼ ਉੱਤੇ ਰਾਜ ਕਰੇਗਾ। ਉਹ ਜਰੂਰ ਅਜਿਹੇ ਨਾਹਰਿਆਂ ਦੇ ਖਿਲਾਫ ਬੋਲਦੇ। ਖੁੱਲਕੇ ਬੋਲਦੇ।

ਜੇਕਰ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਹੁੰਦੇ ਤਾਂ ਕਦੇ ਨਹੀਂ ਕਹਿੰਦੇ ਕਿ ਕਿਸ ਵਿਰੋਧੀ ਦਾ ਬਾਈਕਾਟ ਕਰੋ। ਜਿਵੇਂ ਕਿ ਕੁੱਝ ਅਗਿਆਨੀ ਉਤਸ਼ਾਹੀ ਜਮਾਤ ਨੇ ਆਮੀਰ ਖਾਨ ਦੇ ਸੰਦਰਭ ਵਿੱਚ ਉਨ੍ਹਾਂ ਦੀਆਂ ਫਿਲਮਾਂ ਅਤੇ ਸਨੈਪਡੀਲ ਦੇ ਬਾਈਕਾਟ ਦਾ ਐਲਾਨ ਕਰ ਦਿੱਤਾ ਹੈ। ਡਾਕਟਰ ਅੰਬੇਦਕਰ ਅੱਖ ਮਿਲਾਕੇ ਬੋਲ ਦਿੰਦੇ ਕਿ ਇਹੀ ਛੂਆ ਛੂਤ ਹੈ। ਇਹੀ ਬਹੁਗਿਣਤੀ ਹੋਣ ਦਾ ਹੈਂਕੜ ਜਾਂ ਬਹੁਗਿਣਤੀ ਬਨਣ ਦਾ ਸੁਭਾਅ ਹੈ।

ਜੇਕਰ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਹੁੰਦੇ ਤਾਂ ਜਿਵੇਂ ਹੀ ਇਹ ਕਹਿੰਦੇ ਕਿ ਧਰਮ ਅਤੇ ਧਰਮ ਗਰੰਥਾਂ ਦੀ ਸਰਵਉੱਚਤਾ ਖ਼ਤਮ ਹੋਣੀ ਚਾਹੀਦੀ ਹੈ। ਹਿੰਦੁਤਵ ਵਿੱਚ ਕਿਸੇ ਦਾ ਵਿਅਕਤੀਗਤ ਵਿਕਾਸ ਹੋ ਹੀ ਨਹੀਂ ਸਕਦਾ। ਇਸ ਵਿੱਚ ਸਮਾਨਤਾ ਦੀ ਸੰਭਾਵਨਾ ਹੀ ਨਹੀਂ ਹੈ। ਬਾਬਾ ਸਾਹਿਬ ਨੇ ਹਿੰਦੁਤਵ ਦਾ ਇਸਤੇਮਾਲ ਨਹੀਂ ਕੀਤਾ। ਅੰਗਰੇਜ਼ੀ ਦੇ ਹਿੰਦੁਇਜ਼ਮ ਦਾ ਕੀਤਾ ਹੈ। ਉਨ੍ਹਾਂ ਨੇ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਸੈਕੁਲਰ ਨਹੀਂ ਲਿਖਿਆ ਤਾਂ ਹਿੰਦੁਤਵ ਵੀ ਨਹੀਂ ਲਿਖਿਆ। ਬਾਬਾ ਸਾਹਿਬ ਨੇ ਹਿੰਦੂ ਧਰਮ ਦਾ ਤਿਆਗ ਕਰ ਦਿੱਤਾ ਲੇਕਿਨ ਸਮਾਜ ਵਿੱਚ ਕਦੇ ਧਰਮ ਦੀ ਭੂਮਿਕਾ ਨੂੰ ਨਕਾਰਿਆ ਨਹੀਂ। ਹੈਰਾਨੀ ਹੈ ਕਿ ਸੰਸਦ ਵਿੱਚ ਉਨ੍ਹਾਂ ਦੀ ਐਨੀ ਚਰਚਾ ਹੋਈ ਮਗਰ ਧਰਮ ਨੂੰ ਲੈ ਕੇ ਉਨ੍ਹਾਂ ਦੇ ਵਿਚਾਰਾਂ ਉੱਤੇ ਕੁੱਝ ਨਹੀਂ ਕਿਹਾ ਗਿਆ। ਸ਼ਾਇਦ ਵਕਤਾ ਡਰ ਗਏ ਹੋਣਗੇ।

ਗ੍ਰਹਿਮੰਤਰੀ ਜੀ,ਤੁਸੀ ਵੀ ਜਾਣਦੇ ਹੋ ਕਿ ਅੱਜ ਬਾਬਾ ਸਾਹਿਬ ਅੰਬੇਦਕਰ ਹੁੰਦੇ ਅਤੇ ਹਿੰਦੂ ਧਰਮ ਦੀ ਖੁੱਲੀ ਆਲੋਚਨਾ ਕਰਦੇ ਤਾਂ ਉਨ੍ਹਾਂ ਦੇ ਨਾਲ ਕੀ ਹੁੰਦਾ। ਲੋਕ ਲਾਠੀ ਲੈ ਕੇ ਉਨ੍ਹਾਂ ਦੇ ਘਰ ਉੱਤੇ ਹਮਲਾ ਕਰ ਦਿੰਦੇ। ਟਵੀਟਰ ਉੱਤੇ ਉਨ੍ਹਾਂ ਨੂੰ ਸੈਕੁਲਰ ਕਿਹਾ ਜਾਂਦਾ। ਨੇਤਾ ਕਹਿੰਦੇ ਕਿ ਡਾਕਟਰ ਅੰਬੇਦਕਰ ਨੂੰ ਸ਼ਰਧਾ ਦਾ ਖਿਆਲ ਕਰਨਾ ਚਾਹੀਦਾ ਸੀ। ਟਵੀਟਰ ਉੱਤੇ ਹੈਸ਼ਟੈਗ ਚੱਲਦਾ। ਬਾਬਾ ਸਾਹਿਬ ਤਾਂ ਦੇਸ਼ ਛੱਡ ਕੇ ਨਹੀਂ ਜਾਂਦੇ ਮਗਰ ਉਨ੍ਹਾਂ ਨੂੰ ਪਾਕਿਸਤਾਨ ਭੇਜਣ ਵਾਲੇ ਬਹੁਤ ਆ ਜਾਂਦੇ। ਤੁਸੀ ਵੀ ਜਾਣਦੇ ਹੋ ਉਹ ਕੌਣ ਲੋਕ ਹਨ ਜੋ ਪਾਕਿਸਤਾਨ ਭੇਜਣ ਦੀ ਟਰੈਵਲ ਏਜੰਸੀ ਚਲਾਉਂਦੇ ਹਨ! ਨਿਊਜ ਚੈਨਲਾਂ ਉੱਤੇ ਐਂਕਰ ਉਨ੍ਹਾਂ ਨੂੰ ਦੇਸ਼ ਧ੍ਰੋਹੀ ਦੱਸ ਰਹੇ ਹੁੰਦੇ।

ਕੀ ਇਹ ਚੰਗਾਂ ਨਹੀਂ ਹੈ ਕਿ ਅੱਜ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਨਹੀਂ ਹਨ। ਉਨ੍ਹਾਂ ਦੇ ਨਾ ਹੋਣ ਨਾਲ ਹੀ ਤਾਂ ਕਿਸੇ ਵੀ ਸ਼ਰਧਾ ਦੀ ਔਕਾਤ ਸੰਵਿਧਾਨ ਤੋਂ ਜ਼ਿਆਦਾ ਹੋ ਜਾਂਦੀ ਹੈ। ਕਿਸੇ ਵੀ ਧਰਮ ਨਾਲ ਜੁੜੇ ਸੰਗਠਨ ਧਰਮ ਦੇ ਆਧਾਰ ਉੱਤੇ ਦੇਸਭਗਤੀ ਦਾ ਪ੍ਰਮਾਣ ਪੱਤਰ ਵੰਡਣ ਲੱਗਦੇ ਹਨ। ਵਿਅਕਤੀ ਪੂਜਾ ਹੋ ਰਹੀ ਹੈ। ਭੀੜ ਵੇਖਕੇ ਪ੍ਰਸ਼ਾਸਨ ਸੰਵਿਧਾਨ ਭੁੱਲ ਜਾਂਦਾ ਹੈ ਅਤੇ ਧਰਮ ਅਤੇ ਜਾਤੀ ਦੀ ਆਲੋਚਨਾ ਉੱਤੇ ਕੋਈ ਕਿਸੇ ਨੂੰ ਗੋਲੀ ਮਾਰ ਦਿੰਦਾ ਹੈ।

ਪਰ ਤੁਹਾਡੇ ਬਿਆਨ ਤੋਂ ਇੱਕ ਨਵੀਂ ਸੰਭਾਵਨਾ ਪੈਦਾ ਹੋਈ ਹੈ। ਬਾਬਾ ਆਦਮ ਦੇ ਜਮਾਨੇ ਤੋਂ ਨਿਬੰਧ ਲਿਖਾਈ ਦਾ ਇੱਕ ਸਨਾਤਨ ਵਿਸ਼ਾ ਰਿਹਾ ਹੈ। ਜੇਕਰ ਮੈਂ ਪ੍ਰਧਾਨ ਮੰਤਰੀ ਹੁੰਦਾ। ਤੁਹਾਡੇ ਭਾਸ਼ਣ ਤੋਂ ਹੀ ਆਈਡੀਆ ਆਇਆ ਕਿ ਵਿਦਿਆਰਥੀਆਂ ਨੂੰ ਨਵੇਂ ਨਿਬੰਧ ਲਿਖਣ ਨੂੰ ਕਿਹਾ ਜਾਵੇ। ਜੇਕਰ ਮੈਂ ਡਾਕਟਰ ਅੰਬੇਦਕਰ ਹੁੰਦਾ ਜਾਂ ਜੇਕਰ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਹੁੰਦੇ।

ਆਸ ਹੈ ਕਿ ਤੁਸੀਂ ਮੇਰੇ ਪੱਤਰ ਨੂੰ ਪੜ੍ਹਕੇ ਅੰਬੇਦਕਰ ਭਾਵ ਨਾਲ ਸਵਾਗਤ ਕਰੋਗੇ। ਮੁਸਕੁਰਾਉਂਗੇ। ਅੰਬੇਦਕਰ ਭਾਵ ਉਹ ਭਾਵ ਹੈ ਜੋ ਭਾਵੁਕਤਾ ਦੀ ਜਗ੍ਹਾ ਤਾਰਕਿਕਤਾ ਨੂੰ ਪ੍ਰਮੁੱਖ ਮੰਨਦਾ ਹੈ।

ਤੁਹਾਡਾ

ਰਵੀਸ਼ ਕੁਮਾਰ

ਅਨੁਵਾਦ ਮਨਦੀਪ, 'ਰਵੀਸ਼ ਕੁਮਾਰ ਦੇ ਬਲਾਗ ਕਸਬਾ ਤੋਂ ਧੰਨਵਾਦ ਸਾਹਿਤ ਅਨੁਵਾਦ'

# ਭਾਰਤ ਦੀ ਵਿਦਿਆ ਨੀਤੀ ਅਤੇ ਵਿਸ਼ਵ ਪੂੰਜੀ ਮੁਨਾਫ਼ਾ




ਨਰਭਿੰਦਰ

ਯਾਦ ਹੋਵੇ ਜਦੋਂ ਭਾਰਤੀ ਹਕੂਮਤ ਨੇ ਵਿਦੇਸ਼ੀ ਯੂਨੀਵਰਸਿਟੀਆਂ ਦਾ ਬਿੱਲ ਲਿਆਂਦਾ ਸੀ ਤਾਂ ਅਮਰੀਕਾ ਦੀ ਵਾਲ ਸਟਰੀਟ ਵਿਚ ਖੁਸ਼ੀਆਂ ਮਨਾਈਆਂ ਗਈਆਂ ਸਨ। ਵਿਦਿਆ ਦਾ ਰਾਜ ਦੀ ਜ਼ਿੰਮੇਵਾਰੀ ਤੋਂ ਬਾਜ਼ਾਰ ਦੀ ਵਸਤ ਬਣਨ ਉਤੇ ਸਾਮਰਾਜੀ ਪੂੰਜੀ ਭਲਾ ਖੁਸ਼ੀ ਕਿਉਂ ਨਾ ਮਨਾਏ। ਜਿਵੇਂ ਜ਼ਿਕਰ ਕੀਤਾ ਗਿਆ ਹੈ ਕਿ ਸਿਹਤ ਉਦਯੋਗ ਤੋਂ ਪਿਛੋਂ ਜਿਹਨੂੰ ਹੁਣ ਤੱਕ ਸੇਵਾ ਖੇਤਰ ਹੀ ਕਿਹਾ ਜਾਂਦਾ ਸੀ ਦੂਸਰਾ ਵੱਖ (ਖੇਤਰ) ਉਦਯੋਗ ਵਿਦਿਆ ਦਾ ਹੈ ਜਿਸ ਵਿਚ 20 ਖਰਬ ਡਾਲਰ ਪੂੰਜੀ ਨਿਵੇਸ਼ ਕਰਨ ਦੀ ਸੰਭਾਵਨਾ ਹੈ। ਦੁਨੀਆ ਭਰ 'ਚ ਲਗਭਗ ਹਰ ਸਾਲ 15 ਕਰੋੜ 60 ਲੱਖ ਵਿਦਿਆਰਥੀ ਵਿਦਿਆ ਦੇ ਖੇਤਰ ਵਿਚ ਦਾਖਲਾ ਲੈਂਦੇ ਹਨ ਅਤੇ ਇਨ੍ਹਾਂ ਦੀ ਗਿਣਤੀ ਵਿਚ ਹਰ ਸਾਲ 6 ਫੀਸਦੀ ਦਰ ਨਾਲ ਵਾਧਾ ਹੁੰਦਾ ਰਹਿੰਦਾ ਹੈ। ਉਚ ਵਿਦਿਆ ਖੇਤਰ ਐਨੀ ਤੇਜ਼ੀ ਨਾਲ ਵੱਧ ਰਿਹਾ ਖੇਤਰ ਹੈ ਜਿਸ ਵਿਚ ਲਗਭਗ 35 ਲੱਖ ਲੋਕਾਂ ਨੂੰ ਰੋਜ਼ਗਾਰ ਮਿਲ ਰਿਹਾ ਹੈ। ਵਿਦਿਆ ਦੇ ਖੇਤਰ ਵਿਚ ਆਉਣ ਵਾਲੇ ਕੁੱਲ ਬੱਚਿਆਂ ਨੂੰ ਜੇ ਇਸ ਵਿਚ ਸ਼ਾਮਲ ਕਰ ਲਿਆ ਜਾਵੇ ਤਾਂ ਇਹ ਲਗਭਗ 300 ਅਰਬ ਡਾਲਰ ਦਾ ਬਾਜ਼ਾਰ ਹੈ।

ਦਾਖਲਿਆਂ ਦੇ ਲਿਹਾਜ਼ ਨਾਲ ਭਾਰਤੀ ਵਿਦਿਆ ਦਾ ਖੇਤਰ ਦੁਨੀਆ ਵਿਚੋਂ ਤੀਸਰਾ ਵੱਡਾ ਸਿੱਖਿਆ ਖੇਤਰ ਭਾਵ ਮੰਡੀ ਮੰਨੀ ਜਾ ਰਹੀ ਹੈ ਅਤੇ ਵਿਦਿਅਕ ਸੰਸਥਾਵਾਂ ਦੀ ਗਿਣਤੀ ਦੇ ਲਿਹਾਜ਼ ਨਾਲ ਇਹ ਸਭ ਤੋਂ ਵੱਡੀ ਵਿਦਿਅਕ ਮੰਡੀ ਬਣਦੀ ਹੈ। ਫਿੱਕੀ ਜਿਹੜੀ ਵਪਾਰੀਆਂ ਤੇ ਪੂੰਜੀਪਤੀਆਂ ਦੇ ਕਾਰੋਬਾਰ ਦੀ ਜਥੇਬੰਦੀ ਹੈ, ਨੇ 2011 'ਚ ਟਾਗਰੇਟ (ਟੀਚਾ) ਮਿਥਿਆ ਕਿ "ਉਚ ਵਿਦਿਆ ਦੇ ਖੇਤਰ ਵਿਚ 15 ਤੋਂ 24 ਸਾਲ ਉਮਰ ਦੇ ਵਰਗ ਵਾਲੇ 23 ਕਰੋੜ 40 ਲੱਖ ਬੱਚਿਆਂ ਨੂੰ ਲਿਆਉਣਾ ਜ਼ਰੂਰੀ ਹੈ।" ਉਹ ਇਸ ਨੂੰ ਉਭਰਦੇ ਹੋਏ ਸੂਰਜ (ਬਾਜ਼ਾਰ) ਵਿਚ ਵੇਖ ਰਹੇ ਹਨ। ਕਿਉਂਕ ਇਹ ਲਗਭਗ 15 ਖਰਬ ਡਾਲਰ ਦਾ ਬਜ਼ਾਰ ਹੈ। ਪੂੰਜੀ ਆਪਣੀ ਵਿਸਥਾਰ ਤੇ ਮੁਨਾਫ਼ੇ ਦੀਆਂ ਨਜ਼ਰਾਂ ਨਾਲ ਹੀ ਇਸ ਖੇਤਰ (ਮੰਡੀ) ਨੂੰ ਵੇਖੇਗੀ ਅਤੇ ਜਾਂਚੇਗੀ। ਇਹੋ ਕਾਰਨ ਹੈ ਕਿ ਇਸ ਵਿਦਿਆ ਦੇ ਬਾਜ਼ਾਰ ਨੂੰ ਨਾ ਸਿਰਫ਼ ਫਿੱਕੀ ਸਗੋਂ ਵਿਸ਼ਵ ਵਪਾਰ ਸੰਗਠਨ ਅਤੇ ਗੈਟਸ ਆਪਣੇ ਹਿਸਾਬ ਨਾਲ ਕੰਟਰੋਲ ਕਰਨਾ ਅਤੇ ਚਲਾਉਣਾ ਲੋਚਦੇ ਹਨ। ਇਸ ਮੰਤਵ ਲਈ ਸਾਮਰਾਜੀ ਪੂੰਜੀ ਲਈ ਭਾਰਤੀ ਸਮੇਤ ਪੂਰੀ ਤੀਸਰੀ ਦੁਨੀਆਂ ਦੇ ਦੇਸ਼ਾਂ ਦੀਆਂ ਵਿਦਿਅਕ ਮੰਡੀਆਂ ਇਕ ਨਿਸ਼ਾਨਾ ਹਨ। ਇਹੋ ਕਾਰਨ ਹੈ ਕਿ ਇਸ ਵਪਾਰ ਵਿਦਿਆ ਦੇ ਖੇਤਰ ਨੂੰ ਵੀ ਦੂਸਰੇ ਵਪਾਰਾਂ ਵਾਂਗੂੰ ਸਾਮਰਾਜ ਕੌਮਾਂਤਰੀ ਸੰਗਠਨਾ, ਸੰਧੀਆਂ, ਸਮਝੌਤਿਆਂ ਦੀ ਵਰਤੋਂ ਕਰਦਿਆਂ ਕੰਟਰੋਲ 'ਚ ਕਰਨਾ ਚਾਹੁੰਦੇ ਹਨ। ਇਸ ਮੰਤਵ ਲਈ ਸੰਕਟਗ੍ਰਸਤ ਅਮਰੀਕੀ ਸਾਮਰਾਜ ਵਿਸ਼ਵ ਵਪਾਰ ਸੰਗਠਨ ਰਾਹੀਂ ਆਪਣੀ ਚੌਧਰੀ ਵਾਲੀ ਭੂਮਿਕਾ ਨਿਭਾ ਰਿਹਾ ਹੈ।

ਸਾਲ 2000 ਵਿਚ ਵਾਜਪਾਈ ਸਰਕਾਰ ਦੇ ਸਮੇਂ ਦੌਰਾਨ ਇਕ ਕਮੇਟੀ ਦਾ ਗਠਨ ਕੀਤਾ ਗਿਆ ਜਿਸ ਨੇ ਉਚ ਸਿੱਖਿਆ ਸਬੰਧੀ ਆਪਣੀ ਰਾਏ ਦੇਣੀ ਸੀ। ਮੁਕੇਸ਼ ਅੰਬਾਨੀ ਅਤੇ ਕੁਮਾਰ ਮੰਗਲਮ ਬਿਰਲਾ ਦੀ ਅਗਵਾਈ ਹੇਠ ਬਣੀ ਇਸ ਕਮੇਟੀ ਨੇ ਜਿਹੜੀ ਰਿਪੋਰਟ ਪ੍ਰਧਾਨ ਮੰਤਰੀ ਨੂੰ ਸੌਂਪੀ ਉਹਦਾ ਨਾਂ ਹੈ "ਏ ਪਾਲਿਸੀ ਫਰੇਮ ਵਰਕ ਫਾਰ ਰੀਫਾਰਮ ਇਨ ਐਜੂਕੇਸ਼ਨ' ਇਸ ਵਿਚ ਪਹਿਲੀ ਵਾਰ ਇਹ ਕਿਹਾ ਗਿਆ ਸੀ ਕਿ 'ਵਿਦਿਆ ਦਾ ਬਾਜ਼ਾਰ ਇਕ ਮੁਨਾਫ਼ੇ ਦਾ ਧੰਦਾ ਹੈ।' ਯਾਦ ਹੋਵੇ ਡਾ. ਰਾਧਾ ਕ੍ਰਿਸ਼ਨਨ ਅਤੇ ਆਜ਼ਾਦੀ ਦੀ ਲਹਿਰ ਦੇ ਦੌਰਾਨ ਉਭਰੇ ਚਿੰਤਕਾਂ ਨੇ ਸਿੱਖਿਆ ਭਾਵ ਵਿਦਿਆ ਨੂੰ ਮਾਨਵ ਅਤੇ ਚੰਗੇਰਾ ਸਮਾਜ ਸਿਰਜਨ ਦਾ ਹਥਿਆਰ ਕਿਹਾ ਸੀ।' ਐਨ 80-90 ਸਾਲਾਂ ਪਿਛੋਂ ਵਿਦਿਆ ਨੂੰ ਮੁਨਾਫ਼ੇ ਨਾਲ ਜੋੜ ਕੇ ਮੰਡੀ ਦੀ ਵਸਤ ਵਜੋਂ ਵੇਖਣਾ ਅਤੇ ਇਸ ਨੂੰ ਨਿੱਜੀ ਹੱਥਾਂ 'ਚ ਸੌਂਪ ਦੇਣਾ ਅਤੇ ਸਰਕਾਰ ਨੂੰ ਉਚ ਵਿਦਿਆ ਦੇ ਖੇਤਰ 'ਚੋਂ ਬਾਹਰ ਆ ਜਾਣ ਦੀ ਸਿਫਾਰਸ਼ ਕਰਨਾ, ਇਕ ਅਜਿਹਾ ਕਦਮ ਸੀ ਜਿਹਨੇ ਲੋਕਾਈ ਦੇ ਇਕ ਹਿੱਸੇ ਤੋਂ ਵਿਦਿਆ ਅਧਿਕਾਰ ਖੋਹ ਲੈਣਾ ਹੈ। ਧੜਾਧੜ ਪ੍ਰਾਈਵੇਟ ਯੂਨੀਵਰਸਿਟੀਆਂ, ਮੈਡੀਕਲ ਅਤੇ ਇੰਜੀਨੀਅਰਿੰਗ ਕਾਲਜ ਖੁੱਲ੍ਹ ਗਏ ਇਕ ਪੂਰਾ ਵਿਦਿਆ ਦਾ ਬਾਜ਼ਾਰ ਪਿਛਲੇਰੇ 75 ਸਾਲਾਂ ਵਿਚ ਵਿਕਸਤ ਹੋ ਗਿਆ। ਵਿਦਿਆ ਪੂੰਜੀ ਦੇ ਹਵਾਲੇ ਹੋ ਗਈ। ਸੰਕਟਗ੍ਰਸਤ ਪੂੰਜੀ ਲਈ ਮੁਨਾਫ਼ੇ ਅਤੇ ਨਿਵੇਸ਼ ਦਾ ਇਕ ਨਵਾਂ ਖੇਤਰ ਖੁੱਲ੍ਹ ਗਿਆ। ਇਹ ਸਿਰਫ਼ ਭਾਰਤ ਨਹੀਂ, ਪੂਰੇ ਵਿਸ਼ਵ ਵਿਚ ਵਿਦਿਆ ਨਾਲ ਇਹੋ ਵਾਪਰਿਆ। ਹਜ਼ਾਰਾਂ ਲੱਖਾਂ ਦੀ ਗਿਣਤੀ 'ਚ ਭਾਰਤੀ ਬੱਚੇ ਵਿਦੇਸ਼ਾਂ ਦੀਆਂ ਯੂਨੀਵਰਸਿਟੀਆਂ ਵੱਲ ਨੂੰ ਵੀ ਭੱਜੇ ਅਤੇ ਕਈ ਦੇਸ਼ਾਂ ਲਈ ਵਿਦਿਆ ਜੀ.ਡੀ.ਪੀ. 'ਚ ਵਾਧੇ ਦਾ ਸਬੱਬ ਬਣੀ।

ਦਰਅਸਲ ਅੰਬਾਨੀ ਤੇ ਬਿਰਲਾ ਰਿਪੋਰਟ ਵਿਸ਼ਵ ਵਪਾਰ ਸੰਘ ਦੀਆਂ ਉਨ੍ਹਾਂ ਨੀਤੀਆਂ ਦੀ ਹੀ ਨਕਲ ਸੀ ਜਿਸ 'ਚ ਵਿਦਿਆ ਦੇ ਖੇਤਰ ਨੂੰ ਸਰਕਾਰੀ ਸਰਪ੍ਰਸਤੀ 'ਚੋਂ ਕੱਢ ਕੇ ਪ੍ਰਾਈਵੇਟ ਹੱਥਾਂ 'ਚ ਦੇਣ ਦੀ ਕਵਾਇਦ ਕੀਤੀ ਗਈ ਸੀ। ਅਸਲ 'ਚ 70ਵਿਆਂ ਦੇ ਵਿਸ਼ਵ ਆਰਥਿਕ ਸੰਕਟ ਪਿਛੋਂ ਵਿਸ਼ਵ ਪੂੰਜੀ ਮੁਨਾਫ਼ੇ ਕਮਾਉਣ ਦੇ ਜਿਹੜੇ ਨਵੇਂ ਨਵੇਂ ਰਾਹ ਅਤੇ ਖੇਤਰ ਲੱਭ ਰਹੀ ਸੀ ਉਸ ਵਿਚ ਉਦਯੋਗ ਅਤੇ ਖੇਤੀ ਦੀ ਮੰਡੀ ਪਿਛੋਂ ਸਿੱਖਿਆ ਅਤੇ ਸਿਹਤ ਦਾ ਖੇਤਰ ਜਾਂ ਫਿਰ ਸੇਵਾ ਦੇ ਖੇਤਰਾਂ ਵਿਚ ਆਪਣੀ ਭਾਵ ਪੂੰਜੀ ਦੀ ਦਖ਼ਲ-ਅੰਦਾਜ਼ੀ ਵਧਾਉਣ ਨੂੰ ਯੋਗ ਅਤੇ ਢੁਕਵਾਂ ਸਮਝਿਆ ਹੈ। ਇਹੋ ਕਾਰਨ ਕਿ ਵਿਸ਼ਵੀ ਪੂੰਜੀ ਦੇ ਭਾਈਵਾਲ ਹੋਣ ਦੇ ਨਾਤੇ ਅਤੇ ਉਹਦੇ ਦਬਾਅ ਹੇਠ ਭਾਰਤੀ ਹਕੂਮਤ ਅਤੇ ਰਾਜ ਕਰ ਰਹੀ ਜਮਾਤ ਨੇ ਵੀ ਸਿੱਖਿਆ ਦੇ ਖੇਤਰ ਨੂੰ ਨਿੱਜੀ ਪੂੰਜੀ ਦੇ ਹਵਾਲੇ ਕਰਨ ਦੀ ਠਾਣ ਲਈ। ਅਗਸਤ 2005 ਵਿਚ ਵਿਸ਼ਵ ਵਪਾਰ ਸੰਘ ਅਤੇ ਜਨਰਲ ਐਗਰੀਮੈਂਟ ਆਨ ਟਰੇਡ ਐਂਡ ਸਰਸਵਿ ਨੇ ਜਿਹੜਾ 160 ਮੈਂਬਰ ਦੇਸ਼ਾਂ ਵਿਚ ਵਿਦਿਆ ਦੇ ਕਾਰੋਬਾਰ ਨੂੰ ਇਕ ਵਪਾਰ ਤੇ ਮੰਡੀ ਦੇ ਵਾਂਗੂੰ ਖੋਲ੍ਹਣ ਅਤੇ ਵਿਸਥਾਰ ਕਰਨ ਦਾ ਮਤਾ ਲਿਆਂਦਾ। ਭਾਰਤੀ ਹਾਕਮਾਂ ਨੇ ਇਸ ਨੂੰ ਪ੍ਰਵਾਨ ਕੀਤਾ। ਵਿਸ਼ਵ ਪੱਧਰ ਉਤੇ ਵਿਦਿਆ ਦਾ ਬਾਜ਼ਾਰ ਕਈ ਹਜ਼ਾਰ ਕਰੋੜ ਰੁਪਏ ਦਾ ਹੈ ਅਤੇ ਇਸ ਬਾਜ਼ਾਰ ਦੇ ਵਿਸਥਾਰ ਦੀਆਂ ਲਗਾਤਾਰ ਸੰਭਾਵਨਾ ਪਈਆਂ ਹਨ। ਵਿਸ਼ਵ ਵਪਾਰ ਸੰਘ ਉਹ ਸਾਰੇ ਅੜਿੱਕੇ ਖਤਮ ਕਰਨਾ ਚਾਹੁੰਦਾ ਹੈ ਜਿਹੜੇ ਵਿਦਿਆ ਦੇ ਬਾਜ਼ਾਰ ਦੇ ਵਿਸਥਾਰ ਵਿਚ ਰੋਕਾਂ ਬਣਦੇ ਹਨ। ਯਾਦ ਹੋਵੇ ਮਈ 2007 ਵਿਚ ਯੂ. ਪੀ. ਏ. ਦੀ ਸਰਕਾਰ ਨੇ ਵਿਦੇਸ਼ੀ ਵਿਦਿਆ ਸੰਸਥਾਨ ਬਿਲ ਸੰਸਦ 'ਚ ਲਿਆਂਦਾ ਸੀ ਜਿਹਦੇ ਪੱਖ 'ਚ ਬੋਲਦਿਆਂ ਉਦੋਂ ਦੇ ਮਨੁੱਖੀ ਸੰਸਥਾਨ ਵਿਕਾਸ ਮੰਤਰੀ ਕਪਿਲ ਸਿੰਬਲ ਨੇ ਕਿਹਾ ਸੀ, "ਅਸੀਂ ਆਪਣੇ ਵਿਦਿਆ ਦੇ ਖੇਤਰ ਨੂੰ ਵਿਦੇਸ਼ੀ ਵਿਸ਼ਵ ਵਿਦਿਆਲਿਆਂ ਲਈ ਖੋਲ੍ਹਣ ਜਾ ਰਹੇ ਹਾਂ ਅਤੇ ਇਹ ਪ੍ਰਤੱਖ ਵਿਦੇਸ਼ੀ ਨਿਵੇਸ਼ ਹਾਸਲ ਕਰਨ ਦਾ ਇਕ ਵੱਡਾ ਖੇਤਰ ਬਣਨ ਜਾ ਰਿਹਾ ਹੈ।" ਸੰਸਦ 'ਚ ਇਹ ਬਿੱਲ ਪਾਸ ਨਾ ਹੋ ਸਕਿਆ ਪਰ ਚੋਰੀ ਛਿਪੇ ਜਾਂ ਚੋਰ ਮੋਰੀਆਂ ਰਾਹੀਂ ਹਕੂਮਤ ਇਹਨੂੰ ਲਾਗੂ ਕਰਦੀ ਰਹੀ। ਹੁਣ ਮੋਦੀ ਹਕੂਮਤ ਇਸ ਬਿੱਲ ਨੂੰ ਲਿਆਉਣ ਦੀਆਂ ਪੂਰੀਆਂ ਤਿਆਰੀਆਂ ਕਰੀ ਬੈਠੀ ਹੈ। ਸੰਸਦ ਦੀ ਮੇਜ਼ ਉਤੇ ਜਿਹੜੇ ਛੇ ਸਿੱਖਿਆ ਸਬੰਧੀ ਬਿਲ ਪਏ ਹਨ ਉਨ੍ਹਾਂ ਵਿਚ ਇਸ ਖੇਤਰ ਭਾਵ ਵਿਦਿਆ ਦੇ ਖੇਤਰ 'ਚ ਵਿਦੇਸ਼ੀ ਯੂਨੀਵਰਸਿਟੀਆਂ ਵਲੋਂ ਨਿਵੇਸ਼ ਕਰਨ ਦੀ ਵਕਾਲਤ ਕੀਤੀ ਗਈ ਹੈ।

2009 'ਚ ਸਿੱਖਿਆ ਅਧਿਕਾਰ ਕਾਨੂੰਨ ਨੇ ਪ੍ਰਾਇਮਰੀ ਖੇਤਰ ਵਿਚ ਸਕੂਲੀ ਵਿਦਿਆ ਪ੍ਰਬੰਧ ਵਿਚ ਗੈਰ ਬਰਾਬਰੀ ਨੂੰ ਨਾ ਸਿਰਫ਼ ਉਤਸ਼ਾਹਿਤ ਕੀਤਾ ਸਗੋਂ ਕਾਨੂੰਨੀ ਕਰ ਦਿੱਤਾ। ਸੋ ਵੱਡੀ ਪੱਧਰ 'ਤੇ ਬੱਚੇ ਮੱਧ ਸਿੱਖਿਆ (ਭਾਵ 10 ਤੋਂ ਪਿਛੋਂ ਗਿਆਰਵੀਂ ਬਾਹਰਵੀਂ ਤੋਂ ਵੀ ਵਾਂਝੇ ਹੋ ਗਏ) ਇਸ ਦਾ ਵਧੇਰੇ ਪ੍ਰਭਾਵ ਸਾਇੰਸ ਅਤੇ ਮੈਡੀਕਲ ਖੇਤਰ ਵਿਚ ਵੀ ਪਿਆ ਜਿਸ ਖੇਤਰ ਨੂੰ ਸਿਰਫ਼ ਸੰਪਨ ਪਰਿਵਾਰਾਂ ਤੱਕ ਸੀਮਤ ਕਰ ਦੇਣ ਦੀ ਜ਼ਮੀਨ ਤਿਆਰ ਹੋ ਗਈ।

ਇਸੇ ਕਾਨੂੰਨ ਨੇ ਪਬਲਿਕ ਪ੍ਰਾਈਵੇਟ ਸਾਂਝੇਦਾਰੀ ਰਾਹੀਂ ਸਰਵਜਨ ਨਿੱਜੀ ਲੁੱਟ ਦਾ ਰਾਹ ਸਾਫ਼ ਕਰਕੇ ਨਿੱਜੀ ਸੰਸਥਾਵਾਂ ਨੂੰ ਮੁਫ਼ਤ ਅਤੇ ਰਿਆਇਤੀ ਦਰਾਂ ਉਤੇ ਜ਼ਮੀਨਾਂ ਅਤੇ ਹੋਰ ਪ੍ਰਤੱਖ ਅਤੇ ਅਪ੍ਰਤੱਖ ਸਬਸਿਡੀ ਦੇ ਕੇ ਸਰਕਾਰੀ ਖਜ਼ਾਨੇ 'ਚੋਂ ਰਾਸ਼ੀਆਂ ਦੇਣ ਦੇ ਰਾਹ ਸਾਫ਼ ਕਰ ਦਿੱਤੇ ਅਤੇ ਇਨ੍ਹਾਂ ਪ੍ਰਾਈਵੇਟ ਸਿੱਖਿਆ ਸੰਸਥਾਵਾਂ ਨੂੰ ਆਮਦਨ ਤੇ ਹੋਰ ਟੈਕਸਾਂ ਤੋਂ ਵੀ ਰਿਆਇਤਾਂ ਦੇ ਦਿੱਤੀਆਂ ਗਈਆਂ।

2010 'ਚ ਇਕ ਵਾਰ ਫੇਰ ਮਨੁੱਖੀ ਸਾਧਨ ਵਿਕਾਸ ਮੰਤਰੀ ਸਿੰਬਲ ਨੇ ਵਿਦੇਸ਼ੀ ਵਿਦਿਆ ਸੰਸਥਾਨ ਬਿੱਲ 2010 ਦੀ ਵਕਾਲਤ ਕਰਦਿਆਂ ਕਿਹਾ ਕਿ "ਇਹ ਇਕ ਐਸਾ ਮੀਲ ਪੱਥਰ ਹੈ ਜਿਹਨੇ ਉਚ ਵਿਦਿਆ ਦੇ ਖੇਤਰ ਵਿਚ ਬਦਲਾਂ ਦਾ ਇਜ਼ਾਫ਼ਾ ਹੋਵੇਗਾ। ਗਿਣਤੀ ਵੀ ਵਧੇਗੀ ਅਤੇ ਗੁਣਵੰਤਤਾ ਦੇ ਮਾਪਦੰਡ ਵੀ ਸਥਾਪਤ ਹੋਣਗੇ।"


ਹਕੂਮਤ ਨੇ ਦੇਸ਼ ਦੇ 18000 ਕਾਲਜਾਂ ਅਤੇ 500 ਤੋਂ ਵਧੇਰੇ ਯੂਨੀਵਰਸਿਟੀਆਂ ਨੂੰ ਹੋਰ ਚੰਗੇਰਾ ਬਣਾਉਣ ਦਾ ਏਜੰਡਾ ਤਾਂ ਕੋਈ ਲਿਆਂਦਾ ਨਹੀਂ ਸਗੋਂ ਜੇ ਦੇਖਿਆ ਜਾਵੇ ਤਾਂ ਉਚ ਅਤੇ ਤਕਨੀਕੀ ਸਿੱਖਿਆ ਦੀ ਬਜਾਏ ਭਾਰੀ ਕਟੌਤੀਆਂ ਹੀ ਕੀਤੀਆਂ ਗਈਆਂ ਹਨ।

11ਵੀਂ ਪੰਜ ਸਾਲਾ ਯੋਜਨਾ (2007-2011) ਵਿਚ ਉਚ ਸਿੱਖਿਆ ਲਈ 46500 ਕਰੋੜ ਰੁਪਏ ਰੱਖੇ ਗਏ ਸਨ ਜਿਨ੍ਹਾਂ 'ਚੋਂ ਮਹਿਜ 8300 ਕਰੋੜ ਦੀ ਰਾਸ਼ੀ ਹੀ ਤਿੰਨਾਂ ਸਾਲਾਂ 'ਚ ਜਾਰੀ ਹੋਈ ਸੀ। 1990 'ਚ ਭਾਰਤੀ ਹਕੂਮਤ ਕੁੱਲ ਘਰੇਲੂ ਪੈਦਾਵਾਰ ਦਾ 4 ਫੀਸਦੀ ਸਿੱਖਿਆ ਉਤੇ ਖਰਚ ਕਰਦੀ ਸੀ ਜਿਹੜਾ ਹੁਣ 3.5 ਫੀਸਦੀ ਤੋਂ ਹੁੰਦਾ ਹੋਇਆ ਹੋਰ ਹੇਠਾਂ ਜਾ ਰਿਹਾ ਹੈ। ਇਕ ਮੋਟੇ ਅੰਦਾਜ਼ੇ ਮੁਤਾਬਕ ਇਸ ਦੌਰ 'ਚ ਤਿੰਨ ਲੱਖ ਕਰੋੜ ਰੁਪਏ ਉਚ ਸਿੱਖਿਆ ਦੇ ਖੇਤਰ ਵਿਚ ਹਕੂਮਤ ਨੂੰ ਨਿਵੇਸ਼ ਕਰਨੇ ਜ਼ਰੂਰੀ ਸਨ ਪਰ ਨਹੀਂ ਕੀਤੇ ਗਏ। ਹਕੂਮਤ ਨੇ 12ਵੀਂ ਪੰਜ ਸਾਲਾ ਯੋਜਨਾ (2012-2017) ਵਿਚ ਉਚ ਵਿਦਿਆ ਸਬੰਧੀ ਜਿਹੜੇ ਸੁਝਾਅ ਦਿੱਤੇ ਉਨ੍ਹਾਂ ਤੋਂ ਹਕੂਮਤ ਦੀ ਵਿਦਿਆ ਪ੍ਰਤੀ ਗੰਭੀਰਤਾ ਨੂੰ ਵਾਚਿਆ ਜਾ ਸਕਦਾ ਹੈ। ਰਿਪੋਰਟ ਵਿਚ ਦਰਜ ਹੈ ਕਿ "12ਵੀਂ ਪੰਜ ਸਾਲਾ ਯੋਜਨਾ ਵਿਚ ਪ੍ਰਾਈਵੇਟ ਖੇਤਰ ਨੂੰ ਚੰਗੇ ਵਿਦਿਅਕ ਸੰਸਥਾਨ ਖੋਲ੍ਹਣ ਦੇ ਲਈ ਉਤਸ਼ਾਹਿਤ ਕੀਤਾ ਜਾਵੇਗਾ। ਮੌਜੂਦਾ ਸਮੇਂ 'ਚ ਮੁਨਾਫ਼ੇ ਲਈ ਚਲਣ ਵਾਲੀਆਂ ਸੰਸਥਾਵਾਂ ਨੂੰ ਉਚ ਵਿਦਿਆ 'ਚ ਮੌਕਾ ਨਹੀਂ ਦਿੱਤਾ ਗਿਆ ਹੈ ਅਤੇ ਮੁਨਾਫ਼ਾ ਰਹਿਤ ਅਤੇ ਮਾਨਵੀ ਆਧਾਰ ਉਤੇ ਚਲਣ ਵਾਲੀਆਂ ਸੰਸਥਾਵਾਂ ਉਚ ਸਿੱਖਿਆ ਦੀ ਮੰਗ ਨੂੰ ਪੂਰਾ ਕਰਨ ਵਿਚ ਅਸਮਰਥ ਹਨ। ਇਸ ਲਈ ਮੁਨਾਫ਼ਾ ਰਹਿਤ ਸਿੱਖਿਆ ਦੇ ਸਿਧਾਂਤ ਨੂੰ ਉਚ ਵਿਦਿਆ ਦੇ ਖੇਤਰ ਵਿਚ ਜਾਂਚਨ ਪਰਖਣ ਦੀ ਲੋੜ ਹੈ ਅਤੇ ਮੁਨਾਫ਼ੇ ਲਈ ਚਲਣ ਵਾਲੀਆਂ ਸੰਸਥਾਵਾਂ ਨੂੰ ਉਚ ਸਿੱਖਿਆ ਦੇ ਕੁਝ ਖੇਤਰਾਂ ਵਿਚ ਪ੍ਰਵੇਸ਼ ਦੇਣ ਦੀ ਜ਼ਰੂਰਤ ਹੈ।"

ਪਹਿਲਾਂ ਹਕੂਮਤ ਨੇ ਨਰਸਰੀ ਤੋਂ ਲੈ ਕੇ ਬਾਰਵੀਂ 10+2 ਤੱਕ ਵਿਦਿਆ ਨੂੰ ਬਦਤਰ ਹਾਲਤ ਦਾ ਬਹਾਨਾ ਲਾ ਕੇ ਨਿੱਜੀ ਖੇਤਰ ਦੇ ਹਵਾਲੇ ਕਰਨ ਲਈ ਰਾਹ ਸਾਫ਼ ਕਰ ਦਿੱਤੇ, ਫੇਰ ਉਚ ਸਿੱਖਿਆ ਨੂੰ ਵੀ ਨਿੱਜੀ ਹੱਥਾਂ 'ਚ ਦੇ ਦਿੱਤਾ ਹੁਣ ਇਹ ਸਾਰੇ ਖੇਤਰ ਵਿਦੇਸ਼ੀ ਪੂੰਜੀ ਲਈ ਖੋਲ੍ਹ ਦਿੱਤੇ ਜਾਣਗੇ। ਯੂ. ਪੀ. ਸੀ. ਨੇ 2015-16 ਤੋਂ ਸਾਰੀਆਂ ਕੇਂਦਰੀ ਯੂਨੀਵਰਸਿਟੀਆਂ ਵਿਚ ਚਾਈਲਡ ਬੇਸਿਸ ਕਰੈਡਿਟ ਸਿਸਟਮ (ਸੀ.ਬੀ.ਸੀ.ਐਸ.) ਲਾਗੂ ਕਰਕੇ ਨੰਬਰਾਂ ਦੀ ਪ੍ਰਣਾਲੀ ਨੂੰ ਹੀ ਖ਼ਤਮ ਕਰ ਦਿੱਤਾ ਹੈ ਅਤੇ ਗਰੇਡਿੰਗ ਪ੍ਰਬੰਧ ਲਾਗੂ ਕਰ ਦਿੱਤਾ ਹੈ। ਯੂ. ਜੀ. ਸੀ. ਦਾ ਤਰਕ ਹੈ ਕਿ, "ਵੱਖ ਵੱਖ ਯੂਨੀਵਰਸਿਟੀਆਂ ਵਿਚ ਵੱਖ-ਵੱਖ ਪ੍ਰਣਾਲੀਆਂ ਕੰਮ ਕਰ ਰਹੀਆਂ ਹਨ। ਗਰੇਡਿੰਗ ਪ੍ਰਬੰਧ ਨਾਲ ਸਮਾਨਤਾ ਆਵੇਗੀ। ਗਰੇਡਿੰਗ ਪ੍ਰਬੰਧ ਨੰਬਰਾਂ ਦੇ ਪ੍ਰਬੰਧ ਨਾਲੋਂ ਬਿਹਤਰ ਹੈ ਅਤੇ ਵਿਦੇਸ਼ਾਂ 'ਚ ਇਹ ਪਹਿਲਾਂ ਹੀ ਲਾਗੂ ਹੈ।" ਸਮਾਨਤਾ ਸ਼ਬਦ ਬੜਾ ਖਤਰਨਾਕ ਹੈ। ਇਹ ਤਰਕ ਬਾਜ਼ਾਰ ਦਾ ਤਰਕ ਹੈ। ਵਿਦਿਆ ਨੂੰ ਬਜ਼ਾਰ ਦੇ ਹਵਾਲੇ ਕਰਨ ਦਾ ਤਰਕ ਹੈ।

ਤੁਸੀਂ ਹੈਰਾਨ ਹੋਵੋਗੇ ਕਿ ਵਿਸ਼ਵ ਵਪਾਰ ਸੰਗਠਨ ਨੇ ਵਿਦਿਆ ਨੂੰ ਗੈਟਸ ਹੇਠ ਮਨੋਰੰਜਨ ਸੇਵਾਵਾਂ, ਮਨੋਰੰਜਨ ਕਲੱਬਾਂ ਅਤੇ ਨਾਈਟ ਪੱਬਾਂ ਦੇ ਨਾਲ ਸੂਚੀਬੱਧ ਕੀਤਾ ਹੈ ਅਤੇ ਥੋੜ੍ਹੇ ਬਹੁਤੇ ਹੇਰ ਫੇਰ ਨਾਲ ਇਨ੍ਹਾਂ ਉਤੇ ਇਕੋ ਤਰ੍ਹਾਂ ਦੇ ਕਾਇਦੇ ਕਾਨੂੰਨ ਲਾਗੂ ਹੁੰਦੇ ਹਨ। ਹੁਣ ਸਮਝ ਲਵੋ ਕਿ ਵਿਦੇਸ਼ੀ ਪੂੰਜੀ ਸਮੇਤ ਭਾਰਤੀ ਪੂੰਜੀ ਅਤੇ ਭਾਰਤੀ ਹਾਕਮਾਂ ਲਈ ਵਿਦਿਆ ਦੀ ਭੂਮਿਕਾ ਕੌਮੀ ਵਿਕਾਸ, ਮਨੁੱਖੀ ਤੇ ਸਮਾਜੀ ਵਿਕਾਸ ਦੀ ਥਾਂ ਮੰਡੀ ਤੇ ਮੁਨਾਫ਼ੇ ਦੇ ਵਿਸਥਾਰ ਤੱਕ ਸਿਮਟ ਗਈ ਹੈ। ਨਾਈਟ ਕਲੱਬ ਖੋਲ੍ਹਣ ਅਤੇ ਇਕ ਉਚ ਤਕਨੀਕੀ ਕਾਲਜ ਖੋਲ੍ਹਣ ਦਾ ਜੇ ਇਕ ਸਾਂਝਾ ਮੰਤਵ ਮੁਨਾਫਾ ਹੈ ਤਾਂ ਲਾਜ਼ਮੀ ਹੈ ਕਿ ਦੋਵੇਂ ਹੀ ਕੀ ਤੇ ਕਿਹੋ ਜੇਹਾ ਮਾਨਵ-ਪੈਦਾ ਕਰਨਗੇ ਅਤੇ ਕਿਹੋ ਜਿਹੇ ਸਮਾਜ ਦਾ ਨਿਰਮਾਣ ਹੋਵੇਗਾ? ਵਿਸ਼ਵ ਵਪਾਰ ਸੰਗਠਨ ਦੇ ਤਿੰਨੇ ਬਹੁਮੰਤਵੀ ਸਮਝੌਤੇ ਹਨ। ਪਹਿਲਾ-ਜਨਰਲ ਐਗਰੀਮੈਂਟ ਆਨ ਟਰੇਡ ਐਂਡ ਟਰੈਡ ਜਿਹੜਾ ਵਪਾਰ ਤੇ ਬਾਜ਼ਾਰ ਨਾਲ ਸਬੰਧਤ ਹੈ। ਦੂਸਰਾ-ਟਰੇਡ ਰਿਲੇਟਿਡ ਇੰਟਲੈਕਚੂਅਲ ਪ੍ਰਾਪਰਟੀ ਰਾਈਟਸ ਅਤੇ ਤੀਸਰਾ ਜਨਰਲ ਐਗਰੀਮੈਂਟ ਆਨ ਟਰੇਡ ਸਰਵਿਸਜ਼ ਵਿਦਿਆ ਨੂੰ ਇੰਟਲੈਕਚੂਅਲ ਖੇਤਰ ਨਾਲ ਨਹੀਂ ਮਨੋਰੰਜਨ ਸੇਵਾਵਾਂ, ਕਲੱਬਾਂ, ਪੱਬਾਂ ਨਾਲ ਬੰਨ੍ਹਣਾ ਹੀ ਆਪਣੇ ਆਪ ਵਿਚ ਵਿਸ਼ਵ ਪੂੰਜੀ ਦੀ ਖੋਟੀ, ਕੌਡੀ ਅਤੇ ਭੈਂਗੀ ਨੀਤੀ ਦਾ ਹਿੱਸਾ ਹੈ।

ਗੈਟਸ ਦੇ ਪ੍ਰਸਤਾਵ ਦਾ ਮੁੱਖ ਉਦੇਸ਼ ਹਰ ਤਰ੍ਹਾਂ ਦੀਆਂ ਸੇਵਾਵਾਂ ਦੇ ਉਦਾਰ ਵਪਾਰ ਨੂੰ ਉਤਸ਼ਾਹਿਤ ਕਰਨਾ ਹੈ। ਗੈਟਸ ਸਮਝੌਤੇ ਦੇ ਮਸੌਦੇ ਵਿਚ ਵਿਦਿਆ ਸਮੇਤ 12 ਹੋਰ

CENTUM®
E Z Mortgage Group Inc.
All your financial needs.
private loans .debt consolidation.
self employment. secured line of credit.
business loan. bad credit no problem.
1st, 2nd & 3d Mortgages get approved
Brokerage Licence #2105
Cell:416-625-3352
hs_7matharu@yahoo.ca,
Fax: 905-676-8018
Website: www.centum.ca/ezmortgage
7050-14A Bramalea Road Mississauga, ON L5S 1T1

HARJIT SINGH
Mortgage cunsultant
Lic#M08007991



ਖੇਤਰਾਂ ਦੇ ਉਦਾਰੀਕਰਨ ਦੀ ਗੱਲ ਕਹੀ ਗਈ ਹੈ। ਜਦੋਂ ਕੋਈ ਦੇਸ਼ ਵਿਦਿਆ ਦੇ ਖੇਤਰ ਨੂੰ ਗੈਟਸ ਸਾਹਮਣੇ ਪਰੋਸ ਦਿੰਦਾ ਹੈ ਤਾਂ ਉਹ ਇਸ ਖੇਤਰ ਦੀਆਂ ਨੀਤੀਆਂ ਨੂੰ ਉਦਾਰ ਬਣਾਉਣ ਲਈ ਵਚਨਬੱਧ ਹੋ ਜਾਂਦਾ ਹੈ ਤਾਂ ਕਿ ਵਿਦਿਆ ਦੇ ਖੇਤਰ ਵਿਚ ਵਿਦੇਸ਼ੀ ਪੂੰਜੀ ਖੁੱਲ੍ਹੀ ਖੇਡ ਖੇਡ ਸਕੇ। ਅਜਿਹੇ ਦੇਸ਼ਾਂ ਨੂੰ ਇਨ੍ਹਾਂ 'ਵਿਦੇਸ਼ੀ ਸੰਸਥਾਵਾਂ' ਨੂੰ 'ਕੌਮੀ ਟਰੀਟਮੈਂਟ' ਦੇਣਾ ਪੈਂਦਾ ਹੈ। ਜਿਹਦਾ ਭਾਵ ਕਿ ਅਸੀਂ ਦੇਸ਼ ਵਿਚ ਜੋ ਸਹੂਲਤਾਂ ਨਿੱਜੀ ਖੇਤਰ ਦੀ ਪੂੰਜੀ ਨੂੰ ਵਿਦਿਆ ਦੇ ਖੇਤਰ ਵਿਚ ਦੇ ਰਹੇ ਹਾਂ ਉਹੀ ਸਹੂਲਤਾਂ ਵਿਦੇਸ਼ੀ ਪੂੰਜੀ ਨੂੰ ਵੀ ਦੇਈਏ। ਭਾਵ ਸਬਸਿਡੀਆਂ, ਯੋਗਤਾਵਾਂ, ਲਾਸੰਸ, ਮਾਨਕ ਮਿਆਰ ਆਦਿ ਦੇ ਮਾਮਲੇ 'ਚ ਅਸੀਂ ਵਿਦੇਸ਼ੀਆਂ ਨਾਲ ਭੇਦ ਭਾਵ ਨਹੀਂ ਰੱਖਾਂਗੇ। ਭਾਵ ਜੇ ਭਾਰਤ ਦੇ ਅਤਿ ਪਛੜੇ ਸਰਦੂਲਗੜ੍ਹ ਕਾਲਜ ਦਾ ਮਿਆਰ ਹੋਵੇਗਾ ਵਿਦੇਸ਼ੀ ਪੂੰਜੀ ਨਾਲ ਖੁੱਲ੍ਹੀ ਸੰਸਥਾ ਲਈ ਉਸ ਤੋਂ ਅਲੱਗ ਕੋਈ ਦੁਵੈਤ ਨਹੀਂ ਹੋਵੇਗੀ। ਜੇ ਅਸੀਂ ਸਰਕਾਰੀ ਖਜ਼ਾਨੇ 'ਚੋਂ ਸਥਾਨਕ ਪੂੰਜੀ ਨਾਲ ਖੁੱਲ੍ਹੇ ਕਾਲਜ ਨੂੰ ਆਰਥਿਕ ਸਬਸਿਡੀ ਜਾਂ ਰਿਆਇਤਾਂ ਦੇਵਾਂਗੇ ਤਾਂ ਉਹੀ ਰਿਆਇਤਾਂ ਫੋਰਡ ਫਾਊਂਡੇਸ਼ਨ ਜਾਂ ਵਿਸ਼ਵੀ ਪੂੰਜੀ ਨਾਲ ਖੁੱਲ੍ਹੀ ਯੂਨੀਵਰਸਿਟੀ ਜਾਂ ਕਾਲਜ ਨੂੰ ਵੀ ਦੇਵਾਂਗੇ। ਭਾਵ ਪੈਸਾ ਵੀ ਸਾਡਾ ਹੋਵੇਗਾ। ਦੂਸਰੇ ਪਾਸੇ ਵਿਦੇਸ਼ੀ ਯੂਨੀਵਰਸਿਟੀਆਂ ਜਾਂ ਵਿਦਿਅਕ ਅਦਾਰੇ ਕੌਮਾਂਤਰੀ ਪੱਧਰ ਮੁਤਾਬਕ ਆਪਣੀਆਂ ਫੀਸਾਂ ਤੇ ਟਿਊਸ਼ਨਾਂ ਤਹਿ ਕਰਨ ਲਈ ਆਜ਼ਾਦ ਹੋਣਗੇ। ਇਉਂ ਪੜ੍ਹਾਈ ਦੀ ਗੁਣਵੰਤਤਾ ਹੀ ਨਹੀਂ ਡਿੱਗੇਗੀ ਸਗੋਂ ਵਿਦਿਆ ਦੇ ਖੁੱਲ੍ਹਮ ਖੁੱਲ੍ਹਾ ਵਪਾਰ ਹੋਣ ਦਾ ਸਿੱਟਾ, ਆਮ ਆਦਮੀ ਦੀ ਖਰੀਦ ਸ਼ਕਤੀ ਤੋਂ ਵੀ ਬਾਹਰ ਹੁੰਦੀ ਜਾਵੇਗੀ।

ਭਾਰਤ ਨੇ ਵਪਾਰ ਵਾਰਤਾਵਾਂ ਦੇ ਦੋਹਾਂ ਗੇੜ ਵਿਚ ਸ਼ਾਮਲ ਹੁੰਦਿਆਂ 2005 ਅਗਸਤ ਵਿਚ ਹੀ "ਉਚ ਵਿਦਿਆ ਦੇ ਉਪ ਖੇਤਰ" ਵਿਚ "ਬਾਜ਼ਾਰ ਦੀ ਪਹੁੰਚ" ਲਈ ਗੈਟਸ ਦੀ ਪੇਸ਼ਕਸ਼ ਸਵੀਕਾਰ ਕਰ ਲਈ ਸੀ ਪਰ ਇਸ ਦਾ ਲਿਖਤੀ ਸਮਝੌਤਾ ਨਹੀਂ ਸੀ ਹੋਇਆ। ਇਹਦਾ ਕਾਰਨ ਇਹ ਕਿ ਇਹ ਵਪਾਰ ਵਾਰਤਾਵਾਂ ਪਿਛਲੇਰੇ 10 ਸਾਲਾਂ ਵਿਚ ਮੁਕੰਮਲ ਸਿਰੇ ਚੜ੍ਹ ਹੀ ਨਹੀਂ ਸਨ ਸਕੀਆਂ ਪਰ ਭਾਰਤ ਵਿਚ ਜਿਹੜੀ ਵੀ ਹਕੂਮਤ ਸਥਾਪਤ ਹੋਈ ਉਹਨੇ ਇਸ ਵਚਨਬੱਧਤਾ ਦੀ ਦਿਸ਼ਾ 'ਚ ਕੰਮ ਕੀਤਾ ਅਤੇ ਵਿਦਿਆ 'ਚ ਵਿਦੇਸ਼ੀ ਨਿਵੇਸ਼ ਦੀ ਗੱਲ ਕੀਤੀ। ਸਰਕਾਰੀ ਫੰਡਾਂ ਦੀ ਘਾਟ ਦੇ ਨਾਂ ਹੇਠ ਵੱਖ-ਵੱਖ ਕਮੇਟੀਆਂ ਨੇ ਵਿਦੇਸ਼ੀ ਕਾਰੋਬਾਰੀਆਂ ਲਈ ਵਿਦਿਆ 'ਚ ਨਿਵੇਸ਼ ਦੀ ਵਕਾਲਤ ਕੀਤੀ। ਮੁੱਕਦੀ ਗੱਲ ਐਸ ਵੇਲੇ ਸਰਕਾਰ ਸ਼ਕਲ ਘਰੇਲੂ ਪੈਦਾਵਾਰ ਦਾ ਸਿਰਫ਼ 1 ਫੀਸਦੀ ਹੀ ਉਚ ਵਿਦਿਆ ਉਤੇ ਖਰਚ ਕਰ ਰਹੀ ਹੈ ਅਤੇ ਇਹ ਵਕਾਲਤ ਕਰ ਰਹੀ ਹੈ ਕਿ ਨਿੱਜੀ ਪੂੰਜੀ ਦੇ ਖੇਤਰ ਨੂੰ ਇਸ ਵਿਚ ਆਪਣੀ ਭੂਮਿਕਾ ਨਿਭਾਉਣ ਲਈ ਅੱਗੇ ਆਉਣਾ ਚਾਹੀਦਾ ਹੈ।

ਦੀਵਾਲੀਏਪਣ ਦੀ ਇਕ ਹੋਰ ਮਿਸਾਲ ਕਿ ਕੌਮੀ ਗਿਆਨ ਅਯੋਗ ਨੇ ਇਹ ਭਵਿੱਖਬਾਣੀ ਕੀਤੀ ਕਿ "ਭਾਰਤ ਨੂੰ 2020 ਤੱਕ 30 ਫੀਸਦੀ ਗਰਾਸ ਇੰਨਰੋਲਮੈਂਟ ਰੇਸ਼ੋ (ਸ਼ਕਲ ਦਾਖਲਾ ਅਨੁਪਾਤ) ਦਾ ਟੀਚਾ ਪੂਰਾ ਕਰਨ ਲਈ 190 ਅਰਬ ਡਾਲਰ ਨਿਵੇਸ਼ ਦੀ ਲੋੜ ਹੈ ਅਤੇ ਉਹਦੀ ਸਲਾਹ ਹੈ ਕਿ ਇਹਰਾਸ਼ੀ ਸਿੱਧੇ ਵਿਦੇਸ਼ੀ ਨਿਵੇਸ਼ ਰਾਹੀਂ ਜੁਟਾਈ ਜਾਵੇ। ਸਰਕਾਰ ਕੋਲ ਸਰੋਤਾਂ ਦੀ ਘਾਟ ਹੈ।" ਭਾਰਤ ਦੇਸ਼ ਨੂੰ ਬੌਧਿਕ ਕੰਗਾਲੀ ਵੱਲ ਧੱਕਣ ਦੀ ਸਾਜ਼ਿਸ਼।

ਭਾਰਤ ਸਰਕਾਰ ਦੇ ਵਪਾਰ ਮੰਤਰਾਲੇ ਦੀ ਪ੍ਰਤੱਖ ਵਿਦੇਸ਼ੀ ਨਿਵੇਸ਼ ਸਬੰਧੀ ਤੱਥਾਂ ਦੀ ਰਿਪੋਰਟ ਮੁਤਾਬਕ ਭਾਰਤ ਵਿਚ ਵਿਦਿਆ ਦੇ ਖੇਤਰ ਵਿਚ 100 ਫੀਸਦੀ ਤੱਕ ਵਿਦੇਸ਼ੀ ਨਿਵੇਸ਼ ਦੀ ਇਜਾਜ਼ਤ ਹੈ। ਇਕ ਅਨੁਮਾਨ ਹੈ ਕਿ ਸਾਲ 2000 ਦੇ ਅਪਰੈਲ ਤੋਂ 2014 ਦੀ ਜੁਲਾਈ ਦੇ ਦਰਮਿਆਨ ਵਿਦਿਆ ਦੇ ਖੇਤਰ ਵਿਚ 4961.8 ਕਰੋੜ ਰੁਪਏ (96 ਕਰੋੜ ਡਾਲਰ) ਦੀ ਵਿਦੇਸ਼ੀ ਪੂੰਜੀ ਦਾ ਨਿਵੇਸ਼ ਹੋਇਆ। ਅਜੇ ਇਸ ਨਿਵੇਸ਼ ਲਈ ਕਈ ਰੋਕਾਂ ਹਨ। ਸਿੱਧੇ ਵਿਦੇਸ਼ੀ ਨਿਵੇਸ਼ ਦੇ ਹਮਾਇਤੀ ਭਾਰਤ ਦੇ ਵਿਆਪਕ ਵਿਦਿਆ ਦੇ ਬਾਜ਼ਾਰ ਵਿਚ ਵੱਡੀਆਂ ਸੰਭਾਵਨਾਵਾਂ ਵੇਖਦੇ ਹਨ। ਇਸ ਖੇਤਰੀ ਪੱਧਰ ਉਨ੍ਹਾਂ ਨਿਯਮਾਂ ਜਿਹੜੇ ਵਿਦੇਸ਼ ਨਿਵੇਸ਼ ਉਤੇ ਰੋਕਾਂ ਲਾਉਂਦੇ ਨ ਅਤੇ ਪੂੰਜੀ ਦੇ ਆਉਣ ਵਿਚ ਰੁਕਾਵਟਾਂ ਬਣਦੇ ਹਨ, ਤੋਂ ਚਿੰਤਾਤੁਰ ਹਨ। ਇਸ ਮੰਤਵ ਲਈ ਸੰਸਦ ਵਿਚ ਉਨ੍ਹਾਂ ਨੇ ਅਜਿਹੀਆਂ ਸਭੇ ਰੋਕਾਂ ਖਤਮ ਕਰਨ ਹਿੱਤ ਕਾਨੂੰਨ ਬਣਾਉਣ ਦੇ ਖਰੜੇ ਰੱਖੇ ਹੋਏ ਹਨ।

ਇਕ ਅੰਦਾਜ਼ਾ ਹੈ ਕਿ ਐਸ ਵੇਲੇ ਭਾਰਤ ਵਿਚ ਲਗਭਗ 631 ਵਿਦੇਸ਼ੀ ਵਿਦਿਆ ਦੇਣ ਵਾਲੀਆਂ ਸੰਸਥਾਵਾਂ ਸਰਗਰਮ ਹਨ। ਇਹ ਭਾਰਤੀ ਯੂਨੀਵਰਸਿਟੀਆਂ ਦੀ ਐਸੋਸੀਏਸ਼ਨ ਦੇ ਮੁਤਾਬਕ ਹੈ। ਉਨ੍ਹਾਂ ਨੇ ਇਹ ਤੱਥ ਵੀ ਦਿੱਤਾ ਕਿ 440 ਵਿਦੇਸ਼ੀ, ਵਿਦਿਅਕ ਅਦਾਰੇ ਤਾਂ ਆਪਣੇ ਆਪਣਿ ਦੇਸ਼ਾਂ ਵਿਚ ਕੰਮ ਕਰ ਰਹੇ ਹਨ ਇਥੋਂ ਦੀਆਂ ਸੰਸਥਾਵਾਂ ਨੇ ਉਨ੍ਹਾਂ ਨਾਲ ਸੰਪਰਕ ਸਾਧਿਆ ਹੋਇਆ ਹੈ। ਹੋਰ ਪੰਜ ਨੇ ਆਪਣੇ ਦਫ਼ਤਰ ਭਾਰਤ ਵਿਚ ਖੋਲ੍ਹੇ ਹਨ। 60 ਦਾ ਸਥਾਨਕ ਸੰਸਥਾਵਾਂ ਨਾਲ ਸਲੇਬਸ ਪ੍ਰੋਗਰਾਮ ਦਾ ਸਹਿਯੋਗ ਹੈ ਅਤੇ 49 ਹੋਰ ਜੁੜਵੇਂ ਪ੍ਰਬੰਧ ਹੇਠ ਕੰਮ ਕਰ ਰਹੇ ਹਨ ਇਸ ਤੋਂ ਇਲਾਵਾ 77 ਨੇ ਜਾਂ ਤਾਂ ਜੁੜਵਾਂ ਜਾਂ ਪ੍ਰੋਗਰਾਮ ਪੱਧਰ ਉਤੇ ਸਹਿਯੋਗ ਤੋਂ ਛੁੱਟ ਆਪਣੇ ਆਪਣੇ ਪ੍ਰਬੰਧ ਵੀ ਕੀਤੇ ਹੋਏ ਹਨ। ਇਹ ਚੋਰ ਮੋਰੀਆਂ ਰਾਹੀਂ ਦਖ਼ਲ+ਅੰਦਾਜ਼ੀ ਹੈ। ਵਿਦੇਸ਼ੀ ਵਪਾਰ ਸੰਸਥਾ ਦਾ ਦਬਾਅ ਹੈ ਕਿ ਉਹ ਸਾਰੀਆਂ ਰੋਕਾਂ ਖ਼ਤਮ ਕਰ ਦਿਓ ਜਿਹੜੀਆਂ ਭਾਰਤ ਵਿਚ ਵਿਦੇਸ਼ੀ ਵਿਦਿਆ ਦੇ ਵਪਾਰ ਲਈ ਰੋਕਾਂ ਬਣਦੀਆਂ ਹਨ ਜਿਹੜੇ ਛੇ ਬਿੱਲ ਸੰਸਦ 'ਚ ਪਏ ਹਨ ਉਹ ਇਹੋ ਰਾਹ ਸਾਫ਼ ਕਰਨ ਵਾਲੇ ਹਨ ਜਿਨ੍ਹਾਂ 'ਚ ਨਾ ਸਿਰਫ਼ ਉਚ ਵਿਦਿਆ ਦੇ ਖੇਤਰ ਵਿਚ ਯੂਨੀਵਰਸਿਟੀਆਂ ਸਗੋਂ ਖੋਜ ਦੇ ਕਾਰਜ ਵਾਲੇ ਸਾਰੇ ਉਹ ਅਦਾਰੇ ਵੀ ਖਤਮ ਕਰਨ ਦੀ ਵਕਾਲਤ ਕੀਤੀ ਜਾ ਰਹੀ ਹੈ ਜਿਵੇਂ ਯੂ. ਜੀ. ਸੀ. (ਯੂਨੀਵਰਸਿਟੀ ਗਰਾਂਟ ਕਮਿਸ਼ਨ), ਐਮ. ਸੀ. ਆਈ, ਏ. ਆਈ. ਸੀ. ਟੀ., ਐਨ. ਸੀ. ਟੀ. ਈ., ਬੀ. ਸੀ. ਆਈ. ਆਦਿ ਨੂੰ ਖਤਮ ਕਰਨ ਦੀ ਵਕਾਲਤ ਕੀਤੀ ਗਈ ਹੈ ਇਨ੍ਹਾਂ ਬਿੱਲਾਂ ਦੇ ਖਰੜਿਆਂ ਵਿਚ ਜੋ ਖੁੱਲ੍ਹਾਂ ਹਨ ਉਹ ਇਹੋ ਹੀ ਹਨ ਕਿ "ਵਿਦਿਆ ਦੇ ਖੇਤਰ ਵਿਚ ਵਿਦੇਸ਼ੀ ਪੂੰਜੀ ਨਿਵੇਸ਼ਕਾਂ ਨਾਲ ਵਿਉਹਾਰ' ਠੀਕ ਕੀਤਾ ਜਾਵੇ ਅਤੇ ਸਖ਼ਤ ਨਿਯਮਾਂ ਵਾਲੀਆਂ ਰੋਕਾਂ ਨੂੰ ਦੂਰ ਕੀਤਾ ਜਾਵੇ।" ਪਿਛਲੇਰੀ ਸਰਕਾਰ ਇਹ ਬਿੱਲ ਲੈ ਕੇ ਆਈ ਸੀ ਪਰ ਰਾਜ ਸਭਾ ਵਿਚ ਹੀ ਰੱਦ ਹੋ ਗਿਆ। ਭਾਵ ਪਾਸ ਨਾ ਹੋ ਸਕਿਆ। ਫਿਰ ਸਰਕਾਰ ਨੇ ਸੰਸਦ ਨੂੰ ਪਾਸੇ ਰੱਖਦਿਆਂ ਚੋਰ ਮੋਰੀਆਂ ਰਾਹੀਂ, ਦਰਵਾਜ਼ੇ ਥੋੜ੍ਹੇ ਜਿਹੇ ਖੋਲ੍ਹ ਦਿੱਤੇ। ਉਪਰੋਕਤ ਕਰੋੜਾਂ ਦੀ ਵਿਦੇਸ਼ੀ ਪੂੰਜੀ ਸਿੱਖਿਆ ਦੇ ਖੇਤਰ ਵਿਚ ਭਿੜੇ ਦਰਵਾਜਿਆਂ ਦੀਆਂ ਛੀਤਾਂ ਵਿਚ ਦੀ ਆਈ ਹੈ। ਇਨ੍ਹਾਂ 'ਚੋਂ ਬਹੁਤ ਸਾਰੀਆਂ ਪ੍ਰਚਾਰੀਆਂ ਜਾ ਰਹੀਆਂ ਮੁਹਿੰਮਾਂ ਰੂਸਾ ਰਾਸ਼ਟਰੀਆ ਉਚਤਰ ਸਿਖਸ਼ਾ ਅਭਿਆਨ ਦੀ ਦੇਖ ਰੇਖ ਹੇਠ ਕੰਮ ਕਰ ਰਹੀਆਂ ਹਨ।

ਰਾਸ਼ਟਰੀ ਉਚੱਤਰ ਸਿੱਖਿਆ ਅਭਿਆਨ ਜਿਹੜਾ ਸਾਰੇ ਦੇਸ਼ ਦੇ ਕਾਲਜ ਅਧਿਆਪਕਾਂ ਨੂੰ ਇਕ ਪੱਧਰ ਦੇ ਸਲੇਬਸ ਤੇ ਮਿਆਰ ਦਾ ਦਾਅਵਾ ਕਰਦਾ ਹੈ, ਦਾ ਅਸਲ ਉਦੇਸ਼ ਯੂ. ਜੀ. ਸੀ. ਨੂੰ ਮਹੱਤਵਹੀਣ ਬਣਾਉਣਾ ਅਤੇ ਪਬਲਿਕ, ਪ੍ਰਾਈਵੇਟ ਸਾਂਝੇਦਾਰੀ ਨੂੰ ਉਤਸ਼ਾਹਿਤ ਕਰਨਾ ਅਤੇ ਉਚ ਵਿਦਿਆ ਦੇ ਸਮੁੱਚੇ ਢਾਂਚੇ 'ਚ ਪੂਰਨ ਤਬਦੀਲੀ ਕਰਨਾ ਹੈ। ਅਕਾਦਮਿਕ ਸੁਧਾਰਾਂ ਦੇ ਨਾਂ ਹੇਠ ਇਸ ਨੇ ਵਿਦੇਸ਼ੀ ਪੂੰਜੀ ਦੇ ਕਾਰੋਬਾਰੀਆਂ ਲਈ ਮੰਡੀ ਤਿਆਰ ਕਰਕੇ ਦੇਣੀ ਹੈ। ਜਿਹਦੇ ਲਈ ਸੀ.ਬੀ.ਸੀ.ਐਸ. ਭਾਵ ਗਰੇਡਿੰਗ ਦੇ ਹਥਿਆਰ ਨੂੰ ਵਰਤਿਆ ਜਾ ਰਿਹਾ ਹੈ। ਦੇਸ਼ ਭਰ ਵਿਚ ਸਾਂਝੇ ਸਿਲੇਬਸ ਦੇ ਨਾਂ ਹੇਠ ਵੱਖ-ਵੱਖ ਰਾਜਾਂ ਖੇਤਰੀ ਅਤੇ ਸਭਿਆਚਾਰਕ ਵੱਖਰੇਵਿਆਂ ਅਤੇ ਗਿਆਨ ਦੇ ਪੱਧਰਾਂ ਅਤੇ ਲੋੜਾਂ ਨੂੰ ਦਰਕਿਨਾਰ ਕਰਕੇ ਇਕ ਠੋਸਿਆ ਜਾਣ ਪ੍ਰੋਗਰਾਮ ਹੋਵੇਗਾ। ਮੁੱਕਦੀ ਗੱਲ ਇਹ ਮੰਡੀ ਲਈ ਪੁਰਜੇ ਤਾਂ ਤਿਆਰ ਕਰੇਗਾ ਪਰ ਤਰਕ ਤੇ ਬੌਧਿਕਤਾ ਦੇ ਵਿਕਾਸ ਵਿਚ ਰੁਕਾਵਟਾਂ ਖੜ੍ਹੀਆਂ ਕਰ ਦੇਵੇਗਾ।

ਹਕੀਕਤ 'ਚ ਭਾਰਤੀ ਹਾਕਮ ਵਿਸ਼ਵ ਵਪਾਰ ਸੰਘ ਦੀ ਜਨਰਲ ਕੌਂਸਲ ਦੀ ਨਵੰਬਰ 2014 ਦੀ ਉਹ ਮੀਟਿੰਗ ਜਿਹੜੀ ਜਿਨੇਵਾ ਵਿਚ ਹੋਈ, ਦੇ ਏਜੰਡੇ ਉਤੇ ਹੀ ਅਮਲ ਕਹਾਨੀ ਕਰਨ ਵੱਲ ਵੱਧ ਰਹੇ ਹਨ। ਇਉਂ ਗੈਟਸ ਦੇ ਦੋਹਾ ਗੇੜ ਦੀਆਂ ਵਾਰਤਾਵਾਂ ਵਿਚ ਲਏ ਫੈਸਲਿਆਂ ਨੂੰ ਅੱਗੇ ਵਧਾਉਣਾ ਹੈ, ਜਿਹੜੇ ਵਿਦਿਆ ਨੂੰ ਗਿਆਨ ਦੇ ਸੋਮੇ ਨਾਲੋਂ ਮੁਨਾਫ਼ੇ ਦੇ ਸਰੋਤ ਵਜੋਂ ਵਧੇਰੇ ਵੇਖਦੇ ਹਨ। ਇਹ ਦੀ ਅੰਤਮ ਵਾਰਤਾ 15 ਤੋਂਓ 18 ਦਸੰਬਰ ਤੱਕ ਕੀਨੀਆ ਨੈਰੋਬੀ 'ਚ ਹੋ ਰਹੀ ਹੈ ਜਿਥੇ ਮੰਤਰੀਆਂ ਦੇ ਪੱਧਰ ਦਾ ਸੰਮੇਲਨ ਹੋ ਰਿਹਾ ਹੈ। ਇਸ ਸੰਮੇਲਨ 'ਚ ਖੇਤੀ ਸਮੇਤ ਵੱਖ-ਵੱਖ ਜਿਣਸਾਂ ਅਤੇ ਸਿੱਖਿਆ, ਸਿਹਤ, ਪੀਣ ਦੇ ਪਾਣੀ, ਸਰਵਜਨਕ ਵਿਤਰਨ ਪ੍ਰਣਾਲੀ ਅਤੇ ਲੋਕਾਂ ਲਈ ਦਿੱਤੀਆਂ ਜਾਣ ਵਾਲੀਆਂ ਹੋਰ ਸਹੂਲਤਾਂ ਤੇ ਸੇਵਾਵਾਂ ਉਤੇ ਵਿਚਾਰ ਚਰਚਾ ਹੋ ਰਹੀ ਹੈ।

ਸੋ ਭਾਰਤੀ ਹਾਕਮ ਅਤੇ ਕਾਰਪੋਰੇਟ ਪੂੰਜੀਪਤੀ ਭਾਰਤ ਉਚ ਵਿਦਿਅਕ ਪ੍ਰਬੰਧ ਨੂੰ ਤਬਾਹ ਕਰਨ ਤੇ ਲੱਗੇ ਹੋਏ ਹਨ ਤਾਂ ਕਿ ਨੈਰੋਬੀ ਸੰਮੇਲਨ ਵਿਚ ਸਾਮਰਾਜੀ ਪੂੰਜੀ ਦੇ ਵਿਦਿਆ ਦੇ ਖੇਤਰ ਦੀ ਦਖ਼ਲ-ਅੰਦਾਜ਼ੀ ਲਈ ਰਾਹ ਸਾਫ਼ ਹੋ ਸਕੇ। ਜੇ ਭਾਰਤੀ ਹਾਕਮਾਂ ਨੇ ਉਚ ਵਿਦਿਆ ਦੇ ਖੇਤਰ ਵਿਚ ਸਾਮਰਾਜੀ ਸਿੱਧੀ ਦਖ਼ਲ-ਅੰਦਾਜ਼ੀ ਨੂੰ ਪ੍ਰਵਾਨ ਕਰ ਲਿਆ ਤਾਂ ਇਹ ਭਾਰਤ ਲਈ ਬੇਹੱਦ ਖਤਰਨਾਕ ਸਾਬਤ ਹੋਵੇਗਾ ਅਤੇ ਇਕ ਤਰ੍ਹਾਂ ਨਾਲ ਇਹ ਕਈ ਸਦੀਆਂ ਤੱਕ ਭਾਰਤ ਨੂੰ ਬੌਧਿਕ ਕੰਗਾਲੀ ਵੱਲ ਧੱਕ ਦੇਵੇਗਾ।

ਮਨੁੱਖੀ ਵਿਕਾਸ ਲਈ ਗਿਆਨ ਦਾ ਅਦਾਨ ਪ੍ਰਦਾਨ ਇਕ ਅਲਿਹਦਾ ਵਿਸ਼ਾ ਰਿਹਾ ਹੈ ਅਤੇ ਇਹ ਹੋਣਾ ਚਾਹੀਦਾ ਹੈ ਪਰ ਜੇ ਸਾਮਰਾਜੀ ਪੂੰਜੀ ਪੂਰੇ ਵਿਸ਼ਵ ਦੇ ਵਿਦਿਆ ਦੇ ਖੇਤਰ ਨੂੰ ਨਾ ਸਿਰਫ਼ ਮੁਨਾਫ਼ੇ ਲਈ ਸਗੋਂ ਬੌਧਿਕ ਪੱਧਰ ਉਤੇ ਵੀ ਗੁਲਾਮ ਬਣਾਉਣ ਵੱਲ ਵਧਦੀ ਹੈ ਤਾਂ ਇਹ ਇਕ ਖਤਰਨਾਕ ਵਰਤਾਰਾ ਹੈ। ਦੋਹਾਂ ਸੰਮੇਲਨ ਦੀ ਨੈਰੋਬੀ 'ਚ ਹੋ ਰਹੀ ਇਹ ਵਾਰਤਾ ਵਿਚ ਸਭ ਤੋਂ ਖਤਰਨਾਕ ਇਹੋ ਵਿਸ਼ਾ ਹੈ ਕਿ ਭਾਰਤੀ ਯੂਨੀਵਰਸਿਟੀਆਂ, ਖੋਜ ਕੇਂਦਰ ਜਾਂ ਅਦਾਰੇ ਆਪਣੀ ਸਵੈ ਖੋਜ ਨੂੰ ਸਾਮਰਾਜੀ ਪੂੰਜੀ ਦੀ ਲੋੜਾਂ ਹੇਠ ਸਮਰਪਣ ਕਰਨ ਅਤੇ ਸਾਮਰਾਜ ਉਸੇ ਖੋਜ ਨੂੰ ਉਤਸ਼ਾਹਿਤ ਕਰੇ ਜਿਹੜਾ ਉਹਦੇ ਲਈ ਵਧੇਰੇ ਮੁਨਾਫ਼ੇ ਹਿੱਤ ਹੋਵੇ। ਭਾਵ ਵਿਦਿਆ ਖੋਜ ਤੇ ਗਿਆਨ 'ਚੋਂ ਮਾਨਵ ਮਨਫ਼ੀ ਹੋ ਜਾਵੇਗਾ। ਸਾਡਾ ਭਾਵ ਇਹ ਕਿ ਵਿਦੇਸ਼ੀ ਯੂਨੀਵਰਸਿਟੀ ਭਾਤਰ ਵਿਚ ਇਕ ਪਾਸੇ ਵਿਦਿਆ ਦੀ ਵੱਡੀ ਮੰਡੀ 'ਚ ਮੁਨਾਫ਼ਾ ਕਮਾਉਣ ਲਈ ਆਉਣਗੀਆਂ। ਦੂਸਰਾ ਉਹ ਇਨ੍ਹਾਂ ਯੂਨੀਵਰਸਿਟੀਆਂ ਰਾਹੀਂ ਸਥਾਨਕ ਖੋਜ ਕਾਰਜਾਂ ਨੂੰ ਪ੍ਰਭਾਵਿਤ ਕਰਕੇ ਅਤੇ ਠੱਪ ਕਰਕੇ ਆਪਣੇ ਹਿੱਤਾਂ ਅਨੁਸਾਰ ਖੋਜ ਨੂੰ ਪਹਿਲ ਦੇਣਗੀਆਂ। ਇਹ ਵਰਤਾਰਾ ਨਾ ਸਿਰਫ਼ ਸਾਮਰਾਜੀ ਦੇਸ਼ਾਂ ਵੱਲ ਪੂੰਜੀ ਦੇ ਵਹਾ ਸਗੋਂ ਬੌਧਿਕ ਨਿਕਾਸ ਨੂੰ ਤੇਜ਼ ਕਰੇਗਾ ਅਤੇ ਭਾਰਤ ਸਮੇਤ ਦੂਸਰੇ ਵਿਕਾਸਸ਼ੀਲ ਦੇਸ਼ਾਂ ਨੂੰ ਬੌਧਿਕ ਗੁਲਾਮੀ ਵੱਲ ਧੱਕ ਦੇਵੇਗਾ। ਸ਼ਾਇਦ ਇਹ ਅਜੋਕੇ ਯੁੱਗ ਦੀ ਭਿਆਨਕ ਤ੍ਰਾਸਦੀ ਹੋਵੇਗੀ ਅਤੇ ਕਿਸੇ ਦੇਸ਼ ਦੀ ਵਿਦਿਆ ਹੀ ਉਸ ਦੇਸ਼ ਦੇ ਨੌਜਵਾਨਾਂ ਨੂੰ ਮਾਨਸਿਕ ਗੁਲਾਮੀ ਵੱਲ ਧੱਕਣ ਦੀ ਪ੍ਰਕਿਰਿਆ ਨੂੰ ਤੇਜ਼ ਕਰੇਗੀ। ਭਾਰਤੀ ਹਕੂਮਤ ਵਲੋਂ ਚੁੱਕਿਆ ਜਾ ਰਿਹਾ ਇਹ ਕਦਮ ਅਤਿ ਖਤਰਨਾਕ ਹੈ ਅਤੇ ਇਸ ਦਾ ਵਿਰੋਧ ਹੋਣਾ ਚਾਹੀਦਾ ਹੈ ਅਤੇ ਇਹ ਮੰਗ ਉਠਣੀ ਚਾਹੀਦੀ ਹੈ ਕਿ ਵਿਦਿਆ ਦੇ ਖੇਤਰ ਵਿਚ ਕਿਸੇ ਵੀ ਕਿਸਮ ਦੀ ਕਿਸੇ ਵੀ ਪੱਧਰ ਉਤੇ ਸਾਮਰਾਜੀ ਪੂੰਜੀ ਦੀ ਸਿੱਧੀ ਦਖ਼ਲ-ਅੰਦਾਜ਼ੀ ਬੰਦ ਹੋਣੀ ਚਾਹੀਦੀ ਹੈ ਅਤੇ ਭਾਰਤੀ ਹਕੂਮਤ ਦੋਹਾਂ ਵਾਰਤਾਵਾਂ 'ਚੋਂ ਬਾਹਰ ਆਵੇ ਅਤੇ ਨੈਰੋਬੀ ਸੰਮੇਲਨ ਵਿਚ ਵਿਦਿਆ ਦੇ ਖੇਤਰ ਵਿਚ ਸਾਮਰਾਜ ਵਲੋਂ ਠੋਸੀਆਂ ਜਾ ਰਹੀਆਂ ਨੀਤੀਆਂ ਦਾ ਡਟਵਾਂ ਵਿਰੋਧ ਕਰੇ।

ਅਫ਼ਸੋਸ ਕਿ ਅਸੀਂ ਪਹਿਲਾਂ ਹੀ ਉਚ ਵਿਦਿਆ ਦੀ ਪੱਧਰ ਉਤੇ ਦੁਨੀਆਂ ਨਾਲੋਂ ਬੇਹੱਦ ਪਿਛੇ ਹਾਂ। ਭਾਰਤ ਵਿਚ ਵਿਦਿਆ ਲਈ ਇਕ ਵਿਦਿਆਰਥੀ ਉਤੇ 406 ਡਾਲਰ ਹੀ ਖਰਚ ਕਰਦਾ ਹੈ ਜਦੋਂ ਕਿ ਮਲੇਸ਼ੀਆ ਵਿਚ ਉਚ ਸਿੱਖਿਆ ਹਾਸਲ ਕਰਨ ਵਾਲੇ ਵਿਦਿਆਰਥੀ ਉਤੇ 11790 ਡਾਲਰ ਖਰਚ ਕੀਤੇ ਜਾਂਦੇ ਹਨ। ਇਵੇਂ ਹੀ ਬ੍ਰਾਜ਼ੀਲ ਅਜਿਹੇ ਵਿਦਿਆਰਥੀ ਉਤੇ 3986 ਡਾਲਰ ਖਰਚਦਾ ਹੈ, ਇੰਡੋਨੇਸ਼ੀਆ 666 ਡਾਲਰ ਅਤੇ ਫਿਲਪਾਈਨ 625 ਡਾਲਰ ਖਰਚਦਾ ਹੈ। ਇਹ ਸਿਰਫ਼ ਵਿਕਾਸਸ਼ੀਲ ਦੇਸ਼ਾਂ ਦਾ ਹੀ ਹਵਾਲਾ ਹੈ। ਵਿਕਾਸ ਪੂੰਜੀਪਤੀ ਪਾਵ ਸਾਮਰਾਜੀ ਦੇਸ਼ਾਂ ਵਿਚ ਇਹ ਇਨ੍ਹਾਂ ਤੋਂ ਕਈ ਗੁਣਾ ਵਧੇਰੇ ਹੈ। ਕਿਸੇ ਦੇਸ਼ ਦੀ ਆਰਥਿਕ ਧਰਾਤਲ ਦੀ ਬੁਨਿਆਦ ਕੁਦਰਤੀ ਸਰੋਤਾਂ ਤੋਂ ਪਿਛੋਂ ਕਿਰਤ ਸ਼ਕਤੀ ਅਤੇ ਕਿਰਤ ਸ਼ਕਤੀ 'ਚੋਂ ਉਚਤਮ ਬੌਧਿਕ ਕਾਮਿਆਂ ਖੋਜਾਰਥੀਆਂ ਦੀ ਹੁੰਦੀ ਹੈ। ਹਾਕਮ ਕੁਦਰਤੀ ਸਰੋਤਾਂ ਨੂੰ ਹੀ ਸਾਮਰਾਜੀ ਪੂੰਜੀ ਦੇ ਹਵਾਲੇ ਨਹੀਂ ਕਰ ਰਹੇ। ਦੇਸ਼ ਦੇ ਉਚਤਮ ਬੌਧਿਕ ਸਰੋਤਾਂ ਨੂੰ ਵੀ ਸਾਮਰਾਜੀ ਪੂੰਜੀ ਦੀ ਇਸ ਅਨੁਸਾਰ ਢਾਲਣ ਲਈ ਤਤਪਰ ਹਨ। ਚਾਹੀਦਾ ਤਾਂ ਇਹ ਸੀ ਕਿ ਆਜ਼ਾਦੀ ਤੋਂ ਪਿਛੋਂ ਸਮੁੱਚੀ ਵਿਦਿਆ ਸਮੇਤ ਉਚਤਮ ਵਿਦਿਆ ਦੇਸ਼ ਤੇ ਸਮਾਜ ਦੇ ਵਿਕਾਸ ਲਈ ਕੇਂਦਰੀ ਤੇ ਰਾਜ ਸਰਕਾਰ ਵਲੋਂ ਮੁਫ਼ਤ ਮੁਹੱਈਆ ਕਰਵਾਉਣ ਵੀ ਵਚਨਬੱਧਤਾ ਹੁੰਦੀ ਹੈ ਪਰ ਪਿਛਲੇਰੀ ਪੌਣੀ ਸਦੀ ਦੇ ਸਫ਼ਰ ਨੇ ਵਿਦਿਆ ਨੂੰ ਮੰਡੀ ਦੇ ਦਰ ਮੂਹਰੇ ਪਟਕਾ ਕੇ ਸੁੱਟ ਦਿੱਤਾ ਹੈ।

2013 ਵਿਚ ਸੀ.ਆਈ.ਆਈ. ਡੀਲਾਈਟ, ਏ.ਐਸ.ਐਚ.ਈ. ਦੇ ਅਧਿਐਨ ਮੁਤਾਬਕ ਭਾਰਤ ਵਿਚ ਕੱਲ੍ਹ ਉਚ ਵਿਦਿਅਕ ਸੰਸਥਾਵਾਂ ਵਿਚੋਂ 64 ਫੀਸਦੀ ਪਹਿਲਾਂ ਹੀ ਨਿੱਜੀ ਖੇਤਰ ਦੇ ਕਬਜ਼ੇ 'ਚ ਹਨ। ਜਿਨ੍ਹਾਂ 'ਚ ਬਿਰਲਾ ਤੇ ਟਾਟਾ ਦੇ ਖੋਜ ਇੰਸਟੀਚਿਊਟ ਸਮੇਤ ਕਈ ਵੱਡੇ ਘਰਾਣਿਆਂ ਦੀ ਪੂੰਜੀ ਲੱਗੀ ਹੋਈ ਹੈ। ਨੈਰੋਬੀ ਸੰਮੇਲਨ 'ਚ ਜੇ ਭਾਰਤੀ ਹਕੂਮਤ ਹੱਥ ਵੱਢ ਕੇ ਆਉਂਦੀ ਤਾਂ ਸਾਮਰਾਜੀ ਪੂੰਜੀ ਲਈ ਸਾਰੇ ਰਾਹ ਖੁੱਲ੍ਹ ਜਾਣਗੇ ਅਤੇ ਅਸੀਂ ਗਿਆਨ ਦੇ ਖੇਤਰ ਵਿਚੋਂ ਵੀ ਬਾਹਰ ਹੋ ਜਾਵਾਂਗੇ। ਵਿਦਿਆ ਨੂੰ ਸਾਮਰਾਜੀ ਪੂੰਜੀ ਦੀਆਂ ਰਾਖਸ਼ੀ ਨਹੁੰਦਰਾਂ ਤੋਂ ਬਚਾਉਣ ਲਈ ਵਿਦਿਆਰਥੀਆਂ ਤੇ ਅਧਿਆਪਕਾਂ ਦੇ ਹੀ ਨਹੀਂ ਸਮਾਜ ਦੇ ਹਰ ਪੱਧਰ ਦੀਆਂ ਬੌਧਿਕ ਸ਼ਕਤੀਆਂ ਨੂੰ ਅੱਗੇ ਆਉਣਾ ਪਵੇਗਾ ਅਤੇ ਵਿਸ਼ਾਲ ਲੋਕਾਈ ਨੂੰ ਇਸ ਪ੍ਰਤੀ ਸੁਚੇਤ ਕਰਨਾ ਪਵੇਗਾ। ਭਾਰਤੀ ਹਾਕਮ ਭਾਰਤੀ ਲੋਕਾਂ ਨਾਲ ਇਕ ਵੱਡਾ ਧੋਖਾ ਕਰਨ ਜਾ ਰਹੇ ਹਨ।

93544-30211

# ਡਾ. ਵੰਦਨਾ ਸ਼ਿਵਾ: ਦਿਹਾਤੀ ਭਾਰਤ ਦਾ ਰੱਤ ਨਿਚੋੜ ਰਹੀਆਂ ਕਾਰਪੋਰੇਟਾਂ

ਮੁਲਾਕਾਤੀ: ਪ੍ਰੱਗਿਆ ਸਿੰਘ
ਅਨੁਵਾਦਕ: ਕਮਲਦੀਪ ਸਿੰਘ



ਇੱਕ ਅਚਾਨਕ ਕੀਟ ਹਮਲੇ ਨੇ ਪੰਜਾਬ ਦੇ ਵੱਡੇ ਹਿੱਸੇ ਦੀ ਕਪਾਹ ਦੀ ਫਸਲ ਬਰਬਾਦ ਕਰ ਦਿੱਤੀ, ਜਿਸ ਨਾਲ ਬਾਇਓਟੈੱਕ ਅਤੇ ਬੀ.ਟੀ. ਕਪਾਹ ਫਿਰ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਇਹ ਕਿਹਾ ਜਾ ਰਿਹਾ ਹੈ ਕਿ ਪੰਜਾਬ ਦੇ ਮਾਲਵਾ ਖੇਤਰ ਵਿਚ ਬਾਇਓ-ਖਾਦਾਂ ਵਰਤ ਰਹੇ ਕਿਸਾਨ ਇਸ ਤਾਜ਼ਾ ਮਹਾਂਮਾਰੀ ਤੋਂ ਬਚੇ ਹੋਏ ਹਨ। ਪਰ ਜੋ ਬੀ.ਟੀ. ਕਪਾਹ ਦੀ ਪੈਦਾਵਾਰ 'ਚ ਲੱਗੇ ਸਨ, ਉਹਨਾਂ ਦਾ ਸਭ ਕੁਝ ਤਬਾਹ ਹੋ ਗਿਆ ਹੈ। ਇੱਥੇ ਕਿਸਾਨ ਖ਼ੁਦਕੁਸ਼ੀਆਂ ਦੀਆਂ ਘਟਨਾਵਾ ਵੀ ਮਿਲੀਆਂ ਹਨ। ਡਾ. ਵੰਦਨਾ ਸ਼ਿਵਾ, ਜੋ ਇੱਕ ਵਿਗਿਆਨੀ ਅਤੇ ਜੇਨੇਟਿਕਲੀ ਸੋਧਿਆ ਬੀ.ਟੀ. ਬੀਜ ਦੇ ਖਿਲਾਫ਼ ਕਾਰਕੁੰਨ ਹਨ, ਦੱਸਦੇ ਹਨ ਕਿ ਕਿਵੇਂ ਬੀ.ਟੀ. ਇੱਕ ਤਬਾਹੀ ਦਾ ਕਾਰਨ ਹੈ ਅਤੇ ਕਿਵੇਂ ਬੀਜ ਉਦਯੋਗ ਵੱਲੋਂ ਪ੍ਰਧਾਨ ਮੰਤਰੀ ਮੋਦੀ 'ਤੇ ਭਾਰਤ ਵਿਚ ਆਈ.ਪੀ.ਆਰ. ਕਾਨੂੰਨ ਨੂੰ ਤਬਦੀਲ ਕਰਨ ਲਈ ਦਬਾਅ ਵਧ ਰਿਹਾ ਹੈ।

**ਪ੍ਰੱਗਿਆ ਸਿੰਘ ਦੇ ਨਾਲ ਈ-ਮੇਲ ਇੰਟਰਵਿਊ ਦਾ ਇੱਕ ਸੋਧਿਆ ਹੋਇਆ ਅੰਸ਼ ਇਸ ਤਰ੍ਹਾਂ ਹੈ:**

**? ਪੰਜਾਬ ਵਿੱਚ ਬੀ.ਟੀ. ਕਪਾਹ ਦੀ ਖੇਤੀ 'ਤੇ ਚਿੱਟੀ ਮੱਖੀ ਦਾ ਹਮਲਾ ਹੋਇਆ ਹੈ। ਕਿਸਾਨਾਂ ਨੇ ਇਸ ਉਮੀਦ ਨਾਲ ਕਿ ਅਜਿਹੇ ਹਮਲੇ ਨੂੰ ਰੋਕਿਆ ਜਾ ਸਕੇ, ਉਹਨਾਂ ਪਹਿਲਾਂ ਨਾਲੋਂ ਜ਼ਿਆਦਾ ਕੀੜੇਮਾਰ ਦੀ ਵਰਤੋਂ ਕੀਤੀ ਹੈ। ਕੀ ਤਹਾਨੂੰ ਲਗਦਾ ਹੈ ਕਿ ਬੀ.ਟੀ. ਬੀਜ ਅਤੇ ਕੈਮੀਕਲ ਆਧਾਰਿਤ ਖੇਤੀ ਪ੍ਰਤੀ ਤੁਹਾਡੀ ਚੇਤਾਵਨੀ ਠੀਕ ਸਾਬਤ ਹੋਈ ਹੈ?**

– ਅਸੀਂ ਵਿਗਿਆਨੀ ਬਾਇਓ-ਸੁਰੱਖਿਆ ਅਤੇ ਵਾਤਾਵਰਣ ਨਿਰਧਾਰਨ/ਸਮੀਖਿਆ 'ਤੇ ਕੰਮ ਕਰ ਰਹੇ ਹਾਂ ਅਤੇ ਅਸੀਂ ਇਹ ਭਵਿੱਖਬਾਣੀ ਕੀਤੀ ਸੀ ਕਿ ਬੀ.ਟੀ. ਤਕਨਾਲੋਜੀ ਇੱਕ ਜ਼ੁਰਮ ਤਕਨਾਲੋਜੀ ਹੈ। ਬੀ.ਟੀ. ਤਕਨੀਕ ਬੀਜ/ਬੂਟੇ ਦੇ ਲੜਨ ਦੀ ਅੰਦਰੂਨੀ ਵਿਕਾਸਗਤ ਸ਼ਕਤੀ ਨੂੰ ਨਜ਼ਰ-ਅੰਦਾਜ ਕਰਦੀ ਹੈ। ਇਸੇ ਸ਼ਕਤੀ ਨੇ ਇਕ ਪਾਸੇ ਵਿਨਾਸ਼ਕਾਰੀ ਕੀਟ ਜਿਵੇਂ ਪਿੰਕ ਬੋਲਵੌਰਮ 'ਤੇ ਅਸਰ ਕਰਨਾ ਸੀ, ਪਰ ਦੇਖਣਯੋਗ ਹੈ ਕਿ ਹੁਣ ਬੀ.ਟੀ. ਬੀਜ ਹੋਣ ਕਰਕੇ ਇਸ ਕੀਟ ਨੇ ਬੀਜ ਪ੍ਰਤੀ ਪ੍ਰਤਿਰੋਧ ਪੈਦਾ ਕਰ ਲਿਆ ਹੈ (ਇਸੇ ਕਰਕੇ ਮਨਸੈਂਟੋ ਨੇ ਬੋਲਗਾਰਡ ਪੇਸ਼ ਕੀਤਾ) ਅਤੇ ਦੂਜੇ ਪਾਸੇ ਹੋਰ ਕੀੜੇ ਜੋ ਕਿ ਪਹਿਲਾਂ ਕਪਾਹ ਦੇ ਕੀਟ ਨਹੀਂ ਸੀ, ਪਰ ਜੈਨੇਟਿਕਲੀ ਤਕਨਾਲੋਜੀ ਤੋਂ ਬਾਅਦ ਬਣਦੇ ਜਾ ਰਹੇ ਹਨ।

**? ਉਹ ਕਿਸਾਨ ਜਿਨ੍ਹਾਂ ਨੇ ਗੈਰ-ਬੀ.ਟੀ. ਬੀਜ ਵਰਤਿਆ ਹੈ, ਉਹ ਆਪਣੀ ਪੈਦਾਵਾਰ ਨੂੰ ਬਚਾਉਣ ਦੇ ਯੋਗ ਰਹੇ ਜਦਕਿ ਜਿਨ੍ਹਾਂ ਨੇ ਬੀ.ਟੀ. ਕਪਾਹ ਵਰਤੀ ਹੈ, ਉਨ੍ਹਾਂ ਨੂੰ ਪੂਰਾ ਨੁਕਸਾਨ ਦਾ ਸਾਹਮਣਾ ਕਰਨਾ ਪਿਆ ਹੈ। ਕੀ ਤੁਸੀਂ ਵਿਆਖਿਆ ਕਰ ਸਕਦੇ ਹੋ ਕਿ ਕਿਵੇਂ ਬੀ.ਟੀ. ਕਪਾਹ ਬੋਲਵੌਰਮ ਰੋਧਕ ਹੈ, ਪਰ ਚਿੱਟੀ ਮੱਖੀ (ਦੂਸਰਾ ਕੀੜਾ) ਰੋਧਕ ਨਹੀਂ ਹੈ?**

– ਇੱਕ ਪਾਸੇ ਟ੍ਰਾਂਸਜੈਨਿਕ ਬੀ.ਟੀ. ਲਾਭਦਾਇਕ ਕੀੜਿਆਂ ਜਿਵੇਂ ਕਿ ਪੋਲੀਨਾਟ੍ਰੇਸ ਅਤੇ ਮਿੱਟੀ ਦੇ ਮਾਈਕਰੋ - ਜੀਵਾਂ ਨੂੰ ਮਾਰ ਰਹੀ ਹੈ। ਦੂਜੇ ਪਾਸੇ ਇਹ ਨਵੇਂ ਕੀੜੇ ਪੈਦਾ ਕਰ ਰਹੀ ਹੈ। ਇੱਕ ਕੀਟ ਕਾਬੂ ਕਰਨ ਦੀ ਤਕਨੀਕ ਦੀ ਬਜਾਏ ਇਹ ਇੱਕ ਕੀਟ ਬਣਾਉਣ ਦੀ ਤਕਨੀਕ ਬਣ ਗਈ ਹੈ। ਇਹ ਤਕਨੀਕੀ ਤੌਰ 'ਤੇ ਅਸਫ਼ਲ ਰਹੀ ਹੈ। ਸਰਕਾਰ ਨੂੰ ਇਸ ਅਸਫ਼ਲਤਾ ਤੋਂ ਸਬਕ ਸਿੱਖਣ ਦੀ ਲੋੜ ਹੈ ਅਤੇ ਜੀ.ਐਮ.ਓ. ਦੇ ਵਧਾਵੇ ਨੂੰ ਰੋਕਣਾ ਚਾਹੀਦਾ ਹੈ। ਇਸ ਵਿਸ਼ੇ 'ਤੇ ਸੁਪਰੀਮ ਕੋਰਟ ਨੂੰ ਤਕਨੀਕੀ ਮਾਹਿਰ ਕਮੇਟੀ ਦੀ ਸਲਾਹ ਦੇਣ ਦੀ ਲੋੜ ਹੈ।

**?ਇਸ ਪਿੱਛੇ ਕੀ ਤਰਕ ਹੈ ਕਿ ਫ਼ਸਲ ਪੈਦਾਵਾਰ ਲਈ ਅਜਿਹੇ ਬੀਜ ਦਾ ਇਸਤੇਮਾਲ ਕੀਤਾ ਜਾਵੇ ਜੋ ਇੱਕ ਕਿਸਮ ਦੇ ਕੀਟ ਦਾ ਮੁਕਾਬਲਾ ਕਰਨ ਦੇ ਕਾਬਿਲ ਤਾਂ ਹੈ ਪਰ ਬਾਕੀਆਂ ਦੇ ਨਹੀਂ?**

– ਅਸਲ ਵਿੱਚ ਜਿਵੇਂ ਕਿ ਉੱਪਰ ਦੱਸਿਆ ਗਿਆ ਹੈ ਕਿ ਹੁਣ ਪਿੰਕ ਬਾਲਵਾਰਮ ਬੀ.ਟੀ. ਦਾ ਰੋਧਕ ਹੈ। [ਜਿਸਦਾ ਮਤਲਬ ਹੈ ਕਿ ਬੀ.ਟੀ. ਕਪਾਹ ਪਿੰਕ ਬਾਲਵਾਰਮ ਦਾ ਵਿਰੋਧੀ ਹੋਣ ਦਾ ਦਾਵਾ ਕਰਦੀ ਹੈ, ਪਰ ਇਹ ਅਜਿਹਾ ਵੀ ਨਹੀਂ ਕਰਦੀ।] ਅਤੇ ਹਰ ਰੁੱਤ ਵਿੱਚ ਅਸੀਂ ਦੇਖਦੇ ਹਾਂ ਕਿ ਨਵੇਂ ਕੀਟ ਜਿਵੇਂ ਕਿ (Aphids, Jerseys, ਫੌਜੀ ਕੀੜਾ (Army Worm) ਅਤੇ ਮਿਲੀ ਬੱਗ (Mealy Bug) ਆਦਿ ਵੀ ਰੋਧਕਤਾ ਵਧਾ ਰਹੇ ਹਨ। ਜੇਨੇਟਿਕਲੀ ਸੋਧੀਆਂ ਫ਼ਸਲਾਂ ਹਿੰਸਕ ਤਕਨੀਕ ਕਰਕੇ ਕੀਟਾਂ ਦੇ ਹਮਲੇ ਲਈ ਕਮਜ਼ੋਰ ਹੋ ਰਹੀਆਂ ਹਨ, ਜਿਸਨੇ ਅਜਿਹੇ ਜੀਨ ਨੂੰ ਉਪਜਿਆ ਹੈ ਜਿਸਦਾ ਆਰਗਾਨੀਜ਼ਮ (ਰਗਪ ਨਾਲ ਮੇਲ ਨਹੀਂ ਹੈ। ਇਸ ਨੇ ਬੀਜ ਦੇ ਸਰੀਰ ਵਿਗਿਆਨ, ਮੇਟਾਬਾਲੀਜ਼ਮ ਅਤੇ ਆਤਮ-ਰੱਖਿਆ (ਜਿਸਦੇ ਰਾਹੀਂ ਪੌਦਾ ਆਪਣੇ ਆਪ ਨੂੰ ਕੀਟਾਂ ਤੋਂ ਬਚਾਉਂਦਾ ਹੈ) ਦੇ ਤਰੀਕੇ ਵਿੱਚ ਵਿਗਾੜ ਪੈਦਾ ਕੀਤਾ ਹੈ। ਦੇਸੀ ਕਿਸਮਾਂ ਦੇ ਬੀਜਾਂ ਦੇ ਜੀਨ ਅੰਦਰ ਵਿਗਾੜ ਨਹੀਂ ਆਇਆ ਹੈ, ਅਤੇ ਇਸ ਕਰਕੇ ਹੀ ਇਹ ਕੀਟ ਹਮਲੇ ਪ੍ਰਤੀ ਵਧੇਰੇ ਲਚਕੀਲੇ ਹਨ।

**? ਇੱਥੇ ਇਸ ਕਿਸਮ ਦੀਆਂ ਬਹੁਤ ਸਾਰੀਆਂ ਉਦਾਹਰਨਾਂ ਮਿਲ ਜਾਂਦੀਆਂ ਹਨ। ਫਿਰ ਕਿਉਂ, ਤੁਹਾਡੇ (ਅਤੇ ਹੋਰਾਂ) ਖਿਲਾਫ਼ ਬੀਜ ਕੰਪਨੀਆਂ ਇੱਕ ਮੁਹਿੰਮ ਛੇੜੀ ਰੱਖਦੀਆਂ ਹਨ, ਜੋ ਤੁਸੀਂ ਲੋਕ ਜੇਨੇਟਿਕਲੀ ਸੋਧੀਆਂ ਫ਼ਸਲਾਂ ਅਤੇ ਕੈਮੀਕਲ - ਆਧਾਰਿਤ ਖੇਤੀ ਦਾ ਵਿਰੋਧ ਕਰਦੇ ਹੋ? ਇੱਥੇ ਕਿਸ ਦੇ ਹਿੱਤ ਪੂਰੇ ਜਾ ਰਹੇ ਹਨ?**

– ਮੌਂਸੈਂਟੋ ਸੰਸਾਰ ਦੀ ਸਭ ਤੋਂ ਵੱਡੀ ਜੀ.ਐਮ ਬੀਜ ਕੰਪਨੀ ਦੇ ਤੌਰ ਤੇ ਉੱਭਰੀ ਹੈ। ਇਸ ਦੇ ਮੁਨਾਫੇ ਜੈਨੇਟਿਕ ਇੰਜੀਨੀਅਰਿੰਗ ਤੋਂ ਮਿਲਣ ਵਾਲੀ ਰਾਇਲਟੀ ਅਤੇ ਇਹ ਫ਼ਿਰ ਇਹ ਦਾਅਵਾ ਕਰਨ ਉੱਪਰ ਆਧਾਰਿਤ ਹਨ ਕਿ ਬੀਜ ਦੀ ਕਾਢ ਉਹਨਾਂ ਨੇ ਕੱਢੀ ਹੈ। ਇਹ ਹਰ ਪੱਧਰ 'ਤੇ ਗਲਤ ਹੈ ਅਤੇ ਮੈਂ 1987 ਤੋਂ ਹੀ ਇਹਨਾਂ ਗਲਤ ਦਾਅਵਿਆਂ ਨੂੰ ਚੁਣੌਤੀ ਦਿੰਦੀ ਆ ਰਹੀ ਹਾਂ। ਮੈਂ ਸੰਯੁਕਤ ਰਾਸ਼ਟਰ ਦੇ ਬਾਇਓ-ਸੁਰੱਖਿਆ ਕਾਨੂੰਨ ਨੂੰ ਆਕਾਰ ਦੇਣ 'ਚ ਯੋਗਦਾਨ ਦਿੱਤਾ ਹੈ ਅਤੇ ਸਾਡੀ ਸਰਕਾਰ ਤੇ ਸੰਸਦ ਦੇ ਨਾਲ ਕੰਮ ਕਰਦੇ ਹੋਏ ਯਕੀਨੀ ਬਣਾਇਆ ਕਿ ਕਾਢ ਦੇ ਝੂਠੇ ਦਾਅਵਿਆਂ ਨੂੰ ਸਾਡੇ ਰਾਸ਼ਟਰੀ ਪੇਟੈਂਟ ਕਾਨੂੰਨ ਅੰਦਰ ਪ੍ਰਵੇਸ਼ ਕਰਨ ਦੀ ਇਜਾਜ਼ਤ ਨਾ ਮਿਲੇ। ਜੋ ਪ੍ਰਧਾਨ ਮੰਤਰੀ ਮੋਦੀ ਉੱਤੇ ਬੌਧਿਕ ਸੰਪਤੀ ਅਧਿਕਾਰ (ਆਈ.ਪੀ.ਆਰ) ਬਾਰੇ ਅਮਰੀਕੀ ਦਬਾਅ ਹੈ ਉਹ ਇੱਕ ਤਰ੍ਹਾਂ ਮੌਂਸੈਂਟੋ ਅਤੇ ਫਾਰਮਾਸਿਊਟੀਕਲ ਘਰਾਣਿਆ ਦੇ ਦਬਾਅ ਦਾ ਹੀ ਪ੍ਰਗਟਾਵਾ ਹੈ।

ਮੌਂਸੈਂਟੋ ਨੇ ਆਪਣੇ ਪੀ.ਆਰ ਪੇਸ਼ਾਵਰਾਂ ਦੀ ਫ਼ੌਜ ਨੂੰ ਮੇਰੇ ਤੇ ਹਮਲੇ ਲਈ ਸੰਚਾਲਿਤ ਕੀਤਾ ਹੈ ਕਿਉਂਕਿ ਮੈਂ ਜੈਨੇਟਿਕ, ਬਾਇਓ-ਸੁਰੱਖਿਆ ਅਤੇ ਆਈ.ਪੀ.ਆਰਜ਼ ਦੇ ਖੇਤਰ ਤੋਂ ਕਾਫੀ ਵਾਕਿਫ਼ ਹਾਂ। ਮੈ ਸਾਡੇ ਕਿਸਾਨਾਂ ਅਤੇ ਦੇਸ਼ ਦੇ ਹਿੱਤ ਲਈ ਕੰਮ ਕਰਦੀ ਹਾਂ, ਮੈ ਉਨ੍ਹਾਂ ਤੇ ਗੈਰ ਕਾਨੂੰਨੀ ਅਤੇ ਅਨੈਤਿਕ ਕਾਰਵਾਈਆਂ ਲਈ ਮੁਕੱਦਮਾ ਕੀਤਾ ਹੈ। ਉਹਨਾਂ ਦਾ ਮਕਸਦ ਸਿਰਫ ਭਾਰਤ ਨੂੰ ਆਪਣੇ ਜ਼ਹਿਰੀਲੇ ਜੀ.ਐਮ.ਓ. ਬੀਜਾਂ ਅਤੇ ਅਸਫ਼ਲ ਜੀ.ਐਮ.ਓ. ਤਕਨੀਕ ਲਈ ਇੱਕ ਮੰਡੀ ਦੇ ਤੌਰ 'ਤੇ ਵਰਤਣਾ ਅਤੇ ਸਾਡੇ ਕਿਸਾਨਾਂ ਤੋਂ ਰਾਇਲਟੀ ਇਕੱਠਾ ਕਰਨਾ ਹੈ, ਜਿਸਦੇ ਕਾਰਨ ਕਿਸਾਨ ਕਰਜ਼ੇ ਦੀ ਮਾਰ ਹੇਠ ਆ ਕੇ ਖ਼ੁਦਕੁਸ਼ੀਆ ਕਰਨ ਲਈ ਮਜ਼ਬੂਰ ਹਨ। ਇਸ ਲਈ ਉਹ ਮੇਰੀ ਖੋਜ ਅਤੇ ਕਿਸਾਨਾਂ ਤੇ ਮੇਰੇ ਕੰਮ ਨੂੰ ਆਪਣੇ ਬਾਇਓ-ਸਾਮਰਾਜਵਾਦ ਦੇ ਰਾਹ ਵਿੱਚ ਰੋੜੇ ਵਾਂਗੂੰ ਦੇਖਦੇ ਹਨ।

**?ਪੰਜਾਬ ਦੇ ਸਿਆਸਤਦਾਨ ਸਣੇ ਬਾਦਲ ਪਰਿਵਾਰ ਵੀ ਖੇਤੀਬਾੜੀ ਨਾਲ ਸੰਬੰਧਿਤ ਹਨ। ਫਿਰ ਵੀ ਪੰਜਾਬ ਦੀ ਖੇਤੀਬਾੜੀ ਰਸਾਇਣਕ (ਕੈਮੀਕਲ) ਅਧਾਰਿਤ ਖੇਤੀ ਕਾਰਨ ਵਿਨਾਸ਼ਕਾਰੀ ਸਮਾਜਿਕ ਅਤੇ ਸਿਹਤ ਪ੍ਰਭਾਵਾਂ ਕਰਕੇ ਨਿਘਾਰ ਵੱਲ ਹੈ। ਸਾਡੇ ਸਿਆਸੀ ਕਿਸਾਨ ਆਗੂ ਅਤੇ ਕਿਸਾਨਾਂ ਦੇ ਵਿਚਕਾਰ ਵੱਧ ਰਹੀ ਦੂਰੀ ਨੂੰ ਘਟਾਉਣ ਲਈ ਕੀ ਹੋ ਸਕਦਾ ਹੈ?**

– ਜਦੋਂ 1984 ਵਿਚ ਪੰਜਾਬ ਅੰਦਰ ਹਿੰਸਾ ਫੁੱਟੀ, ਉਸ ਸਮੇਂ ਮੈਂ ਸੰਯੁਕਤ ਰਾਸ਼ਟਰ ਯੂਨੀਵਰਸਿਟੀ ਦੇ ਨਾਲ ਕੰਮ ਕਰ ਰਹੀ ਸੀ ਅਤੇ ਮੈਂ ਉਸ ਦੌਰਾਨ ਹਿੰਸਾ ਦੀ ਜੜ੍ਹ ਨੂੰ ਸਮਝਣ 'ਤੇ ਖੋਜ ਕੀਤੀ। ਮੈਂ ਹਰੇ ਇਨਕਲਾਬ ਨਾਲ ਸੰਬੰਧਿਤ ਸੀ, ਜਿਸ ਬਾਰੇ ਮੈਂ ਆਪਣੀ ਕਿਤਾਬ 'ਹਰੇ ਇਨਕਲਾਬ ਦੀ ਹਿੰਸਾ'ਚ ਵਿਸ਼ਲੇਸ਼ਣ ਕੀਤਾ ਸੀ।

ਪੰਜਾਬ ਵਿੱਚ ਅਤੇ ਬਾਹਰ ਹੋਰ ਕਿਤੇ ਵੀ ਖੇਤੀ ਸੰਕਟ ਨੂੰ ਹੱਲ ਕਰਨ ਦਾ ਰਾਹ ਜੈਵਿਕ ਖੇਤੀ ਅੰਦਰ ਆਪਣੇ ਬੀਜ ਆਪ ਪੈਦਾ ਕਰਨਾ ਹੀ ਹੈ। ਕਿਸੇ ਜੈਵਿਕ ਖੇਤੀ ਕਰ ਰਹੇ ਕਿਸਾਨ ਨੇ ਖ਼ੁਦਕੁਸ਼ੀ ਨਹੀਂ ਕੀਤੀ, ਭਾਵੇਂ ਉਹ ਕਪਾਹ ਪੱਟੀ ਵਿੱਚ ਹੀ ਸ਼ਾਮਿਲ ਕਿਓਂ ਨਾ ਹੋਵੇ। ਵਿਦਰਭ ਵਿੱਚ ਸਾਡੇ ਮੈਂਬਰ ਜੈਵਿਕ ਢੰਗ ਨਾਲ ਘੱਟ ਖਰਚ ਕਰਦੇ ਹੋਏ ਜ਼ਿਆਦਾ ਕਮਾਈ ਕਰ ਰਹੇ ਹਨ। ਆਰਗੈਨਿਕ [ਖੇਤੀ] ਸੋਕੇ ਅਤੇ ਵਾਤਾਵਰਣ ਤਬਦੀਲੀ ਦੇ ਨਾਲ ਨਜਿੱਠਣ ਵਿੱਚ ਵੀ ਮਦਦਗਾਰ ਸਾਬਿਤ ਹੋਈ ਹੈ। ਇਹ ਬਿਨ੍ਹਾਂ ਖ਼ਰਚੇ/ਇਨਪੁੱਟ ਦੇ ਵਧੇਰੇ ਭੋਜਨ ਅਤੇ ਫਾਈਬਰ ਪੈਦਾ ਕਰਦੀ ਹੈ। ਖੇਤੀ ਸੰਕਟ ਐਗਰੋਕੈਮੀਕਲ ਉਦਯੋਗ ਦਾ ਇੱਕ ਸਿੱਧਾ ਨਤੀਜਾ ਹੈ ਜੋ ਕਿ ਜੀ.ਐਮ.ਓ. ਬੀਜ ਉਦਯੋਗ ਹੀ ਹੈ। ਇਹ ਉਦਯੋਗ ਅਥਾਹ-ਮੁਨਾਫ਼ਾ ਕਮਾਉਣ ਲਈ ਇਨਪੁਟਸ 'ਤੇ ਨਿਰਭਰਤਾ ਬਣਾਉਣ ਅਤੇ ਕਿਸਾਨਾਂ ਨੂੰ ਕਰਜ਼ੇ ਦੇ ਜਾਲ 'ਚ ਫਸਾਉਣਾ ਹੈ। ਨਿਗਮਾਂ (ਕਾਰਪੋਰੇਟਸ) ਦਿਹਾਤੀ ਭਾਰਤ ਦੇ ਖ਼ੂਨ ਨੂੰ ਨਿਚੋੜ ਰਹੀਆਂ ਹਨ ਅਤੇ ਸਾਡੇ ਕਿਸਾਨਾਂ ਨੂੰ ਮਾਰ ਰਹੀਆਂ ਹਨ। ਅਸੀਂ ਜੈਵਿਕ ਖੇਤੀ ਦੁਆਰਾ ਉਹਨਾਂ ਦੇ ਇਨਪੁੱਟਸ ਤੋਂ ਛੁਟਕਾਰਾ ਪਾ ਸਕਦੇ ਹਾਂ – ਅਸੀਂ ਮਿੱਟੀ ਦੀ ਸਿਹਤ ਤੇ ਚੰਗਾ ਪ੍ਰਭਾਵ ਪਾ ਸਕਦੇ ਹਾਂ, ਜੋ ਕਿਸਾਨਾਂ ਲਈ ਚੰਗਾ ਹੈ ਅਤੇ ਨਾਲ ਹੀ ਸਾਡੀ ਸਿਹਤ ਨੂੰ ਠੀਕ ਰੱਖਣ 'ਚ ਸਹਾਈ ਹੋ ਸਕਦਾ ਹੈ।

**? ਕੀ ਬਾਇਓ-ਖਾਦ ਸਾਡੇ ਕਿਸਾਨਾਂ ਲਈ ਇੱਕ ਬਹਿਤਰ ਵਿਕਲਪ ਹੈ? ਕੀ ਸਾਡੇ ਖੇਤਾਂ 'ਚ ਕੋਈ ਅੰਦਰੂਨੀ ਸਮੱਸਿਆ ਹੈ ਜਿਸ ਕਰਕੇ ਅਸੀਂ ਹੁਣ ਰਵਾਇਤੀ ਖੇਤੀ ਨੂੰ ਛੱਡ ਗਏ ਹਾਂ?**

– ਵਧੀਆ ਕੀਟ ਕਾਬੂ ਰਣਨੀਤੀ, ਵਿਭਿੰਨਤਾ ਅਤੇ ਫ਼ਸਲ ਮਿਸ਼ਰਣ ਲਈ ਜ਼ਰੂਰੀ ਹੈ। ਮੋਨੋ-ਕਲਚਰ ਜਿਸ ਵਿੱਚ ਕੇਵਲ ਇੱਕ ਹੀ ਫ਼ਸਲ ਚੱਕਰ ਦੁਹਰਾਉਣ ਨਾਲ ਇੱਕ ਹੀ ਤਰ੍ਹਾਂ ਦੇ ਜੀਵ ਪਲਦੇ ਹੋਏ ਕੀੜਿਆਂ ਦੇ ਰੂਪ ਵਿੱਚ ਸਾਹਮਣੇ ਆ ਜਾਂਦੇ ਹਨ। ਸਾਨੂੰ ਵਾਤਾਵਰਣ ਸੰਤੁਲਨ ਚਾਹੀਦਾ ਹੈ ਨਾ ਕਿ 'ਸਿਲਵਰ ਬੁੱਲੇਟਸ', ਇਹ ਤਾਂ ਕਾਰਪੋਰੇਸ਼ਨਾਂ ਦੀ ਹੀ ਚਾਂਦੀ ਹੈ ਅਤੇ ਕਿਸਾਨ ਲਈ ਸਿਰਫ਼ ਗੋਲੀਆਂ (ਬੁੱਲੇਟਸ) ਹੀ ਰਹਿ ਜਾਂਦੀਆਂ ਹਨ।

**? ਬੀਜ ਉਦਯੋਗ ਦੇ ਭਵਿੱਖੀ ਯੋਜਨਾ ਕੀ ਹੈ? ਆਉਣ ਵਾਲੇ ਸਮੇਂ ਵਿੱਚ ਖ਼ਤਰਾ ਜ਼ੋਨ ਕਿੱਥੇ ਉੱਭਰ ਰਿਹਾ ਹੈ?**

–1987 ਤੋਂ ਹੀ ਜਦੋਂ ਮੈਂ ਸੁਣਿਆ ਕਿ ਐਗਰੋਕੈਮੀਕਲ ਉਦਯੋਗ, ਜੀ.ਐਮ.ਓ. ਪੇਟੈਂਟ ਬੀਜਾਂ ਰਾਹੀਂ ਪੂਰਤੀ 'ਤੇ ਕੁੱਲ ਰੂਪ ਵਿੱਚ ਏਕਾਧਿਕਾਰਿਕ ਕੰਟਰੋਲ ਕਰਨਾ ਚਾਹੁੰਦਾ ਹੈ। ਉਹ ਸਾਡੇ ਕਿਸਾਨ ਅੰਦੋਲਨਾਂ, ਬੀਜ ਬਚਾਓ ਅੰਦੋਲਨ, ਅਤੇ 'ਬੀਜ ਸਵਰਾਜ' ਰਾਹੀ ਬੀਜ ਸਿਰਮੌਰਤਾ ਵਰਗੀਆਂ ਲਹਿਰਾਂ ਸਦਕਾ ਹਾਲੇ ਤੱਕ ਇਹ ਏਕਾਧਿਕਾਰ ਹਾਸਿਲ ਨਹੀਂ ਕਰ ਪਾਏ ਹਨ। 2004 ਵਿੱਚ ਉਨ੍ਹਾਂ ਨੇ ਕਿਸਾਨਾਂ ਦੁਆਰਾ ਬੀਜ-ਬਚਾਉਣ ਨੂੰ ਗੈਰ-ਕਾਨੂੰਨੀ ਬਣਾਉਣ ਦੀ ਕੋਸ਼ਿਸ਼ ਕੀਤੀ। ਮੈਂ ਬੀਜ ਸੱਤਿਆਗ੍ਰਹਿ ਦੇ ਜ਼ਰੀਏ ਕਿਸਾਨਾਂ ਨੂੰ ਲਾਮਬੰਦ ਕੀਤਾ ਸੀ ਅਤੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਬੀਜ ਆਜ਼ਾਦੀ ਦੇ ਬਚਾਅ ਲਈ ਸੱਤਿਆਗ੍ਰਹਿ ਵਚਨਬੱਧਤਾ ਦੇ 1,00,000 ਦਸਤਖ਼ਤ ਜਮਾ ਕਰਵਾਏ ਸਨ।

**ਕੁਝ ਨਵੇਂ ਖਤਰੇ ਹੇਠ ਦਿੱਤੇ ਹਨ:**

1. ਬਾਇਓਪਾਈਰੇਸੀ (Biopiracy) ਰਾਹੀਂ ਉਹਨਾ ਕਿਸਮਾਂ ਦੇ ਪੇਟੈਂਟ ਕਰਾਉਣਾ, ਜਿਨ੍ਹਾਂ ਨੂੰ ਸਾਡੇ ਕਿਸਾਨਾਂ ਨੇ ਮੌਸਮੀ-ਲਚਕ ਦੇ ਚਲਦੇ ਬੀਜ ਵਿਕਸਿਤ ਕੀਤੇ ਹਨ।

2. ਖੇਤੀ ਅੰਦਰ ਵਾਤਾਵਰਣ ਤਬਦੀਲੀ ਦੇ ਸੰਕਟ ਦੇ ਚਲਦੇ ਖੇਤੀਬਾੜੀ ਨੂੰ ਕੰਟਰੋਲ ਕਰਨਾ, ਇਸ ਬਾਰੇ ਛੋਟੇ ਕਿਸਾਨਾਂ ਨੂੰ ਅੰਕੜਾ/ਡਾਟਾ ਵੇਚ ਕੇ ਉਹਨਾਂ ਨੂੰ ਹੋਰ ਕਰਜ਼ ਅਤੇ ਆਪਣੇ ਉੱਪਰ ਨਿਰਭਰਤਾ ਦੇ ਜਾਲ 'ਚ ਫਸਾਉਣਾ। ਮੌਂਸੈਂਟੋ ਨੇ ਇਸ ਸਮੇਂ ਸੰਸਾਰ 'ਚ ਵਾਤਾਵਰਣ ਬਾਰੇ ਅੰਕੜਾ/ਡਾਟਾ ਅਤੇ ਮਿੱਟੀ ਬਾਰੇ ਅੰਕੜਾ/ਡਾਟਾ ਰੱਖਣ ਵਾਲੀਆਂ ਨਿਗਮਾਂ ਨੂੰ ਖਰੀਦ ਲਿਆ ਹੈ। "ਮੌਸਮ ਸਮਾਰਟ" ਖੇਤੀ ਦੀ ਵਧਦੀ ਚਰਚਾ ਵੀ ਇਸ ਰਣਨੀਤੀ ਨਾਲ ਜੁੜਿਆ ਪਹਿਲੂ ਹੈ।

3. ਸਾਡੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਜੀਨ ਬੈਂਕ ਦਾ ਨਿੱਜੀਕਰਨ।

4. ਪ੍ਰਧਾਨ ਮੰਤਰੀ 'ਤੇ ਦਬਾਅ ਪਾ ਕੇ ਸਾਡੇ ਬੌਧਿਕ ਸੰਪਤੀ ਅਧਿਕਾਰ ਨੂੰ ਨਕਾਰਾ ਕਰਨਾ ਅਤੇ ਨਾਲ ਦੀ ਨਾਲ ਭਾਰਤ ਨੂੰ ਟ੍ਰਾਂਸ-ਪੈਸੀਫ਼ਿਕ ਭਾਗੀਦਾਰੀ ਵਿੱਚ ਸ਼ਾਮਿਲ ਹੋਣ ਲਈ ਮਜਬੂਰ ਕਰਨਾ ਤਾਂ ਜੋ ਕਿ ਕੌਮੀ ਆਈ. ਪੀ. ਆਰ. ਕਾਨੂੰਨ ਦੇ ਅੰਦਰ ਸਾਰੇ ਨੈਤਿਕ, ਵਿਗਿਆਨਕ ਅਤੇ ਜਨਤਕ ਭਲਾਈ ਦੀ ਸੁਰੱਖਿਆ ਪ੍ਰਬੰਧ ਨੂੰ ਹਟਾਇਆ ਜਾ ਸਕੇ।

ਦਿਲਚਸਪ ਗੱਲ ਇਹ ਹੈ ਕਿ ਇਸ ਸਭ ਧੱਕੇ ਅਤੇ ਪੈਂਤੜੇਬਾਜ਼ੀ ਦੇ ਬਾਵਜੂਦ ਮੌਂਸੈਂਟੋ ਦੀ ਜੀ.ਐਮ. ਤਕਨੀਕ ਫੇਲ੍ਹ ਹੋ ਰਹੀ ਹੈ ਅਤੇ ਐਨਰੌਨ ਵਰਗੀਆਂ ਕਾਰਪੋਰੇਸ਼ਨਾਂ ਦੀ ਅਸਫ਼ਲਤਾ ਵਾਂਗ ਹੀ ਮੌਂਸੈਂਟੋ ਲਾਲਚ ਅਤੇ ਭ੍ਰਿਸ਼ਟਾਚਾਰ ਦੇ ਚਲਦੇ ਅਸਫ਼ਲ ਹੋ ਜਾਣੀ ਹੈ।

ਕੀਟ:- ਜੋ ਬੂਟੇ ਨੂੰ ਨੁਕਸਾਨ ਪਹੁੰਚਾਉਂਦਾ ਹੈ, ਕੀੜਾ:- ਮਿੱਤਰ ਅਤੇ ਦੁਸ਼ਮਨ ਕੁਝ ਵੀ ਹੋ ਸਕਦਾ ਹੈ, ਇਹ ਸ਼ਬਦ ਇੱਕ ਜ਼ਿਆਦਾ ਜਰਨਲ ਅਧਾਰ 'ਤੇ ਵਰਤਿਆ ਗਿਆ ਹੈ।



Gill Appliances & Heating Services
Residential, Commercial Service and Installation
24 Hour Service
Call: Surinder Gill
905.460.5544
***Repair and Install duct, heating, humidifier, air conditioner, water heater, dish washer, dryer, stove, fridge***

# ਬਦਲਵੇਂ ਮੀਡੀਆ ਰਾਹੀਂ ਲੋਕ ਹਿੱਤਾਂ, ਮਸਲਿਆਂ ਤੇ ਸਰੋਕਾਰਾਂ ਨੂੰ ਉਭਾਰਨਾ ਸਮੇਂ ਦੀ ਲੋੜ !

## ਦਲਜੀਤ ਅਮੀ ਨਾਲ ਸਿੱਖ ਵਿਰਸਾ ਦੇ ਐਡੀਟਰ ਹਰਚਰਨ ਸਿੰਘ ਪਰਹਾਰ ਵਲੋਂ ਕੀਤੀ ਵਿਸ਼ੇਸ਼ ਇੰਟਰਵੀਊ !



ਨੋਟ: ਦਲਜੀਤ ਅਮੀ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ, ਸਮਾਜਿਕ ਮਸਲਿਆਂ ਬਾਰੇ ਡੈਕੂਮੈਂਟਰੀ ਫਿਲਮਾਂ ਬਣਾਉਣ ਦੇ ਨਾਲ-ਨਾਲ ਪੱਤਰਕਾਰੀ ਦੇ ਖੇਤਰ ਵਿੱਚ ਆਪਣੀ ਬੇਬਾਕ ਲੇਖਣੀ ਲਈ ਨਾਮਵਰ ਸਖਸ਼ੀਅਤ ਹੈ।ਦਲਜੀਤ ਅਮੀ ਹੁਣ ਤੱਕ ਵੱਖ-ਵੱਖ ਵਿਸ਼ਿਆਂ ਤੇ 9 ਫਿਲਮਾਂ ਦਾ ਨਿਰਮਾਣ ਕਰ ਚੁੱਕਾ ਹੈ, ਜਿਨ੍ਹਾਂ ਵਿੱਚ ਖੇਤੀ ਮਜਦੂਰੀ, ਮਾਸ ਮੂਵਮੈਂਟ, ਮਨੁੱਖੀ ਅਧਿਕਾਰ, ਵਾਤਾਵਰਣ, ਸੂਫੀ ਪ੍ਰੰਪਰਾ ਆਦਿ ਵਿਸ਼ੇ ਸ਼ਾਮਿਲ ਹਨ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਐਮ. ਏ., ਇੰਡੀਅਨ ਏਂਸ਼ੀਐਂਟ ਹਿਸਟਰੀ, ਆਰਚੀਆਲੋਗੀ ਤੇ ਕਲਚਰ ਅਤੇ ਕਮਿਊਨੀਕੇਸ਼ਨ ਵਿੱਚ ਕਰਨ ਤੋਂ ਬਾਅਦ ਪੱਤਰਕਾਰੀ ਦੇ ਖੇਤਰ ਵਿੱਚ ਅਨੇਕਾਂ ਮੀਡੀਆ ਗਰੁੱਪਾਂ ਨਾਲ ਕੰਮ ਕਰਦਾ ਰਿਹਾ ਹੈ। ਜਿਨ੍ਹਾਂ ਵਿੱਚ ਪੰਜਾਬੀ ਟ੍ਰਿਬਿਊਨ, ਡੇ ਐਂਡ ਨਾਈਟ ਟੀ. ਵੀ., ਗਲੋਬਲ ਪੰਜਾਬ ਟੀ. ਵੀ., ਦੈਨਿਕ ਭਾਸਕਰ, ਨਵਾਂ ਜਮਾਨਾ, ਪੰਜਾਬ ਟਾਈਮਜ਼, ਬੀ. ਬੀ. ਸੀ. ਦੇ ਨਾਮ ਵਰਨਣਯੋਗ ਹਨ। ਪਿਛਲੇ ਦਿਨੀਂ ਦਲਜੀਤ ਦੀ ਕੈਲਗਰੀ ਫੇਰੀ ਦੌਰਾਨ ਹਰਚਰਨ ਸਿੰਘ ਪਰਹਾਰ ਵਲੋਂ ਕੀਤੀ ਇੰਟਰਵੀਊ ਪਾਠਕਾਂ ਨਾਲ ਸਾਂਝੀ ਕਰਨ ਦੀ ਖੁਸ਼ੀ ਲੈ ਰਹੇ ਹਾਂ।

**? ਦਲਜੀਤ ਜੀ ਤੁਹਾਡਾ ਕੈਲਗਰੀ ਆਉਣ ਤੇ ਬਹੁਤ-ਬਹੁਤ ਸਵਾਗਤ ਹੈ, ਸਭ ਤੋਂ ਪਹਿਲਾਂ ਸਾਡੇ ਪਾਠਕਾਂ ਨੂੰ ਆਪਣੇ ਬਾਰੇ ਕੁਝ ਜਾਣਕਾਰੀ ਦਿਉ।**

-ਮੇਰਾ ਪਿੰਡ ਦੌਂਦਪੁਰ, ਖੰਨਾ ਦੇ ਨੇੜੇ ਹੈ, ਉਥੇ ਗਰੈਜੂਏਸ਼ਨ ਤੱਕ ਪੜ੍ਹਾਈ ਕਰਨ ਤੋਂ ਬਾਅਦ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਐਮ. ਏ., ਇੰਡੀਅਨ ਏਂਸ਼ੀਐਂਟ ਹਿਸਟਰੀ, ਆਰਚੀਆਲੋਗੀ ਤੇ ਕਲਚਰ ਅਤੇ ਕਮਿਊਨੀਕੇਸ਼ਨ ਕੀਤੀ ਤੇ ਫਿਰ ਕੁਝ ਸਾਲ ਸੈਂਟਰਲ ਆਡਿਟ ਵਿਭਾਗ ਵਿੱਚ ਸਰਕਾਰੀ ਨੌਕਰੀ ਕੀਤੀ। ਉਸ ਤੋਂ ਬਾਅਦ ਡਾਕੂਮੈਂਟਰੀ ਫਿਲਮਾਂ ਬਣਾਉਣੀਆਂ ਸ਼ੁਰੂ ਕੀਤੀਆਂ ਤੇ ਨਾਲ-ਨਾਲ ਪੱਤਰਕਾਰੀ ਦੇ ਵੱਖ-ਵੱਖ ਖੇਤਰਾਂ ਵਿੱਚ ਕੰਮ ਕਰਨ ਦਾ ਮੌਕਾ ਮਿਲਿਆ। ਕਾਲਿਜ ਦੇ ਸਮੇਂ ਤੋਂ ਹੀ ਮੇਰਾ ਝੁਕਾਅ ਸੈਕੂਲਰ ਤੇ ਖੱਬੇਪੱਖੀ ਵਿਚਾਰਧਾਰਾ ਵੱਲ ਨੂੰ ਰਿਹਾ ਹੈ। ਇਸੇ ਕਰਕੇ ਮੈਂ ਆਪਣੇ ਸਾਰੇ ਜੀਵਨ ਸਫਰ ਦੌਰਾਨ ਅਜਿਹੀਆਂ ਸੰਸਥਾਵਾਂ ਜਾਂ ਸਰਗਰਮੀਆਂ ਨਾਲ ਜੁੜਿਆ ਰਿਹਾ ਹਾਂ, ਜੋ ਸਮਾਜ ਦੇ ਸਰੋਕਾਰਾਂ ਪ੍ਰਤੀ ਸੰਜੀਦਾ ਤੇ ਸਰਗਰਮ ਭੂਮਿਕਾ ਨਿਭਾਉਂਦੀਆਂ ਹਨ। ਮੇਰੀ ਪੰਜਾਬ ਦੇ ਵਿਰਸੇ ਵਿੱਚ ਵੀ ਬੜੀ ਦਿਲਚਸਪੀ ਰਹੀ ਹੈ। ਮੇਰਾ ਮੰਨਣਾ ਹੈ ਕਿ ਸਾਨੂੰ ਆਪਣੇ ਸਮਿਆਂ ਵਿੱਚ ਇਹ ਦੇਖਣਾ ਹੁੰਦਾ ਹੈ ਕਿ ਆਪਣੇ ਵਿਰਸੇ ਦੇ ਕਿਹੜੇ ਪੱਖ ਅੱਗੇ ਲਿਜਾਣ ਲਈ ਉਭਾਰਨੇ ਹਨ, ਵਿਰਸੇ ਦੇ ਕਿਹੜੇ ਪੱਖ ਰੱਦ ਕਰਨੇ ਹਨ ਤੇ ਕਿਹੜੇ ਪੱਖਾਂ ਨੂੰ ਸੋਧਣਾ ਹੈ। ਮੇਰੇ ਤੇ ਸਿੱਖ ਵਿਰਸੇ ਦੇ ਸਰਬੱਤ ਦੇ ਭਲੇ, ਸਮਾਜਿਕ ਬਰਾਬਰੀ ਤੇ ਇਨਸਾਫਪਸੰਦੀ, ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ ਵਰਗੇ ਪੱਖਾਂ ਦਾ ਹਮੇਸ਼ਾਂ ਪ੍ਰਭਾਵ ਰਿਹਾ ਹੈ।ਜੋ ਕਿ ਮੇਰੀਆਂ ਲੇਖਣੀਆਂ ਤੇ ਡਾਕੂਮੈਂਟਰੀਆਂ ਵਿੱਚ ਵੀ ਦੇਖਿਆ ਜਾ ਸਕਦਾ ਹੈ।

**? ਹੁਣ ਤੱਕ ਤੁਸੀਂ ਕਿਹੜੇ-ਕਿਹੜੇ ਮੀਡੀਏ ਨਾਲ ਕੰਮ ਕਰ ਚੁੱਕੇ ਹੋ।**

-ਮੈਂ 1998 ਤੋਂ ਮੀਡੀਏ ਵਿੱਚ ਵੱਖ-ਵੱਖ ਢੰਗਾਂ ਨਾਲ ਕੰਮ ਕਰਦਾ ਆ ਰਿਹਾ ਹਾਂ। ਜਿਸ ਵਿੱਚ ਮੈਂ ਆਜ਼ਾਦ ਪੱਤਰਕਾਰ ਦੇ ਤੌਰ 'ਤੇ ਵੱਖ-ਵੱਖ ਅਖਬਾਰਾਂ ਲਈ ਲੇਖ ਲਿਖਦਾ ਰਿਹਾ ਹਾਂ। ਪਰ ਮੈਂ ਆਮ ਤੌਰ ਮੀਡੀਆ ਵਿੱਚ ਨਿਊਜ਼ ਰਿਪੋਰਟਿੰਗ ਵੱਲ ਘੱਟ ਕੰਮ ਕੀਤਾ ਹੈ, ਜ਼ਿਆਦਾਤਰ ਸਮਾਜਿਕ, ਰਾਜਨੀਤਕ ਜਾਂ ਲੋਕ ਪੱਖੀ ਮਸਲਿਆਂ ਨਾਲ ਸਬੰਧਿਤ ਉਪੀਨੀਅਨ ਮੇਕਿੰਗ ਆਰਟੀਕਲ ਹੀ ਲਿਖੇ ਹਨ। 'ਡੇ ਐਂਡ ਨਾਈਟ' ਦੇ 'ਪਰਾਈਮ ਡੀਬੇਟ' ਲਈ ਹੋਸਟ ਦੇ ਤੌਰ ਤੇ ਕੰਮ ਕੀਤਾ। ਇਸ ਦੌਰਾਨ ਮੈਂ 3 ਸਾਲ 'ਪੰਜਾਬੀ ਟ੍ਰਿਬਿਊਨ' ਨਾਲ, 2 ਸਾਲ 'ਡੇ ਐਂਡ ਨਾਈਟ' ਨਾਲ, 1 ਸਾਲ 'ਬੀ. ਬੀ. ਸੀ. ਆਨਲਾਈਨ ਤੇ ਰੇਡੀਉ' ਨਾਲ ਵੀ ਕੰਮ ਕੀਤਾ ਹੈ। ਇਸ ਤੋਂ ਇਲਾਵਾ ਗਲੋਬਲ ਪੰਜਾਬ ਟੀ. ਵੀ., ਦੈਨਿਕ ਭਾਸਕਰ, ਨਵਾਂ ਜਮਾਨਾ, ਪੰਜਾਬ ਟਾਈਮਜ਼ ਆਦਿ ਅਖਬਾਰਾਂ ਵਿੱਚ ਵੀ ਮੇਰੇ ਵੱਖ-ਵੱਖ ਵਿਸ਼ਿਆਂ ਤੇ ਆਰਟੀਕਲ ਛਪਦੇ ਹਨ। ਬੇਸ਼ਕ ਮੈਂ ਮੁੱਖਧਾਰਾ ਦੇ ਮੀਡੀਆ ਵਿੱਚ ਵੀ ਕਾਫੀ ਸਾਲ ਕੰਮ ਕੀਤਾ, ਪਰ ਮੇਰਾ ਮੁੱਖ ਰੁਝਾਨ 'ਬਦਲਵੇਂ ਮੀਡੀਆ' ਵੱਲ ਹੀ ਰਿਹਾ ਹੈ।



**? ਤੁਸੀਂ ਮੁੱਖਧਾਰਾ (Main Stream) ਤੇ ਬਦਲਵੇਂ ਮੀਡੀਆ (Alternate Media) ਵਿੱਚ ਕੰਮ ਕੀਤਾ ਹੈ, ਦੋਨਾਂ ਖੇਤਰਾਂ ਵਿੱਚ ਤੁਹਾਡਾ ਅਨੁਭਵ ਕਿਹੋ ਜਿਹਾ ਰਿਹਾ।**

-ਜਿਸ ਤਰ੍ਹਾਂ ਮੈਂ ਦੱਸਿਆ ਹੈ ਕਿ ਬੇਸ਼ਕ ਮੈਂ ਮੁੱਖਧਾਰਾ ਮੀਡੀਆ (Main Stream Media) ਵਿੱਚ ਵੀ ਕੰਮ ਕੀਤਾ ਹੈ, ਪਰ ਮੇਰੀ ਸਮਾਜਿਕ ਸਰੋਕਾਰਾਂ ਤੇ ਮਸਲਿਆਂ ਪ੍ਰਤੀ ਇੱਕ ਆਪਣੀ ਸਮਝ ਹੈ। ਇਸ ਲਈ ਮੇਰਾ ਜ਼ਿਆਦਾ ਰੁਝਾਨ 'ਬਦਲਵੇਂ ਮੀਡੀਆ' (Alternate Media) ਵੱਲ ਰਿਹਾ ਹੈ। ਮੁੱਖਧਾਰਾ ਮੀਡੀਆ ਬਾਰੇ ਮੇਰਾ ਬਾਹਰੋਂ ਇੱਕ ਵੱਖਰਾ ਨਜ਼ਰੀਆ ਸੀ, ਜਿਸ ਬਾਰੇ ਉਸ ਵਿੱਚ ਕੰਮ ਕਰਕੇ, ਉਸਦੀ ਅੰਦਰਲੀ ਕਾਰਜਸ਼ੈਲੀ ਬਾਰੇ ਸਮਝ ਪਈ। ਆਮ ਤੌਰ ਤੇ ਮੁੱਖ ਧਾਰਾ ਮੀਡੀਆ 4 ਪੱਖਾਂ ਤੇ ਕੰਮ ਕਰਦਾ ਹੈ, ਜਿਨ੍ਹਾਂ ਵਿੱਚ ਸਿਆਸਤਦਾਨਾਂ ਦੇ ਬਿਆਨ, ਦੇਸ਼-ਵਿਦੇਸ਼ ਵਿੱਚ ਵਾਪਰ ਰਹੀਆਂ ਰੋਜ਼ਮਰਾ ਦੀਆਂ ਘਟਨਾਵਾਂ, ਸਰਕਾਰੀ ਬਿਆਨ ਜਾਂ ਜਾਣਕਾਰੀ ਤੇ ਥੋੜ੍ਹਾ ਬਹੁਤ ਸਮਾਜਿਕ ਜਾਂ ਰਾਜਨੀਤਕ ਮਸਲਿਆਂ ਪ੍ਰਤੀ ਆਪਣੀਆਂ ਸੀਮਤਾਈਆਂ ਵਿੱਚ ਰਹਿ ਕਿ ਜਾਣਕਾਰੀ ਦੇਣੀ। ਪਰ ਮੈਂ ਇਹ ਸਮਝਦਾ ਹਾਂ ਕਿ ਸਮਾਜ ਦਾ ਇੱਕ ਬਹੁਤ ਵੱਡਾ ਹਿੱਸਾ ਜਿਸਦੀ ਰਾਜਨੀਤਕ ਜਾਂ ਸਮਾਜਿਕ ਖੇਤਰ ਵਿੱਚ ਕਿਤੇ ਵੀ ਸੁਣਵਾਈ ਨਹੀਂ, ਮੇਨ ਸਟਰੀਮ ਮੀਡੀਆ ਉਸਨੂੰ ਅਕਸਰ ਅਣਡਿੱਠ ਕਰ ਜਾਂਦਾ ਹੈ। ਉਸ ਤਬਕੇ ਦੇ ਲੋਕਾਂ ਦੀ ਆਵਾਜ਼ ਕਿਤੇ

(ਬਾਕੀ ਸਫ਼ਾ 29 'ਤੇ)






# ਤਾਨਾਸ਼ਾਹ ਰੁਝਾਨ ਨੂੰ ਰੋਕਣ ਲਈ ਜ਼ਰੂਰੀ ਹੈ ਜਮਹੂਰੀ ਲੋਕ-ਰਾਇ



-ਬੂਟਾ ਸਿੰਘ

ਡੂੰਘੇ ਆਰਥਕ ਤੇ ਸਮਾਜੀ ਸੰਕਟ ਵਿਚ ਘਿਰੇ ਪੰਜਾਬ ਵਿਚ ਆਵਾਮੀ ਸਰੋਕਾਰ ਬੇਰੋਕ ਰੋਸ-ਵਿਖਾਵਿਆਂ ਦੀ ਸ਼ਕਲ 'ਚ ਵਾਰ-ਵਾਰ ਉੱਭਰਦੇ ਆ ਰਹੇ ਹਨ। ਰੋਸ-ਵਿਖਾਵਿਆਂ ਦੀ ਸ਼ਕਲ ਅਤੇ ਢੰਗਾਂ ਬਾਰੇ ਸਹਿਮਤੀ-ਅਸਹਿਮਤੀ ਹੋ ਸਕਦੀ ਹੈ। ਪਰ ਹੈ ਇਹ ਤਲਖ਼ ਹਕੀਕਤ ਜਿਸ ਨੂੰ ਸ਼ਾਇਦ ਸੱਤਾਧਾਰੀ ਧਿਰ ਨੂੰ ਛੱਡਕੇ ਕਿਸੇ ਹੋਰ ਨੂੰ ਮੰਨ ਲੈਣ 'ਚ ਕੋਈ ਮੁਸ਼ਕਲ ਨਹੀਂ। ਕਾਰਨ ਚਾਹੇ ਕੋਈ ਵੀ ਹੋਣ, ਇਹ ਸਰੋਕਾਰ ਅਤੇ ਮੁੱਦੇ ਐਨੇ ਮੂੰਹਜ਼ੋਰ ਹਨ ਕਿ ਸੂਬਾ ਸਰਕਾਰ ਦੀ ਸਿਆਸੀ ਸੰਗੀ ਧਿਰ ਦੇ ਤਰਜ਼ਮਾਨਾਂ ਦੇ ਮੁਖਾਰਬਿੰਦ ਵਿੱਚੋਂ ਵੀ ਇਹ ਸੱਚ ਕਈ ਵਾਰ ਬਾਹਰ ਆ ਚੁੱਕਾ ਹੈ। ਰੋਸ ਦਾ ਇਕ ਜ਼ਬਰਦਸਤ ਇਜ਼ਹਾਰ ਪਿੱਛੇ ਜਹੇ ਬਦੇਸ਼ੀ ਧਰਤੀ ਉੱਪਰ ਵੀ ਹੋਇਆ ਸੀ ਪਰ ਸੱਤਾਧਾਰੀ ਧਿਰ ਨੇ ਉਸ ਤੋਂ ਸਬਕ ਲੈਕੇ ਰਾਜ ਦੇ ਦਸਤੂਰ ਨੂੰ ਬਦਲਣਾ ਜ਼ਰੂਰੀ ਨਹੀਂ ਸਮਝਿਆ। ਸੱਤਾਧਾਰੀਆਂ ਨੂੰ ਅਜੇ ਵੀ ਸ਼ਾਇਦ ਲੱਛਣਾਂ ਦੀ ਬਜਾਏ ਡੂੰਘੀ ਸਮਾਜੀ ਬੇਚੈਨੀ ਤੇ ਆਵਾਮੀ ਬਦਜ਼ਨੀ ਦੇ ਕਾਰਨਾਂ ਨੂੰ ਤਸਲੀਮ ਕਰਨ ਦੀ ਜ਼ਰੂਰਤ ਮਹਿਸੂਸ ਨਹੀਂ ਹੋ ਰਹੀ। ਉਹ ਅਜੇ ਵੀ ਸਮਝਦੇ ਹਨ ਕਿ ਸਿਆਸੀ ਪੈਂਤੜੇਬਾਜ਼ੀਆਂ ਅਤੇ ਸੱਤਾ ਦੀ ਤਾਕਤ ਨਾਲ ਰੋਸ ਨੂੰ ਦਬਾਇਆ ਜਾ ਸਕਦਾ ਹੈ, ਘੱਟੋਘੱਟ ਖੌਲ਼ਦੇ ਰੋਹ ਉੱਪਰ ਠੰਡਾ ਤਾਂ ਛਿੜਕਿਆ ਹੀ ਜਾ ਸਕਦਾ ਹੈ।

ਦਰਅਸਲ, ਜ਼ਮੀਨੀਂ ਪੱਧਰ 'ਤੇ ਆਵਾਮ ਅਤੇ ਸੱਤਾ ਦੇ ਹਿੱਤਾਂ ਦਾ ਜੋ ਤਰਕਸੰਗਤ ਟਕਰਾਅ ਵਿਕਸਤ ਹੋ ਚੁੱਕਾ ਹੈ ਉਸ ਦਾ ਹੱਲ ਨੀਤੀਆਂ ਵਿਚ ਬੁਨਿਆਦੀ ਬਦਲਾਓ ਅਤੇ ਇਸ ਲਈ ਲੋੜੀਂਦੀ ਸਿਆਸੀ ਇੱਛਾ-ਸ਼ਕਤੀ ਬਿਨਾ ਸੰਭਵ ਨਹੀਂ। ਪਰ ਸੂਬੇ ਦੀ ਵਜ਼ਾਰਤ ਦੇ ਪੱਧਰ 'ਤੇ ਇਸ ਦੀ ਜੋ ਰਾਜਕੀ 'ਮੈਨੇਜਮੈਂਟ' ਹੋ ਰਹੀ ਹੈ ਉਸ ਦੀ ਧੁੱਸ ਹਾਲਾਤ ਦੇ ਤਕਾਜ਼ਿਆਂ ਤੋਂ ਐਨ ਉਲਟ ਨਜ਼ਰ ਆ ਰਹੀ ਹੈ। ਸਰੋਕਾਰੀ ਆਵਾਜ਼ਾਂ ਪ੍ਰਤੀ ਸੱਤਾਧਾਰੀ ਧਿਰ ਦਾ ਹੁੰਗਾਰਾ ਇਕ ਬਹੁਤ ਹੀ ਖ਼ਤਰਨਾਕ ਰੁਝਾਨ ਦੇ ਵਧਾਰੇ-ਪਸਾਰੇ ਵੱਲ ਇਸ਼ਾਰਾ ਹੈ ਜਿਸ ਅੰਦਰ ਭਵਿੱਖ ਵਿਚ ਉਸ ਸੀਮਤ ਜਮਹੂਰੀ ਗੁੰਜਾਇਸ਼-ਜਮਹੂਰੀ ਕਦਰਾਂ-ਕੀਮਤਾਂ ਤੇ ਹੱਕ - ਲਈ ਗੰਭੀਰ ਅਰਥ-ਸੰਭਾਵਨਾਵਾਂ ਸਮੋਈਆਂ ਹੋਈਆਂ ਹਨ ਜੋ ਬਦੇਸ਼ੀ ਗ਼ੁਲਾਮੀ ਵਿਰੁੱਧ ਆਜ਼ਾਦੀ ਦੇ ਸੰਘਰਸ਼ ਦੇ ਵਕਤ ਤੋਂ ਲੈ ਕੇ ਮੁਲਕ ਦੇ ਆਵਾਮ ਵਲੋਂ ਲੰਮੇ ਸੰਘਰਸ਼ਾਂ ਜ਼ਰੀਏ ਹਾਸਲ ਕੀਤੀ ਗਈ ਸੀ। ਰੋਸ-ਪ੍ਰਗਟਾਵੇ ਦਾ ਹੱਕ ਆਜ਼ਾਦੀ ਲਈ ਜੱਦੋਜਹਿਦ ਦਾ ਅਨਿੱਖੜ ਅੰਗ ਰਿਹਾ ਹੈ ਅਤੇ ਇਸ ਉੱਪਰ ਹਾਲੀਆ ਨਿਹਾਇਤ ਘਾਤਕ ਹਮਲੇ ਗੰਭੀਰ ਫ਼ਿਕਰਮੰਦੀ ਦਾ ਵਿਸ਼ਾ ਹੋਣੇ ਚਾਹੀਦੇ ਹਨ।

ਪਿਛਲੇ ਦਿਨੀਂ ਬਠਿੰਡਾ ਜ਼ਿਲ੍ਹੇ ਵਿਚ ਪੰਚਾਇਤ ਮੰਤਰੀ ਵਿਰੁੱਧ ਰੋਸ ਪ੍ਰਗਟਾਉਣ ਵਾਲੇ ਆਮ ਬੰਦੇ ਦੀ 'ਯੂਥ ਬ੍ਰਿਗੇਡ' ਵਲੋਂ ਬੇਤਹਾਸ਼ਾ ਕੁੱਟਮਾਰ ਅਤੇ ਸੱਤਾਧਾਰੀ ਧਿਰ ਦੀ ਹਾਲੀਆ 'ਸਦਭਾਵਨਾ ਰੈਲੀ' ਦੀ ਹਿਫ਼ਾਜ਼ਤ ਲਈ ਪ੍ਰਾਈਵੇਟ ਲਸ਼ਕਰਾਂ ਦੀ ਲਾਮਬੰਦੀ ਦੀਆਂ ਖ਼ਬਰਾਂ ਮਾਮੂਲੀ ਘਟਨਾ-ਵਿਕਾਸ ਨਹੀਂ ਹਨ। ਇਹ ਸੱਤਾਧਾਰੀ ਧਿਰ ਦੀ ਕਾਨੂੰਨੀ ਤਾਕਤਾਂ-ਰਾਜਤੰਤਰ-ਦੇ ਕਾਨੂੰਨੀ ਇਸਤੇਮਾਲ ਤੋਂ ਬੇਭਰੋਸਗੀ ਅਤੇ ਆਪਣੇ ਸਿਆਸੀ ਨਿਖੇੜੇ ਨੂੰ ਰੋਕਣ ਲਈ ਗ਼ੈਰਕਾਨੂੰਨੀ ਤਾਕਤਾਂ ਤੇ ਢੰਗਾਂ ਉੱਪਰ ਵਧ ਰਹੀ ਟੇਕ ਦੀਆਂ ਨਿਸ਼ਾਨੀਆਂ ਹਨ। ਘੋਰ ਗ਼ੈਰਜਮਹੂਰੀ ਅਤੇ ਤਾਨਾਸ਼ਾਹ ਜ਼ਿਹਨੀਅਤ ਜਮਹੂਰੀਅਤ ਦੇ ਨਾਂ ਹੇਠ ਸੱਤਾਧਾਰੀ ਹੋਕੇ ਵੀ ਆਪਣੀ ਮੂਲ ਫ਼ਿਤਰਤ ਨਹੀਂ ਬਦਲ ਸਕਦੀ। ਦੇਰ-ਸਵੇਰ ਇਹ ਆਪਣਾ ਰੰਗ ਦਿਖਾਉਂਦੀ ਹੈ। ਬੇਸ਼ੱਕ ਇਸ ਦਾ ਇਕ ਸੱਜਰਾ ਇਜ਼ਹਾਰ ਸੱਤਾਧਾਰੀ ਧਿਰ ਵਲੋਂ ਗ਼ੈਰਕਾਨੂੰਨੀ ਲੱਠਮਾਰਾਂ ਦਾ ਇਸਤੇਮਾਲ ਹੈ ਪਰ ਅਤੀਤ ਵਿਚ ਵੀ ਇਹ 'ਪੰਥਕ' ਆਗੂਆਂ ਵਲੋਂ ਖ਼ੁਦ ਅੰਦੋਲਨਕਾਰੀ ਧੀਆਂ ਦੀਆਂ ਗੁੱਤਾਂ ਪੁੱਟਣ ਅਤੇ ਨੌਜਵਾਨਾਂ ਦੀਆਂ ਪੱਗਾਂ ਲਾਹੁਣ ਜਾਂ ਕਾਂਗਰਸੀ ਕਪਤਾਨਾਂ ਵਲੋਂ ਅਕਾਲੀਆਂ ਨੂੰ 'ਖੂੰਡੇ ਨਾਲ ਸਿੱਧੇ ਕਰਨ' ਦੇ ਐਲਾਨਾਂ ਦੀ ਸ਼ਕਲ ਵਿਚ ਵਾਰ-ਵਾਰ ਸਾਹਮਣੇ ਆਉਂਦਾ ਰਿਹਾ ਹੈ। ਇਹ ਵਕਤੀ ਸਿਆਸੀ ਮਰਜ ਨਾ ਹੋ ਕੇ ਸੂਬੇ ਦੀ ਮੁੱਖਧਾਰਾ ਸਿਆਸਤ, ਖ਼ਾਸ ਕਰਕੇ ਇਸ ਦੀਆਂ ਦੋ ਮੁੱਖ ਪਾਰਟੀਆਂ, ਦੇ ਮੂਲ ਢਾਂਚੇ ਵਿਚ ਘਰ ਕਰ ਚੁੱਕੇ 'ਦੀਰਘ-ਰੋਗ' ਦੇ ਲੱਛਣ ਹਨ। ਇਹ ਸਿਆਸਤ ਸਮਾਜੀ-ਆਰਥਕ ਢਾਂਚੇ ਦੇ ਅਸਲ ਸਰੋਕਾਰਾਂ ਨੂੰ ਮੁਖ਼ਾਤਬ ਹੋਣ ਦੀ ਬਜਾਏ ਚੋਣ ਮੁਹਿੰਮਾਂ ਅਤੇ ਚੋਣ ਤਿਆਰੀਆਂ ਜਾਂ ਅਸੰਬਲੀ ਸੈਸ਼ਨਾਂ ਅੰਦਰ ਸਿਆਸੀ ਚਾਂਦਮਾਰੀ ਵਿਚ ਡੂੰਘਾ ਯਕੀਨ ਰੱਖਦੀ ਹੈ। ਮੁੱਦੇ ਇਨ੍ਹਾਂ ਲਈ ਸਰੋਕਾਰ ਨਾ ਹੋ ਕੇ ਮਹਿਜ਼ ਸੱਤਾ ਦੀ ਪੌੜੀ ਹਨ। ਸਰੋਕਾਰਾਂ ਅਤੇ ਹਕੀਕੀ ਮੁੱਦਿਆਂ ਬਾਰੇ ਇਨ੍ਹਾਂ ਸਿਆਸੀ ਪਾਰਟੀਆਂ ਦੀ ਸੁਰ ਅਤੇ ਹੁੰਗਾਰਾ ਇਸ 'ਤੇ ਮੁਨੱਸਰ ਕਰਦੇ ਹਨ ਕਿ ਹਾਸਲ ਹਾਲਤ ਵਿਚ ਉਹ ਸੱਤਾਧਾਰੀ ਹਨ ਜਾਂ 'ਵਿਰੋਧੀ-ਧਿਰ' ਵਿਚ।

ਇਸ ਵੰਨਗੀ ਦੀ ਸਿਆਸਤ ਵਿਚ ਚੋਣ ਮਨੋਰਥਨਾਮੇ ਦੀ ਸ਼ਨਾਖ਼ਤ ਵਾਅਦਾ-ਖ਼ਿਲਾਫ਼ੀ ਵਜੋਂ ਪ੍ਰਵਾਨਗੀ ਹਾਸਲ ਕਰ ਚੁੱਕੀ ਹੈ। ਇਸ ਵਿਚ ਆਵਾਮ ਦੀ ਹੈਸੀਅਤ ਮਹਿਜ਼ ਵੋਟ-ਪਰਚੀਆਂ ਦੀ ਹੈ ਜਿਨ੍ਹਾਂ ਦੀ ਚੋਣਾਂ ਮੌਕੇ ਅਸੀਲ ਭੇਡਾਂ ਸਮਝਕੇ ਉਨ ਲਾਹੁਣਾ ਅਤੇ ਫਿਰ ਉਨ੍ਹਾਂ ਨੂੰ ਡਾਂਗਾਂ ਨਾਲ ਝੰਬਣਾ ਤੇ ਜਾਬਰ ਕਾਨੂੰਨਾਂ ਨਾਲ ਜ਼ਬਾਨਬੰਦੀ ਕਰਨਾ ਸਿਆਸਤਦਾਨ ਆਪਣਾ ਜਮਾਂਦਰੂ ਹੱਕ ਸਮਝਦੇ ਹਨ। ਚੋਣ ਵਾਅਦਿਆਂ ਉੱਪਰ ਅਮਲਦਾਰੀ ਸਿਆਸੀ ਸੰਜੀਦਗੀ ਤੋਂ ਨਹੀਂ ਚੋਣਾਂ ਵਿਚ ਰਹਿੰਦੇ ਵਕਤ ਤੋਂ ਤੈਅ ਹੁੰਦੀ ਹੈ। (ਰੋਜ਼ਗਾਰ ਤੇ ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ ਦੀਆਂ ਵਾਜਬ ਮੰਗਾਂ ਬਾਬਤ ਗੱਲਬਾਤ ਦੀ ਮੇਜ ਉੱਪਰ ਆਵਾਮੀ ਵਫ਼ਦਾਂ ਅੱਗੇ ਮੁੱਖ ਮੰਤਰੀ ਦਾ ਖ਼ਜ਼ਾਨਾ ਖਾਲੀ ਹੋਣ ਦਾ ਰੋਣਾ ਹੁਣ ਇਕਦਮ ਸਵਾ ਲੱਖ ਨੌਕਰੀਆਂ ਦੇ ਦਰਿਆਦਿਲ ਐਲਾਨ ਵਿਚ ਬਦਲ ਗਿਆ ਹੈ।) ਇਨ੍ਹਾਂ ਹਾਲਾਤ ਵਿਚ ਚੋਣ ਗਿਣਤੀਆਂ-ਮਿਣਤੀਆਂ ਦਾ ਸਿਆਸਤ ਵਿਚ ਕੇਂਦਰੀ ਰੁਤਬਾ ਅਤੇ ਆਵਾਮੀ ਸਰੋਕਾਰਾਂ ਦਾ ਹਮੇਸ਼ਾ ਗ਼ਾਇਬ ਰਹਿਣਾ, ਜਵਾਬਦੇਹੀ ਦੀ ਥਾਂ ਲਾਰਿਆਂ ਨਾਲ ਲਬਰੇਜ਼ ਭਾਸ਼ਣਕਾਰੀ ਹੈਰਤਅੰਗੇਜ਼ ਨਹੀਂ। ਮਸਲਾ ਇਸ ਕੌੜੀ ਹਕੀਕਤ ਦੀ ਪਛਾਣਕਾਰੀ ਅਤੇ ਪ੍ਰਵਾਨਗੀ ਦਾ ਹੈ।

ਆਵਾਮ ਜਮਹੂਰੀਅਤ ਦੇ ਭਰਮ ਵਿਚ ਜ਼ਿੰਦਗੀ ਬਸਰ ਕਰਦੇ ਹਨ। ਵਾਅਦੇ ਅਤੇ ਵਾਅਦਾ-ਖ਼ਿਲਾਫ਼ੀ ਦੀ ਸਹਿਹੋਂਦ ਇਸ ਜਮਹੂਰੀਅਤ ਦੀ ਵਜੂਦ-ਸਮੋਈ ਖ਼ਾਸੀਅਤ ਹੈ। ਇਸ ਦੇ ਅੰਦਰ ਸੱਤਾਧਾਰੀ ਹੋਣ ਵਾਲੇ ਚੋਣ-ਮਨੋਰਥਨਾਮਿਆਂ ਤੋਂ ਐਨ ਉਲਟ ਨੀਤੀਆਂ ਬਣਾਉਣ ਅਤੇ ਇਨ੍ਹਾਂ ਉੱਪਰ ਬੇਰੋਕ-ਟੋਕ ਅਮਲਦਾਰੀ ਦੇ ਹੱਕਦਾਰ ਸਮਝੇ ਜਾਂਦੇ ਹਨ। ਰੋਜ਼ਗਾਰਹੀਣ 'ਵਿਕਾਸ' ਵਿਨਾਸ਼ ਦਾ ਦੂਜਾ ਨਾਂ ਹੈ ਜੋ ਆਵਾਮ ਦੀ ਕੀਮਤ 'ਤੇ ਧੜਾਧੜ ਕੀਤਾ ਜਾ ਰਿਹਾ ਹੈ। ਜਿਸ ਵਿਚ ਕੈਲੀਫੋਰਨੀਆ ਦੇ ਜੱਨਤ ਦੇ ਲਾਰੇ ਅਤੇ ਜ਼ਿੰਦਗੀ ਨੂੰ ਜਹੰਨਮ ਵਰਗੀ ਬਣਾਉਣ ਦਾ ਸੱਤਾਧਾਰੀ ਦਸਤੂਰ ਨਾਲੋ-ਨਾਲ ਚਲਦੇ ਹਨ ਤੇ ਚਲਦੇ ਰਹਿ ਸਕਦੇ ਹਨ। ਸੱਤਾਧਾਰੀ ਧਿਰ ਦੀ ਹਕੀਕੀ ਕਾਰਗੁਜ਼ਾਰੀ ਅਤੇ ਬਦਨੀਅਤ ਨੂੰ ਸਮਝਣ ਲਈ ਆਵਾਮ ਦੀ ਚੇਤਨਾ ਇਕ ਵਕਤ ਲੈਂਦੀ ਹੈ। ਇਹ ਵਕਤ ਹੀ ਸੱਤਾਧਾਰੀਆਂ ਲਈ ਮਨਮਾਨੀਆਂ ਦਾ ਸੁਨਹਿਰੀ ਮੌਕਾ ਹੈ।

ਮੌਜੂਦਾ ਸੱਤਾਧਾਰੀਆਂ ਨੇ ਆਵਾਮ ਦੀ ਬੇਵਸੀ ਦਾ ਪੂਰਾ ਲਾਹਾ ਲੈਂਦੇ ਹੋਏ ਮਨਮਾਨੀਆਂ ਦੀ ਕੋਈ ਕਸਰ ਨਹੀਂ ਛੱਡੀ। ਆਰਥਿਕਤਾ ਦਾ ਕੋਈ ਖੇਤਰ ਕਾਰਪੋਰੇਟ ਪੱਖੀ ਨੀਤੀਆਂ ਅਤੇ ਖ਼ਾਸ ਪਰਿਵਾਰਾਂ ਵਲੋਂ ਮਚਾਈ ਅਜਾਰੇਦਾਰਾ ਲੁੱਟਮਾਰ ਤੋਂ ਨਹੀਂ ਬਚ ਸਕਿਆ। ਪਰ ਬੇਵੱਸ ਆਵਾਮ ਦੇ ਸਬਰ ਦੀ ਵੀ ਇਕ ਇੰਤਹਾ ਹੈ। ਨਸ਼ਿਆਂ ਦੇ ਥੋਕ ਪਸਾਰੇ ਪਿੱਛੇ ਕੰਮ ਕਰਦੇ ਹੱਥਾਂ ਦੀ ਸ਼ਨਾਖ਼ਤ ਦੀ ਜ਼ਰੂਰਤ ਸਮੇਤ ਰੋਜ਼ਮਰਾ ਜ਼ਿੰਦਗੀ ਦੇ ਸਮੂਹ ਸਰੋਕਾਰਾਂ ਨੇ ਆਵਾਮ ਦੀ ਮਾਯੂਸੀ ਨੂੰ ਸਵਾਲਾਂ ਨਾਲ ਖੌਝਲਣ ਵੱਲ ਮੋੜਿਆ ਹੈ। ਇਹੀ ਬਦਲ ਰਹੇ ਹਾਲਾਤ ਹਨ ਜਿਨ੍ਹਾਂ ਵਿਚ ਬੇਅਦਬੀ ਕਾਂਡ ਪਿੱਛੇ 'ਬਦੇਸ਼ੀ ਹੱਥ' ਦਾ ਸੱਤਾਧਾਰੀ ਸ਼ੋਸ਼ਾ ਆਵਾਮ ਉੱਪਰ ਕੋਈ ਪ੍ਰਭਾਵ ਨਹੀਂ ਪਾ ਸਕਿਆ। ਜੇ ਸਾਢੇ ਪੰਜ ਹਜ਼ਾਰ ਤੋਂ ਉੱਪਰ ਕਿਸਾਨਾਂ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਨਾਲ ਸੱਤਾਧਾਰੀਆਂ ਦੀ ਕੁੰਭਕਰਨੀ ਨੀਂਦ ਨਹੀਂ ਖੁੱਲ੍ਹੀ, ਫਿਰ ਉਨ੍ਹਾਂ ਦੀਆਂ ਅੱਖਾਂ ਤਾਂ ਇਕ ਦਿਨ ਖੁੱਲ੍ਹਣੀਆਂ ਹੀ ਸਨ ਜਿਨ੍ਹਾਂ ਦੀ ਮੂਲ ਫ਼ਿਤਰਤ ਖ਼ੁਦਕੁਸ਼ੀ ਕਰਨਾ ਅਤੇ ਜ਼ਿੰਦਗੀ ਨੂੰ ਪਿੱਠ ਦਿਖਾਉਣਾ ਨਹੀਂ ਸਗੋਂ ਮੁਸ਼ੱਕਤ ਕਰਕੇ ਸਨਮਾਨ ਵਾਲੀ ਜ਼ਿੰਦਗੀ ਜਿਉਣ ਦੀ ਹੈ।

ਅਵਾਮ ਦਾ ਜਾਗਣਾ ਨਾ ਸੱਤਾ ਨੂੰ ਮਨਜ਼ੂਰ ਹੈ ਨਾ ਸੱਤਾਧਾਰੀਆਂ ਨੂੰ। ਸੱਤਾਧਾਰੀ ਧਿਰ ਨੂੰ ਆਪਣੀ ਵਧ ਰਹੀ ਸਿਆਸੀ ਅਲਹਿਦਗੀ ਅਤੇ ਬੇਵੁੱਕਤੀ ਹਜ਼ਮ ਨਹੀਂ ਹੋ ਰਹੀ। ਉਹ ਇਹ ਸੱਚ ਕਬੂਲਣ ਲਈ ਜ਼ਿਹਨੀਂ ਤੌਰ 'ਤੇ ਤਿਆਰ ਨਹੀਂ ਕਿ ਜੇ ਨੌਂ ਸਾਲ ਰੋਜ਼ਗਾਰ ਦੀ ਮੰਗ ਪ੍ਰਤੀ ਸੱਤਾਧਾਰੀ ਧਿਰ ਦਾ ਹੁੰਗਾਰਾ ਪੁਲਿਸੀ ਡਾਂਗਾਂ ਅਤੇ ਸਰਕਾਰੀ ਰੈਲੀਆਂ ਵਿਚ ਜਵਾਨੀ ਦੀਆਂ ਪੱਗਾਂ ਤੇ ਚੁੰਨੀਆਂ ਦੀ ਬੇਹੁਰਮਤੀ ਹੈ ਤਾਂ ਆਵਾਮ ਵੀ ਗੁਲਦਸਤੇ ਲੈ ਕੇ ਉਨ੍ਹਾਂ ਦੇ ਸਵਾਗਤ ਲਈ ਹੁੰਮ-ਹੁਮਾਕੇ ਨਹੀਂ ਆਉਣ ਲੱਗੇ। ਆਵਾਮੀ ਹਮਾਇਤ ਦਾ ਇਖ਼ਲਾਕੀ ਅਧਾਰ ਗੁਆ ਚੁੱਕੀ ਸਿਆਸਤ ਧਿੰਙੋਜ਼ੋਰੀ ਪ੍ਰਵਾਨਗੀ ਚਾਹੁੰਦੀ ਹੈ। ਪਰ ਲਗਭਗ ਨੌਂ ਸਾਲ ਲੰਮੇ ਰਾਜ ਵਿਚ ਨਿਹਾਇਤ ਧਾੜਵੀ ਤੇ ਧੱਕੜ ਨੀਤੀਆਂ ਜ਼ਰੀਏ ਧੱਕਕੇ ਕੰਧ ਨਾਲ ਲਾਈ ਪਰਜਾ 'ਸਦਭਾਵਨਾ' ਦਾ ਨਹੀਂ ਰੋਸ ਦਾ ਰਾਹ ਚੁਨਣਾ ਪਸੰਦ ਕਰ ਰਹੀ ਹੈ। ਰੋਸ-ਵਿਖਾਵੇ ਆਵਾਮ ਦਾ ਸ਼ੌਕ ਨਹੀਂ ਜਵਾਬਦੇਹੀ ਦੀ ਹੱਕ ਵਜਾਨਬ ਮੰਗ ਦਾ ਇਜ਼ਹਾਰ ਹਨ। ਇਸੇ ਲਈ ਉਹ ਆਪਮੁਹਾਰੇ ਰੇਲਾਂ, ਸੜਕਾਂ ਉੱਪਰ ਆ ਬੈਠਦੇ ਹਨ। ਆਵਾਮ ਦੀ ਖ਼ਾਮੋਸ਼ੀ ਸੱਤਾਧਾਰੀ ਕਾਰਗੁਜ਼ਾਰੀ ਨਾਲ ਰਜ਼ਾਮੰਦੀ ਨਹੀਂ ਹੁੰਦੀ। ਖ਼ਾਮੋਸ਼ੀ ਦਾ ਜਵਾਬਦੇਹੀ ਦੀ ਮੰਗ ਤੇ ਹੱਕ-ਜਤਾਈ ਵਿਚ ਕਾਇਆਕਲਪ ਹੋ ਜਾਣਾ ਸੁਭਾਵਿਕ ਵੀ ਹੈ ਅਤੇ ਤਰਕਸੰਗਤ ਵੀ। ਪੰਜਾਬ ਦੇ ਹਾਲਾਤ ਹੁਣ ਇਸ ਨੁਕਤੇ 'ਤੇ ਆ ਖੜ੍ਹੇ ਹਨ। ਸੱਤਾਧਾਰੀ ਧਿਰ ਇਸ ਸਚਾਈ ਨੂੰ ਭੁੱਲ ਰਹੀ ਹੈ ਕਿ ਰਾਜਤੰਤਰ ਦੀ ਤਾਕਤ ਨਾਲ ਜੁਟਾਏ ਰੈਲੀਆਂ ਦੇ ਇਕੱਠ ਹਰਮਨਪਿਆਰਤਾ ਦਾ ਮਾਪਦੰਡ ਨਹੀਂ ਹੁੰਦੇ। ਹਕੀਕੀ ਹਰਮਨਪਿਆਰਤਾ ਨੂੰ ਦਰਸ਼ਨੀ ਇਕੱਠਾਂ ਦੀ ਲੋੜ ਪੈਂਦੀ ਹੀ ਨਹੀਂ।

ਸੱਤਾਧਾਰੀ ਧਿਰ ਦਾ ਜ਼ੋਰ ਰੋਸ-ਵਿਖਾਵਿਆਂ ਨਾਲ ਨਜਿੱਠਣ ਲਈ ਰਾਜ ਦੇ ਵੱਧ ਤੋਂ ਵੱਧ ਪੁਲਿਸੀਕਰਨ ਅਤੇ ਸਰਕਾਰੀ ਤੇ ਨਿੱਜੀ ਜਾਇਦਾਦ ਦੀ ਹਿਫ਼ਾਜ਼ਤ ਲਈ ਸਖ਼ਤ ਕਾਨੂੰਨਾਂ ਦੀ ਪੇਸ਼ਬੰਦੀ ਕਰਨ ਉੱਪਰ ਹੈ। ਕੀ ਜਾਬਰ ਤੋਂ ਜਾਬਰ ਕਾਨੂੰਨੀ ਤੇ ਗ਼ੈਰਕਾਨੂੰਨੀ ਪੇਸ਼ਬੰਦੀਆਂ ਸਵਾਲਾਂ ਅਤੇ ਰੋਸ ਦੀ ਵਾਜਬੀਅਤ ਨੂੰ ਮਿਟਾ ਸਕਦੀਆਂ ਹਨ? ਜੇ ਜ਼ਬਾਨ ਵਕਤੀ ਤੌਰ 'ਤੇ ਖ਼ਾਮੋਸ਼ ਕਰ ਦਿੱਤੀ ਜਾਵੇਗੀ, ਸਵਾਲ ਨਵੀਂਆਂ ਸ਼ਕਲਾਂ ਵਿਚ ਫਿਰ ਵੀ ਜਵਾਬ ਮੰਗਦੇ ਰਹਿਣਗੇ। ਸਵਾਲ ਮੂੰਹ ਅੱਡੀ ਖੜ੍ਹੇ ਹਨ: ਜੇ ਸੱਤਾਧਾਰੀ ਧਿਰ ਨੂੰ ਸਰਕਾਰੀ ਅਤੇ ਕੁਝ ਖ਼ਾਸ ਖ਼ਾਨਦਾਨਾਂ ਦੀ ਨਿੱਜੀ ਜਾਇਦਾਦ ਦੇ 'ਨੁਕਸਾਨ' ਦੀ ਐਨੀ ਫ਼ਿਕਰਮੰਦੀ ਹੈ, ਉਹ ਮਨੁੱਖੀ ਜ਼ਿੰਦਗੀ ਦੀ ਹਿਫ਼ਾਜ਼ਤ ਲਈ ਫ਼ਿਕਰਮੰਦ ਕਿਉਂ ਨਹੀਂ? ਉਹ ਉਨ੍ਹਾਂ ਨਿਹਾਇਤ ਗ਼ੈਰਮਹਿਫ਼ੂਜ਼ ਹਾਲਾਤ ਨੂੰ ਬਦਲਣ ਲਈ ਫ਼ਿਕਰਮੰਦ ਕਿਉਂ ਨਹੀਂ ਜਿਨ੍ਹਾਂ ਵਿਚ ਮਿਹਨਤ-ਮੁਸ਼ੱਕਤ ਕਰਨ ਵਾਲੇ ਹੱਥ ਆਪਣੀ ਹੀ ਗਰਦਣ ਲਈ ਫੰਦਾ ਜਾਂ ਜ਼ਹਿਰ ਨਿਗਲਣ ਦਾ ਸਾਧਨ ਬਣ ਜਾਂਦੇ ਹਨ? ਉਹ ਹਾਲਾਤ ਜਿਨ੍ਹਾਂ ਵਿਚ ਜ਼ਿੰਦਗੀ ਦੇ ਸੁਨਹਿਰੀ ਖ਼ਵਾਬ ਸਿਰਜਦਿਆਂ ਜਵਾਨੀ ਵੱਲ ਵਧ ਰਹੇ ਹੋਣਹਾਰ ਬੱਚੇ ਜਾਨਲੇਵਾ ਨਸ਼ਿਆਂ ਦਾ ਸ਼ਿਕਾਰ ਹੁੰਦੇ ਹਨ?

ਪੰਜਾਬ ਦੀਆਂ ਸੱਚੀਆਂ ਖ਼ੈਰਖਵਾਹ ਤਾਕਤਾਂ ਨੂੰ ਆਪਣਾ ਫਰਜ਼ ਸੰਜੀਦਗੀ ਨਾਲ ਪਛਾਨਣਾ ਚਾਹੀਦਾ ਹੈ। ਸੂਬੇ ਨੂੰ ਖ਼ਤਰਨਾਕ ਟਕਰਾਓ ਵੱਲ ਧੱਕ ਰਹੇ ਸੱਤਾਧਾਰੀਆਂ ਦੇ ਹੱਥ ਰੋਕਣ ਲਈ ਲੋਕਪੱਖੀ ਨਜ਼ਰੀਏ ਤੋਂ ਜਮਹੂਰੀ ਲੋਕ-ਰਾਇ ਤਿਆਰ ਕਰਨਾ ਹੁਣ ਵਕਤ ਦਾ ਇਕ ਸਭ ਤੋਂ ਅਹਿਮ ਤਕਾਜ਼ਾ ਹੈ।

ਫ਼ੋਨ : 94634-74342







# Strengthening the heart of Ontario universities: making sure every academic job is a good job



By Graeme Stewart and Brynne Sinclair-Waters

Professors and academic librarians are at the heart of Ontario universities.

They teach courses, mentor students, and conduct research that expands our knowledge and drives our economy. So everyone with a stake in our higher education system—students, parents, businesspeople, citizens, and policymakers—should be concerned with one important question: do we have enough professors to do the teaching, mentoring, and research we need from our universities?

When it comes to Ontario, the answer for a long time has been a definitive "No."

Over the last decade and a half, Ontario's universities have seen a huge increase in enrolment. Between 2000-01 and 2013-14, the number of students has increased by 71 per cent.

The number of faculty has only increased by 31 per cent over the same period.

As a result, Ontario now has the worst student-to-faculty ratio in Canada, at 29-to-1. The next lowest (Quebec) is 23-to-1, while the average in the rest of Canada is 20-to-1.

To catch up with the national average, the Ontario Confederation of University Faculty Associations (OCUFA) estimates Ontario would need to hire over 8,500 new professors by 2020.

The reason for Ontario's poor performance in faculty hiring is not hard to identify. Of all Canada's provinces, Ontario currently provides the lowest level of public funding to its universities, lagging the rest of the country by about 34 per cent.

Even Ontario's sky-high tuition fees (the highest in Canada) can't close the funding gap entirely. The truth is that Ontario's universities are teaching more students with less money per student and proportionately fewer faculty than ever before.

The harmful effects of the faculty hiring gap are profound. Students in Ontario now study in huge classes. According to research by OCUFA, between 2005 and 2012, the number of first- and second-year classes with more than 100 students increased by 40 per cent. The number of fourth-year classes with more than 100 students tripled over the same period.

These are negative trends for students. More students and fewer professors means less one-on-one engagement, fewer opportunities for mentorship, and diminished chances for undergraduate students to be involved in the research projects of their professors—all of which are key indicators of student satisfaction.

Perhaps the most damaging effect of the faculty hiring gap has been the rise of precarious academic work. A large and growing number of faculty now teach on course-by-course contracts and limited-term appointments. These contract faculty positions are insecure, and many come with low pay and poor access to benefits.

It is difficult to know exactly how many of these individuals are currently teaching in Ontario because universities have been reluctant to publicize this data. But OCUFA has estimated that the number of courses taught by contract faculty has nearly doubled since 2000-01.

At Wilfrid Laurier University, for example, contract faculty now teach 52 per cent of undergraduates.

The chronic underfunding of Ontario's universities is driving this explosive growth in the number of contract faculty. After years of declining investment by the Government of Ontario, universities now lack the financial resources they need to hire more full-time faculty.

A contract faculty member—paid by the course and with no benefits or pension plan—is much cheaper than a tenure-track professor. So, university administrators have turned to precarious academics to fill the faculty hiring gap.

And let's be honest—many administrators like the "flexibility" afforded by contract employment. They can reconfigure their workforces quickly, increasing or cutting the number of contract academics as demand and budgets dictate.

But it has a huge impact on both the individuals stuck in these jobs and the quality of education provided at Ontario universities.

There is no doubt that contract faculty are gifted teachers and researchers, but they often lack the resources they need to provide an excellent learning experience to students. Many do not have offices on campus where they can meet students. Others race between teaching appointments on multiple campuses, making it difficult to be available to students much of the time.

By the very nature of their precarious positions, contract faculty can also disappear from campus from one semester to the next—leaving students without guidance from a trusted teacher, or even without a reference letter needed to pursue their academic and career goals.

Recent research also reveals the harmful effects of precarious work generally. According to the report of the Poverty and Employment Precarity in Southern Ontario (PEPSO) project, workers in precarious jobs are more than twice as likely to report poor mental health than those in secure jobs. They are also less likely to volunteer or become engaged in their communities, and have a higher likelihood of feeling socially isolated.

The precariously employed are also more likely to delay starting a family and many are unable to invest in the development of their children.

Like shockwaves radiating out from the epicenter of an earthquake, precarious work hurts individuals, their families, and their communities.

The good news is that because the faculty hiring gap and the rise of precarious academic work can both be traced back to underfunding, the government has an opportunity to provide leadership to address these issues. Increased public investment would provide Ontario universities with the financial resources they need to hire more full-time faculty and improve the quality of higher education in Ontario, while lifting many out of precarious work.

It is not a given that universities will direct new funding towards hiring more full-time faculty or converting contract faculty into full-time, tenured professors. University administrators may be reluctant to give up the flexibility and control afforded by a precarious workforce.

The Government of Ontario could nudge universities in the right direction by making strong changes to employment and labour law at the conclusion of the ongoing Changing Workplaces Review. Along with many other organizations, OCUFA has made recommendations on how to raise standards and provide greater protection for faculty employed on a contract basis.

The government could also compel universities to make more data on contract faculty publicly available. With more information about how many contract faculty there are in the system, and what those individuals look like (for example, their age, gender, race, and comparative working conditions), we can better design policy interventions to end precarious academic work.

In its submission to the Ontario University Funding Formula Review, OCUFA recommended creating a new agency to oversee a more robust higher education data system in Ontario. Such an agency could improve our understanding of precarious academic work in Ontario.

OCUFA estimates that hiring the 8,500 new faculty positions needed at Ontario universities would cost around $865 million, or about $173 million a year, in new public investment until 2020.

Even a modest bump in the provincial operating grant to universities would support greater hiring of full-time faculty. The challenge of precarious academic work is immense and will take years to correct. We need to begin turning the tide before the problem gets worse.

No organism can survive long with a weakened heart and our universities are no exception. Ontario needs to invest in our universities to boost the number of professors and academic librarians, and to ensure that every academic job is a good job.

If we do that, we secure the quality of Ontario universities—and the success of our students—for years to come.

Graeme Stewart and Brynne Sinclair-Waters, OCUFA staff, participate in the CCPA-Ontario's provincial budget roundtable.

# Brampton Karate Girl brings victory for Canada

Brampton based seventeen year Nadia Singhmade Canada victorious in Junior World Karate Championships in Jakarta, Indonesia on 13th November. While fighting with Kazakhstan she made Canada victorious. On behalf of Canada she also fought Estonia. She is national Silver Medalist of Canada for this year 2015. Student of David Suzuki Secondary School of Brampton, Ontario, Canada, is Karate winner of 50 Gold, 28 Silver, 26 Bronze medals and 8 achievements awards of provincial as well as National level of Canada, also holder of the Mayor of Brampton's Citizenship Award.

Daughter of Ranthir Singh resident of Brampton, Nadia Singh has startedKarate practice as member of GoJu Do Karate Club run by The Shri Guru Nanak Sikh Centre, Brampton, since 2002 in her tender age of four years only. It was too tough and exhausting hard work by such a little girl child to practice Karate for 5 - 6 days a week besides continuing her full time school attendance. But commitment of little girl and her parents made it possible after three year of practice made her able to compete in the annual Provincial Tournaments. As a member of Karate Ontario since 2005, she got Provincial Gold medalist for annual terms from 2015 to 2007 and attained Provincial Gold medalist citizenship award for 2007-2008 and she competed in the 2012 Ontario Summer Games. Her continued practice and hard work made her to attain black belt in 2013. She competed at the National level in 2014for the first time, in Vancouver, Canada and got silver and bronze in National level and continuously in present term also. And her competitive spirit made her to compete in the 2015 Junior Pan American Games held in Santa Cruz, Bolivia.





"I was very enthusiastic for this world competition at Junior World Karate Championships in Jakarta, Indonesia on 13th November though it was not my first international experience. Before it I have participated in Junior Pan American Games held in Santa Cruz, in Bolivia." Said Nadia Singh and while telling about her Karate sports experience she added "My first impression of karate was strongly influenced by martial arts films.From years of training, I have come to understand that karate is much more than just fighting. The most important thing that I have learnt from karate is self-confidence. Through the years, I have developed self-confidence in my ability to do things, and do things well. Karate has become part of my life. It has benefited me in many ways. I have learned values and skills whichhave improved many aspects of my life; from physical fitness to mental capabilities to respect for all. I have developed confidence to try new things without the fear of failure and rejection. While I train 5 - 6 days a week, I ensure that I achieve high grades in school.Today, Karate has made me a well-rounded better person"

Her coaches Sensei Khosrow Khaleghpanah and Sempai Sonali Khaleghpanah, who prepared such a completive player said "Karate is years of hard work and dedication for Nadia Singh, for such serious karateka who is willing to take that one little step further to rise above the rest. To succeed as a karateka, one requires discipline, self-control, respect and dedication. While being focused in Karate, she has never put her studies aside and always gave importance to both". Her father Ranthir Singh is proud to have sucha brilliant girl who never compromise with her studies and good performer in studies also.

# ਪੰਛੀਆਂ ਦੀ ਲੰਮੀ ਪਰਵਾਜ ਵਰਗਾ ਗੁਰਸ਼ਰਨ ਕਲਾ ਭਵਨ ਮੁੱਲਾਂਪੁਰ

ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੇ ਗੁਰਸ਼ਰਨ ਕਲਾ ਭਵਨ ਵਿਖੇ ਪਿਛਲੇ ਦਿਨੀਂ ਇਕ ਸਾਹਿਤਕ ਮਿਲਣੀ ਸਮਾਗਮ ਹੋਇਆ। ਇਸ ਸਮਾਗਮ ਵਿਚ ਸ੍ਰੀ ਰਿਸ਼ੀ ਨਾਗਰ ਹੋਸਟ ਰੈੱਡ ਐਫ. ਐਮ. ਰੇਡੀਓ ਕੈਲਗਰੀ ਕੈਨੇਡਾ ਤੋਂ ਵਿਸ਼ੇਸ਼ ਰੂਪ ਵਿਚ ਪਹੁੰਚੇ ਸਨ। ਉਨ੍ਹਾਂ ਲੋਕ ਕਲਾ ਮੰਚ ਦੇ ਰੰਗਕਰਮੀਆਂ ਪ੍ਰਬੰਧਕਾਂ ਨਾਲ ਵਿਸ਼ੇਸ਼ ਮੁਲਾਕਾਤ ਕੀਤੀ। ਗੁਰਸ਼ਰਨ ਕਲਾ ਭਵਨ ਦੇ ਕਾਰਜਾਂ ਬਾਰੇ ਮਿਥੇ ਨਿਸ਼ਾਨਿਆਂ ਬਾਰੇ ਸੁਣ ਕੇ ਰਿਸ਼ੀ ਨਾਗਰ ਜੀ ਨੇ ਕਿਹਾ ਕਿ ਜਿਨ੍ਹਾਂ ਨੇ ਮੰਜ਼ਿਲਾਂ ਨੂੰ ਪਾਉਣਾ ਹੁੰਦਾ ਹੈ ਉਹ ਆਪਣੇ ਖੰਭਾਂ ਵਿਚ ਹਿੰਮਤ ਤੇ ਹੌਸਲੇ ਦੀ ਖੁਰਾਕ ਭਰ ਕੇ ਉਚੇ ਗਗਨ ਵਿਚ ਲੰਮੀਆਂ ਉਡਾਰੀਆਂ ਲਾਉਂਦੇ ਹਨ ਤੇ ਫੇਰ ਉਨ੍ਹਾਂਦੇ ਮੰਜ਼ਿਲਾਂ ਵੱਲ ਨੂੰ ਵੱਧਦੇ ਕਦਮ ਨੂੰ ਸਮੁੰਦਰ ਤੇ ਥਲ ਰੋਕ ਨਹੀਂ ਸਕਦੇ ਹਨ। ਗੁਰਸ਼ਰਨ ਕਲਾ ਭਵਨ ਵੀ ਮੈਨੂੰ ਪੰਛੀਆਂ ਦੀ ਲੰਮੀ ਪਰਵਾਜ ਵਰਗਾ ਹੀ ਲਗਦਾ ਹੈ। ਇਸ ਛੋਟੇ ਜਿਹੇ ਸਮਾਗਮ ਵਿਚ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦੇ ਜਨਰਲ ਸੈਕਟਰੀ ਮਾ. ਭਜਨ ਸਿੰਘ ਜੀ ਵਿਸ਼ੇਸ਼ ਰੂਪ ਵਿਚ ਪੁੱਜੇ। ਉਨ੍ਹਾਂ ਨੇ ਰਿਸ਼ੀ ਨਾਗਰ ਜੀ ਦੇ ਬੇਬਾਕ ਤੇ ਨਿਰਪੱਖ ਸੋਚ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਾਡੀ ਸੰਸਥਾ ਨੂੰ ਇਨ੍ਹਾਂ ਦਾ ਬਹੁਤ ਸਹਿਯੋਗ ਹੈ। ਲੋਕ ਕਲਾ ਮੰਚ ਮੁੱਲਾਂਪੁਰ ਅਤੇ ਪ੍ਰੋਗਰੈਸਿਵ ਦੇ ਜਨਰਲ ਸੈਕਟਰੀ ਮਾ. ਭਜਨ ਸਿੰਘ ਜੀ ਵਿਸ਼ੇਸ਼ ਰੂਪ ਵਿਚ ਪੁੱਜੇ। ਉਨ੍ਹਾਂ ਨੇ ਰਿਸ਼ੀ ਨਾਗਰ ਜੀ ਦੇ ਬੇਬਾਕ ਤੇ ਨਿਰਪੱਖ ਸੋਚ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਾਡੀ ਸੰਸਥਾ ਨੂੰ ਇਨ੍ਹਾਂ ਦਾ ਬਹੁਤ ਸਹਿਯੋਗ ਹੈ। ਲੋਕ ਕਲਾ ਮੰਚ ਮੁੱਲਾਂਪੁਰ ਅਤੇ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕਿਸ ਤਰ੍ਹਾਂ ਸਹਿਯੋਗ ਸੰਸਥਾਵਾਂ ਦੇ ਰੂਪ ਵਿਚ ਵਿਚਰ ਰਹੀਆਂ ਹਨ। ਇਸ ਬਾਰੇ ਦੱਸਿਆ ਇਸ ਸਮਾਗਮ ਵਿਚ ਸਟੇਜ ਸਕੱਤਰ ਦੀ ਭੂਮਿਕਾ ਸ੍ਰੀ ਹਰਕੇਸ਼ ਚੌਧਰੀ ਨੇ ਨਿਭਾਈ। ਇਸ ਸਮਾਗਮ ਨੂੰ ਯਾਦਗਾਰੀ ਬਣਾਉਣਲਈ ਪ੍ਰੋ. ਜਗਮੋਹਣ ਸਿੰਘ, ਪ੍ਰੋ. ਏ. ਕੇ. ਮਲੇਰੀ, ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਪ੍ਰਧਾਨ ਪੁੱਜੇ ਹੋਏ ਸਨ। ਜਿਨ੍ਹਾਂ ਲੋਕ ਕਲਾਮੰਚ ਦੇ ਕਾਰਜਾਂ ਦੀ ਪ੍ਰਸੰਸਾ ਕੀਤੀ। ਪੰਜਾਬੀ ਜਾਗਰਣ ਅਖ਼ਬਰਾ ਤੋਂ ਅਰੁਣਦੀਪ ਪਹੁੰਚੇ ਹੋਏ ਸਨ। ਤਰਕਸ਼ੀਲ ਸੁਸਾਇਟੀ ਵੈਨਕੂਵਰ ਤੋਂ ਗੁਰਮੇਲ ਸਿੰਘ ਗਿੱਲ ਜੀ ਪਹੁੰਚੇ ਸਨ। ਇਸ ਨਿੱਕੇ ਜਿਹੇ ਪਰ ਪ੍ਰਭਾਵਸ਼ਾਲੀ ਸਮਾਗਮ ਵਿਚ ਲੋਕ ਕਲਾ ਮੰਚ ਦੇ ਬਾਲ ਕਲਾਕਾਰਾਂ ਨੇ ਮੰਚ ਦੇ ਨਿਰਦੇਸ਼ਕ ਸ੍ਰੀ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ ਹੇਠ ਇਤਿਹਾਸ ਦੇ ਸਫ਼ੇ ਤੇ ਝਾਤ ਪਵਾਉਂਦਿਆਂ ਗ਼ਦਰ ਪਾਰਟੀ ਵਲੋਂ ਲੋਕਾਂਨੂੰ ਦੇਸ਼ ਚਲ ਕੇ ਗਦਰ ਕਰਨ ਦੇ ਦਿੱਤੇ ਸੱਦੇ 'ਤੇ ਆਧਾਰਿਤ ਕੋਰੀਓਗ੍ਰਾਫ਼ੀ 'ਦੇਸ਼ ਨੂੰ ਚੱਲੋ' ਪੇਸ਼ ਕੀਤੀ ਗਈ। ਕੋਰੀਓਗ੍ਰਾਫ਼ੀ ਰਾਹੀਂ ਬਾਲ ਕਲਾਕਾਰਾਂ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਉਸਦੇ ਸਾਥੀਆਂ ਦੀ ਸ਼ਹੀਦੀ ਸਤਾਬਦੀ ਮੌਕੇ ਉਸ ਸਮੇਂ ਦੇ ਦ੍ਰਿਸ਼ਟਾਂਤ ਪੇਸ਼ ਕੀਤੇ ਤੇ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ 'ਤੇ ਸ੍. ਪ੍ਰਗਟ ਸਿੰਘ, ਮੈਡਮ ਅੰਜੂ ਚੌਧਰੀ, ਪ੍ਰਿੰਸੀਪਲ ਗੁਰੂ ਗੋਬਿੰਦ ਸਿੰਘ ਅਕਾਦਮੀ, ਮੈਡਮ ਰਵਨੀਤ ਕੌਰ ਸੰਪਾਦਕ ਸਮਦਾਨ ਮੈਗਜ਼ੀਨ, ਦੀਪਕ ਰਾਏ, ਇਕਬਾਲ ਸਿੰਘ, ਕਮਲਜੀਤ ਮੋਹੀ, ਲਖਿੰਦਰ ਸਿੰਘ ਮੁੱਖ ਅਧਿਆਪਕ ਤਲਵੰਡੀ ਖੁਰਦ, ਗੁਰਮੀਤ ਸਿੰਘ, ਹਰਮਨ ਦੀਪ ਸਿੰਘ, ਸਿਦਕ ਚੌਧਰੀ, ਆਰਸ਼ੀ ਸ਼ਰਮਾ, ਰਿਸ਼ਮ ਸ਼ਰਮਾ, ਪਰਵੀਨ ਕੌਰ ਆਦਿ ਨੇ ਹਾਜ਼ਰੀ ਲਗਵਾਈ, ਲੋਕ ਕਲਾ ਮੰਚ ਦੇ ਪ੍ਰਧਾਨ ਸਾਥੀ ਸੁਰਿੰਦਰ ਸ਼ਰਮਾ ਨੇ ਆਪਣੇ ਸੰਬੋਧਨ ਵਿਚ ਸੰਸਥਾ ਦੇ ਮਿੱਥੇ ਟੀਚਿਆਂ ਬਾਰੇ ਦੱਸਿਆ। ਉਨ੍ਹਾਂ ਦੀ ਪ੍ਰਾਪਤੀ ਬਾਰੇ ਵਿਉਂਤਬੰਦੀ ਦੱਸੀ। ਉਨ੍ਹਾਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਗੁਰਸ਼ਰਨ ਕਲਾ ਭਵਨ ਵਿਖੇ ਹੁੰਦੇ ਅਖੀਰਲੇ ਸ਼ਨੀਵਾਰ ਨਾਟਕ ਸਮਾਗਮ 'ਤੇ ਆਏ ਹੋਏ ਮਹਿਮਾਨਾਂ ਨੂੰ ਪਹੁੰਚਣ ਦਾ ਸੱਦਾ ਦਿੱਤਾ। ਅੰਤ ਵਿਚ ਟੀਮ ਲੋਕ ਕਲਾ ਮੰਚ ਮੁੱਲਾਂਪੁਰ ਵਲੋਂ ਸ੍ਰੀ ਰਿਸ਼ੀ ਨਾਗਰ, ਅਰੁਣਦੀਪ ਅਤੇ ਸ੍. ਬੂਟਾ ਸਿੰਘ ਮੁੱਖ ਪ੍ਰਬੰਧਕ ਬਾਬਾ ਬੂਝਾ ਸਿੰਘ ਪ੍ਰਕਾਸ਼ਨ ਅਤੇ ਬਲਵਿੰਦਰ ਸਿੰਘ ਨੂੰ ਯਾਦਗਾਰੀ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਵਲੋਂ ਕੀਤਾ ਗਿਆ। ਇਹ ਸਮਾਗਮ ਯਾਦਗਾਰੀ ਸਮਾਗਮ ਹੋ ਨਿਬੜਿਆ। ਚਾਹ ਪਾਣੀ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਸੁਧਾ ਮੁੱਲਾਪੁਰ, ਜੱਗੀ ਮੁੱਲਾਪੁਰ, ਪਰਦੀਪ ਸਿੰਘ ਸੁਖਵੀਰ ਸਿੰਘ ਨੇ ਬਾਖੂਬੀ ਨਿਭਾਈ।


MAROK LAW OFFICE
Always Taking You Forward
• Corporate Law • Real Estate
Wills • Affidavits • Power of Attorney



VIPANDEEP SINGH MAROK
Barrister, Solicitor & Notary Public
M.A., LLB
7033 Telford Way, Unit # 9, Mississauga, ON L5S 1V4
Tel. 905-672-7800, Fax. 905-672-7804
Email: vipanmarok@gmail.com
www.maroklaw.com

ACCOUNTANT
Corporate & Personal Business
Attends: CRA Audits and Appeals
SUKHDEV SINGH CPA, CGA
TEL: (905) 793-0909
FAX: (905)-450-2165
10-2084 STEELES AVE EAST, BRAMPTON, L6T 5A6
EMAIL: sukhdevcga@gmail.com

# ਤਿੰਨ ਇਨਕਲਾਬੀ ਜਥੇਬੰਦੀਆਂ ਵੱਲੋਂ ਗਦਰੀ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਸਦੇ ਸਾਥੀਆਂ ਦੀ ਸ਼ਹਾਦਤ ਸ਼ਤਾਬਦੀ ਮੌਕੇ ਲੋਕ ਵਿਰੋਧੀ, ਮੌਕਾਪ੍ਰਸਤ, ਫ਼ਿਰਕ ਲੁਟੇਰੀਆਂ ਜਾਬਰ ਤਾਕਤਾਂ ਨੂੰ ਭਾਂਜ ਦੇਣ ਲਈ ਅਤੇ ਲੋਕ ਪੱਖੀ ਇਨਕਲਾਬੀ ਬਦਲ ਉਭਾਰਨ ਦਾ ਸੱਦਾ








ਅੱਜ ਇੱਥੇ ਪਿੰਡ ਸਰਾਭਾ ਵਿਖੇ ਪੰਜਾਬ ਦੀਆਂ ਤਿੰਨ ਇਨਕਲਾਬੀ ਜਥੇਬੰਦੀਆਂ- ਇਨਕਲਾਬੀ ਕੇਂਦਰ ਪੰਜਾਬ, ਸੀ.ਪੀ.ਆਈ. (ਮ. ਲ.) ਨਿਊ ਡੈਮੋਕਰੇਸੀ ਅਤੇ ਲੋਕ ਸੰਗਰਾਮ ਮੰਚ ਪੰਜਾਬ ਵੱਲੋਂ ਵਿਸ਼ਾਲ ਕਾਨਫਰੰਸ ਕੀਤੀ ਗਈ ਜਿਸ ਵਿੱਚ ਪੰਜਾਬ ਦੇ ਕੋਨੇ ਕੋਨੇ ਵਿਚੋਂ ਹਜ਼ਾਰਾਂ ਦੀ ਗਿਣਤੀ 'ਚ ਕਿਸਾਨ, ਮਜ਼ਦੂਰ, ਵਿਦਿਆਰਥੀ, ਨੌਜਵਾਨ, ਮੁਲਾਜ਼ਮ ਅਤੇ ਔਰਤਾਂ ਸ਼ਾਮਲ ਹੋਈਆਂ। ਸਾਰਾ ਪੰਡਾਲ ਇਨਕਲਾਬੀ ਨਾਅਰਿਆਂ, ਝੰਡਿਆਂ, ਮਾਟੋਆਂ ਅਤੇ ਗ਼ਦਰੀ ਸ਼ਹੀਦਾਂ ਦੀਆਂ ਫੋਟੋਆਂ ਅਤੇ ਉਹਨਾਂ ਦੇ ਪੈਗਾਮ ਨੂੰ ਦਰਸਾਉਂਦੀਆਂ ਤੁਕਾਂ ਨਾਲ ਇਸ ਤਰ੍ਹਾਂ ਸਜਿਆ ਹੋਇਆ ਸੀ ਜਿਸ ਨਾਲ ਸਾਰਾ ਮਹੌਲ ਮਹਾਨ ਗ਼ਦਰੀ ਬਾਬਿਆਂ ਦੀਆਂ ਕਰਬਾਨੀਆਂ ਪ੍ਰਤੀ ਸਨੇਹ ਭਰੇ ਮਹੌਲ ਨਾਲ ਭਿੱਜਿਆ ਪਿਆ ਦਿਖਾਈ ਦਿੰਦਾ ਸੀ। ਸੀ.ਪੀ.ਆਈ.(ਮ. ਲ.) ਨਿਊ ਡੈਮੋਕਰੇਸੀ ਦੇ ਸੂਬਾਈ ਆਗੂ ਕਾ. ਅਜਮੇਰ ਸਿੰਘ, ਇਨਕਲਾਬੀ ਕੇਂਦਰ ਪੰਜਾਬ ਦੇ ਪ੍ਰਧਾਨ ਨਰਾਇਣ ਦੱਤ ਅਤੇ ਲੋਕ ਸੰਗਰਾਮ ਮੰਚ ਦੀ ਆਗੂ ਸੁਖਵਿੰਦਰ ਕੌਰ ਦੀ ਪ੍ਰਧਾਨਗੀ ਹੇਠ ਹੋਈ ਕਾਨਫਰੰਸ ਦੀ ਬਕਾਇਦਾ ਸ਼ੁਰੂਆਤ ਅਮਰਜੀਤ ਪ੍ਰਦੇਸੀ ਦੇ ਕਵੀਸ਼ਰੀ ਜਥੇ ਅਤੇ ਅਜਮੇਰ ਸਿੰਘ ਅਕਲੀਆ ਦੀ ਸੁਰੀਲੇ ਇਨਕਲਾਬੀ ਗੀਤਾਂ ਨਾਲ ਹੋਈ ਜਿਨਾਂ ਕਾਨਫਰੰਸ ਅੰਦਰ ਜੁੜੇ ਇਕੱਠ ਅੰਦਰ ਇਨਕਲਾਬੀ ਜੋਸ਼ ਦੀਆਂ ਲਹਿਰਾਂ ਪੈਦਾ ਕਰ ਦਿੱਤੀਆਂ। ਲੋਕ ਕਲਾ ਮੰਚ ਮੰਡੀ ਮੁਲਾਂਪੁਰ ਦੇ ਸੰਚਾਲਕ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ ਹੇਠ ਗਦਰ ਲਹਿਰ ਨੂੰ ਸਮਰਪੱਤ ਕੋਰੀਓਗਰਾਫੀ "ਦੇਸ਼ ਨੂੰ ਚੱਲੋ" ਪੇਸ਼ ਕੀਤੀ ਗਈ ਅਤੇ ਕ੍ਰਾਂਤੀਕਾਰੀ ਸਭਿਆਚਾਰਕ ਕੇਂਦਰ ਦੇ ਸੰਚਾਲਕ ਗੁਰਮੀਤ ਜੱਜ ਦੀ ਨਿਰਦੇਸ਼ਨਾ ਹੇਠ ਕੋਰੀਓਗਰਾਫੀ " ਹਨੇਰਿਆਂ ਨੂੰ ਕਹਿ ਦਿਓ ਚਾਨਣ ਬਗਾਵਤ ਕਰ ਰਿਹਾ" ਪੇਸ਼ ਕੀਤੀ ਗਈ।

ਕਾਨਫਰੰਸ ਨੂੰ ਸੰਬੋਧਨ ਕਰਦਿਆਂ ਇਨਕਲਾਬੀ ਕੇਂਦਰ ਪੰਜਾਬ ਦੇ ਜਨਰਲ ਸਕੱਤਰ ਕਾ. ਕੰਵਲਜੀਤ ਖੰਨਾ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਇਨਕਲਾਬੀ ਘਾਲਣਾ ਅਤੇ ਗ਼ਦਰੀ ਸ਼ਹੀਦਾਂ ਦੇ ਦੇਸ਼ ਅੰਦਰ ਸੱਚੀ ਆਜ਼ਾਦੀ ਲਿਆਉਣ ਦੇ ਮਿਸ਼ਨ ਦੀ ਵਿਆਖਿਆ ਕਰਦਿਆਂ ਕਿਹਾ ਕਿ ਅੱਜ ਵੀ ਸ਼ਹੀਦਾਂ ਦਾ ਉਹ ਸੁਪਨਾ ਪੂਰਾ ਨਹੀਂ ਹੋਇਆ ਕਿਉਂਕਿ ਅੱਜ ਵੀ ਸਾਮਰਾਜੀ ਤਾਕਤਾਂ ਅਤੇ ਉਹਨਾ ਦੇ ਜੋਟੀਦਾਰ ਭਾਰਤੀ ਹਾਕਮ ਦੇਸ਼ ਦੇ ਕਰੋੜਾਂ ਲੋਕਾਂ ਲਈ ਦੁੱਖਾਂ ਮੁਸੀਬਤਾਂ ਦੀ ਜੜ੍ਹ ਬਣੇ ਹੋਏ ਹਨ। ਉਨ੍ਹਾਂ ਕਿਹਾ ਕਿ ਬਹੁਰਾਸ਼ਟਰੀ ਕੰਪਨੀਆਂ ਅਤੇ ਉਨ੍ਹਾਂ ਨਾਲ ਸਾਂਝ ਭਿਆਲੀ ਪਾਉਣ ਵਾਲੇ ਭਾਰਤ ਦੇ ਇਜਾਰੇਦਾਰ ਘਰਾਣੇ ਮਿਲਕੇ ਦੇਸ਼ ਦੀ ਕੁਦਰਤੀ ਦੌਲਤ, ਕਿਰਤ ਸ਼ਕਤੀ ਅਤੇ ਵਿਸ਼ਾਲ ਮੰਡੀ ਨੂੰ ਚੂੰਡਣ ਲਈ ਅਨੇਕਾਂ ਘੁਟਾਲੇ ਕਰਕੇ ਮਾਲੋਮਾਲ ਹੋ ਰਹੇ ਹਨ ਜਦੋਂ ਕਿ ਕਰੋੜਾਂ ਦੇਸ਼ ਵਾਸੀ ਭੁੱਖ ਨੰਗ, ਮਹਿਂਗਾਈ, ਭ੍ਰਿਸ਼ਟਾਚਾਰ ਅਤੇ ਬੇਰੁਜ਼ਗਾਰੀ ਦੇ ਝੰਬੇ ਨਰਕੀ ਜ਼ਿੰਦਗੀ ਬਤੀਤ ਕਰ ਰਹੇ ਹਨ।। ਆਪਣਾ ਉੱਲੂ ਸਿੱਧਾ ਕਰਨ ਲਈ ਦੇਸ਼ ਦੇ ਹਾਕਮ ਭੂਮੀ ਗ੍ਰਹਿਣ, ਕਿਰਤ ਕਾਨੂੰਨ, ਵਾਤਾਵਰਣ ਅਤੇ ਜੰਗਲਾਂ ਸਬੰਧੀ ਕਾਨੂੰਨਾਂ ਨੂੰ ਸੋਧਕੇ ਅਤੇ ਟੈਕਸ ਢਾਂਚੇ ਨੂੰ ਮੁੜ ਵਿਉਂਤ ਕੇ ਦੇਸ਼ ਦੀ ਖੇਤੀਬਾੜੀ, ਪ੍ਰਚੂਨ ਵਪਾਰ ਸਮੇਤ ਸਮੁੱਚੇ ਵਪਾਰ, ਬੀਮਾ ਬੈਂਕ, ਡਿਫੈਂਸ, ਰੇਲਵੇ ਆਦਿ ਨੂੰ ਦੇਸ਼ੀ ਵਿਦੇਸੀ ਵੱਡੇ ਸਰਮਾਏਦਾਰਾਂ ਅੱਗੇ ਪਰੋਸ ਰਹੇ ਹਨ। ਲੋਕ ਸੰਗਰਾਮ ਮੰਚ ਦੇ ਪੰਜਾਬ ਦੇ ਜਨਰਲ ਸਕੱਤਰ ਕਾ. ਬਲਵੰਤ ਮਖੂ ਨੇ ਕਿਹਾ ਕਿ ਦੇਸ਼ ਦੇ ਹਾਕਮਾਂ ਕੋਲ ਲੋਕਾਂ ਦੀਆਂ ਬੁਨਿਆਦੀ ਸਮੱਸਿਆਵਾਂ ਦਾ ਕੋਈ ਹੱਲ ਨਹੀਂ ਜਿਸ ਕਰ ਕੇ ਉਹ ਲੋਕਾਂ ਅੰਦਰ ਧਰਮ ਦੇ ਆਧਾਰ 'ਤੇ ਫ਼ਿਰਕੂ ਪਾਟਕ ਪਾ ਕੇ ਲੋਕਾਂ ਦੀ ਭਾਈਚਾਰਕ ਸਾਂਝ ਤੋੜਨ 'ਤੇ ਲੱਗੇ ਹੋਏ ਹਨ। ਉਹਨਾ ਮੋਦੀ ਸਰਕਾਰ ਦੀਆਂ ਧਾਰਮਿਕ ਘੱਟ ਗਿਣਤੀਆਂ ਵਿਸ਼ੇਸ਼ ਕਰ ਕੇ ਮੁਸਲਿਮ ਭਾਈਚਾਰੇ ਪ੍ਰਤੀ ਧਾਰਨ ਕੀਤੀ ਫ਼ਿਰਕੂ ਫਾਸ਼ੀ ਨੀਤੀ ਦੀ ਸਖ਼ਤ ਅਲੋਚਨਾ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਵੱਲੋਂ ਦੇਸ਼ ਦੇ ਵਿਕਾਸ ਦੀਆਂ ਮਾਰੀਆਂ ਜਾ ਰਹੀਆਂ ਬੜਕਾਂ ਠੁੱਸ ਹੋ ਕੇ ਰਹਿ ਗਈਆਂ ਹਨ ਜਿਸ ਕਰ ਕੇ ਉਹ ਮੁਸਲਿਮ ਭਾਈਚਾਰੇ ਅੰਦਰ ਦਹਿਸ਼ਤ ਪਾਉਣ ਵਾਲੀਆਂ ਹਿੰਦੂਤਵੀ ਸ਼ਕਤੀਆਂ ਨੂੰ ਉਤਸ਼ਾਹਿਤ ਕਰ ਰਹੀ ਹੈ ਅਤੇ ਲੋਕ ਪੱਖੀ ਸ਼ਕਤੀਆਂ ਉੱਪਰ ਕਾਤਲੀ ਹਮਲੇ ਕਰਨ ਵਾਲਿਆਂ ਹਿੰਦੂ ਫਾਸ਼ੀਆਂ ਵਿਰੁੱਧ ਕੋਈ ਕਾਰਵਾਈ ਨਹੀਂ ਕਰ ਰਿਹਾ। ਸੀ.ਪੀ.ਆਈ. (ਮ.ਲ.) ਨਿਊ ਡੈਮੋਕਰੇਸੀ ਦੇ ਸੂਬਾਈ ਆਗੂ ਕਾ. ਦਰਸ਼ਨ ਸਿੰਘ ਖਟਕੜ ਨੇ ਕਿਹਾ ਕਿ ਗ਼ਦਰੀ ਸ਼ਹੀਦਾਂ ਦੇ ਸੁਪਨਿਆਂ ਦਾ ਕਤਲ ਕਰਨ ਦੇ ਜ਼ੁੰਮੇਵਾਰ ਭਾਰਤੀ ਹਾਕਮ ਹਨ ਜੋ ਦੇਸ਼ ਦੇ ਕਰੋੜਾਂ ਮਿਹਨਤਕਸ਼ ਲੋਕਾਂ ਦੀ ਅੰਗਰੇਜ਼ਾਂ ਦੇ ਸਮੇਂ ਨਾਲੋ ਵੀ ਕਿਤੇ ਵੱਡੀਆਂ ਸਾਮਰਾਜੀ ਤਾਕਤਾਂ ਅਤੇ ਉਨ੍ਹਾਂ ਦੇ ਭਾਰਤੀ ਦਲਾਲਾਂ ਹੱਥੋਂ ਲੁੱਟ ਕਰਵਾ ਰਹੇ ਹਨ। ਇਹ ਲੋਕ ਦੁਸ਼ਮਣ ਭਾਰਤੀ ਹਾਕਮ ਆਪਣੇ ਹੱਕਾਂ ਲਈ ਸੰਘਰਸ਼ ਕਰਨ ਵਾਲੇ ਲੋਕਾਂ ਨੂੰ ਅਤੇ ਉਨ੍ਹਾਂ ਦੀ ਅਗਵਾਈ ਕਰਨ ਵਾਲੇ ਕਮਿਊਨਿਸਟ ਇਕਲਾਬੀਆਂ ਨੂੰ ਅੰਗਰੇਜ਼ਾਂ ਵਾਂਗ ਹੀ ਲਾਠੀ ਗੋਲੀ ਅਤੇ ਕਾਲੇ ਕਾਨੂੰਨਾਂ ਦੀ ਵਰਤੋਂ ਕਰ ਕੇ ਦਬਾਅ ਰਹੇ ਹਨ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੂੰ ਚਲਾਉਣ ਵਾਲਾ ਸੰਘ ਪਰਿਵਾਰ ਅਤੇ ਹੋਰ ਫ਼ਿਰਕੂ ਸ਼ਕਤੀਆਂ ਨੇ ਦੇਸ਼ ਅੰਦਰ ਅਸੁਰੱਖਿਆ ਦਾ ਵਾਤਾਵਰਣ ਪੈਦਾ ਕਰ ਕੇ ਹਰ ਵਿਰੋਧੀ ਆਵਾਜ਼ ਦਾ ਗਲਾ ਘੁੱਟਣ ਦਾ ਰਸਤਾ ਅਖਤਿਆਰ ਕੀਤਾ ਹੋਇਆ ਹੈ। ਪੰਜਾਬ ਅੰਦਰ ਵੀ ਲੋਕ ਸੰਘਰਸ਼ਾਂ ਤੋਂ ਲੋਕਾਂ ਦਾ ਧਿਆਨ ਪਾਸੇ ਤਿਲਕਾਉਣ ਲਈ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਰਗੀਆਂ ਘਟਨਾਵਾਂ ਨੂੰ ਸਾਜਿਸ਼ੀ ਢੰਗ ਨਾਲ ਅੰਜਾਮ ਦਿੱਤਾ ਗਿਆ ਹੈ। ਇਹਾਂ ਘਟਨਾਵਾਂ ਦਾ ਫਾਇਦਾ ਉੱਠਾ ਕੇ ਖਾਲਿਸਤਾਨੀ ਅਨਸਰ ਪੰਜਾਬ ਨੂੰ ਇੱਕ ਵਾਰ ਫਿਰ ਪੁਰਾਣੇ ਕਾਲੇ ਦਿਨਾਂ ਦੀ ਤਰਫ਼ ਮੋੜਨਾ ਚਾਹੁੰਦੇ ਹਨ। ਅਜਿਹੇ ਮਹੌਲ 'ਚ ਹਕੂਮਤੀ ਰਵੱਈਏ ਦਾ ਵਿਰੋਧ ਕਰਨ ਵਾਲੇ ਉੱਤੇ ਬਾਦਲ ਸਰਕਾਰ ਲਾਠੀਆਂ ਗੋਲੀਆਂ ਚਲਾਕੇ ਬਲਦੀ 'ਤੇ ਤੇਲ ਪਾਉਣ ਦਾ ਕੰਮ ਕਰ ਰਹੀ ਹੈ। ਉਨ੍ਹਾਂ ਦੇਸ਼ ਅਤੇ ਪੰਜਾਬ ਪੱਧਰ 'ਤੇ ਕੰਮ ਕਰ ਰਹੀਆਂ ਲੋਕ ਦੁਸ਼ਮਣ ਤਾਕਤਾਂ ਅਤੇ ਇਹਨਾਂ ਦੀ ਪਿੱਠ 'ਤੇ ਖੜੀਆਂ ਸਾਮਰਾਜੀ ਤਾਕਤਾਂ ਦੇ ਮਨਸੂਬਿਆਂ ਨੂੰ ਸਮਝਣ 'ਤੇ ਜ਼ੋਰ ਦਿੱਤਾ। ਇਸ ਤੋ. ਪਿੱਛੋਂ ਕਾਨਫਰੰਸ ਨੇ ਨਾਅਰਿਆਂ ਦੀ ਗੂੰਜ 'ਚ ਤਿੰਨ ਮਤੇ ਪਾਸ ਕੀਤੇ। ਪਹਿਲੇ ਮਤੇ ਵਿੱਚ ਪੰਜਾਬ ਅੰਦਰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਦੀਆਂ ਘਟਨਾਵਾਂ ਦੀ ਸਖ਼ਤ ਨਿੰਦਾ ਕੀਤੀ ਗਈ ਅਤੇ ਇਹਨਾਂ ਘਟਨਾਵਾਂ ਸਬੰਧੀ ਬਾਦਲ ਸਰਕਾਰ ਦੇ ਜਾਬਰ ਅਤੇ ਮੌਕਾ ਪ੍ਰਸਤ ਹੱਥ ਕੰਡਿਆਂ ਦੀ ਨਿਖੇਧੀ ਕਰਨ ਦੇ ਨਾਲ ਹੁਣ ਤੱਕ ਹਾਸ਼ੀਏ 'ਤੇ ਲਟਕ ਰਹੀਆਂ ਖਾਲਿਸਤਾਨੀ ਤਾਕਤਾਂ ਦੇ ਪਿਛਾਖੜੀ ਮਨਸੂਬਿਆਂ ਦੇ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ ਗਈ। ਦੂਸਰੇ ਮਤੇ 'ਚ ਫਰਾਂਸ ਅੰਦਰ ਆਈ.ਐੱਸ. ਦੇ ਦਹਿਸ਼ਤਗਰਦਾਂ ਵੱਲੋਂ ਨਿਰਦੋਸ਼ ਲੋਕਾਂ ਦੇਕਤਲੇਆਮ ਦਾ ਡਟਵਾਂ



ਵਿਰੋਧ ਕਰਦਿਆਂ ਇਸ ਕਤਲੇਆਮ ਦੇ ਦੋਸ਼ੀ ਆਈ.ਐੱਸ. ਦੇ ਦਹਿਸ਼ਤਗਰਦਾਂ ਦੇ ਨਾਲ ਨਾਲ ਇਹਨਾਂ ਨੂੰ ਪਾਲਣ ਪੋਸਣ ਅਤੇ ਵਧਾਵਾ ਦੇਣ ਵਾਲੀਆਂ ਦੇਣ ਵਾਲੀਆਂ ਸਾਮਰਾਜੀ ਤਾਕਤਾਂ ਦੀਆਂ ਲੋਟੂ, ਜੰਗਬਾਜ਼ ਅਤੇ ਧੌਂਸਬਾਜ਼ ਨੀਤੀਆਂ ਨੂੰ ਠਹਿਰਾਉਂਦਿਆਂ ਇਹਨਾਂ ਵਿਰੁਧ ਆਪਣਾ ਰੋਹ ਪ੍ਰਗਟ ਕੀਤਾ ਗਿਆ। ਤੀਸਰੇ ਮਤੇ ਵਿੱਚ ਪੰਜਾਬ ਅੰਦਰ ਕਿਸਾਨਾਂ ਦੀਆਂ ਫਸਲਾਂ ਨਰਮਾਂ, ਬਾਸਮਤੀ ਅਤੇ ਗੰਨੇ ਸਬੰਧੀ ਚੱਲੇ ਕਿਸਾਨ ਮਜ਼ਦੂਰ ਸੰਘਰਸ਼ ਦੀ ਡਟਵੀ ਹਮਾਇਤ ਕਰਨ ਦਾ ਐਲਾਨ ਕੀਤਾ ਗਿਆ ਅਤੇ ਕੇਂਦਰ ਤੇ ਪੰਜਾਬ ਸਰਕਾਰਾਂ ਨੂੰ ਕਿਸਾਨਾਂ ਦੀਆਂ ਫਸਲਾਂ ਦੀ ਬਰਬਾਦੀ, ਉਨ੍ਹਾਂ ਦਾ ਕਰਜ਼ਾਈ ਪੁਣਾ ਅਤੇ ਵੱਡੀ ਪੱਧਰ 'ਤੇ ਹੋ ਰਹੀਆਂ ਆਤਮ ਹੱਤਿਆਵਾਂ ਲਈ ਦੋਸ਼ੀ ਗਰਦਾਨਿਆ ਗਿਆ। ਇਸ ਪੂਰੇ ਪ੍ਰੋਗਰਾਮ ਦਾ ਮੰਚ ਸੰਚਾਲਨ ਸੀ.ਪੀ.ਆਈ.(ਮ.ਲ.) ਨਿਊ ਡੈਮੋਕਰੇਸੀ ਦੇ ਆਗੂ ਕੁਲਵਿੰਦਰ ਵੜੈਚ ਵੱਲੋਂ. ਕੀਤਾ ਗਿਆ।

# Protest against Fascist Modi Govt



Indo Canadian Workers Association Brampton along with four other organisations staged a protest at BLS India International Centre Brampton on Nov 21,2015. Workers and leaders of North American Rationalist Society, Canadian Punjabi Sahitya Sabha, Kalma Da Kafila and Punabi Sabhiachar Manch braved the adverse weather to express their deep anguish over growing intolerance in India in every sphere of life. Political dissent is being mocked by senior officials sitting at the helm of Government paving way to their rank and file to deal with dissent with iron hand.

They expressed their solidarity with Writers, Scientist,Historians, Film Makers and artists who has recently returned their prizes in protest against fascist trends under RSS-Modi Combine Regime. They also expressed their deep concern on the continuous attack on religious minorities, Dalits and rational activists like Narendra Dobhalkar, Govind Pansare and Prof MM Kulbargi. They observed that Modi regime is invoking all divisive policies to distract people from real issues like FDI, rising prises and growing unemployment. Ghar Vapsi, Love Jihad and Cow are the emotional issues to exploit religious sentiments of the people so that they wont concentrate on the real issues which are affecting common lives. They also expressed their solidarity with Peasant Struggle going on in Punjab and pointed out the state of farmers is being deteriorated day by day as every thirty minutes a farmer is committing suicide in India and Prime minister Modi has nothing to offer any solution for them.

All five organizations tried to hand over a memorandum written for President of India through consul but could not be materialized due to apathy of Indian consul Toronto, therefore they sent this memorandum by post. They have decided to make a joint effort to generate mass awareness in the south Asian community by holding more protest and seminar in the future. Nacchetar Badesha, Baldev Rehpa, Dr Balvinder Barnala, Malook Kahlo,Baldev Singh Sahdev, Harbans Singh, Amrit Dhillon, Surjit Sahota, Harparminder Gadri, Harinder Hundal, Prof Jagir Kahlo were amongst the prominent leaders from protesting organizations. Event was conducted by Shamshad Elahee Shams from ICWA.

# ਵਿਚਾਰੇ ਬਣਕੇ ਰੂੰਘਾ ਲੈਣ ਦੀ ਥਾਂ ਆਪਣਾ ਥੜ੍ਹਾ ਮਜਬੂਤ ਕਰੋ

**ਮੁਕੇਸ਼ ਮਲੌਦਾ**

ਪਿਛਲੇ ਕਈ ਸਾਲਾਂ ਤੋਂ ਕਿਸਾਨਾਂ-ਮਜ਼ਦੂਰਾਂ ਦੇ ਮਸਲਿਆਂ ਨੂੰ ਲੈ ਕੇ ਸਾਂਝੇ ਫਰੰਟ ਬਣਦੇ ਆ ਰਹੇ ਹਨ। ਸਾਂਝੇ ਫਰੰਟਾਂ ਵੱਲੋਂ ਕਈ ਸੰਘਰਸ਼ ਲੜੇ ਗਏ ਹਨ। ਇਹਨਾਂ ਸੰਘਰਸ਼ਾਂ ਨੇ ਬਹੁਤ ਸਾਰੀਆਂ ਜਿੱਤਾਂ ਵੀ ਪ੍ਰਾਪਤ ਕੀਤੀਆਂ। ਮੌਜੂਦਾ ਸਮੇਂ ਵਿੱਚ ਵੀ ਕਿਸਾਨਾਂ-ਮਜ਼ਦੂਰਾਂ ਦਾ ਸੰਘਰਸ਼ ਚੱਲ ਰਿਹਾ ਹੈ। ਇਸ ਸਾਂਝ ਨੂੰ ਜਿੱਥੇ ਹੋਰ ਤਕੜੇ ਕਰਨ ਦੀ ਗੱਲ ਚੱਲ ਰਹੀ ਹੈ, ਉੱਥੇ ਇਨ੍ਹਾਂ ਸਾਂਝੇ ਸੰਘਰਸ਼ਾਂ ਵਿੱਚ ਮਜ਼ਦੂਰਾਂ ਦੀ ਥਾਂ 'ਤੇ ਸਵਾਲ ਖੜੇ ਹੋ ਰਹੇ ਹਨ। ਇਹ ਚਰਚਾ ਜਿੱਥੇ ਜੱਥੇਬੰਦੀਆਂ ਤੇ ਪਾਰਟੀਆਂ ਦੇ ਅੰਦਰ ਤੇ ਬਾਹਰ ਚੱਲ ਰਹੀ ਹੈ, ਉੱਥੇ ਹੁਣ ਇਹ ਖੁੱਲੇ ਪਲੇਟਫਾਰਮਾਂ 'ਤੇ ਵੀ ਚੱਲ ਰਹੀ ਹੈ। ਜਿਆਦਾ ਸੂਝ ਰੱਖਣ ਵਾਲਿਆਂ ਦੇ ਨਾਲ-ਨਾਲ ਆਮ ਸਧਾਰਨ ਵਰਕਰ ਵੀ ਇਸ ਸਾਂਝ 'ਤੇ ਸਵਾਲ ਖੜੇ ਕਰਨ ਲੱਗ ਪਿਆ ਹੈ। ਆਮ ਚਰਚਾ ਇਹ ਹੈ ਕਿ ਸੀਰੀ ਤਾਂ ਸੀਰੀ ਹੀ ਹੈ, ਉਹ ਚਾਹੇ ਖੇਤਾਂ ਵਿੱਚ ਹੋਵੇ, ਚਾਹੇ ਸੰਘਰਸ਼ਾਂ ਵਿੱਚ, ਚਾਹੇ ਉਹ ਪਿੰਡ ਪੱਧਰ ਦਾ ਵਰਕਰ ਹੋਵੇ, ਚਾਹੇ ਉਹ ਸੂਬਾ ਪੱਧਰ ਦਾ ਲੀਡਰ ਹੋਵੇ, ਵਰਤਾਉ ਤਾਂ ਸੀਰੀ ਵਾਲਾ ਹੀ ਹੋਣੈ। ਕਈ ਮਜ਼ਦੂਰ ਆਗੂ ਸੀਰੀ ਵਾਲਾ ਹੁੰਦਾ ਵਰਤਾਓ ਮੰਨ ਰਹੇ ਹਨ। ਕਈ ਕਹਿੰਦੇ ਹਨ ਕਿ ਮਜ਼ਦੂਰਾਂ ਨੂੰ ਸੰਘਰਸ਼ਾਂ ਵਿੱਚ ਮਿਲਦਾ ਕੀ ਹੈ? 'ਰੂੰਘਾ' (ਬੱਚਿਆਂ ਨੂੰ ਸਮਾਨ ਦੇ ਨਾਲ ਦੁਕਾਨਦਾਰ ਵੱਲੋਂ ਮਿਲਦੀਆਂ ਥੋੜੀਆਂ ਮਿੱਠੀਆਂ ਖਿੱਲਾਂ ਨੂੰ ਰੂੰਘਾ ਆਖਦੇ ਹਨ)। ਮਜ਼ਦੂਰਾਂ ਦੀਆਂ ਮੁੱਖ ਤੇ ਠੋਸ ਮੰਗਾਂ ਦਾ ਸਾਂਝੇ ਸੰਘਰਸ਼ਾਂ ਵਿੱਚ ਜਿਕਰ ਤੱਕ ਨਹੀਂ ਆਇਆ। ਜੇਕਰ ਸਾਂਝੇ ਸੰਘਰਸ਼ਾਂ ਵਿੱਚ ਮੰਗਾਂ ਪਾਈਆਂ ਜਾਂਦੀਆਂ ਹਨ ਤਾਂ ਉਹ ਸਿਰਫ ਚਲਵੀਆਂ ਜਿਹੀਆਂ। ਸਵਾਲ ਤਾਂ ਇੱਥੋਂ ਤੱਕ ਹੈ ਕਿ ਜਦੋਂ ਕਦੇ ਕਿਸਾਨੀ ਸੰਘਰਸ਼ ਸ਼ੁਰੂ ਹੁੰਦਾ ਹੈ ਤਾਂ ਕਹਿ ਦਿੰਦੇ ਨੇ ਬਈ ਵਿਚਾਰੇ ਮਜ਼ਦੂਰਾਂ ਦੀ ਵੀ ਕੋਈ ਮੰਗ ਪਾ ਲਓ, ਇਹਨਾਂ ਨੂੰ ਵੀ ਮਿਲਜੂ ਕੁਝ। ਤੇ ਵਿਚਾਰਿਆਂ ਨੂੰ ਮਿਲਦਾ ਵੀ ਵਿਚਾਰੀ ਹੈਸੀਅਤ ਨਾਲ ਹੀ ਹੈ। ਇੱਕ ਮਜ਼ਦੂਰ ਆਗੂ ਨੇ ਦਾਅਵਾ ਕੀਤਾ ਕਿ ਪਿਛਲੇ ਕੁਝ ਸਾਲਾਂ ਦੇ ਜਿੰਨ੍ਹਾਂ ਸੰਘਰਸ਼ ਵਿੱਚ ਉਹ ਆਪ ਸ਼ਾਮਿਲ ਰਿਹਾ ਹੈ, ਉਹਨਾਂ ਸਾਂਝੇ ਸੰਘਰਸ਼ਾਂ ਦਾ ਮੰਗ ਪੱਤਰ ਚੱਕ ਕੇ ਦੇਖ ਲਓ, ਕਦੇ ਮਜ਼ਦੂਰਾਂ ਦੀ ਮੰਗ ਪਹਿਲਾਂ ਨਹੀਂ ਪਾਈ ਜਾਂਦੀ। ਪਹਿਲਾਂ ਕਿਸਾਨੀ ਦੀਆਂ ਮੰਗਾਂ ਪਾਈਆਂ ਜਾਂਦੀਆਂ ਹਨ ਤੇ ਬਾਅਦ ਵਿੱਚ ਮਜ਼ਦੂਰਾਂ ਦੀਆਂ ਮੰਗਾਂ ਹੁੰਦੀਆਂ ਹਨ। ਸਰਕਾਰ ਨਾਲ ਗੱਲਬਾਤ ਵੇਲੇ ਵੀ ਮਜ਼ਦੂਰਾਂ ਦੀਆਂ ਮੰਗਾਂ 'ਤੇ ਚਰਚਾ ਬਾਅਦ ਵਿੱਚ ਹੀ ਹੁੰਦੀ ਹੈ। ਕੁਝ ਲੋਕਾਂ ਦਾ ਕਹਿਣਾ ਹੈ ਕਿ ਇਨਕਲਾਬ ਦੀ ਅਗਵਾਈ ਕਰਨ ਵਾਲੀ ਮਜ਼ਦੂਰ ਜਮਾਤ, ਜਿਸਦਾ ਮੁੱਖ ਰੋਲ ਬਣਦਾ ਹੈ, ਉਸਦੀ ਸਾਂਝੇ ਸੰਘਰਸ਼ਾਂ ਵਿੱਚ ਹਾਲਤ 'ਤੇ ਚਰਚਾ ਲਾਜ਼ਮੀ ਬਣਦੀ ਹੈ। ਜਦੋਂ ਕਦੇ ਅਖ਼ਬਾਰਾਂ ਵਿੱਚ ਖ਼ਬਰਾਂ ਵੀ ਦੇਖਦੇ ਹਾਂ ਤਾਂ ਅਖ਼ਬਾਰਾਂ ਵਿੱਚ ਨਾਮ ਵੀ ਕਿਸਾਨ ਆਗੂਆਂ ਦੇ ਪਹਿਲਾਂ ਤੇ ਮਜ਼ਦੂਰਾਂ ਦੇ 'ਇਸਤੋਂ ਇਲਾਵਾ' ਵਿੱਚ ਹੁੰਦੇ ਹਨ। ਰੈਲੀਆਂ, ਧਰਨਿਆਂ ਵਿੱਚ ਬੋਲਣ ਸਮੇਂ ਪਰਾਈਮ ਟਾਈਮ ਕਿਸਾਨ ਆਗੂਆਂ ਨੂੰ ਤੇ ਮਜ਼ਦੂਰ ਆਗੂਆਂ ਨੂੰ ਚੱਲਵਾਂ ਟਾਈਮ ਦਿੱਤਾ ਜਾਂਦਾ ਹੈ। ਇਸਤੋਂ ਉਲਟ ਕੁਝ ਲੋਕਾਂ ਦੇ ਦਾਅਵੇ ਹਨ ਕਿ ਕਿਸਾਨਾਂ-ਮਜ਼ਦੂਰਾਂ ਦੇ ਸੰਘਰਸ਼ ਸਹੀ ਢੰਗ ਨਾਲ ਤੇ ਸਹੀ ਦਿਸ਼ਾ ਵਿੱਚ ਚੱਲ ਰਹੇ ਹਨ। ਇਸ ਵਿੱਚ ਕੋਈ ਪ੍ਰੇਸ਼ਾਨੀ ਨਹੀਂ। ਇਹ ਜਿਹੜੀ ਚਰਚਾ ਚੱਲ ਰਹੀ ਹੈ, ਇਹ ਨਿਰਾ ਝੂਠ ਹੈ। ਖੁਦਕੁਸ਼ੀਆਂ ਦੇ ਮੁਆਵਜੇ ਲਈ ਚੱਲੇ ਸੰਘਰਸ਼ ਵਿੱਚ ਜਿੱਥੇ ਪਹਿਲਾਂ ਮੁਆਵਜਾ ਇਕੱਲੇ ਕਿਸਾਨਾਂ ਨੂੰ ਮਿਲਦਾ ਸੀ, ਹੁਣ ਮਜ਼ਦੂਰਾਂ ਨੂੰ ਵੀ ਮਿਲਣ ਲੱਗ ਪਿਆ। ਗੋਬਿੰਦਪੁਰਾ ਵਿੱਚ ਜ਼ਮੀਨ ਅਕਵਾਇਰ ਦੇ ਸੰਘਰਸ਼ ਵਿੱਚ ਕਿਸਾਨਾਂ ਦੇ ਨਾਲ-ਨਾਲ ਮਜ਼ਦੂਰਾਂ ਨੂੰ ਵੀ ਮੁਆਵਜਾ ਮਿਲਿਆ। ਬਿਜਲੀ ਮੁਆਫੀ ਦੇ ਸੰਘਰਸ਼ ਦਰਮਿਆਨ ਜਿੱਥੇ ਕਿਸਾਨੀ ਦੀਆਂ ਮੋਟਰਾਂ ਦੇ ਬਿੱਲ ਮੁਆਫ਼ ਹੋਏ ਉੱਥੇ ਮਜ਼ਦੂਰਾਂ ਦੇ ਘਰੇਲੂ ਬਿਜਲੀ ਬਿੱਲਾਂ ਦੇ 400 ਯੂਨਿਟ ਵੀ ਮੁਆਫ ਹੋਏ। ਮੌਜੂਦਾ ਸਮੇਂ ਨਰਮੇ ਦੇ ਮਸਲੇ 'ਤੇ ਚੱਲੇ ਸੰਘਰਸ਼ ਵਿੱਚ 64 ਕਰੋੜ ਰੁਪਈਆ ਮਜ਼ਦੂਰਾਂ ਨੂੰ ਦੁਆਇਆ। ਮਜ਼ਦੂਰ-ਕਿਸਾਨਾਂ ਦੇ ਸੰਘਰਸ਼ਾਂ ਦੀਆਂ ਵੱਖਰੀਆਂ-ਵੱਖਰੀਆਂ ਪੁਜ਼ੀਸ਼ਨਾਂ ਲੈਣ ਵਾਲਿਆਂ ਵਿੱਚ ਵਿਰੋਧ ਇੰਨੇ ਵਧਣੇ ਸ਼ੁਰੂ ਹੋ ਗਏ ਕਿ ਮਜ਼ਦੂਰਾਂ ਦਾ ਪੱਖ ਲੈਣ ਵਾਲਿਆਂ 'ਤੇ ਸਵਾਲ ਖੜੇ ਕੀਤੇ ਜਾਣ ਲੱਗ ਪਏ। ਰੈਲੀਆਂ ਵਿੱਚ ਇਹਨਾਂ ਨੂੰ ਸਰਕਾਰੀ ਏਜੰਟ ਤੱਕ ਕਹਿ ਦਿੱਤਾ ਜਾਂਦਾ ਹੈ। ਇਸਤੋਂ ਬਿਨਾਂ ਮਜ਼ਦੂਰ ਜੱਥੇਬੰਦੀਆਂ ਨੇ ਵੀ ਆਪਣੀਆਂ ਮੰਗਾਂ 'ਤੇ ਸਾਂਝਾ ਥੜਾ ਬਣਾ ਕੇ ਗਤੀਵਿਧੀ ਕੀਤੀ ਹੈ। ਆਓ ਆਪਾਂ ਦੇਖੀਏ ਕਿ ਇਸ ਚਰਚਾ ਦਾ ਅਧਾਰ ਕੀ ਹੈ? ਇਹ ਦੋਸ਼ ਪ੍ਰਤੀ ਦੋਸ਼ ਕਿਉਂ ਉਠੇ? ਕੀ ਮਜ਼ਦੂਰਾਂ ਨੂੰ ਸੰਘਰਸ਼ਾਂ ਵਿੱਚ ਥਾਂ ਨਹੀਂ ਮਿਲ ਰਹੀ? ਕੀ ਉਹਨਾਂ ਦੀ ਗੱਲ ਅੱਗੇ ਨਹੀਂ ਤੁਰ ਰਹੀ?

ਸਭ ਤੋਂ ਪਹਿਲੀ ਗੱਲ ਕਿ ਜੇਕਰ ਮਜ਼ਦੂਰਾਂ-ਕਿਸਾਨਾਂ ਦੇ ਸਾਂਝੇ ਸੰਘਰਸ਼ ਵਿੱਚ ਮਜ਼ਦੂਰਾਂ ਨੂੰ ਬਰਾਬਰ ਦੀ ਥਾਂ ਨਹੀਂ ਮਿਲ ਰਹੀ, ਉਹਨਾਂ ਦੀ ਗੱਲ ਅੱਗੇ ਨਹੀਂ ਤੁਰ ਰਹੀ ਤਾਂ ਕੀ ਮਜ਼ਦੂਰਾਂ-ਕਿਸਾਨਾਂ ਨੂੰ ਸਾਂਝਾ ਸੰਘਰਸ਼ ਨਹੀਂ ਕਰਨਾ ਚਾਹੀਦਾ ਜਾਂ ਇਹ ਕਦੇ ਨਹੀਂ ਹੋ ਸਕਦਾ? ਸਾਂਝਾ ਸੰਘਰਸ਼ ਹੋ ਸਕਦਾ ਹੈ। ਸਾਂਝਾ ਸੰਘਰਸ਼ ਤਾਂ ਨਵ-ਜਮਹੂਰੀ ਇਨਕਲਾਬ ਲਈ ਬਹੁਤ ਮਹੱਤਵਪੂਰਨ ਹੈ। ਮਾਓ ਜੇ ਤੁੰਗ ਨੇ ਨਵ-ਜਮਹੂਰੀ ਇਨਕਲਾਬ ਲਈ ਤਿੰਨ ਜਾਦੂਮਈ ਹਥਿਆਰਾਂ ਦੀ ਗੱਲ ਕੀਤੀ, ਉਹਨਾਂ ਵਿੱਚ ਤੀਸਰਾ ਜਿਹੜਾ ਸਾਂਝਾ ਜਨਤਕ ਮੋਰਚਾ ਹੈ, ਉਸਦੀ ਧੁਰੀ ਮਜ਼ਦੂਰ-ਕਿਸਾਨਾਂ ਦੇ ਗਠਜੋੜ ਨੇ ਬਣਨਾ ਹੈ। ਜਿਹੜੇ ਸਾਂਝੇ ਜਨਤਕ ਮੋਰਚੇ ਵਿੱਚ ਪਾਰਟੀ ਦੀ ਲਾਈਨ ਲਾਗੂ ਕਰਾਉਂਦੇ ਹਨ। ਉਸ ਤੇ ਇਹਨਾਂ ਰਾਹੀਂ ਪਾਰਟੀ ਦੀ ਪਕੜ ਬਣਦੀ ਹੈ। ਪ੍ਰੰਤੂ ਮਜ਼ਦੂਰਾਂ-ਕਿਸਾਨਾਂ ਦਾ ਸਾਂਝਾ ਮੋਰਚਾ ਬਣਾਉਣ ਤੋਂ ਪਹਿਲਾਂ ਇਹ ਸਮਝਣਾ ਪਵੇਗਾ ਕਿ ਮਜ਼ਦੂਰਾਂ-ਕਿਸਾਨਾਂ ਦੀ ਜਮਾਤ ਇੱਕ ਨਹੀਂ ਹੈ। ਇਹ ਦੋ ਵੱਖਰੀਆਂ-ਵੱਖਰੀਆਂ ਜਮਾਤਾਂ ਹਨ। ਇਹਨਾਂ ਦੇ ਜਮਾਤੀ ਹਿੱਤ ਹਨ। ਇੱਕ ਭੂਮੀਹੀਣ ਜਮਾਤ ਹੈ। ਇੱਕ ਭੂਮੀ ਦੀ ਮਾਲਕ ਜਮਾਤ ਹੈ। ਭੂਮੀ ਮਾਲਕ ਜਮਾਤ ਜ਼ਮੀਨ ਨੂੰ ਬਚਾਉਣ ਦੇ ਦ੍ਰਿਸ਼ਟੀਕੋਣ ਤੋਂ ਸੋਚਦੀ ਤੇ ਲੜਦੀ ਹੈ। ਭੂਮੀਹੀਣ ਜਮਾਤ ਇਸਨੂੰ ਮੁੜ ਨਿਰਧਾਰਿਤ ਕਰਨ ਬਾਰੇ ਸੋਚਦੀ ਹੈ ਤੇ ਲੜਦੀ ਹੈ। ਇਹਨਾਂ ਵਿੱਚ ਸਾਂਝ ਵੀ ਹੈ ਤੇ ਵਿਰੋਧ ਵੀ ਹੈ। ਜੇਕਰ ਇਹਨਾਂ ਵਿੱਚ ਵਿਰੋਧ ਨਾ ਹੋਵੇ ਤਾਂ ਇਹਨਾਂ ਦੀ ਇੱਕ ਜੱਥੇਬੰਦੀ ਕਿਉਂ ਨਹੀਂ ਬਣਦੀ? ਇਹਨਾਂ ਦੇ ਕਈ ਵਿਰੋਧ ਤਾਂ ਕਾਫੀ ਤਿੱਖੇ ਹਨ, ਖਾਸ ਕਰ ਪੰਜਾਬ ਅੰਦਰ। ਕਿਉਂਕਿ ਪੰਜਾਬ ਵਿੱਚ ਖੇਤੀ ਵਿੱਚ ਪੂੰਜੀਵਾਦ ਦੇ ਕਈ ਢੰਗ ਤਰੀਕੇ ਵਿਕਸਿਤ ਹੋ ਚੁੱਕੇ ਹਨ। ਸਾਂਝ ਤੇ ਵਿਰੋਧ ਦੇ ਮੁੱਦੇ ਕੀ ਹੋਣ? ਇਹ ਗੱਲ ਨਿਰਧਾਰਿਤ ਕਰਨ ਤੋਂ ਪਹਿਲਾਂ ਇਹ ਵੀ ਦੇਖਣਾ ਪਵੇਗਾ ਕਿ ਪੰਜਾਬ ਦੀ ਪੂਰੀ ਕਿਸਾਨੀ ਇੱਕ ਜਮਾਤ ਹੈ? ਇੱਥੇ ਉੱਤਰ ਹੋਵੇਗਾ ਨਹੀਂ? ਪੰਜਾਬ ਦੀ ਕਿਸਾਨੀ ਇੱਕ ਜਮਾਤ ਨਹੀਂ, ਇਸਦੀਆਂ ਵੱਖਰੀਆਂ-ਵੱਖਰੀਆਂ ਪਰਤਾਂ ਹਨ, ਜਿਵੇਂ ਬੇਜ਼ਮੀਨੇ ਕਿਸਾਨ, ਛੋਟੀ ਕਿਸਾਨੀ, ਦਰਮਿਆਨੀ ਕਿਸਾਨੀ, ਧਨੀ ਕਿਸਾਨੀ ਅਤੇ ਭੂਮੀਪਤੀ ਜਾਂ ਜਗੀਰਦਾਰ। ਮਜ਼ਦੂਰਾਂ ਦੇ ਸਾਂਝੇ ਸੰਘਰਸ਼ਾਂ ਵਿੱਚ ਸਭ ਤੋਂ ਨੇੜਲੇ ਸਾਥੀ ਬੇਜ਼ਮੀਨੇ ਤੇ ਛੋਟੇ ਕਿਸਾਨ ਹਨ। ਜਿਹਨਾਂ ਨਾਲ ਸਾਂਝੇ ਸੰਘਰਸ਼ ਲੜੇ ਜਾ ਸਕਦੇ ਹਨ। ਜਿਹਨਾਂ ਦੇ ਜਮਾਤੀ ਹਿੱਤ ਇੱਕ ਦੂਸਰੇ ਦੇ ਬਹੁਤ ਨੇੜੇ ਹਨ। ਸਾਂਝੇ ਸੰਘਰਸ਼ ਲੜਦੇ ਸਮੇਂ ਇਸ ਗਠਜੋੜ ਨੂੰ ਦਰਮਿਆਨੀ ਕਿਸਾਨੀ ਨੂੰ ਆਪਣੇ ਨਾਲ ਰਲਾਉਣ ਲਈ ਉਹਨਾਂ ਨੂੰ ਜਿੱਤਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜਿਹੜੇ ਧਨੀ ਕਿਸਾਨ ਹਨ, ਉਹਨਾਂ ਪ੍ਰਤੀ ਪੈਂਤੜਾ ਐਹੋ ਜਿਹਾ ਹੋਵੇ ਕਿ ਉਹ ਨਿਊਟਲ ਹੋ ਜਾਣ। ਉਹ ਇਸ ਗਠਜੋੜ ਖਿਲਾਫ਼ ਵੀ ਨਾ ਹੋਵੇ ਅਤੇ ਨਾ ਹੀ ਉਹਨਾਂ ਵੱਲ ਜਾਵੇ। ਭੂਮੀਪਤੀ ਤੇ ਜਗੀਰਦਾਰ ਇਸ ਗਠਜੋੜ ਦੀ ਦੁਸ਼ਮਣ ਜਮਾਤ ਹੈ। ਜਿਸ ਨਾਲ ਜਮਾਤੀ ਲੜਾਈ ਹੈ। ਜਿਸ ਨਾਲ ਕਿਸੇ ਵੀ ਮੁੱਦੇ 'ਤੇ ਸਾਂਝ ਨਹੀਂ ਬਣਦੀ। ਕਈ ਵਾਰੀ ਕਈ ਪਿੰਡਾਂ ਵਿੱਚ ਐਹੋ ਜਿਹੀ ਸਥਿਤੀ ਵੀ ਬਣ ਜਾਂਦੀ ਹੈ ਕਿ ਭੂਮੀਹੀਣ ਜਮਾਤ ਤੇ ਮਾਲਕ ਜਮਾਤਾਂ ਇੱਕ ਦੂਸਰੇ ਦੇ ਖਿਲਾਫ਼ ਹੋ ਕੇ ਖੜ ਜਾਂਦੀਆਂ ਹਨ ਤਾਂ ਇਸ ਟਕਰਾਅ ਵਿੱਚ ਸਾਨੂੰ ਮਜ਼ਦੂਰ ਜਮਾਤ ਦੇ ਹੱਕ ਵਿੱਚ ਹੀ ਖੜਨਾ ਚਾਹੀਦਾ ਹੈ।

ਹੁਣ ਅਗਲਾ ਮੁੱਦਾ ਬਣਦਾ ਹੈ ਕਿ ਫਿਰ ਕੀ ਮੁੱਦੇ ਹੋਣ ਜਿਹਨਾਂ ਤੇ ਮਜ਼ਦੂਰ-ਕਿਸਾਨ ਦਾ ਏਕਾ ਬਣ ਸਕਦਾ ਹੈ, ਉਹ ਸਾਂਝੇ ਰੂਪ ਵਿੱਚ ਲੜ ਸਕਦੇ ਹਨ। ਸਭ ਤੋਂ ਪਹਿਲਾ ਮੁੱਦਾ ਤਾਂ ਕਿਤੇ ਵੀ ਪੁਲੀਸ ਤਸ਼ੱਦਦ ਦਾ ਸਵਾਲ ਆਉਂਦਾ ਹੈ ਤਾਂ ਮਜ਼ਦੂਰ ਕਿਸਾਨ ਸਾਂਝਾ ਥੜ੍ਹਾ ਬਣਾ ਕੇ ਖੜ ਸਕਦੇ ਹਨ, ਲੜ ਸਕਦੇ ਹਨ। ਦੂਸਰਾ ਮੁੱਦਾ ਪੰਚਾਇਤੀ ਜ਼ਮੀਨ ਦਾ ਮੁੱਦਾ ਹੈ। ਜਿਸਨੂੰ ਕਿਸਾਨ-ਮਜ਼ਦੂਰ ਜੱਥੇਬੰਦੀਆਂ ਨੇ ਕਦੇ ਹੱਥ ਹੀ ਨਹੀਂ ਲਾਇਆ। ਪੰਚਾਇਤੀ ਜ਼ਮੀਨ ਵਿੱਚ ਦਲਿਤਾਂ ਦੇ ਹਿੱਸੇ ਦੀ ਜ਼ਮੀਨ ਤੀਸਰਾ ਹਿੱਸਾ ਬਣਦੀ ਹੈ। ਉਹ ਦਲਿਤਾਂ ਵਿੱਚ ਪੱਕੇ ਤੌਰ 'ਤੇ ਵੰਡ ਦੀ ਮੰਗ ਕਰਨੀ ਚਾਹੀਦੀ ਹੈ ਤੇ ਬਾਕੀ ਬਚਦੀ ਪੰਚਾਇਤੀ ਜ਼ਮੀਨ ਛੋਟੇ ਕਿਸਾਨਾਂ ਲਈ ਘੱਟ ਰੇਟ ਤੇ ਰਾਖਵੀਂ ਹੋਣੀ ਚਾਹੀਦੀ ਹੈ। ਤੀਸਰਾ ਮੁੱਦਾ ਮਨਰੇਗਾ ਦਾ ਬਣਦਾ ਹੈ। ਇਹ ਮੁੱਦਾ ਜਿੱਥੇ ਮਜ਼ਦੂਰਾਂ ਦਾ ਮੁੱਦਾ ਹੈ, ਉੱਥੇ ਪੰਜ ਏਕੜ ਤੱਕ ਕਿਸਾਨੀ ਦਾ ਮੁੱਦਾ ਹੈ। ਜਿੱਥੇ ਉਸਨੂੰ ਦੋਹਰਾ ਫਾਇਦਾ ਹੋਵੇਗਾ। ਉਹ ਆਪਣੇ ਹੀ ਖੇਤ ਵਿੱਚ ਕੰਮ ਕਰੇਗਾ (ਜਿੱਥੇ ਉਹ ਪਹਿਲਾਂ ਵੀ ਕਰਦਾ ਹੈ) ਤੇ ਨਾਲ ਹੀ ਉਸਨੂੰ ਦਿਹਾੜੀ ਵੀ ਮਿਲੇਗੀ। ਇਸ ਮੁੱਦੇ ਨਾਲ ਮਜ਼ਦੂਰਾਂ-ਕਿਸਾਨਾਂ ਦੀ ਯਾਰੀ ਵੀ ਹੋਰ ਡੂੰਘੀ ਹੋਵੇਗੀ। ਚੌਥਾ ਮੁੱਦਾ ਸੀਲਿੰਗ ਐਕਟ ਹੈ। ਸਾਂਝੇ ਸੰਘਰਸ਼ ਵੱਲੋਂ ਜ਼ਮੀਨ ਦੀ ਸੀਲਿੰਗ ਐਕਟ ਘਟਾਉਣ ਦੀ ਮੰਗ ਕਰਨੀ ਚਾਹੀਦੀ ਹੈ ਤੇ ਉਪਰਲੀ ਜ਼ਮੀਨ ਬੇਜ਼ਮੀਨੇ ਲੋਕਾਂ (ਮਜ਼ਦੂਰ-ਕਿਸਾਨ) ਤੇ ਛੋਟੇ ਕਿਸਾਨਾਂ ਵਿੱਚ ਵੰਡਣ ਦੇ ਸਵਾਲ ਨੂੰ ਲੈਣਾ ਚਾਹੀਦਾ ਹੈ। ਸਰਕਾਰ ਵੱਲੋਂ ਬਣਾਈ ਸੀਲਿੰਗ ਨੂੰ ਲਾਗੂ ਕਰਾਉਣ ਲਈ ਲੜਨਾ ਚਾਹੀਦਾ ਹੈ। ਪੰਜਵਾਂ ਮੁੱਦਾ ਸੁਸਾਇਟੀਆਂ ਦਾ ਹੈ। ਇੱਥੇ ਬਣੀਆਂ ਪੇਂਡੂ ਕੋਆਪਰੇਟਿਵ ਸੁਸਾਇਟੀਆਂ ਵਿੱਚ ਦਲਿਤਾਂ ਦੀ ਪੱਕੀ ਮੈਂਬਰਸ਼ਿਪ ਹੀ ਨਹੀਂ ਹੁੰਦੀ। ਮਤਲਬ ਉਹਨਾਂ ਦੀ ਹਿੱਸੇਦਾਰੀ ਨਹੀਂ ਪਵਾਈ ਜਾਂਦੀ। ਪਹਿਲਾਂ ਉਹਨਾਂ ਨੂੰ ਸੁਸਾਇਟੀਆਂ ਵਿੱਚ ਪੇਂਡੂ ਧਨਾਢ ਚੌਧਰੀ ਹੀ ਨਹੀਂ ਵੜਨ ਦਿੰਦੇ। ਉਹਨਾਂ ਨੂੰ ਕਰਜ਼ਾ ਨਹੀਂ ਮਿਲਦਾ। ਜੇਕਰ ਕੁਝ ਮਿਲਦਾ ਹੈ ਵੀ ਤਾਂ ਉਸਦੀ ਜਾਮਨੀ ਜ਼ਮੀਨ ਦੇ ਮਾਲਕ ਤੋਂ ਪਵਾਈ ਜਾਂਦੀ ਹੈ। ਜੇਕਰ ਉਸਨੂੰ ਜਾਮਨ ਨਹੀਂ ਮਿਲਦਾ ਤਾਂ ਉਸਨੂੰ ਕਰਜਾ ਨਹੀਂ ਮਿਲਦਾ। ਛੋਟੀ ਕਿਸਾਨੀ ਜਿਸਨੂੰ ਵੱਧ ਕਰਜੇ ਦੀ ਲੋੜ ਹੁੰਦੀ ਹੈ, ਉਸਦੀ ਲਿਮਟ ਵੀ ਘੱਟ ਹੁੰਦੀ ਹੈ, ਉਸਨੂੰ ਵੀ ਕਰਜਾ ਨਹੀਂ ਮਿਲਦਾ। 'ਸੁਰਖ ਲੀਹ' ਦੇ ਮੁਤਾਬਿਕ 10 ਏਕੜ ਤੋਂ ਉੱਪਰ ਕਿਸਾਨੀ 'ਤੇ ਕੰਪਨੀਆਂ ਇਹ ਕੋਆਪਰੇਟਿਵ ਬੈਂਕ ਦਾ 90% ਕਰਜ਼ਾ ਲੈ ਜਾਂਦੀਆਂ ਹਨ। ਜਦਕਿ ਹੋਰਾਂ ਦੇ ਪੱਲੇ ਸਿਰਫ਼ 10% ਹੀ ਬਚਦਾ ਹੈ। ਇਸਤੋਂ ਬਿਨਾਂ ਹੋਰ ਬਹੁਤ ਸਾਰੇ ਮੁੱਦੇ ਹਨ ਜਿਹਨਾਂ 'ਤੇ ਮਜ਼ਦੂਰ-ਕਿਸਾਨ ਦੀ ਸਾਂਝ ਬਣ ਸਕਦੀ ਹੈ।

ਜਿਹਨਾਂ ਮੁੱਦਿਆਂ ਤੇ ਇਹਨਾਂ ਜਮਾਤਾਂ ਦੀ ਸਾਂਝ ਨਹੀਂ ਬਣਦੀ, ਉਹਨਾਂ ਵਿੱਚ ਪਹਿਲਾਂ ਜਾਤੀ ਵਿਤਕਰੇ ਦਾ ਸਵਾਲ ਹੈ। ਇੱਕ ਚੇਤਨਾ ਦੇ ਉੱਚੇ ਪੱਧਰ ਉੱਪਰ ਪਹੁੰਚ ਕੇ ਕਿਸਾਨੀ ਹਮਾਇਤ 'ਤੇ ਆਉਂਦੀ ਹੈ। ਇਹ ਇਕੱਲਾ ਦਲਿਤਾਂ (ਮਜ਼ਦੂਰਾਂ) ਦਾ ਮਸਲਾ ਹੈ। ਫ਼ਸਲਾਂ ਦੇ ਭਾਅ ਦਾ ਸਵਾਲ ਹੈ। ਇੱਕ ਨੂੰ ਜਿਣਸ ਖਰੀਦਣੀ ਪੈਂਦੀ ਹੈ ਤੇ ਦੂਸਰੇ ਨੇ ਵੇਚਣੀ ਹੈ, ਇਸਤੇ ਕੋਈ ਸਾਂਝ ਨਹੀਂ ਬਣਦੀ। ਤੀਸਰਾ ਮੁੱਦਾ ਦਿਹਾੜੀ ਹੈ, ਇਹ ਮਜ਼ਦੂਰਾਂ ਨੂੰ ਇਕੱਲਿਆਂ ਲੜਨਾ ਚਾਹੀਦਾ ਹੈ। ਇਸਤੋਂ ਬਿਨ੍ਹਾਂ ਪਲਾਟਾਂ ਦਾ ਮਸਲਾ, ਪਿੰਡਾਂ ਵਿੱਚ ਟੂਟੀਆਂ ਦੀ ਬਿੱਲ ਮੁਆਫੀ ਦਾ ਮਸਲਾ ਆਦਿ ਮਸਲੇ ਹਨ, ਜਿਹਨਾਂ ਉੱਪਰ ਸਾਂਝ ਨਹੀਂ। ਇਹ ਵੱਖਰੇ-ਵੱਖਰੇ ਫਰੰਟ ਤੋਂ ਲੜੇ ਜਾਣੇ ਚਾਹੀਦੇ ਹਨ।

ਪਰ ਅੱਜ ਹੋ ਕੀ ਰਿਹਾ ਹੈ। ਇਸਨੂੰ ਵਿਚਾਰਨ ਦੇ ਨਾਲ-ਨਾਲ ਮੌਜੂਦ ਕਿਸਾਨ-ਮਜ਼ਦੂਰਾਂ ਦੇ ਸਾਂਝੇ ਪਲੇਟਫਾਰਮ ਦੇ ਪੱਕੇ ਹਮਾਇਤੀਆਂ ਦੇ ਦਾਅਵਿਆਂ ਨੂੰ ਵੀ ਵਿਚਾਰ ਲਈਏ।

ਮਾਲਵੇ ਦੀ ਨਰਮਾ ਪੱਟੀ ਦੇ ਕਿਸਾਨਾਂ ਦਾ ਮਾੜੇ ਬੀਜਾਂ ਤੇ ਮਾੜੀਆਂ ਦਵਾਈਆਂ ਕਰਕੇ ਨਰਮਾ ਮਰ ਗਿਆ। ਫ਼ਸਲਾਂ ਚਿੱਟੇ ਮੱਛਰ ਦਾ ਹਮਲਾ ਨਾ ਝੱਲ ਸਕੀਆਂ। ਕਿਸਾਨਾਂ ਦੀ ਹਾਲਤ ਔਖੀ ਹੋ ਗਈ। ਜਿਹਨਾਂ ਨੇ ਠੇਕੇ ਉੱਪਰ ਜ਼ਮੀਨਾਂ ਲੈ ਕੇ ਨਰਮਾ ਬੀਜਿਆ ਸੀ, ਉਹਨਾਂ ਦੀ ਹਾਲਤ ਦੂਸਰੇ ਕਿਸਾਨਾਂ ਨਾਲੋਂ ਵੀ ਬਦਤਰ ਬਣ ਗਈ। ਦੂਸਰਾ ਮਜ਼ਦੂਰ ਜਿਹੜੇ ਨਰਮਾ ਚੁਗਦੇ ਸਨ, ਉਹਨਾਂ ਦਾ ਕੰਮ ਖਰਾਬ ਹੋ ਗਿਆ। ਇਸਤੇ ਅੱਠ ਕਿਸਾਨ ਜੱਥੇਬੰਦੀਆਂ ਨੇ ਮੋਰਚਾ ਲਾਇਆ। ਬਠਿੰਡੇ ਪੱਕਾ ਧਰਨਾ ਲਾਇਆ। ਲੋਕ ਆਪ ਮੁਹਾਰੇ ਆਉਣੇ ਸ਼ੁਰੂ ਹੋ ਗਏ। ਧਰਨਾ ਜੰਮ ਗਿਆ। ਸਰਕਾਰ ਨੇ ਮੁਆਵਜੇ ਦਾ ਐਲਾਨ ਕਰ ਦਿੱਤਾ। ਜੱਥੇਬੰਦੀਆਂ ਨੇ ਮੁਆਵਜਾ ਘੱਟ ਕਹਿ ਕੇ ਰੱਦ ਕਰ ਦਿੱਤਾ। ਉਹਨਾਂ ਨੂੰ ਲੱਗਿਆ ਬੱਸ ਜਿੱਤ ਹੋ ਗਈ। ਫਰੰਟ ਨੇ ਹਮਲਾ ਹੋਰ ਤਿੱਖਾ ਕਰਨ ਲਈ ਸੰਘਰਸ਼ ਨੂੰ ਪੰਜਾਬ ਪੱਧਰ 'ਤੇ ਫੈਲਾਉਣ ਦਾ ਐਲਾਨ ਹੋ ਗਿਆ। ਪੰਜਾਬ ਵਿੱਚ ਡੀ.ਸੀ. ਦਫ਼ਤਰਾਂ ਦੇ ਬਾਹਰ ਧਰਨੇ ਲਾਏ ਗਏ। ਕੁਝ ਕੁ ਮਜ਼ਦੂਰ ਜੱਥੇਬੰਦੀਆਂ ਨੂੰ ਲੱਗਿਆ ਕਿ ਸਾਨੂੰ ਜਾਣਾ ਚਾਹੀਦਾ। ਪਰ ਮਜ਼ਦੂਰ ਜੱਥੇਬੰਦੀਆਂ ਤੋਂ ਬੰਦੇ ਤਾਂ ਢੁਆਏ ਪਰ ਬੋਲਣ ਵੇਲੇ ਔਖ ਦਿਖਾਈ ਗਈ। ਕੁਝ ਥਾਵਾਂ 'ਤੇ ਬੋਲਣ ਵੇਲੇ ਰੋਕ ਦਿੱਤਾ ਦਿੱਤਾ। ਇੱਥੋਂ ਤੱਕ ਹੋਇਆ ਕਿ ਉਹਨਾਂ ਨੂੰ ਮਜ਼ਦੂਰਾਂ ਸਮੇਤ ਧਰਨਿਆਂ ਵਿੱਚੋਂ ਬਾਹਰ ਕਰ ਦਿੱਤਾ ਗਿਆ। ਜਦੋਂ ਮਜ਼ਦੂਰ ਆਗੂਆਂ ਨੇ ਦਲੀਲ ਪੂਰਵਕ ਗੱਲ ਕੀਤੀ ਤਾਂ ਜਗੀਰੂ ਧਮਕੀ ਦੇ ਦਿੱਤੀ ਕਿ ਦੇਖਦਾਂ ਤੁਹਾਨੂੰ ਕੌਣ ਰਲਾਉਂਦਾ ਆਪਣੇ ਨਾਲ। ਦੇਖਦਾਂ ਕੌਣ ਕਰਦੈ ਤੁਹਾਡੇ ਨਾਲ ਸਾਂਝਾ। ਜਦੋਂ ਸਰਕਾਰ ਟੱਸ ਤੋਂ ਮੱਸ ਨਾ ਹੁੰਦੀ ਲੱਗੀ ਤਾਂ ਨਾਸੀਂ ਧੂੰਆਂ ਆ ਗਿਆ। ਸੀਰੀ ਚੇਤੇ ਆ ਗਏ, ਬਈ ਥੋਡੀ ਵੀ ਮੰਗ ਪਾਈ ਹੈ ਕਿ ਮਜ਼ਦੂਰਾਂ ਨੂੰ ਵੀ ਮੁਆਵਜਾ ਮਿਲਣਾ ਚਾਹੀਦਾ। ਮਜ਼ਦੂਰ-ਕਿਸਾਨ ਦਾ ਰਿਸ਼ਤਾ ਤਾਂ ਬਹੁਤ ਨੇੜਲਾ ਰਿਸ਼ਤੈ। ਇਹ ਤਾਂ ਨਹੁੰ-ਮਾਸ ਦਾ ਰਿਸ਼ਤੈ ਬਈ। ਫਿਰ ਇਹ ਰਿਸ਼ਤਾ ਤਾਂ ਐਨਾ ਚੇਤਾ ਆ ਗਿਆ ਕਿ ਇੱਕ ਧਿਰ ਦੀ ਕਿਸਾਨ ਜੱਥੇਬੰਦੀ ਸਾਂਝੀ ਮੀਟਿੰਗ ਵਿੱਚ ਆਪਣੇ ਸੀਰੀ ਨੂੰ ਨਾਲ ਹੀ ਲੈ ਆਈ, ਬਈ ਜੇਕਰ ਇਸਨੂੰ ਮੀਟਿੰਗ ਵਿੱਚ ਨਹੀਂ ਬਿਠਾਉਂਦੇ ਤਾਂ ਅਸੀਂ ਤਾਂ ਬਾਹਰ ਹੁੰਨੇ ਆਂ। ਫਿਰ ਬਿਠਾਇਆ ਸੀਰੀਆਂ ਨੂੰ ਨਾਲ ਰੇਲਾਂ 'ਤੇ। ਬਾਦਲ ਨਾਲ ਗੱਲਬਾਤ ਹੋਈ ਤਾਂ ਬਾਦਲ ਮਜ਼ਦੂਰਾਂ ਲਈ 64 ਕਰੋੜ ਦੇਣਾ ਮੰਨ ਗਿਆ, ਮਤਲਬ ਦਸਵਾਂ ਹਿੱਸਾ। ਬਾਹਰ ਆ ਕੇ ਰੌਲਾ ਪਾਤਾ ਬਈ ਜਿੱਤ ਗਏ-ਜਿੱਤ ਗਏ। ਛੋਟੀਆਂ ਜਿੱਤਾਂ ਤੋਂ ਸਬਕ ਲੈ ਕੇ ਵੱਡੀਆਂ ਜਿੱਤਾਂ ਵੱਲ ਵਧਣਾ ਚਾਹੀਦੈ। ਪਰ ਇਹ ਨਹੀਂ ਦੱਸਿਆ ਕਿ ਸਰਕਾਰ ਨੇ ਨਾਲ ਸ਼ਰਤ ਵੀ ਰੱਖੀ ਹੈ ਕਿ ਪਹਿਲਾਂ ਸਰਵੇ ਹੋਵੇਗਾ ਕਿ ਕਿਹੜੇ-ਕਿਹੜੇ ਮਜ਼ਦੂਰ ਚੁਗਾਈ ਕਰਦੇ ਨੇ। ਮਤਲਬ ਪਿੰਡ ਦਾ ਚੌਧਰੀ ਚਾਹੇ ਉਹ ਕਿਸੇ ਪਾਰਟੀ ਦਾ ਹੋਵੇ ਜਾਂ ਕਿਸਾਨ ਯੂਨੀਅਨ ਦਾ ਪ੍ਰਧਾਨ ਹੋਵੇ, ਉਸਦੀ ਸਹਿਮਤੀ ਨਾਲ ਰੁਪਏ ਮਿਲਣੇ ਹਨ। ਮਿੰਨਤਾਂ ਕਰਵਾਉਣਗੇ ਉਹ ਮਜ਼ਦੂਰਾਂ ਦੀਆਂ। ਉਹ ਪੁਰਾਣੇ ਰੁਪਏ ਕੱਟਣਗੇ, ਜਿਹੜੇ ਮਜ਼ਦੂਰਾਂ ਨੇ ਉਧਾਰ ਫੜੇ ਹੋਣਗੇ। ਬਾਦਲ ਨਾਲ ਗੱਲਬਾਤ ਵੇਲੇ ਸਾਰੀਆਂ ਕਿਸਾਨ ਜੱਥੇਬੰਦੀਆਂ ਨੇ ਲੜੇ ਜਾ ਰਹੇ ਸੰਘਰਸ਼ ਤੋਂ ਬਿਨਾਂ ਵੀ ਆਪਣੀਆਂ ਮੰਗਾਂ ਰੱਖ ਦਿੱਤੀਆਂ ਪਰ ਮਜ਼ਦੂਰਾਂ ਦੀਆਂ ਮੰਗਾਂ ਦਾ ਕਿਸੇ ਨੂੰ ਚੇਤਾ ਵੀ ਨਹੀਂ ਆਇਆ। ਇਹ ਮੁਆਵਜਾ ਮੰਗ ਨਾਲ ਮਜ਼ਦੂਰਾਂ ਦਾ ਕੀ ਫਾਇਦਾ ਹੋਣਾ ਕੋਈ ਬਹੁਤਾ ਨਹੀਂ। ਬੱਸ ਨਾਲ ਲੱਗਣ ਕਰਕੇ ਇਹਨਾਂ ਨੂੰ ਰੂੰਘਾ ਮਿਲ ਗਿਆ। ਨਰਮੇ ਦੇ ਮੁੱਦੇ ਦੇ ਨਾਲ-ਨਾਲ ਬਾਸਮਤੀ ਦੀ ਵੀ ਮੰਗ ਆ ਗਈ। ਮੋਰਚਾ ਹੁਣ ਬਾਸਮਤੀ ਦੇ ਭਾਅ ਵੱਲ ਵਧਣ ਲੱਗਾ, ਇਹ ਸੀਰੀ ਵੀ ਪੂਰਾ ਜੋਰ ਲਾ ਰਹੇ ਹਨ। ਪਰ ਅਸੀਂ ਪੁੱਛਣਾ ਚਾਹੁੰਦੇ ਹਾਂ ਇਹਨਾਂ ਤੋਂ ਕਿ ਪੰਜਾਬ ਵਿੱਚ ਕਿਸ ਮਜ਼ਦੂਰ ਦੇ ਘਰ ਬਾਸਮਤੀ ਪਈ ਹੈ, ਉਹ ਤਾਂ ਖੀਰ ਖਾਣ ਲਈ ਵੀ ਦਸਵੀਂ ਵਾਲੇ ਦਿਨ ਗੁਰਦੁਆਰੇ ਜਾਂਦੇ ਹਨ। ਚੌਲ ਲੈਣ



ਦੀ ਉਹਨਾਂ ਦੀ ਹੈਸੀਅਤ ਨਹੀਂ। ਜੇਕਰ ਭਾਅ ਹੁਣ ਹੋਰ ਵਧ ਜਾਂਦਾ ਤਾਂ ਮਜ਼ਦੂਰਾਂ ਦਾ ਕਿਸ ਪਾਸੇ ਤੋਂ ਭਲਾ ਹੋਣ ਲੱਗਾ ਦੱਸੋ ਜਰਾ ਕੁ। ਭਾਅ ਵਧਣ ਨਾਲ ਵੱਧ ਫਾਇਦਾ ਕਿਸਨੂੰ ਹੋਣਾ। ਸਭ ਤੋਂ ਵੱਧ ਫਾਇਦਾ ਭੂਮੀਪਤੀ ਤੇ ਧਨੀ ਕਿਸਾਨਾਂ ਨੇ ਲੈਣਾ। ਮਜ਼ਦੂਰਾਂ ਦਾ ਇਸ ਵਿੱਚ ਸ਼ਾਮਿਲ ਹੋਣ ਦਾ ਮਤਲਬ ਮਜ਼ਦੂਰ ਜਮਾਤ ਨੂੰ ਭੂਮੀਪਤੀਆਂ ਤੇ ਧਨੀ ਕਿਸਾਨਾਂ ਦੀ ਪਿਛਲੱਗੂ ਬਣਾਉਣਾ। ਉਹਨਾਂ ਦੇ ਹੱਕ ਵਿੱਚ ਭੁਗਤਾਉਣਾ, ਉਹ ਭੂਮੀਪਤੀ ਜੋ ਸਾਡੀ ਦੁਸ਼ਮਣ ਜਮਾਤ ਬਣਦੀ ਹੈ।

ਲੈ ਸੁਣੋ ਹੁਣ, ਬਿਜਲੀ ਬਿੱਲਾਂ ਵੇਲੇ ਵੀ ਹੋਇਆ ਇਉਂ। ਸਾਂਝਾ ਫਰੰਟ ਕਿਸਾਨਾਂ-ਮਜ਼ਦੂਰਾਂ ਦਾ ਬਣਾਇਆ ਗਿਆ। ਉਸ ਵੱਲੋਂ ਘੋਲ ਲੜਿਆ ਗਿਆ। ਪਰ ਮਜ਼ਦੂਰ ਇਸ ਵਿੱਚ ਰਹੇ ਘਾਟੇ ਵਿੱਚ। ਸਭ ਤੋਂ ਪਹਿਲਾਂ ਮਜ਼ਦੂਰਾਂ ਦੀ ਇੱਕ ਜੱਥੇਬੰਦੀ ਨੇ ਘਰੇਲੂ ਬਿਜਲੀ ਬਿੱਲਾਂ ਦੀ ਮੁਆਫ਼ੀ ਲਈ ਬਾਈਕਾਟ ਦਾ ਸੱਦਾ ਦਿੱਤਾ। ਮਜ਼ਦੂਰਾਂ ਨੇ ਭਰਪੂਰ ਹੁੰਗਾਰਾ ਦਿੱਤਾ। ਸਰਕਾਰ ਨੇ ਗੱਲਬਾਤ ਲਈ 400 ਯੂਨਿਟ ਮੁਆਫੀ ਲਈ ਹਾਮੀ ਭਰ ਦਿੱਤੀ, ਪਰ ਅਜੇ ਲਾਗੂ ਨਹੀਂ ਕਰ ਰਹੀ ਸੀ, ਮਜ਼ਦੂਰਾਂ ਦਾ ਸੰਘਰਸ਼ ਜਾਰੀ ਸੀ। ਇਸ ਸੰਘਰਸ਼ ਨੂੰ ਮੋਟੀਆਂ-ਡਾਢੀਆਂ ਕਹਾਉਣ ਵਾਲੀਆਂ ਕਿਸਾਨ ਜੱਥੇਬੰਦੀਆਂ ਦੇ ਰਾਜਨੀਤਿਕ ਆਕਾਵਾਂ ਨੇ ਕਿਹਾ ਕਿ ਬਾਈਕਾਟ ਵਧਵੀਂ ਕਾਰਵਾਈ ਹੈ। ਇਹ ਬਾਈਕਾਟ ਨਹੀਂ ਕਰਨਾ ਚਾਹੀਦਾ। ਮਜ਼ਦੂਰ ਜੱਥੇਬੰਦੀਆਂ ਨੂੰ ਇਸ ਘੋਲ ਵਿੱਚੋਂ ਜਾਣੋ ਰੋਕੀ ਰੱਖਿਆ। ਉਸੇ ਸਮੇਂ ਸੁਖਬੀਰ-ਕਾਲੀਆ ਰਿਪੋਰਟ ਆ ਗਈ। ਉਹਨਾਂ ਨੇ ਕਿਸਾਨੀ ਨੂੰ ਬਿਜਲੀ ਬਿੱਲ ਲਾਉਣ ਦਾ ਐਲਾਨ ਕਰ ਦਿੱਤਾ। ਇਹੀ ਲੀਡਰਾਂ ਨੇ ਗਿਰਗਟ ਵਾਂਗੂੰ ਪਾਸਾ ਪਲਟ ਲਿਆ। ਕਿਸਾਨ ਜੱਥੇਬੰਦੀਆਂ ਨੇ ਬਿਜਲੀ ਬਿੱਲਾਂ (ਮੋਟਰਾਂ) ਦੇ ਬਾਈਕਾਟ ਦਾ ਐਲਾਨ ਕਰ ਦਿੱਤਾ। ਸੀਰੀਆਂ ਦਾ ਫਿਰ ਚੇਤਾ ਆ ਗਿਆ। ਰਲਾ ਲਏ ਤੁਰੰਤ ਸੀਰੀ। ਕਿਸਾਨ-ਮਜ਼ਦੂਰ ਜੱਥੇਬੰਦੀਆਂ ਦਾ ਸਾਂਝਾ ਪਲੇਟਫਾਰਮ ਬਣ ਗਿਆ। ਸੰਘਰਸ਼ ਚੱਲਿਆ ਜਿਸ ਵਿੱਚ ਕਿਸਾਨਾਂ ਦੇ ਬਿਜਲੀ ਬਿੱਲ ਮੁਆਫ ਹੋ ਗਏ। ਮਜ਼ਦੂਰਾਂ ਦੇ ਬਿੱਲ ਤੇ ਬਕਾਏ ਅਤੇ ਕਿਸਾਨਾਂ ਦੇ ਬਕਾਏ ਅਜੇ ਬਾਕੀ ਸੀ। ਸੰਘਰਸ਼ ਫਿਰ ਚੱਲਿਆ, ਸਰਕਾਰ ਨਾਲ ਗੱਲਬਾਤ ਹੋਈ। ਸਰਕਾਰ ਮਜ਼ਦੂਰਾਂ ਦੇ ਘਰੇਲੂ ਬਿਜਲੀ ਬਿੱਲਾਂ ਦੇ 400 ਯੂਨਿਟ ਮੁਆਫ ਕਰਨ ਲਈ ਸਹਿਮਤ ਹੋ ਗਈ। ਇਸ ਨਾਲ ਕਿਸਾਨਾਂ ਦੇ 357 ਕਰੋੜ ਦੇ ਬਕਾਏ ਵੀ ਮੁਆਫ਼ ਹੋ ਗਏ ਪਰ ਮਜ਼ਦੂਰਾਂ ਦੇ 76 ਕਰੋੜ ਦੇ ਬਕਾਏ ਮੁਆਫ ਨਹੀਂ ਹੋਏ। ਜਿਹੜੇ ਕਿਸਾਨਾਂ ਦੇ ਕੁਨੈਕਸ਼ਨ ਕੱਟੇ ਗਏ ਉਹ ਤਾਂ ਜੁੜ ਗਏ ਪਰ ਮਜ਼ਦੂਰਾਂ ਦੇ ਨਹੀਂ ਜੁੜੇ। ਉਹ ਇਹਨਾਂ ਲਈ ਅਜੇ ਤੱਕ ਸੰਘਰਸ਼ ਕਰੀ ਜਾ ਰਹੇ ਹਨ। ਸੰਘਰਸ਼ ਵਿੱਚੋਂ ਮਿਲਿਆ ਕੀ? ਰੂੰਘਾ। ਜੇਕਰ ਮਜ਼ਦੂਰ ਜੱਥੇਬੰਦੀਆਂ ਆਪਣੀ ਜਗੀਰੂ ਮਾਨਸਿਕਤਾ ਵਾਲੀ ਰਾਜਨੀਤਿਕ ਲੀਡਰਸ਼ਿਪ ਦੇ ਸਾਏ ਹੇਠੋਂ ਨਿਕਲ ਕੇ ਆਪਣਾ ਫਰੰਟ ਬਣਾ ਕੇ ਲੜਦੀਆਂ ਤਾਂ ਮਿਲਦਾ ਵੀ ਜਿਆਦਾ ਤੇ ਨਾਲ ਮਾਣ-ਸਨਮਾਨ ਵੀ ਬਰਕਰਾਰ ਰਹਿੰਦਾ। ਬਰਾਬਰ ਦੀ ਜਿੱਤ ਹੁੰਦੀ। ਪਰ ਇਸ ਨਾਲ ਮਿਲਿਆ ਵੀ ਰੂੰਘਾ ਨਾਲੇ ਰਹੇ ਸੀਰੀ ਦੇ ਸੀਰੀ।

ਕੁਝ ਲੋਕ ਕਹਿੰਦੇ ਹਨ ਕਿ ਨਰਮੇ ਤੇ ਬਿਜਲੀ ਦੇ ਬਿੱਲਾਂ ਤੋਂ ਬਿਨਾਂ ਅਸੀਂ ਮਜ਼ਦੂਰਾਂ ਨੂੰ ਗੋਬਿੰਦਪੁਰੇ ਮੁਆਵਜਾ ਲੈ ਕੇ ਦਿੱਤਾ। ਖੁਦਕੁਸ਼ੀਆਂ ਦੇ ਮੁਆਵਜੇ ਵਿੱਚ ਮਜ਼ਦੂਰਾਂ ਨੂੰ ਪੁਆਇਆ। ਇਹ ਘੋਲ ਇਲਾਕਾ ਪੱਧਰੀ ਤੇ ਕੁਝ ਬੰਦਿਆਂ ਤੱਕ ਸੀਮਿਤ ਸਨ। ਇਹਨਾਂ ਵਿੱਚ ਖੁਦਕੁਸ਼ੀਆਂ ਦੇ ਮੁਆਵਜੇ ਬਾਰੇ ਵੱਡੀ ਚਰਚਾ ਦੀ ਲੋੜ ਹੈ ਤੇ ਇਸ ਲਈ ਅਸੀਂ ਸੱਦਾ ਵੀ ਦਿੰਦੇ ਹਾਂ।

ਪੰਜਾਬ ਵਿੱਚ ਸਾਂਝੇ ਸੰਘਰਸ਼ਾਂ ਵਿੱਚ ਜਦੋਂ ਮੁੱਦਿਆਂ ’ਤੇ ਸਾਂਝ ਵਧਦੀ ਹੈ ਤਾਂ ਹਮੇਸ਼ਾ ਕਿਸਾਨੀ ਮੁੱਦੇ ਭਾਰੂ ਰਹਿੰਦੇ ਹਨ। ਮਜ਼ਦੂਰਾਂ ਦਾ ਮੁੱਦਾ ਤਾਂ ਲੱਭਿਆ ਜਾਂਦਾ ਹੈ ਕਿ ਉਹਨਾਂ ਦੇ ਮੁੱਦਿਆਂ ਨਾਲ ਮਜ਼ਦੂਰਾਂ ਦਾ ਕਿਹੜਾ ਮੁੱਦਾ ਜੁੜਦਾ ਹੈ ਤਾਂ ਕਿ ਮਜ਼ਦੂਰਾਂ ਨੂੰ ਜੋੜਿਆ ਜਾ ਸਕਦਾ ਹੋਵੇ। ਮਜ਼ਦੂਰਾਂ ਨੂੰ ਕਿਸਾਨੀ ਸੰਘਰਸ਼ ਲਈ ਨਵ-ਜਮਹੂਰੀ ਇਨਕਲਾਬ ਦਾ ਪਾਠ ਪੜਾਇਆ ਜਾਂਦਾ ਪਰ ਪੁੱਠੇ ਲੋਟ। ਕੀ ਨਵ-ਜਮਹੂਰੀ ਇਨਕਲਾਬ ਦੀ ਸਿਆਸਤ ਮਜ਼ਦੂਰ ਜਮਾਤ ਨੂੰ ਖੁੱਡੇ ਲਾਈਨ ਲਾ ਕੇ ਸੰਘਰਸ਼ ਕਰਨ ਦੀ ਸਿਆਸਤ ਹੈ। ਜਿਸ ਢੰਗ ਨਾਲ ਪੁੱਠੇ ਲੋਟ ਨਵ-ਜਮਹੂਰੀ ਇਨਕਲਾਬ ਦਾ ਪਾਠ ਪੜਾਇਆ ਜਾਂਦਾ, ਉਹ ਅਸਲ ਵਿੱਚ ਪੇਂਡੂ ਭੂਮੀਪਤੀ, ਜਗੀਰਦਾਰ ਤੇ ਧਨੀ ਕਿਸਾਨਾਂ ਦੇ ਹੱਕ ਵਿੱਚ ਭੁਗਤਦਾ ਹੈ। ਪੰਜਾਬ ਵਿੱਚ ਜਦੋਂ ਮਜ਼ਦੂਰਾਂ ਦੇ ਸੰਘਰਸ਼ ਚੱਲਦੇ ਹਨ ਤਾਂ ਕਿਸਾਨ ਜੱਥੇਬੰਦੀਆਂ ਹਮਾਇਤ ਵਿੱਚ ਕਿਉਂ ਨਹੀਂ ਆਉਂਦੀਆਂ। ਮਜ਼ਦੂਰਾਂ ਦਾ ਜ਼ਮੀਨ ਦੇ ਮੁੱਦੇ ’ਤੇ ਸੰਘਰਸ਼ ਚੱਲਿਆ ਤਾਂ ਇੱਕ ਕਿਸਾਨ ਜੱਥੇਬੰਦੀ ਤੋਂ ਬਿਨਾਂ ਕਿਸੇ ਨੇ ਖੁੱਲ੍ਹ ਕੇ ਹਮਾਇਤ ਨਹੀਂ ਕੀਤੀ, ਉਲਟਾ ਜਗੀਰੂ ਮਾਨਸਿਕਤਾ ਵਾਲੇ ਪ੍ਰਧਾਨ ਦੀ ਜੱਥੇਬੰਦੀ ਨੇ ਤਾਂ ਲੱਤ ਅੜਾਉਣ ਦੀ ਕੋਸ਼ਿਸ਼ ਕੀਤੀ। ਇਸਦਾ ਵਿਰੋਧ ਕਰਨ ’ਤੇ ਲੀਫਲੈਟ ਜਾਰੀ ਕਰ ਮਾਰਿਆ ਕਿ ਇਹਨਾਂ ਮਜ਼ਦੂਰ ਆਗੂਆਂ ਦਾ ਕੰਮ ਹੀ ਹੈ ਸਾਡੀ ਕਿਸਾਨ ਜੱਥੇਬੰਦੀ ਨੂੰ ਭੰਡਣਾ। ਪੰਚਾਇਤੀ ਜ਼ਮੀਨ ਦਾ ਸੰਘਰਸ਼ ਸਾਂਝੇ ਸੰਘਰਸ਼ ਦਾ ਹਿੱਸਾ ਕਿਉਂ ਨਹੀਂ ਬਣਦਾ? ਕਿਉਂਕਿ ਇਸ ਨਾਲ ਪੇਂਡੂ ਧਨਾਢ ਚੌਧਰੀ ਗੁੱਸੇ ਹੋ ਜਾਂਦੇ ਹਨ। ਇਸ ਨਾਲ ਇਹਨਾਂ ਦੀਆਂ ਜੱਥੇਬੰਦੀਆਂ ਟੁੱਟ ਜਾਣਗੀਆਂ। ਇਹਨਾਂ ਦੀਆਂ ਜੱਥੇਬੰਦੀਆਂ ਵਿੱਚ ਅਨੇਕਾਂ ਪੇਂਡੂ ਧਨਾਢ ਚੌਧਰੀ ਹਨ ਜਾਂ ਉਹਨਾਂ ਦੀ ਸਰਪ੍ਰਸਤੀ ਨਾਲ ਇਹਨਾਂ ਦੇ ਯੂਨਿਟ ਚੱਲਦੇ ਹਨ। ਜੇਕਰ ਇਹ ਗੱਲ ਨਾ ਹੁੰਦੀ ਤਾਂ ਅੱਜ ਕਿਸਾਨ ਯੂਨੀਅਨ ਦਾ ਝੰਡਾ ਲਾਲ ਤੋਂ ਤਿਲਕ ਕੇ ਹਰਾ ਨਾ ਹੁੰਦਾ। ਕੁਝ ਨੇ ਤਾਂ ਹਰੇ ਤੋਂ ਵੀ ਅੱਗੇ ਵਧਦੇ ਹੋਏ ਪੀਲਾ ਕਰ ਲਿਆ। ਮਨਰੇਗਾ ਦਾ ਮੁੱਦਾ ਸਾਡੇ ਮੁੱਦੇ ਵਿੱਚ ਕਿਉਂ ਨਹੀਂ ਆਉਂਦਾ ਜਦਕਿ ਇਸ ਵਿੱਚ ਬਹੁਤ ਵੱਡਾ ਘਪਲਾ ਵੀ ਹੈ। ਇਸ ਮਸਲੇ ’ਤੇ ਪੰਜਾਬ ਦੀਆਂ ਬਹੁਤ ਸਾਰੀਆਂ ਮਜ਼ਦੂਰ ਜੱਥੇਬੰਦੀਆਂ ਲੜ ਵੀ ਰਹੀਆਂ ਹਨ ਕਿਉਂਕਿ ਇਸ ਨਾਲ ਦਿਹਾੜੀ ਵਧੇਗੀ। ਪੇਂਡੂ ਭੂਮੀਪਤੀ ਤੇ ਧਨੀ ਕਿਸਾਨ ਗੁੱਸੇ ਹੋ ਜਾਣਗੇ ਕਿ ਕੰਮੀ-ਕਮੀਨ ਵੱਧ ਦਿਹਾੜੀ ਮੰਗਦੇ ਹਨ। ਇਸ ਵਿੱਚ ਕੀਤੇ ਘਪਲੇ ਪੇਂਡੂ ਚੌਧਰੀ ਖਿਲਾਫ਼ ਜਾਂਦੇ ਹਨ, ਉਸ ਖਿਲਾਫ਼ ਇਹ ਬੋਲ ਨਹੀਂ ਸਕਦੇ। ਇਸ ਕਰਕੇ ਮਨਰੇਗਾ ਦਾ ਮਸਲਾ ਸਾਂਝੇ ਸੰਘਰਸ਼ ਦਾ ਮੁੱਦਾ ਨਹੀਂ ਬਣਦਾ। ਬੂੜੀਆ ਤਾਂ ਇੱਥੇ ਫਸ ਜਾਂਦੈ। ਸੀਲਿੰਗ ਐਕਟ ਦਾ ਸਵਾਲ ਹੈ। ਉਹ ਵੀ ਕਦੇ ਸੰਘਰਸ਼ਾਂ ਦੇ ਕੇਂਦਰ ਵਿੱਚ ਨਹੀਂ ਆਇਆ। ਜਦਕਿ ਇਸਤੇ ਠੋਸ ਸਾਂਝ ਬਣਦੀ ਹੈ। ਜਦਕਿ ਇਸ ਨਾਲ ਲਹਿਰ ਦੀ ਉਸਾਰੀ ਹੋ ਸਕਦੀ ਹੈ। ਨਵ-ਜਮਹੂਰੀ ਇਨਕਲਾਬ ਦਾ ਮੁੱਖ ਮੁੱਦਾ ਹੈ। ਸਵਾਲ ਤਾਂ ਇਸ ਵਿੱਚ ਵੀ ਪਹਿਲਾਂ ਹੀ ਆ ਫਸਦਾ ਹੈ ਕਿ ਦਲਿਤ ਨੂੰ ਜ਼ਮੀਨ ਮਿਲੇ ਇਹ ਗੱਲ ਗਲੇ ਵਿੱਚੋਂ ਉਤਰਦੀ ਨਹੀਂ। ਇੱਕ ਪੀਲੇ ਝੰਡੇ ਵਾਲੀ ਕਿਸਾਨ ਜੱਥੇਬੰਦੀ ਦਾ ਆਗੂ ਬਰਨਾਲੇ ਇਕੱਠ ਵਿੱਚ ਬੋਲਦਾ ਹੈ, ਜੋ ਮਾਨਸੇ ਤੋਂ ਹੈ, ਕਿ ਕਿਸਾਨਾਂ ਨੂੰ ਘਬਰਾਉਣ ਦੀ ਕੋਈ ਲੋੜ ਨਹੀਂ ਕਿ ਅਸੀਂ ਸੀਲਿੰਗ ਐਕਟ ਦੀ ਮੰਗ ਆਪਣੇ ਮੰਗ ਪੱਤਰ ਵਿੱਚ ਪਾ ਲਈ। ਸੀਲਿੰਗ ਐਕਟ ਦਾ ਮਤਲਬ ਹੈ ਸਤਾਰਾਂ ਸਟੈਂਡਰਡ ਏਕੜ, ਮਤਲਬ 51 ਏਕੜ। ਜੇਕਰ ਤੁਹਾਡੇ ਦੋ ਲੜਕੇ ਹਨ ਤਾਂ ਤੁਸੀਂ 102 ਏਕੜ ਰੱਖ ਸਕਦੇ ਹੋ ਤੇ ਜੇਕਰ ਤਿੰਨ ਹਨ ਤਾਂ 153 ਏਕੜ। ਪੇਚ ਤਾਂ ਅਸਲੀ ਇੱਥੇ ਹੈ। ਇਸੇ ਕਰਕੇ ਸੀਰੀ ਨੂੰ ਰੂੰਘਾ ਮਿਲਦਾ। ਉਹ ਭਾਲਦਾ ਫਿਰਦਾ ਮੁਰੱਬੇ। ਸੁਸਾਇਟੀਆਂ ਵਿਚਲੀ ਮੈਂਬਰਸ਼ਿਪ ਦਾ ਉਸ ਰਾਹੀਂ ਮਿਲਦੇ ਕਰਜ਼ੇ ਦਾ ਮੁੱਦਾ ਨਹੀਂ ਲਿਆ ਜਾਂਦਾ। ਨਜੂਲ ਸੁਸਾਇਟੀਆਂ ਵਾਲੀ ਜ਼ਮੀਨ ਤੇ ਖੇਤੀ ਕਰਦੇ ਦਲਿਤ ਕਿਸਾਨਾਂ ਨੂੰ ਕਿਸਾਨ ਨਹੀਂ ਸਮਝਿਆ ਜਾਂਦਾ। ਇਹਨਾਂ ਦਾ ਮੁੱਦਾ ਕਦੇ ਸਾਂਝੇ ਸੰਘਰਸ਼ਾਂ ਵਿੱਚ ਨਹੀਂ ਆਇਆ। ਨਜੂਲ ਸੁਸਾਇਟੀਆਂ ਦੀ ਹਾਲਤ ਬਹੁਤ ਮੰਦੀ ਹੈ। ਇਸ ਨਾਲ ਜੁੜੇ ਹਜ਼ਾਰਾਂ ਪਰਿਵਾਰਾਂ ਦੀ ਹਾਲਤ ਵੀ ਮਾੜੀ ਹੈ। ਉਹਨਾਂ ਦੀਆਂ ਜ਼ਮੀਨਾਂ ਉੱਚ-ਜਾਤੀ ਦੇ ਧਨਾਢ ਦੱਬੀ ਬੈਠੇ ਹਨ। ਬਿੱਘੇ-ਬਿੱਘੇ ਜਾਂ ਦੋ-ਚਾਰ ਬਿੱਘਿਆਂ ’ਤੇ ਖੇਤੀ ਕਰਦੇ ਦਲਿਤ ਕਿਸਾਨ ਹਨ। ਕਿਸਾਨਾਂ ਦੀਆਂ ਜਿਣਸਾਂ ਬਾਰੇ ਆਪਾਂ ਪਹਿਲਾਂ ਵੀ ਗੱਲ ਕੀਤੀ ਹੈ ਕਿ ਇਹਨਾਂ ਵਿੱਚ ਕੋਈ ਸਾਂਝ ਨਹੀਂ ਪ੍ਰੰਤੂ ਸੀਰੀ ਮਾਨਸਿਕਤਾ ਵਾਲੇ ਮਜ਼ਦੂਰ ਲੀਡਰ ਫਿਰ ਆਪਣੇ ਕਾਡਰ ਨੂੰ ਧੱਕੇ ਨਾਲ ਸਮਝਾਈ ਜਾਂਦੇ ਹਨ ਕਿ ਜਿਣਸਾਂ ਦੇ ਭਾਅ ਵਧਣੇ ਚਾਹੀਦੇ ਹਨ ਤੇ ਸਾਨੂੰ ਸਸਤੇ ਭਾਅ ’ਤੇ ਜਿਣਸ ਮਿਲਣੀ ਚਾਹੀਦੀ ਹੈ। ਸੋ ਭਾਈ ਤੁਸੀਂ ਭਾਅ ਵਧਾਉਣ ਲਈ ਮਜ਼ਦੂਰਾਂ ਨੂੰ ਤਾਂ ਸਾਂਝੇ ਸੰਘਰਸ਼ ਵਿੱਚ ਲੈ ਜਾਂਦੇ ਹੋ ਪਰ ਕਦੇ ਡਿੱਪੂਆਂ ਦੇ ਮੁੱਦੇ ’ਤੇ ਕਿਸਾਨ ਜੱਥੇਬੰਦੀ ਨੇ ਧਰਨਾ ਲਾਇਆ, ਕਦੇ ਮੁਜ਼ਾਹਰਾ ਕੀਤਾ। ਕਦੇ ਬਣਿਆ ਪੰਜਾਬ ਵਿੱਚ ਸਾਂਝੇ ਸੰਘਰਸ਼ ਦਾ ਮੁੱਦਾ? ਬਣ ਹੀ ਨਹੀਂ ਸਕਦਾ। ਕਾਡਰ ਵੀ ਮਜ਼ਦੂਰ ਜੱਥੇਬੰਦੀਆਂ ਨਾਲੋਂ ਇਸੇ ਕਰਕੇ ਟੁੱਟਦਾ ਜਦੋਂ ਭਾਅ ਵਧਾਉਣ ਜਾਂਦੇ ਹਨ।

ਇਹ ਜਿਹੜਾ ਕਿਸਾਨਾਂ-ਮਜ਼ਦੂਰਾਂ ਦਾ ਪੰਜਾਬ ਵਿੱਚ ਫਰੰਟ ਬਣਦਾ ਹੈ ਇਸ ਵਿੱਚ ਕੁਝ ਤਾਂ ਵੋਟ ਬਟੋਰੂ ਪਾਰਟੀਆਂ ਦੀਆਂ ਮਜ਼ਦੂਰ ਜੱਥੇਬੰਦੀਆਂ ਹਨ ਜਿਹਨਾਂ ਨੇ ਇਨਕਲਾਬ ਕਰਨ ਲਈ ਸ਼ਾਂਤਮਈ ਤਬਦੀਲੀ ਦਾ ਰਾਹ ਅਪਣਾਇਆ ਹੋਇਆ ਹੈ। ਉਹ ਵੋਟਾਂ ਰਾਹੀਂ ਇਨਕਲਾਬ ਲਿਆਉਣਾ ਚਾਹੁੰਦੇ ਹਨ। ਉਹਨਾਂ ਨੂੰ ਮੁੱਦਿਆਂ ਨਾਲ ਬਹੁਤਾ ਲਾਗਾ-ਦੇਗਾ ਨਹੀਂ। ਉਹਨਾਂ ਨੂੰ ਤਾਂ ਸਿਰਫ ਇਹ ਹੈ ਕਿ ਉਹਨਾਂ ਦਾ ਕਾਡਰ ਗਤੀਵਿਧੀ ਵਿੱਚ ਪਿਆ ਰਹੇ ਤੇ ਵੋਟ ਪੱਕੀ ਰਹੇ। ਜਿਹੜੇ ਖਰੇ ਇਨਕਲਾਬੀ ਹੋਣ ਦਾ ਦਾਅਵਾ ਕਰਦੇ ਹਨ, ਉਹਨਾਂ ਦੀਆਂ ਮਜ਼ਦੂਰ ਜੱਥੇਬੰਦੀਆਂ ਬਹੁਤ ਕਮਜ਼ੋਰ ਹਨ ਜਾਂ ਹੈ ਹੀ ਨਹੀਂ। ਇਹਨਾਂ ਦੀ ਸਮਝ ਵਿੱਚ ਵੀ ਟੀਰ ਹੈ। ਦਲਿਤ ਜ਼ਮੀਨ ਦਾ ਮਾਲਕ ਹੋਣਾ ਚਾਹੀਦਾ ਕਿ ਨਹੀਂ ਇਸਤੇ ਉਹ ਸਾਫ਼ ਨਹੀਂ ਹਨ। ਜ਼ਮੀਨ ਹਲਵਾਹਕ ਦੀ ਵਿੱਚ ਪੰਜਾਬ ਦਾ ਦਲਿਤ ਕਿੱਥੇ ਹੋਵੇਗਾ? ਉਹਨਾਂ ਨੂੰ ਸਮਝ ਨਹੀਂ ਲੱਗ ਰਹੀ। ਐਹੋ ਜਿਹੇ ਵੀ ਲੋਕ ਹਨ ਜਿਹੜੇ ਬਿਨ੍ਹਾ ਕਿਸੇ ਖਾਸ ਸਮਝ ਤੋਂ ਕਿਸਾਨ ਜੱਥੇਬੰਦੀਆਂ ਬਣਾਈ ਫਿਰਦੇ ਹਨ, ਜਿਹੜੇ ਇਸ ਸਾਰੇ ਮੱਦੇ ਤੇ ਸਪੱਸ਼ਟ ਸਮਝ ਵੀ ਰਖਦੇ ਹਨ, ਉਹਨਾਂ ਦੇ ਯਤਨ ਵੀ ਬਹੁਤੇ ਸਲਾਹੁਣਯੋਗ ਨਹੀਂ ਹਨ।

ਸਹੀ ਸਮਝ ਅਪਣਾਉਣ ਦੀ ਥਾਂ ਮਜ਼ਦੂਰਾਂ (ਦਲਿਤਾਂ) ਦੇ ਸਵਾਲ ਨੂੰ ਜੋ ਉਠਾਉਂਦਾ ਹੈ, ਉਸਤੇ ਬਸਪਾ ਦੀ ਸਿਆਸਤ ਕਰਨ ਦਾ ਠੱਪਾ ਲਾ ਦਿੱਤਾ ਜਾਂਦਾ ਹੈ ਕਿਉਂਕਿ ਠੱਪਾ ਲਾਉਣਾ ਸੌਖਾ ਹੈ ਤੇ ਅੰਦਰ ਝਾਤ ਮਾਰਨੀ ਔਖੀ ਹੈ। ਉਸਨੂੰ ਠੀਕ ਕਰਨਾ ਹੋਰ ਵੀ ਔਖਾ ਹੈ।

ਪਿਛਲੇ ਸਮੇਂ ਮਜ਼ਦੂਰਾਂ ਨੇ ਕਿਸਾਨ ਜੱਥੇਬੰਦੀਆਂ ਤੋਂ ਵੱਖਰੇ ਹੋ ਕੇ ਸਾਂਝਾ ਥੜਾ ਉਸਾਰਿਆ ਵੀ ਪਰ ਉਹ ਸਿਰਫ ਡੰਗ-ਟਪਾਊ ਹੀ ਸੀ। ਅਸੀਂ ਪਹਿਲਾਂ ਵੀ ਕਿਹਾ ਕਿ ਨੁਕਸ ਸਮੂਹ ਵਿੱਚ ਹੈ। ਸਾਨੂੰ ਮਜ਼ਦੂਰਾਂ ਨੂੰ ਫੌਰੀ ਮੌਜੂਦਾ ਸਮੇਂ ਜਿੰਨ੍ਹਾ ਚਿਰ ਕਿਸਾਨ ਜੱਥੇਬੰਦੀਆਂ ਸਹੀ ਪੈਂਤੜੇ ’ਤੇ ਨਹੀਂ ਆਉਂਦੀਆਂ, ਆਪਣਾ ਥੜਾ ਉਸਾਰਨਾ ਚਾਹੀਦਾ ਹੈ। ਸਾਨੂੰ ਇਹਨਾਂ ਰੂੰਘੇ ਦੀ ਝਾਕ ਵਾਲੇ, ਰਿਸ਼ਵਤਾਂ ਵਾਲੇ ਤੇ ਖੈਰਾਤ ਵਾਲੇ ਸੰਘਰਸ਼ਾਂ ਤੋਂ ਝਾਕ ਛੱਡ ਦੇਣੀ ਚਾਹੀਦੀ ਹੈ। ਕਿਸਾਨੀ ਨਾਲ ਸਿਰਫ ਉਪਰੋਕਤ ਮੁੱਦਿਆਂ ਉੱਪਰ ਜਿੱਥੇ ਮਜ਼ਦੂਰ ਅੱਗੇ ਹੋਣ ਜਾਂ ਘੱਟੋ-ਘੱਟ ਬਰਾਬਰ ਹੋਣ, ਥੜਾ ਭਵਿੱਖ ਵਿੱਚ ਬਣਾਉਣ ਬਾਰੇ ਸੋਚਣਾ ਚਾਹੀਦਾ ਹੈ। ਇਸਤੋਂ ਬਿਨ੍ਹਾਂ ਮਜ਼ਦੂਰਾਂ ਨੂੰ ਲਿਪਾਪੋਚੀ ਵਾਲੀਆਂ ਮੰਗਾਂ ਦੀ ਲੜਾਈ ਛੱਡ ਕੇ ਬੁਨਿਆਦੀ ਮੰਗਾਂ ’ਤੇ ਘੋਲ ਵਿਕਸਤ ਕਰਨ ਵੱਲ ਵਧਣਾ ਚਾਹੀਦਾ ਹੈ। ਲਿਪਾਪੋਚੀ ਬਨੇਰਿਆਂ ਤੋਂ ਸ਼ੁਰੂ ਹੁੰਦੀ ਹੈ ਜਦਕਿ ਬੁਨਿਆਦੀ ਮੰਗਾਂ ਨੀਹਾਂ ਤੋਂ ਸ਼ੁਰੂ ਹੁੰਦੀਆਂ ਹਨ। ਲਿਪਾਪੋਚੀ ਪਹਿਲੀ ਇਮਾਰਤ ਨੂੰ ਹੀ ਮਜ਼ਬੂਤ ਕਰਦੀ ਹੈ ਜਦਕਿ ਨੀਹਾਂ ਨਵੀਂ ਇਮਾਰਤ ਖੜੀ ਕਰਨ ਦਾ ਅਧਾਰ ਬਣਦੀਆਂ ਹਨ।

# ਕ੍ਰਾਂਤੀਕਾਰੀ ਕਵੀ ਸੰਤ ਰਾਮ ਉਦਾਸੀ ਨੂੰ ਧੀ ਦਾ ਖ਼ਤ

ਇਕਬਾਲ ਕੌਰ ਉਦਾਸੀ



ਪਾਪਾ ਜੀ, ਬੜੀ ਦੇਰ ਪਿੱਛੋਂ ਤੁਹਾਨੂੰ ਖ਼ਤ ਲਿਖਣ ਲੱਗੀ ਹਾਂ, ਮੈਨੂੰ ਮਾਫ਼ ਕਰਿਓ। ਕਿਸ ਪਤੇ ’ਤੇ ਤੁਹਾਨੂੰ ਲਿਖਦੀ, 6 ਨਵੰਬਰ 1986 ਤੋਂ ਬਾਅਦ ਅੱਜ ਤਕ ਵੀ ਮੈਨੂੰ ਤੁਹਾਡਾ ਅਤਾ-ਪਤਾ ਨਹੀਂ ਲੱਭਿਆ ਕਿ ਤੁਸੀਂ ਕਿਸ ਦੁਨੀਆਂ ਵਿੱਚ ਰਹਿੰਦੇ ਹੋ? ਤੁਹਾਡੇ ਤੁਰ ਜਾਣ ਤੋਂ ਬਾਅਦ ਸਮੇਂ ਨੇ ਬੜਾ ਰੰਗ ਬਦਲਿਆ ਹੈ। ਜੇ ਆ ਕੇ ਦੇਖ ਲਓ ਤਾਂ ਹੈਰਾਨ ਰਹਿ ਜਾਉਗੇ। ਕਿਸਾਨ-ਮਜ਼ਦੂਰ ਗ਼ਰੀਬੀ ਤੋਂ ਤੰਗ ਤਾਂ ਤੁਹਾਡੇ ਵੇਲੇ ਵੀ ਸੀ ਪਰ ਹੁਣ ਤਾਂ ਬੇਵਸ ਹੋਏ ਉਹ ਖ਼ੁਦਕੁਸ਼ੀਆਂ ਕਰ ਰਹੇ ਹਨ। ਖ਼ੁਦਕੁਸ਼ੀ ਦੀ ਥਾਂ ਉਨ੍ਹਾਂ ਨੂੰ ਲੜਨ ਦਾ ਹੋਕਾ ਦੇਣ ਵਾਲੇ ਹੁਣ ਤੁਹਾਡੇ ਵਰਗੇ ਕਵੀ ਵੀ ਟਾਵੇਂ ਟਾਵੇਂ ਹੀ ਰਹਿ ਗਏ ਹਨ। ਕਿਸਾਨਾਂ ਦਾ ਨਰਮਾ ਚਿੱਟਾ ਮੱਛਰ ਖਾ ਗਿਆ। ਰੇਲਵੇ ਲਾਈਨਾਂ ’ਤੇ ਰੁਲ ਕੇ ਕਿਸਾਨਾਂ ਦੀਆਂ ਮਸਾਂ ਅੱਖਾਂ ਹੀ ਪੂੰਝੀਆਂ ਗਈਆਂ ਅਤੇ ਵਿਚਾਰੇ ਮਜ਼ਦੂਰ ਫਿਰ ਵੀ ਹੱਥ ਮਲਦੇ ਹੀ ਰਹਿ ਗਏ। ਹਰ ਜਾਗਦੀ ਜਮੀਰ ਵਾਲੇ ਦਾ ਜਿਊਣਾ ਦੁੱਭਰ ਹੋ ਚੁੱਕਾ ਹੈ। ਮਨੁੱਖੀ ਰਿਸ਼ਤਿਆਂ ਵਿੱਚ ਅੰਤਾਂ ਦਾ ਨਿਘਾਰ ਆ ਗਿਆ ਹੈ ਅਤੇ ਖ਼ੁਦਗਰਜ਼ੀਆਂ ਦੀ ਭੇਂਟ ਚੜ੍ਹ ਗਏ ਹਨ। ਲੋਕਾਂ ਦਾ ਆਪਣਾ ਸੱਭਿਆਚਾਰ, ਰਹਿਣ-ਸਹਿਣ, ਖਾਣ-ਪੀਣ ਸਭ ਗੁੰਮ ਹੋ ਚੁੱਕਾ ਹੈ ਪਰ ਫਿਰ ਵੀ ਸਭ ਉੱਚ ਦਰਜੇ ਦੇ ਸ਼ਹਿਰੀ ਹੋਣ ਦਾ ਭਰਮ ਪਾਲ ਰਹੇ ਹਨ। ਭਾਵੇਂ ਕੁੜੀਆਂ ਲੜਾਕੂ ਜਹਾਜ਼ ਚਲਾਉਣ ਲੱਗ ਪਈਆਂ ਹਨ ਪਰ ਫਿਰ ਵੀ ਉਨ੍ਹਾਂ ਨੂੰ ਕੁੱਖ ਵਿੱਚ ਹੋ ਰਹੇ ਕਤਲਾਂ ਤੋਂ ਨਿਜ਼ਾਤ ਨਹੀਂ ਮਿਲ ਰਹੀ। ਉਨ੍ਹਾਂ ’ਤੇ ਦਿਨ ਦਿਹਾੜੇ ਤੇਜ਼ਾਬ ਸੁੱਟ ਦਿੱਤੇ ਜਾਂਦੇ ਹਨ। ਇਨਸਾਫ਼ ਲੈਣ ਲਈ ਵੀ ਉਨ੍ਹਾਂ ਨੂੰ ਖ਼ੁਦਕੁਸ਼ੀ ਦਾ ਸਹਾਰਾ ਲੈਣਾ ਪੈਂਦਾ ਹੈ।

ਪਾਪਾ ਜੀ, ਇੱਕ ਵਾਰ ਪਿੰਡ ਆ ਕੇ ਤਾਂ ਦੇਖੋ, ਵੱਡੀਆਂ ਵੱਡੀਆਂ ਕੋਠੀਆਂ ਬਣ ਗਈਆਂ ਹਨ ਪਰ ਬੇਬੇ ਸਰਦਾਰੋ, ਤਾਈ ਮੁਖਤਿਆਰੋ, ਚਾਚੀ ਸੀਬੋ ਅਤੇ ਬਾਬੇ ਰੂੜੇ ਦੀ ਨੂੰਹ ਅਮਰਜੀਤ ਦੇ ਕੱਚੇ ਘਰ ਜਾਨਵਰਾਂ ਦੇ ਖੁੱਡਿਆਂ ਵਰਗੇ ਬਣ ਗਏ ਹਨ। ਗਰੀਬਾਂ ਦੀ ਦਿਹਾੜੀ ਮਸ਼ੀਨਾਂ ਨੇ ਖੋਹ ਲਈ ਹੈ। ਸਰਕਾਰ ਨੇ ਮਨਰੇਗਾ ਰਾਹੀਂ ਉਨ੍ਹਾਂ ਦੇ ‘ਰੁਜ਼ਗਾਰ ਦੀ ਗਰੰਟੀ’ ਕਰਨ ਦਾ ਦਮ ਭਰਿਆ ਹੈ ਪਰ ਇਸ ਨੂੰ ਕੋਈ ਲਾਗੂ ਹੀ ਨਹੀਂ ਕਰ ਰਿਹਾ। ਅਮਨ ਸ਼ਾਂਤੀ ਕਾਇਮ ਰੱਖਣ ਲਈ ਤੁਹਾਡੇ ਵੇਲੇ ਵੀ ਭਾਵੇਂ ਦਫ਼ਾ ਚੁਤਾਲੀ ਤੇ ਮੀਸਾ ਵਰਗੇ ਕਾਨੂੰਨ ਸਨ ਪਰ ਹੁਣ ਤਾਂ ਟਾਡਾ, ਪੋਟਾ, ਅਫਸਪਾ ਵਰਗੇ ਹੋਰ ਵੀ ਸਖ਼ਤ ਕਨੂੰਨ ਬਣ ਗਏ ਹਨ। ਵੱਡੀਆਂ ਇਮਾਰਤਾਂ ਹਸਪਤਾਲ, ਸਕੂਲ, ਕਾਲਜ ਬਣ ਗਏ ਹਨ ਪਰ ਨੌਜਵਾਨ ਬੇਰੁਜ਼ਗਾਰ ਘੁੰਮ ਰਹੇ ਹਨ। ਮੁਲਾਜ਼ਮ ਠੇਕੇ ਉੱਪਰ ਭਰਤੀ ਹਨ, ਸਕੂਲ ਅਧਿਆਪਕਾਂ ਤੋਂ ਬਿਨਾਂ ਖ਼ਾਲੀ ਪਏ ਹਨ। ਉੱਚੇ ਪੁਲ, ਸ਼ਾਪਿੰਗ ਮਾਲ ਅਤੇ ਟੋਲ ਪਲਾਜ਼ਾ ਬਣ ਗਏ ਹਨ ਪਰ ਉਹ 90 ਫ਼ੀਸਦੀ ਲੋਕਾਂ ਦੀ ਪਹੁੰਚ ਤੋਂ ਦੂਰ ਹਨ। ਆਪਣੇ ਪਿੰਡਾਂ ਨੂੰ ਜਾਂਦੀਆਂ ਰੋਡਵੇਜ਼ ਦੀਆਂ ਬੱਸਾਂ ਦੀ ਥਾਂ ਰਸੂਖ਼ਵਾਨਾਂ ਦੀਆਂ ਏ.ਸੀ. ਬੱਸਾਂ ਨੇ ਲੈ ਲਈ ਹੈ ਇਹ ਬੱਸਾਂ ਵੱਧ ਕਿਰਾਇਆ ਲੈਣ ਤੋਂ ਇਲਾਵਾ ਗੰਦੇ ਗੀਤ ਸੰਗੀਤ ਅਤੇ ਫ਼ਿਲਮਾਂ ਵੀ ਪਰੋਸਦੀਆਂ ਹਨ ਜਿਨ੍ਹਾਂ ਨੂੰ ਦੇਖ ਕੇ ਤੇ ਸੁਣ ਕੇ ਆਪਣੇ ਪਿੰਡਾਂ ਵਾਲੀਆਂ ਤੀਵੀਆਂ ਤੇ ਮਰਦ ਸ਼ਰਮ ਨਾਲ ਪਾਣੀ ਪਾਣੀ ਹੋ ਜਾਂਦੇ ਹਨ ਪਰ ਉਨ੍ਹਾਂ ਦੀ ਕੌਣ ਸੁਣਦਾ ਹੈ। ਮੋਗੇ ਜ਼ਿਲ੍ਹੇ ਵਿੱਚ ਤਾਂ ਇੱਕ ਕੁੜੀ ਇਨ੍ਹਾਂ ਨੇ ਬੱਸ ਤੋਂ ਧੱਕਾ ਦੇ ਕੇ ਹੀ ਸੁੱਟ ਦਿੱਤੀ ਸੀ। ਪੰਜਾਬ ਨੇ ਅੱਜ ਏਨੀ ਤਰੱਕੀ ਕਰ ਲਈ ਹੈ ਕਿ ਤੂਤ ਦੀ ਛਟੀ ਵਰਗੇ ਭਗਤ ਸਿੰਘ ਦੇ ਵਾਰਿਸ ਸਮੈਕ, ਚਿੱਟਾ, ਹੈਰੋਇਨ ਅਤੇ ਮੈਡੀਕੇਟਿਡ ਨਸ਼ੇ ਕਰਕੇ ਮਾਡਰਨ ਹੋਣ ਦਾ ਭਰਮ ਪਾਲੀ ਫਿਰਦੇ ਹਨ। ਪਿੰਡਾਂ ਅੰਦਰ ਜੇ ਮਜ਼ਦੂਰ ਮਿਹਨਤ ਦਾ ਮੁੱਲ ਮੰਗ ਲੈਂਦੇ ਹਨ ਤਾਂ ਧਰਮ ਸਥਾਨਾਂ ਦੇ ਸਪੀਕਰ ਰਾਹੀਂ ਬੋਲ ਕੇ ਉਨ੍ਹਾਂ ਦਾ ਸਮਾਜਿਕ ਬਾਈਕਾਟ ਕਰ ਦਿੱਤਾ ਜਾਂਦਾ ਹੈ। ਵਿਚਾਰੇ ਦਲਿਤਾਂ ਦੇ ਤਾਂ ਬੱਚਿਆਂ ਸਮੇਤ ਘਰ ਹੀ ਸਾੜ ਦਿੱਤੇ ਜਾਣ ਦੀਆਂ ਵੀ ਖ਼ਬਰਾਂ ਹਨ।

ਸੱਚ ਪਾਪਾ ਜੀ, ਮੈਂ ਤਾਂ ਭੁੱਲ ਹੀ ਗਈ ਸੀ, ਹੁਣ ਤੁਹਾਡੇ ਸਾਥੀ ਲੇਖਕਾਂ ਦੇ ਕਤਲ ਵੀ ਹੋਣ ਲੱਗ ਪਏ ਹਨ। ਉਨ੍ਹਾਂ ਦੇ ਚਿਹਰਿਆਂ ’ਤੇ ਕਾਲੀ ਸਿਆਹੀ ਵੀ ਸੁੱਟ ਦਿੱਤੀ ਜਾਂਦੀ ਹੈ। ਵਿਰੋਧ ਕਰਨ ਵਿੱਚ ਨਾਯਨਤਾਰਾ ਸਹਿਗਲ ਫ਼ਸਟ ਆ ਗਈ। ਸਰਕਾਰ ਕਹਿੰਦੀ ਵਿਰੋਧ ਕਰਨ ਵਾਲੇ ਜਾਂ ਤਾਂ ਖੱਬੇ ਪੱਖੀ ਹਨ ਜਾਂ ਕਾਂਗਰਸੀ। ‘ਲੋਕਰਾਜ’ ਦੇ ਨੁਮਾਇੰਦਿਆਂ ਨੇ ਤਾਂ ਲੋਕਾਂ ਨੂੰ ਏਡੀ ਵੱਡੀ ਗਾਲ੍ਹ ਪਾ ਦਿੱਤੀ ਕਿ ਜਿਹੜੇ ਸਾਨੂੰ ਵੋਟਾਂ ਪਾਉਣਗੇ ਉਹ ਰਾਮ ਜਾਏ ਹਨ, ਬਾਕੀ ਸਾਰੇ ਹਰਾਮਜਾਏ ਹਨ। ਉਨ੍ਹਾਂ ਨੇ ਹਰਾਮਜਾਇਆਂ ਨੂੰ ਪਾਕਿਸਤਾਨ ਜਾਣ ਦਾ ਹੁਕਮ ਵੀ ਸੁਣਾ ਦਿੱਤਾ ਹੈ। ਜਾਗਦੀ ਜਮੀਰ ਵਾਲੇ ਤੁਹਾਡੇ ਬਹੁਤੇ ਸਾਥੀ ਲੇਖਕਾਂ ਨੇ ਸਰਕਾਰ ਨੂੰ ਅਪਣੇ ਇਨਾਮ ਵਾਪਸ ਕਰ ਦਿੱਤੇ ਹਨ। ਪਾਪਾ ਜੀ, ਅਕਸਰ ਹੀ ਕਾਫ਼ੀ ਲੋਕ ਮੈਨੂੰ ਸਵਾਲ ਕਰ ਦਿੰਦੇ ਹਨ ਕਿ ਸਰਕਾਰ ਵੱਲੋਂ ਤੁਹਾਨੂੰ ਕੋਈ ਸਨਮਾਨ/ਇਨਾਮ ਕਿਉਂ ਨਹੀਂ ਸੀ ਮਿਲਿਆ। ਪਾਪਾ ਜੀ, ਮੇਰੇ ਕੋਲ ਇਸ ਸਵਾਲ ਦਾ ਜਵਾਬ ਆ ਗਿਆ ਹੈ। ਹੁਣ ਮੈਂ ਬੜੇ ਫ਼ਖ਼ਰ ਤੇ ਮਾਣ ਨਾਲ ਜਵਾਬ ਦਿੰਦੀ ਹਾਂ ਕਿ ਮੇਰਾ ਪਾਪਾ ਫ਼ਿਰਕੂ ਅਨਸਰਾਂ ਹੱਥੋਂ ਕਤਲ ਹੋਣ ਵਾਲੇ ਨਰਿੰਦਰ ਦਾਬੋਲਕਰ, ਗੋਬਿੰਦ ਪਨਸਾਰੇ ਅਤੇ ਪ੍ਰੋ. ਕਲਬੁਰਗੀ ਦਾ ਸਾਥੀ ਸੀ। ਇਸ ਕਰਕੇ ਉਸ ਨੂੰ ਸਰਕਾਰ ਨੇ ਉਨ੍ਹਾਂ ਨੂੰ ਕੋਈ ਇਨਾਮ/ਸਨਮਾਨ ਨਹੀਂ ਸੀ ਦਿੱਤਾ ਪਰ ਉਸ ਦੇ ਲੋਕਾਂ ਨੇ ਹਾਲੇ ਤਕ ਵੀ ਆਪਣੇ ਮਨ ਵਿੱਚ ਵਸਾ ਕੇ ਰੱਖਿਆ ਹੋਇਆ ਹੈ। ਪਾਪਾ ਗੱਲਾਂ ਤਾਂ ਹੋਰ ਵੀ ਬਹੁਤ ਕਰਨ ਵਾਲੀਆਂ ਸਨ ਪਰ ਹੁਣ ਮਨ ਭਰ ਆਇਆ ਹੈ, ਬਾਕੀ ਫੇਰ

**ਸਹੀ!**

**ਤੁਹਾਡੀ ਧੀ।**

ਮੋਬਾਈਲ: 98157-23525

# ਪੈਰਿਸ ਵਿਚ ਆਈ. ਐੱਸ. ਆਈ. ਐੱਸ.

-ਤਾਰਿਕ ਅਲੀ



[ਜਿਵੇਂ ਮੀਡੀਆ ਰਿਪੋਰਟਾਂ ਵਿਚ ਕਿਹਾ ਗਿਆ ਹੈ ਸ਼ੁੱਕਰਵਾਰ, 13 ਨਵੰਬਰ ਨੂੰ ਇਸਲਾਮਿਕ ਸਟੇਟ ਵਲੋਂ ਪੈਰਿਸ ਉੱਪਰ ਹਮਲਾ ਕਰਕੇ 129 ਲੋਕ ਮਾਰ ਦਿੱਤੇ ਗਏ। ਇਹ ਬੇਗੁਨਾਹ ਲੋਕ ਬੈਰੂਤ, ਸੀਰੀਆ, ਇਰਾਕ ਅਤੇ ਹੋਰ ਬੇਸ਼ੁਮਾਰ ਜੰਗ ਦੇ ਤਬਾਹ ਕੀਤੇ ਖਿੱਤਿਆਂ ਵਿਚ ਚੱਲ ਰਹੇ ਖ਼ੂਨੀ ਟਕਰਾਓ ਵਿਚ ਮਾਰੇ ਗਏ ਬੇਗੁਨਾਹ ਮ੍ਰਿਤਕਾਂ ਵਿਚ ਸ਼ੁਮਾਰ ਹੋ ਗਏ ਹਨ। ਇਨ੍ਹਾਂ ਖ਼ੂਨੀ ਟਕਰਾਵਾਂ ਵਿਚ ਆਮ ਲੋਕਾਂ ਦੀ ਕੋਈ ਪ੍ਰਵਾਹ ਨਹੀਂ ਕੀਤੀ ਜਾਂਦੀ। ਜਿੰਨੀ ਸ਼ਿੱਦਤ ਨਾਲ ਸਾਨੂੰ ਤਬਾਹੀ ਤੋਂ ਖ਼ੁਦ ਨੂੰ ਬਚਾਉਣ ਦੀ ਲੋੜ ਹੈ ਉਸ ਦਾ ਸੰਕੇਤ ਸਿਰਫ਼ ਵਹਿਸ਼ੀ ਪ੍ਰਤੀਕਰਮਾਂ ਤੋਂ ਹੀ ਨਹੀਂ ਸਗੋਂ ਇਸ ਤੱਥ ਤੋਂ ਵੀ ਮਿਲਦਾ ਹੈ ਕਿ ਇਨ੍ਹਾਂ ਦੀ ਹੁਣ ਪੂਰੀ ਤਰ੍ਹਾਂ ਭਵਿੱਖਬਾਣੀ ਕੀਤੀ ਜਾ ਸਕਦੀ ਹੈ: ਬਦੇਸ਼ਾਂ ਵਿਚ ਮਨੁੱਖੀ ਜਾਨਾਂ ਦਾ ਖ਼ੌਅ ਪਰ ਯੁੱਧਨੀਤਕ ਤੌਰ 'ਤੇ ਵਿਅਰਥ ਹਵਾਈ ਹਮਲੇ; ਪੱਛਮ ਵਿਚ ਮੁਸਲਿਮ ਵਸੋਂ ਉੱਪਰ ਹਮਲੇ ਜਿਨ੍ਹਾਂ ਨੂੰ ਨਸਲਵਾਦੀ ਮੀਡੀਆ 'ਬਦਲਾਲਊ ਕਾਰਵਾਈ' ਦਾ ਨਾਂ ਦੇ ਰਿਹਾ ਹੈ। ਪੈਰਿਸ ਹਮਲੇ ਤੋਂ ਇਕ ਦਿਨ ਪਹਿਲਾਂ ਬੇਰੂਤ ਵਿਚ ਆਈ.ਐੱਸ. ਨੇ ਫ਼ਿਦਾਇਨ ਹਮਲਾ ਕਰਕੇ 43 ਲੋਕਾਂ ਦਾ ਕਤਲ ਕਰ ਦਿੱਤਾ ਸੀ। ਪੈਰਿਸ ਉੱਪਰ ਹਮਲੇ ਦੀਆਂ ਖ਼ਬਰਾਂ ਕੁਲ ਦੁਨੀਆ ਵਿਚ ਛਾਈਆਂ ਹੋਈਆਂ ਹਨ, ਪਰ ਬੈਰੂਤ ਵਿਚ ਮਾਰੇ ਗਿਆਂ ਦੇ ਮਾਤਮ ਵਿਚ ਕੋਈ ਸ਼ਰੀਕ ਨਹੀਂ ਹੋਇਆ। ਇਸ ਸੰਖੇਪ ਬਿਆਨ ਵਿਚ ਮਸ਼ਹੂਰ ਅਗਾਂਹਵਧੂ ਚਿੰਤਕ ਤਾਰਿਕ ਅਲੀ ਨੇ ਇਸ ਦਹਿਸ਼ਤਵਾਦ ਵਿਚ ਪੱਛਮ ਦੀ ਭੂਮਿਕਾ ਉੱਪਰ ਗੰਭੀਰ ਸਵਾਲ ਉਠਾਏ ਹਨ।]

ਸੋ ਆਈਐੱਸ.ਆਈ.ਐੱਸ. ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੇ ਹਮਲੇ ਫਰਾਂਸ ਦੁਆਰਾ ਮੱਧ ਪੂਰਬ ਵਿਚ 'ਖ਼ਿਲਾਫ਼ਤ' ਉੱਪਰ ਕੀਤੀ ਜਾ ਰਹੀ ਬੰਬਾਰੀ ਦਾ ਜਵਾਬ ਹੈ। ਇਸ ਵਿਚ ਕੋਈ ਦੋ ਰਾਇ ਨਹੀਂ ਕਿ ਹੌਲੈਂਡੇ/ਵੈਲੇ ਜੰਗਬਾਜ਼ ਹੈ। ਇਸ ਵਿਚ ਵਿਡੰਬਨਾ ਹੈ ਕਿ ਉਹ ਅਸਦ ਹਕੂਮਤ ਨੂੰ ਡੇਗਣ ਦੀ ਤਿਆਰੀ ਕਰ ਰਹੇ ਹਨ (ਜਦੋਂ ਤਕ ਵਾਸ਼ਿੰਗਟਨ ਦੇਰ ਕਰਨ ਲਈ ਨਹੀਂ ਕਹਿੰਦਾ) ਅਤੇ ਇਸ ਤਰ੍ਹਾਂ ਉਹ ਇਸ ਖੇਤਰ ਵਿਚ ਆਈ.ਐੱਸ.ਆਈ.ਐੱਸ. ਦੇ ਸਹਿਯੋਗੀ ਬਣ ਜਾਣਗੇ। ਦਰਅਸਲ, ਸੀਰੀਆ ਵਿਚ ਵਿਰੋਧੀ-ਧਿਰ ਦਾ ਇਕ ਵੱਡਾ ਵਰਗ ਅਸਦ ਨੂੰ ਟਕਰਾਓ ਦੇ ਸਭ ਤੋਂ ਵੱਡੇ ਨੁਕਤੇ ਦੇ ਰੂਪ 'ਚ ਦੇਖਦਾ ਹੈ ਅਤੇ ਇਹ ਵੀ ਉਮੀਦ ਕਰ ਰਿਹਾ ਸੀ ਕਿ ਪੱਛਮ ਇਕ ਹੋਰ ਹਕੂਮਤ ਨੂੰ ਬਦਲ ਦੇਵੇਗਾ। ਜੇ ਉਨ੍ਹਾਂ ਨੇ ਐਸਾ ਕੀਤਾ ਹੁੰਦਾ ਤਾਂ ਇਕ ਦੂਜੇ ਨਾਲ ਲੜ ਰਹੇ ਜਿਹਾਦੀ ਸਮੂਹਾਂ ਦਰਮਿਆਨ ਇਕ ਖ਼ਾਨਾਜੰਗੀ ਛਿੜ ਗਈ ਹੁੰਦੀ ਅਤੇ ਫਿਰ ਕੌਣ ਜਾਣਦਾ ਹੈ ਕਿ ਸੰਯੁਕਤ ਰਾਜ ਅਮਰੀਕਾ/ਯੂਰਪੀ ਸੰਘ ਉਨ੍ਹਾਂ ਵਿੱਚੋਂ ਕਿਸ ਦੀ ਹਮਾਇਤ ਕਰਦੇ।

ਆਈ. ਐੱਸ. ਆਈ. ਐੱਸ. ਨੇ ਫਰਾਂਸ ਦੀ ਰਾਜਧਾਨੀ ਉੱਪਰ ਹਮਲਾ ਕੀਤਾ ਹੈ ਅਤੇ ਇਕ ਸੌ ਤੋਂ ਜ਼ਿਆਦਾ ਨਾਗਰਿਕਾਂ ਦੀ ਹੱਤਿਆ ਕਰ ਦਿੱਤੀ ਹੈ ਅਤੇ ਉਸ ਤੋਂ ਦੁੱਗਣੇ ਲੋਕ ਜ਼ਖ਼ਮੀ ਹਨ। ਮੈਂ ਜਾਣਦਾ ਹਾਂ ਕਿ ਪੱਛਮੀ ਨੇ ਵੀ ਇਹੀ ਕੀਤਾ ਹੈ, ਦਰਅਸਲ ਉਹ ਦਹਿ-ਹਜ਼ਾਰਾਂ ਲੋਕਾਂ ਨੂੰ ਮਾਰ ਰਿਹਾ ਹੈ, ਪਰ ਕੱਟੜਪੰਥੀਆਂ ਦਾ ਇਹ ਟਕਰਾਓ ਕਿਸੇ ਕੰਢੇ ਨਹੀਂ ਲਗਾਏਗਾ। ਪੱਛਮੀ ਨੈਤਿਕ ਤੌਰ 'ਤੇ ਜਿਹਾਦੀਆਂ ਤੋਂ ਬਿਹਤਰ ਨਹੀਂ ਹੈ। ਆਖ਼ਿਰ ਤਲਵਾਰ ਨਾਲ ਸ਼ਰੇਆਮ ਕਿਸੇ ਦਾ ਗਲ ਵੱਢਣਾ, ਡਰੋਨ ਹਮਲੇ ਵਿਚ ਅੰਧਾਧੁੰਦ ਕਤਲ ਕਰਨ ਤੋਂ ਭੈੜਾ ਕਿਉਂ ਹੈ? ਇਨ੍ਹਾਂ ਵਿੱਚੋਂ ਕਿਸੇ ਦੀ ਨਾ ਤਾਂ ਹਮਾਇਤ ਕੀਤੀ ਜਾ ਸਕਦੀ ਹੈ ਅਤੇ ਨਾ ਹੀ ਕਰਨੀ ਚਾਹੀਦੀ ਹੈ।

ਅਕਸਰ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਅਲ ਕਾਇਦਾ ਅਤੇ ਆਈ. ਐੱਸ. ਆਈ. ਐੱਸ. ਦੋਵੇਂ ਹੀ ਅਫ਼ਗਾਨਿਸਤਾਨ ਅਤੇ ਇਰਾਕ ਵਿਚ ਸਾਮਰਾਜਵਾਦੀ ਯੁੱਧਾਂ ਦਾ ਅੰਜਾਮ ਹਨ ਅਤੇ ਬੇਸ਼ਕ ਇਹ ਗੱਲ ਸਹੀ ਹੈ। ਪਰ ਇਹ ਕਾਫ਼ੀ ਨਹੀਂ ਹੈ। ਧਰਮਨਿਰਪੇਖ ਰਾਸ਼ਟਰਵਾਦ ਦੀ ਖ਼ੁਦਕੁਸ਼ੀ ਅਤੇ ਸਥਾਨਕ ਜਬਰ ਅਤੇ ਲੋਕ ਹਮਾਇਤ ਵਿਚ ਗਿਰਾਵਟ ਦੇ ਨਤੀਜੇ ਵਜੋਂ ਨਿੱਕੇ ਨਿੱਕੇ ਅਗਾਂਹਵਧੂ ਸਮੂਹਾਂ ਦੀ ਨਿਪੁੰਸਕਤਾ ਉੱਪਰ ਵੀ ਗ਼ੌਰ ਕੀਤਾ ਜਾਣਾ ਚਾਹੀਦਾ ਹੈ। ਇਸ ਅਮਲ ਨੇ ਸਾਊਦੀ ਹਕੂਮਤ ਨੂੰ ਅੱਗੇ ਲੈ ਆਂਦਾ ਹੈ ਅਤੇ ਅਲ-ਕਾਇਦਾ ਅਤੇ ਆਈ.ਐੱਸ.ਆਈ.ਐੱਸ. ਦੋਵੇਂ ਹੀ ਵਹਾਬੀਵਾਦ ਦੇ ਭਾਰੀ ਪ੍ਰਭਾਵ ਹੇਠ ਹਨ, ਜੋ ਸੁੰਨੀ ਇਸਲਾਮ ਦੇ ਅੰਦਰ ਬਹੁਤ ਹੀ ਛੋਟਾ ਜਿਹਾ ਹਿੱਸਾ ਹੈ। ਇਸ ਖੇਤਰ ਵਿਚ ਫਿਰ ਤੋਂ ਸਥਿਰਤਾ ਬਹਾਲ ਕਰਨ ਲਈ ਤਿੰਨ ਸ਼ਰਤਾਂ ਅਹਿਮ ਹਨ: ਸਾਊਦੀ ਸ਼ਾਹੀ ਘਰਾਣੇ ਨੂੰ ਦਿੱਤੀ ਜਾ ਰਹੀ ਪੱਛਮੀ ਹਮਾਇਤ ਬੰਦ ਹੋਵੇ; ਖੇਤਰ ਵਿਚ ਕੁਲ ਪੱਛਮੀ ਦਖ਼ਲਅੰਦਾਜ਼ੀ ਖ਼ਤਮ ਹੋਵੇ, ਇੱਕੋਇਕ ਇਸਰਾਇਲੀ/ਫ਼ਲਸਤੀਨੀ ਰਾਜ ਬਣਾਇਆ ਜਾਵੇ ਜਿਸ ਦੇ ਸਾਰੇ ਨਾਗਰਿਕਾਂ ਨੂੰ ਬਰਾਬਰ ਦੇ ਹੱਕ ਹੋਣ। ਜਦੋਂ ਤਕ ਇਹ ਨਹੀਂ ਹੁੰਦਾ, ਸਿਆਸੀ ਸਨਕੀ ਅਤੇ ਵਹਿਸ਼ੀ ਤਾਕਤਾਂ ਆਪਣੇ ਪੈਰ ਪਸਾਰਦੀਆਂ ਰਹਿਣਗੀਆਂ। ਪੈਰਿਸ ਅਤੇ ਅਰਬ ਦੇ ਪੂਰਬ ਦੇ ਕਿਸੇ ਵੀ ਸ਼ਹਿਰ ਵਿਚ ਬੇਗੁਨਾਹਾਂ ਦੇ ਕਤਲਾਂ ਨੂੰ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ।

# ਜਮਹੂਰੀ ਅਧਿਕਾਰ ਸਭਾ ਨੇ ਕੀਤੀ ਬਜ਼ੁਰਗ ਜਰਨੈਲ ਸਿੰਘ ਦੀ ਨਜਾਇਜ਼ ਕੁੱਟਮਾਰ ਕਰਨ ਵਾਲਿਆਂ ਖਿਲਾਫ ਕਾਰਵਾਈ ਕਰਨ ਦੀ ਮੰਗ

ਪਿੰਡ ਹਮੀਰਗੜ੍ਹ 'ਚ ਵਿਕਾਸ ਮੰਤਰੀ 'ਤੇ ਕੀਤੇ ਕਥਿਤ ਹਮਲੇ ਦੇ ਸਬੰਧ 'ਚ ਕੁੱਟਮਾਰ ਦਾ ਸ਼ਿਕਾਰ ਹੋਏ ਬਜ਼ੁਰਗ ਜਰਨੈਲ ਸਿੰਘ ਦੀ ਪੁਲਸ ਵਲੋਂ ਕੀਤੀ ਗਿਰਫਤਾਰੀ ਬਾਰੇ ਜਮਹੂਰੀ ਅਧਿਕਾਰ ਸਭਾ ਨੇ ਸੁਆਲ ਉਠਾਇਆ ਹੈ ਕਿ ਜਦੋਂ ਮੁਦਈ ਵਲੋਂ ਹੀ ਆਪਣੀ ਕੁਟਮਾਰ ਜਾਂ ਬੇਇਜ਼ਤੀ ਦੇ ਦੋਸ਼ ਨਕਾਰੇ ਜਾ ਰਹੇ ਹਨ ਤਾਂ ਪੁਲਸ ਨੇ ਬਜ਼ੁਰਗ ਨੂੰ ਕਿਸ ਦੋਸ਼ ਵਿੱਚ ਹਿਰਾਸਤ 'ਚ ਲਿਆ ਹੋਇਆ ਹੈ? ਬਜ਼ੁਰਗ ਖਿਲਾਫ ਜੇ ਕੋਈ ਦੋਸ਼ ਲਗਾਏ ਗਏ ਹਨ ਤਾਂ ਉਹਨਾਂ ਨੂੰ ਜਨਤਕ ਕੀਤਾ ਜਾਣਾ ਚਾਹੀਦਾ ਹੈ। ਸਭਾ ਨੇ ਖਦਸ਼ਾ ਪ੍ਰਗਟਾਇਆ ਕਿ... ਬਜ਼ੁਰਗ ਨੂੰ ਨਜਾਇਜ ਪਰਚੇ 'ਚ ਉਲਝਾਇਆ ਜਾ ਸਕਦਾ ਹੈ। ਜੇ ਬਜ਼ੁਰਗ ਉਪਰ ਕੋਈ ਦੋਸ਼ ਲਗਾਇਆ ਵੀ ਗਿਆ ਹੈ ਤਾਂ ਵੀ ਪੁਲਸ ਬਣਦੀ ਕਾਨੂੰਨੀ ਕਾਰਵਾਈ ਕਰਦੀ ਪਰ ਸਤਾਧਾਰੀ ਧਿਰ ਪਾਸ ਕਾਨੂੰਨ ਹੱਥਾਂ 'ਚ ਲੈਕੇ ਹਮਲਾ ਕਰਨ ਦਾ ਕੋਈ ਅਧਿਕਾਰ ਨਹੀਂ। ਸਭਾ ਨੇ ਮੰਗ ਕੀਤੀ ਹੈ ਕਿ ਬਜ਼ੁਰਗ ਦੀ ਬੇਰਹਿਮੀ ਨਾਲ ਕੁੱਟਮਾਰ ਕਰਨ ਦੇ ਦੋਸ਼ੀਆਂ ਖਿਲਾਫ ਵੀ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇ।

ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦਿਆਂ ਸਭਾ ਦੇ ਪ੍ਰਧਾਨ ਬੱਗਾ ਸਿੰਘ, ਜਨਰਲ ਸਕੱਤਰ ਰਣਧੀਰ ਗਿੱਲਪੱਤੀ ਤੇ ਪ੍ਰੈਸ ਸਕੱਤਰ ਸੁਦੀਪ ਸਿੰਘ ਨੇ ਕਿਹਾ ਕਿ ਪਿਛਲੇ ਕੁਝ ਦਿਨਾਂ ਤੋਂ ਵਿਕਾਸ ਮੰਤਰੀ ਵਲੋਂ ਖੜੀ ਕੀਤੀ ਯੂਥ ਬ੍ਰਿਗੇਡ ਵਲੋਂ ਪਿੰਡਾਂ ਅੰਦਰ ਸ਼ਾਂਤਮਈ ਰੋਸ ਪ੍ਰਗਟਾਉਂਦੇ ਲੋਕਾਂ ਤੇ ਹਮਲੇ ਕਰਕੇ ਦਹਿਸ਼ਤ ਅਤੇ ਭੜਕਾਹਟ ਦਾ ਮਹੌਲ ਪੈਦਾ ਕੀਤਾ ਹੋਇਆ। ਪਰ, ਪੁਲਸ ਪ੍ਰਸ਼ਾਸਨ ਸੱਤਾਧਾਰੀ ਧਿਰ ਵਲੋਂ ਖੜੀ ਕੀਤੀ ਨਿੱਜੀ ਸੈਨਾ ਤੇ ਲਾਕਾਨੂੰਨੀ ਦੀ ਇਸ ਸਥਿਤੀ ਤੇ ਨੱਥ ਪਾਉਣ ਦੀ ਬਜਾਏ ਮੂਕ ਦਰਸ਼ਕ ਬਣਿਆ ਹੋਇਆ ਹੈ ਸਗੋਂ ਸ਼ਾਂਤਮਈ ਰੋਸ ਪ੍ਰਗਟਾਉਂਦੇ ਲੋਕਾਂ ਨੂੰ ਹੀ ਕੁੱਟਮਾਰ ਤੇ ਝੂਠੇ ਪਰਚਿਆਂ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਪੁਲਸ ਦੀ ਹਾਜਰੀ 'ਚ ਯੂਥ ਬ੍ਰਿਗੇਡ ਵਲੋਂ ਲੋਕਾਂ ਦੀ ਕੁੱਟਮਾਰ ਕੀਤੀ ਜਾ ਰਹੀ ਹੈ।

ਹਮੀਰਗੜ੍ਹ 'ਚ ਕੱਲ੍ਹ ਵਾਪਰੀ ਘਟਨਾ ਦੇ ਸਬੰਧ 'ਚ ਸਭਾ ਨੇ ਕਿਹਾ ਕਿ ਖੁਦ ਵਿਕਾਸ ਮੰਤਰੀ ਨੇ ਬਹੁਤ ਸਾਰੇ ਅਖਬਾਰਾਂ 'ਚ ਬਿਆਨ ਦੇਕੇ ਬਜ਼ੁਰਗ ਵਲੋਂ ਉਹਨਾਂ ਦੀ ਕੁਟਮਾਰ ਕਰਨ ਜਾਂ ਦਸਤਾਰ ਲਾਹੁਣ ਦੇ ਦੋਸ਼ ਨਕਾਰੇ ਦਿੱਤੇ ਹਨ। ਪਰ ਫਿਰ ਵੀ ਉਹਨਾਂ ਦੀ ਹਜ਼ਾਰੀ 'ਚ ਉਸ ਬਜ਼ੁਰਗ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ ਗਈ ਅਜਿਹੀ ਕਾਰਵਾਈ ਕਰਨ ਵਾਲੇ ਦੋਸ਼ੀਆਂ ਖਿਲਾਫ ਪਰਚਾ ਦਰਜ ਕੀਤਾ ਜਾਣਾ ਚਾਹੀਦਾ ਹੈ । ਕਿਸੇ ਵੀ ਸਥਿਤੀ ਵਿੱਚ ਸੱਤਾਧਾਰੀ ਧਿਰ ਨੂੰ ਮਨਮਰਜੀ ਕਰਨ ਦੀ ਖੁੱਲ੍ਹ ਨਹੀਂ ਦਿੱਤੀ ਜਾ ਸਕਦੀ। ਪਰ, ਪੁਲਸ ਨੇ ਦੋਸ਼ੀਆਂ ਨੂੰ ਗਿਰਫਤਾਰ ਕਰਨ ਦੀ ਬਜਾਇ ਉਲਟਾ ਬਜ਼ੁਰਗ ਨੂੰ ਹੀ ਗਿਰਫਤਾਰ ਕਰ ਲਿਆ ਹੈ। ਸਭਾ ਨੇ ਮੰਗ ਕੀਤੀ ਕਿ ਬਜ਼ੁਰਗ ਤੇ ਹਮਲਾ ਕਰਨ ਦੇ ਜੁੰਮੇਵਾਰ ਦੋਸ਼ੀਆਂ ਖਿਲਾਫ ਕਾਰਵਾਈ ਕੀਤੀ ਜਾਵੇ, ਸੱਤਾਧਾਰੀ ਧਿਰ ਦੀ ਵਧੀਕੀ ਦਾ ਸ਼ਿਕਾਰ ਹੋਏ ਬਜ਼ੁਰਗ ਦਾ ਸਰਕਾਰੀ ਖਰਚੇ ਤੇ ਇਲਾਜ ਕਰਵਾਇਆ ਜਾਵੇ ਤੇ ਉਸ ਖਿਲਾਫ ਕੋਈ ਝੂਠਾ ਪਰਚਾ ਦਰਜ ਨਾ ਕੀਤਾ ਜਾਵੇ। ਪਿੰਡਾਂ ਅੰਦਰ ਯੂਥ ਬ੍ਰਿਗੇਡਾਂ ਵਲੋਂ ਪਾਈ ਜਾ ਰਹੀ ਦਹਿਸ਼ਤ ਤੇ ਨੱਥ ਮਾਰੀ ਜਾਵੇ ਤੇ ਲੋਕਾਂ ਦਾ ਸ਼ਾਂਤਮਈ ਤਰੀਕੇ ਨਾਲ ਰੋਸ ਪ੍ਰਗਟਾਉਣ ਦਾ ਹੱਕ ਬਹਾਲ ਕੀਤਾ ਜਾਵੇ।

# MPP Malhi Introduces Private Member's Bill to amend the Employment Standards Act

QUEEN'S PARK – Today, MPP Harinder Malhi introduced "An Act to amend the Employment Standards Act, 2000 (the "Bill") with respect to Temporary Help Agencies. The Bill amends the Employment Standards Act, 2000 ("ESA") and seeks to establish a licensing regime for Temporary Help Agencies. Such Agencies assist in placing individuals with employers on a temporary basis. However, many constituents of Brampton-Springdale have voiced concerns regarding fairness, respect and their rights.

MPP Malhi's bill proposes the following key amendments:

- Temporary help agencies will be prohibited from operating without a licence, protecting temporary workers from abusive and unfair practices;
- Temporary help agencies must pay their workers at least 80 percent of the amount they charge their clients;
- Temporary Help Agencies must report to the Minister declaring that they are in compliance of the requirements, ensuring fairness and transparency;
- Temporary Help Agencies can have their licence suspended or revoked if they cease to satisfy the prescribed requirements in law, ensuring strict compliance;
- Employers must ensure no more than 25 percent of total hours worked are by assignment employees, allowing for more permanent jobs. Under the ESA, specific rules apply regarding the assignment employees, temporary help agency employers and clients of temporary help agencies. MPP Malhi's bill specifically addresses this portion of the ESA.

QUOTE

"Issues surrounding Temporary Help Agencies have been a significant concern for my constituents of Brampton-Springdale. Today, in the Legislative Assembly of Ontario, these voices were heard.

I am pleased to announce that the House has agreed to debate my bill, which seeks to address fundamental issues relating to Temporary Help Agencies. Fairness, transparency and respect in the workplace are things everyone is entitled to. This bill will ensure these rights for temporary workers." Harinder Malhi, MPP, Brampton-Springdale

# ਪੈਰਾਂ ਹੇਠ ਲਿਖੇ ਸਿਰਨਾਵੇਂ

ਮਨੁੱਖੀ ਜੀਵਨ ਕਦੇ ਵੀ ਸਾਵਾਂ-ਪੱਧਰਾਂ ਨਹੀਂ ਹੁੰਦਾ । ਜ਼ਿੰਦਗੀ 'ਚ ਉਤਰਾਅ-ਚੜ੍ਹਾਅ ਆਉਂਦੇ ਹੀ ਰਹਿੰਦੇ ਹਨ। ਪਰ ਸਾਨੂੰ ਕਿਸੇ ਵੀ ਸਥਿਤੀ 'ਚ ਘਬਰਾਉਣਾ ਨਹੀਂ ਚਾਹੀਦਾ, ਸਗੋਂ ਸਿਆਣਪ ਕਰਨਾ ਚਾਹੀਦਾ ਹੈ । ਜ਼ਿੰਦਗੀ ਪ੍ਰਤੀ ਸਾਨੂੰ ਆਸ਼ਾਵਾਦੀ ਰਹਿਣਾ ਚਾਹੀਦਾ ਹੈ । ਕੋਈ ਵੀ ਮੰਜ਼ਿਲ ਪਹਿਲੇ ਕਦਮ 'ਤੇ ਹੀ ਸਰ ਨਹੀਂ ਹੁੰਦੀ, ਸੁਪਨਿਆਂ ਨੂੰ ਸਾਕਾਰ ਕਰਨ ਲਈ ਮੁਸੀਬਤਾਂ ਦਾ ਸਾਹਮਣਾ ਕਰਨਾ ਹੀ ਪੈਂਦਾ ਹੈ । ਹਿੰਮਤੀ ਲੋਕ ਔਕੜਾਂ ਤੋਂ ਬੇਖੌਫ ਹੋ ਕੇ ਮਸਤਕੀਂ ਦੀਵੇ ਬਾਲ ਕੇ ਆਪਣੀ ਜ਼ਿੰਦਗੀ ਦੇ ਟੀਚੇ ਹਾਸਿਲ ਕਰ ਲੈਂਦੇ ਹਨ ।

ਸਾਡੇ 'ਚੋਂ ਬਹੁਤੇ ਰਾਜਾ ਬਰੂਸ ਤੇ ਮੱਕੜੀ ਦੀ ਕਹਾਣੀ ਸੁਣੀ ਹੀ ਹੋਵੇਗੀ । ਇਹ ਕਹਾਣੀ ਹਿੰਮਤ ਤੇ ਜ਼ਿੰਦਾਦਿਲੀ ਦੀ ਚਰਚਿਤ ਉਦਾਹਰਣ ਹੈ । ਸਾਨੂੰ ਪਤਾ ਲੱਗਦਾ ਹੈ ਕਿ ਕਿਵੇ ਹਾਰਾਂ ਤੋਂ ਅੱਕਿਆ ਰਾਜਾ ਬਰੂਸ ਉਸ ਮੱਕੜੀ ਤੋਂ ਪ੍ਰੇਰਨਾ ਲੈਂਦਾ ਹੈ, ਜੋ ਆਪਣਾ ਜਾਲ ਬੁਣਨ ਲਈ ਅਣਗਿਣਤ ਕੋਸ਼ਿਸ਼ਾਂ ਕਰਦੀ ਹੋਈ , ਅੰਤ 'ਚ ਸਫਲਤਾ ਪਾ ਲੈਂਦੀ ਹੈ । ਮਨੁੱਖ ਡਿੱਗ-ਡਿੱਗ ਕੇ ਸਵਾਰ ਹੋਣਾ ਸਿੱਖਦਾ ਹੈ । ਅਸਫਲਤਾਵਾਂ ਤੋਂ ਸਾਨੂੰ ਨਿਰਾਸ ਨਹੀਂ ਹੋਣਾ ਚਾਹੀਦਾ, ਸਗੋ ਅਸਫਲਤਾਵਾਂ ਤੋਂ ਪ੍ਰਾਪਤ ਤਜਰਬੇ ਤਾਂ ਸਾਨੂੰ ਮੰਜ਼ਿਲ ਦੀ ਪ੍ਰਾਪਤੀ ਲਈ ਨਿਸਚਾ ਪ੍ਰਦਾਨ ਕਰਦੇ ਹਨ । ਹਿੰਮਤ ਸਦਕਾ ਹੀ ਅਸੀ ਉਨ੍ਹਾਂ ਦਿਸਹੱਦਿਆਂ ਤੱਕ ਪਹੁੰਚ ਸਕਦੇ ਹਾਂ , ਜਿਨ੍ਹਾਂ ਬਾਰੇ ਅਸੀਂ ਕਿਸੇ ਪਲ ਸੋਚਦਿਆਂ ਹੀ ਢੇਰੀਆਂ ਢਾਹ ਲੈਂਦੇ ਹਾਂ । ਪਹੁ-ਫੁਟਾਲੇ ਤੱਕ ਪਹੁੰਚਣ ਲਈ ਹਨੇਰ ਭਰੀ ਰਾਤ ਦਾ ਸਫਰ ਕਰਨਾ ਹੀ ਪੈਂਦਾ ਹੈ । ਕੋਲੰਬਸ ਨੂੰ ਵੀ ਅਮਰੀਕਾ ਦੀ ਧਰਤੀ ਵੇਖਣੀ ਐਵੇਂ ਹੀ ਨਸੀਬ ਨਹੀਂ ਸੀ ਹੋਈ, ਸਾਥ ਛੱਡ ਰਹੇ ਸਾਥੀਆ 'ਚ ਉਸਦੀ ਇੱਕਲੇ ਦੀ ਹੀ ਹਿੰਮਤ ਸੀ ਕਿ ਮੰਜ਼ਿਲ ਪ੍ਰਾਪਤ ਕਰ ਗਿਆ । ਵਿਸ਼ਵ ਇਤਿਹਾਸ 'ਚ ਅਨੇਕਾਂ ਹੀ ਹੋਰ ਅਜਿਹੀਆਂ ਉਦਾਹਰਣਾਂ ਹਨ, ਜਿਨ੍ਹਾਂ ਦੁਆਰਾ ਸਾਨੂੰ ਉਨ੍ਹਾਂ ਇਨਸਾਨਾਂ ਦੀ ਹਿੰਮਤੀ ਜ਼ਿੰਦਗੀ ਬਾਰੇ ਪਤਾ ਲੱਗਦਾ ਹੈ, ਜੋ ਸੰਘਰਸ਼ਾਂ ਦੇ ਰਾਹ ਪਏ, ਅਨੇਕਾਕਸ਼ਟ ਝੱਲੇ, ਪਰ ਆਪਣਾ ਰਾਹ ਨਹੀਂ ਛੱਡਿਆ । ਇਨ੍ਹਾਂ 'ਚ ਬਹੁਤੇ ਇਨਸਾਨ ਅਜਿਹੇ ਵੀ ਹਨ, ਜਿਨ੍ਹਾਂ ਨੂੰ ਜਿਉਂਦੇ ਜੀਅ ਦੁਨੀਆਂ ਵੱਲੋਂ ਠੁਕਰਾਇਆ ਗਿਆ, ਪਰ ਆਪਣੇ ਜਾਇਜ਼ ਸੰਘਰਸ਼ 'ਚ ਇਨ੍ਹਾਂ ਵਿਅਕਤੀਆਂ ਨੇ ਕਦੇ ਵੀ ਹਾਰ ਨਾ ਮੰਨੀ । ਅੱਜ ਇਨ੍ਹਾਂ ਵਿਅਕਤੀਆਂ ਦੀ ਮਾਨਵਤਾ ਦੇਣ ਲਈ ਹਰ ਕੋਈ ਸਲਾਮ ਕਰਦਾ ਹੈ । ਸੁਕਰਾਤ, ਕਾਪਰਨਿਕਸ, ਗਲੈਲਿਉ, ਬਰੂਨੋ ਅਤੇ ਡਾਰਵਿਨ ਵਰਗੇ ਮਹਾਨ ਵਿਅਕਤੀ ਇਸ ਕਤਾਰ 'ਚ ਸਭ ਤੋਂ ਮੂਹਰੇ ਆਉਂਦੇ ਹਨ ।

ਸੋ, ਆਓ ਜ਼ਿੰਦਗੀ ਜਿਉਣ ਦੀ ਜਾਂਚ ਸਿੱਖੀਏ, ਐਵੇਂ ਦਿਨ-ਕਟੀ ਨਾ ਕਰੀਏ । ਜ਼ਿੰਦਗੀ ਦੇ ਮਕਸਦਾਂ ਵੱਲ ਵਧੀਏ, ਜੋ ਵੀ ਸਾਨੂੰ ਰਸਤੇ ਤੋਂ ਥਿੜਕਾਉਂਦਾ ਹੈ, ਠੋਕਰ ਮਾਰ ਕੇ ਉਸ ਅੜਚਨ ਨੂੰ ਪੁਲ ਵਜੋਂ ਵਰਤ ਲਈਏ । ਪ੍ਰਸਿੱਧ ਗੀਤਕਾਰ ਇੰਦਰਜੀਤ ਹਸਨਪੁਰੀ ਦੀ ਕਲਮ ਤੋਂ ਉਕਰੀਆਂ ਇਹ ਸਤਰਾਂ ਵੀ ਸਾਨੂੰ ਹਿੰਮਤੀ ਬਣਨ ਲਈ ਪ੍ਰੇਰਦੀਆਂ ਹਨ :-

"ਹਿੰਮਤ ਕਰ ਜੇ ਰਸਤੇ ਵਿੱਚ ਕਠਿਨਾਈਆਂ ਨੇ,
ਹੰਝੂਆਂ ਨੇ ਤਕਦੀਰਾਂ ਕਦ ਪਲਟਾਈਆਂ ਨੇ,
ਜਿਹਨਾਂ ਨੇ ਠੋਕਰ ਨੂੰ ਠੋਕਰ ਮਾਰੀ ਹੈ,
ਉਹਨਾਂ ਨੂੰ ਹੀ ਰਾਸ ਠੋਕਰਾਂ ਆਈਆਂ ਨੇ ।"

-ਰਣਦੀਪ ਸੰਗਤਪੁਰਾ

# ਪੰਜਾਬੀ ਸੱਭਿਆਚਾਰ ਮੰਚ ਵਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਸਾਥੀ ਸ਼ਹੀਦਾਂ ਨੂੰ ਸ਼ਰਧਾਂਜਲੀ





**ਬਰੈਂਪਟਨ/ਹਰਜੀਤਬੇਦੀ**

ਬੀਤੇ ਸ਼ਨਿੱਚਰਵਾਰ ਫਲੈਚਰ ਸਪੋਰਟਸ ਕੰਪਲੈਕਸ ਸੈਂਟਰ ਵਿੱਚ ਪੰਜਾਬੀ ਸਭਿੱਆਚਾਰ ਮੰਚ, ਟੋਰਾਂਟੋ (ਕਨੇਡਾ) ਵਲੋਂ ਇੱਕ ਸਦੀ ਪਹਿਲਾਂ ਅੰਗਰੇਜੀ ਸਾਮਰਾਜ ਵਿਰੁੱਧ ਆਜ਼ਾਦੀ ਲਈ ਜੁਝਦੇ ਅਮਰ ਸ਼ਹੀਦਾਂ ਕਰਤਾਰ ਸਿੰਘ ਸਰਾਭਾ ਤੇ ਉਸ ਦੇ ਸਾਥੀਆਂ ਵਿਸ਼ਨੂੰ ਗਣੇਸ਼ ਪਿੰਗਲੇ, ਜਗਤ ਸਿੰਘ ਸੁਰ ਸਿੰਘ, ਹਰਨਾਮ ਸਿੰਘ ਸਿਆਲਕੋਟੀ, ਇੱਕੋ ਪਿੰਡ ਗਿੱਲ ਵਾਲੀ ਦੇ ਬਖਸ਼ੀਸ ਸਿੰਘ, ਸੁਰੈਣ ਸਿੰਘ ਪੁਤਰ ਬੂੜ ਸਿੰਘ ਅਤੇ ਸੁਰੈਣ ਸਿੰਘ ਪੁੱਤਰ ਈਸ਼ਰ ਸਿੰਘ ਦੀ ਯਾਦ ਵਿੱਚ ਸਹੀਦੀ-ਸ਼ਤਾਬਦੀ ਸਮਾਰੋਹ ਕੀਤਾ ਗਿਆ। ਪ੍ਰੋਗਰਾਮ ਦੇ ਸ਼ੁਰੂ ਵਿੱਚ ਮੰਚ ਦੇ ਪ੍ਰਧਾਨ ਬਲਦੇਵ ਸਹਿਦੇਵ ਵਲੋਂ ਹਾਜ਼ਰੀਨ ਨੂੰ ਜੀ ਆਇਆਂ ਕਹਿਣ ਤੋ ਬਾਅਦ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਉਸ ਸਮੇਂ ਅੰਗ੍ਰੇਜ਼ੀ ਸਾਮਰਾਜ ਵਲੋਂ ਲੋਕਾਂ ਦੀ ਲੁੱਟ ਕੀਤੀ ਜਾਂਦੀ ਸੀ। ਪਰ ਅੱਜ ਵਿਸ਼ਵ ਪੱਧਰ ਦਾ ਸਾਮਰਾਜ ਵਿਸ਼ਵੀ-ਪੂੰਜੀਵਾਦ ਦੇ ਨਵੇਂ ਰੂਪ ਵਿੱਚ ਆ ਕੇ ਲੁੱਟ ਨੂੰ ਹੋਰ ਵੀ ਤਿੱਖੇ ਰੂਪ ਵਿੱਚ ਜਾਰੀ ਰੱਖ ਰਿਹਾ ਹੈ । ਜਿਸਦੇ ਹਥਿਆਰ ਅਸਤਰ ਸ਼ਾਸਤਰ, ਅੱਤਵਾਦ, ਅਰਾਜਕਤਾ, ਅਸਹਿਣਸ਼ੀਲਤਾ, ਫਿਰਕਾਪ੍ਰਸਤੀ, ਮਹਿੰਗਾਈ, ਬੇਰੁਜਗਾਰੀ ਅਤੇ ਕੁਰੱਪਸ਼ਨ ਹਨ। ਵਿਸ਼ਵ ਪੂੰਜੀਵਾਦ ਇਹ ਹਥਿਆਰ ਹਰ ਥਾਂ ਤੇ ਆਪਣੀ ਲੋੜ ਅਨੁਸਾਰ ਵਰਤ ਰਿਹਾ ਹੈ। ਜਿਵੇਂ ਭਾਰਤ ਵਿੱਚ ਗਊ ਮਾਸ ਦੇ ਮੁੱਦੇ ਨੂੰ ਹਵਾ ਦੇ ਕੇ ਸਿਆਸਤ ਕੀਤੀ ਜਾ ਰਹੀ ਹੈ। ਬਾਕੀ ਥਾਵਾਂ ਤੇ ਪੂੰਜੀਵਾਦ ਰਾਹੀਂ ਹੋਰ ਵੱਖ-ਵੱਖ ਮੁੱਦੇ ਖੜ੍ਹੇ ਕਰਕੇ ਲੁੱਟ ਲਈ ਰਾਹ ਪੱਧਰੇ ਕੀਤੇ ਜਾ ਰਹੇ ਹਨ। ਗ਼ਦਰ ਇਤਿਹਾਸ ਦੇ ਵਿਦਵਾਨ ਵਰਿਆਮ ਸੰਧੂ ਨੇ ਕਰਤਾਰ ਸਿੰਘ ਸਰਾਭਾ ਤੇ ਉਸ ਦੇ ਸਾਥੀ ਸ਼ਹੀਦਾਂ ਬਾਰੇ ਬੋਲਦਿਆਂ ਕਿਹਾ "ਜੇ ਅਸੀਂ ਆਪਣੇ ਆਪ ਨੂੰ ਉਹਨਾਂ ਦੇ ਵਾਰਸ ਕਹਾਉਂਦੇ ਹਾਂ ਤਾਂ ਉਹਨਾਂ ਦੀ ਸੋਚ ਨੂੰ ਵਿੱਤ ਅਨੁਸਾਰ ਅੱਗੇ ਲਿਜਾਣ ਦੀ ਕੋਸ਼ਿਸ ਕਰੀਏ। ਜੇ ਵੱਡੀ ਕੁਰਬਾਨੀ ਨਹੀਂ ਕਰ ਸਕਦੇ ਤਾਂ ਘੱਟੋ-ਘੱਟ ਉਹਨਾਂ ਦੇ ਵਿਚਾਰਾਂ ਵੱਲ ਪਿੱਠ ਨਾਂ ਕਰੀਏ ਮੂੰਹ ਕਰੀਏ। ਉਹਨਾਂ ਕਿਹਾ ਕਿ ਕਰਤਾਰ ਸਿੰਘ ਸਰਾਭੇ ਨੇ ਆਪਣੇ ਢਾਈ ਸਾਲ ਦੇ ਸਿਆਸੀ ਜੀਵਨ ਵਿੱਚ ਜੋ ਕਰ ਦਿਖਾਇਆ ਹੈ ਇਹ ਸਿਰਫ ਉਸਦੇ ਹਿੱਸੇ ਹੀ ਆਉਂਦਾ ਹੈ। ਇਹ ਕਰਤਾਰ ਸਿੰਘ ਸਰਾਭਾ ਹੀ ਸੀ ਜੋ ਹਰ ਕਿਸੇ ਨੂੰ ਆਪਣੇ ਵਿਚਾਰਾਂ ਨਾਲ ਸਹਿਮਤ ਕਰਨ ਦੀ ਬੇਮਿਸਾਲਯੋਗਤਾ ਰਖਦਾ ਸੀ। ਕਰਤਾਰ ਸਿੰਘ ਸਰਾਭਾ ਪਹਿਲਾ ਭਾਰਤੀ ਸੀ ਜਿਸ ਨੇ ਹਵਾਈ ਜਹਾਜ਼ ਉਡਾਉਣਾ ਸਿੱਖਿਆ। "ਸੰਧੂ ਨੇ ਸਰਾਭੇ ਦੇ ਜੀਵਨ ਦੇ ਹਰ ਪੱਖ ਨੂੰ ਬੜੇ ਵਧੀਆ ਢੰਗ ਨਾਲ ਸਰੋਤਿਆਂ ਅੱਗੇ ਰੱਖਿਆਂ। ਪੰਜਾਬੀ ਮਹੀਨਾਵਾਰ "ਸਰੋਕਰਾਂ ਦੀ ਆਵਾਜ" ਦੇ ਸੰਚਾਲਕ ਹਰਬੰਸ ਸਿੰਘ ਨੇ ਕਿਹਾ ਕਿ ਜਦ ਕਦੇ ਵੀ ਇੱਥੇ ਸਮਾਜਿਕ ਹੱਕਾਂ ਦੀ ਜੰਗ ਨੂੰ ਅਸੀਂ ਪੂਰੀ ਦੁਨੀਆ ਦੇ ਕਿਸੇ ਵੀ ਕੋਨੇ ਅੰਦਰ ਚੱਲ ਰਹੀ ਲੋਕ ਪੱਖੀ ਜੰਗ ਨਾਲ ਜੋੜ ਕੇ ਵੇਖਦੇ ਹਾਂ ਤਾਂ ਸਾਡੇ ਸਾਹਮਣੇ ਸ਼ਹੀਦ ਕਰਤਾਰ ਸਿੰਘ ਸਰਾਭਾ ਵੱਲੋਂ ਆਪਣੇ ਛੋਟੇ ਜਿਹੇ ਜੀਵਨ ਕਾਲ ਦੌਰਾਨ ਦੇਸ਼ ਕੌਮ ਦੀ ਅਜ਼ਾਦੀ ਅਤੇ ਲੋਕ ਹੱਕਾਂ ਦੀ ਰਾਖੀ ਲਈ ਪਾਏ ਗਏ ਵਡਮੁੱਲੇ ਯੋਗਦਾਨ ਨੂੰ ਲੋਕ ਮਨਾਂ ਅੰਦਰ ਹਮੇਸ਼ਾ ਯਾਦ ਕੀਤਾ ਜਾਂਦਾ ਰਹੇਗਾ। ਉਸਨੇ ਆਪਣੀ ਜ਼ਿੰਦਗੀ ਦੀਆਂ ਸਾਰੀਆਂ ਸੁੱਖ ਸਹੂਲਤਾਂ ਦੇਸ਼ ਦੇ ਕਿਰਤੀ ਲੋਕਾਂ ਲਈ ਕੁਰਬਾਨ ਕਰ ਦਿੱਤੀਆਂ ਇਹਨਾਂ ਤੋਂ ਬਿਨਾਂ ਅੰਮ੍ਰਿਤ ਢਿੱਲੋਂ, ਇਕਬਾਲ ਸੁੰਬਲ, ਕਾਮਰੇਡ ਇਲਾਹੀ, ਪ੍ਰਿਸੀਪਲ ਸਰਵਨ ਸਿੰਘ, ਕਿਰਪਾਲ ਸਿੰਘ ਪੰਨੂ ਅਤੇ ਗੁਰਦੇਵ ਸਿੰਘ ਮਾਨ ਨੇ ਆਪਣੇ ਵਿਚਾਰ ਸਾਂਝੇ ਕੀਤੇ।














# ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਓਨਟਾਰੀਓ, ਕੈਨੇਡਾ ਵਿੱਚ ਸ਼ਹੀਦੀ ਸਮਾਗਮ



**ਹਰਜੀਤ ਬੇਦੀ**

ਭਾਰਤ ਦੇ ਸਵੰਤਰਤਾ ਸੰਗਰਾਮ ਦੇ ਮੋਢੀ ਗ਼ਦਰੀ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਾਥੀਆਂ ਦੀ ਸ਼ਹੀਦੀ ਸ਼ਤਾਬਦੀ ਦੇ ਸੰਦਰਭ ਵਿੱਚ ਨਾਰਥ ਅਮਰੀਕਨ ਤਰਕਸ਼ੀਲ ਸੁਸਾਇਟੀ ਆਫ ਓਨਟਾਰੀਓ, ਕੈਨੇਡਾ ਵਲੋਂ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਲੋਫਰ ਲੇਕ ਰੀਕਰੀਏਸ਼ਨ ਸੈਂਟਰ ਬਰੈਂਪਟਨ ਵਿਖੇ ਸ੍ਰੀ ਬਲਵਿੰਦਰ ਬਰਨਾਲਾ, ਡਾ: ਹਰਦੀਪ ਸਿੰਘ, ਜੋਗਿੰਦਰ ਸਿੰਘ ਗਰੇਵਾਲ ਅਤੇ ਨਿਰਮਲ ਸੰਧੂ ਦੀ ਪ੍ਰਧਾਨਗੀ ਵਿੱਚ ਹੋਏ, ਇਸ ਪ੍ਰੋਗਰਾਮ ਦੀ ਕਾਰਵਾਈ ਸੁਸਾਇਟੀ ਦੇ ਕਨਵੀਨਰ ਨਛੱਤਰ ਸਿੰਘ ਬਦੇਸ਼ਾ ਨੇ ਨਿਭਾਈ । ਯਾਦ ਰਹੇ ਗ਼ਦਰੀ ਲਹਿਰ ਦੇ ਇਨਕਲਾਬੀ ਵਿਸ਼ਨੂੰ ਗਣੇਸ਼ ਪਿੰਗਲੇ, ਜਗਤ ਸਿੰਘ ਸੁਰ ਸਿੰਘ, ਹਰਨਾਮ ਸਿੰਘ ਸਿਆਲਕੋਟੀ, ਗਿੱਲਵਾਲੀ ਪਿੰਡ ਦੇ ਬਖਸ਼ੀਸ਼ ਸਿੰਘ, ਸੁਰੈਣ ਸਿੰਘ ਪੁੱਤਰ ਬੂੜ ਸਿੰਘ ਅਤੇ ਸੁਰੈਣ ਸਿੰਘ ਪੁੱਤਰ ਈਸ਼ਰ ਸਿੰਘ ਨੂੰ ਵੀ ਕਰਤਾਰ ਸਿੰਘ ਸਰਾਭਾ ਨਾਲ ਬ੍ਰਿਟਿਸ਼ ਹਕੂਮਤ ਵੱਲੋਂ 16 ਨਵੰਬਰ 1915 ਵਿੱਚ ਫ਼ਾਂਸੀ ਦੇ ਕੇ ਸ਼ਹੀਦ ਕੀਤਾ ਗਿਆ ਸੀ।

ਤਰਕਸ਼ੀਲ ਸੁਸਾਇਟੀ ਆਫ ਓਂਟਾਰੀਓ, ਕੈਨੇਡਾ ਦੇ ਆਗੂ ਸ੍ਰੀ ਬਲਦੇਵ ਰਹਿਪਾ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਸ਼ਹੀਦਾਂ ਨੇ ਜਿਹੜੀ ਭਾਰਤ ਦੀ ਆਜ਼ਾਦੀ ਦਾ ਸੁਪਨਾ ਲਿਆ ਸੀ ਉਹ ਅਜੇ ਵੀ ਅਧੂਰਾ ਹੈ। ਅੱਜ ਵੀ ਧਰਮ ਦੇ ਨਾਂ ਉੱਤੇ ਅਤੇ ਸਰਮਾਏਦਾਰੀ ਦੁਆਰਾ ਕੀਤੀ ਜਾ ਰਹੀ ਲੁੱਟ ਕਾਰਨ ਆਮ ਭਾਰਤਵਾਸੀ ਪੂੰਜੀ ਪ੍ਰਬੰਧ ਦੀ ਲੂਟ ਦਾ ਸ਼ਿਕਾਰ ਹੈ ਅਤੇ ਤੰਗੀਆਂ ਤੁਰਸ਼ੀਆਂ ਕਰਕੇ ਉਹ ਪਾਖੰਡੀ ਬਾਬਿਆਂ ਦੇ ਮਕੜ੍ਹ ਜ੍ਹਾਲ ਵਿੱਚ ਫਸ ਜਾਂਦਾ ਹੈ। ਗ਼ਦਰੀ ਸ਼ਹੀਦਾਂ ਨੇ ਆਪਣੀਆਂ ਜਿੰਦਗੀਆਂ ਲਾ ਕੇ ਮਿਹਨਤਕਸ਼ ਜਨਤਾ ਨੂੰ ਆਜ਼ਾਦੀ ਦਾ ਵਿਗਿਆਨਕ ਰਾਹ ਦਿਖਾਇਆ। ਅੱਜ ਵੀ ਭਾਰਤ ਦੇ ਲੋਕ ਫਿਰਕਾਪ੍ਰਸਤੀ ਅਤੇ ਦਾਬੇ ਦੇ ਡਰ ਹੇਠ ਜੀਅ ਰਹੇ ਹਨ। ਇਸ ਲਈ ਸਾਨੂੰ ਲੋਕਾਂ ਨੂੰ ਜਾਗ੍ਰਿਤ ਕਰਨ ਲਈ ਸਾਂਝਾ ਪਲੇਟਫਾਰਮ ਉਸਾਰਨ ਦੀ ਲੋੜ ਹੈ। ਬਰੈਂਪਟਨ ਦੇ ਸੀਨੀਅਰ ਸਿਟੀਜ਼ਨ ਸਭਾ ਦੇ ਆਗੂ ਸ੍ਰੀ ਪਰਮਜੀਤ ਬੜਿੰਗ ਨੇ ਦੱਸਿਆ ਕਿ ਦ੍ਰਿੜ੍ਹ ਨਿਹਚੇ ਵਾਲੇ ਕਰਤਾਰ ਸਰਾਭੇ ਵਰਗੇ ਦੇਸ਼ ਭਗਤ ਲੋਕਪੱਖੀ ਸਿਆਸੀ ਲੀਹਾਂ ਤੇ ਚੱਲਕੇ ਆਪ ਤਾਂ ਹੱਸ ਹੱਸ ਮੌਤ ਨੂੰ ਜੱਫੀਆਂ ਪਾ ਲੈਂਦੇ ਹਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਚਾਨਣਮੁਨਾਰਾ ਬਣ ਜਾਂਦੇ ਹਨ। ਅਗਾਂਹਵਧੂ ਮਨੁੱਖ ਵਿੱਚ ਵਿਚਾਰਾਂ ਦੀ ਪਕਿਆਈ ਆਉਂਦੀ ਹੈ।

ਡਾ. ਹਰਦੀਪ ਸਿੰਘ ਸਿੰਘ ਨੇ "ਵਿਗਿਆਨ ਅਤੇ ਸਿਹਤ "ਵਿਸ਼ੇ ਤੇ ਬੋਲਦਿਆਂ ਕਿਹਾ ਕਿ ਸਿਹਤ ਦਾ ਮਤਲਬ ਸਿਰਫ ਐਨਾ ਹੀ ਨਹੀਂ ਕਿ ਬੰਦਾ ਸਰੀਰਕ ਤੌਰ 'ਤੇ ਤੰਦਰੁਸਤ ਹੋਵੇ। ਸਰੀਰਕ ਸਿਹਤ ਦਾ ਮਾਨਸਿਕ ਸਿਹਤ ਤੇ ਸਮਾਜਿਕ ਸਿਹਤ ਨਾਲ ਅਨਿੱਖੜਵਾਂ ਗੂੜ੍ਹਾਂ ਸਬੰਧ ਹੈ। ਮਾਨਸਿਕ ਤੌਰ ਤੇ ਸਿਹਤਮੰਦ ਮਨੁੱਖ ਹੀ ਆਪਣੇ ਆਪ ਨੂੰ ਸਰੀਰਕ ਤੌਰ 'ਤੇ ਤੰਦਰੁਸਤ ਰੱਖ ਸਕਦਾ ਹੈ। ਮਾਨਸਿਕ ਤਨਾਅ ਪ੍ਰੈਸ਼ਰ, ਮੋਟਾਪਾ, ਆਰਥੋਰਾਈਟਸ, ਦਿਲ ਦੇ ਰੋਗਾਂ ਕਾਰਨ ਬਣਦਾ ਹੈ। ਜੇ ਕਿਸੇ ਸਮਾਜ ਵਿੱਚ ਹਰ ਇਨਸਾਨ ਦੀ ਮਾਨਸਿਕ ਸਿਹਤ ਵਧੀਆ ਹੋਵੇਗੀ, ਤਾਂ ਸਮਾਜ ਵੀ ਤੰਦਰੁਸਤ ਤਰੱਕੀ ਵਾਲਾ ਹੋ ਸਕਦਾ ਹੈ। ਸਾਨੂੰ ਭੇਡ-ਚਾਲੀ ਰੁਚੀ ਤਿਆਗ ਕੇ ਹਰ ਕਾਰਜ ਸਮਝ ਕੇ ਤੇ ਦੁਬਿਧਾਂ ਵਿੱਚੋਂ ਨਿੱਕਲ ਕੇ ਆਪਣੇ ਬਾਰੇ, ਪਰਿਵਾਰ ਬਾਰੇ ਅਤੇ ਸਮਾਜ ਦੀ ਤਰੱਕੀ ਬਾਰੇ ਵਿਗਿਆਨਕ ਢੰਗ ਨਾਲ ਸੋਚਣ ਦੀ ਲੋੜ ਹੈ। ਮੌਜੂਦਾ ਸਿਸਟਮ ਦੀ ਪਿਛਾਖੜੀ ਫਿਲਾਸਫੀ ਅੱਜ ਦੇ ਪ੍ਰਸੰਗ ਹਰ ਵਿਅਕਤੀ ਵਿਸ਼ੇਸ਼ ਲਈ ਅਤੇ ਸਮਾਜ ਲਈ ਕਦੇ ਵੀ ਲਾਹੇਵੰਦ ਨਹੀਂ ਹੋ ਸਕਦੀ ਅਤੇ ਪਿਛਾਖੜੀ ਸੋਚ ਇਨਸਾਨੀ ਤਰੱਕੀ ਦੇ ਰਾਹ ਵਿੱਚ ਰੋੜ੍ਹਾ ਹੈ। ਸਾਨੂੰ ਪਿਛਾਖੜੀ ਫਿਲਾਸਫੀ ਨਾਲ ਜੂਝਦੇ ਹੋਏ ਵਿਗਿਆਨਕ ਫ਼ਲਸਫੇ ਨੂੰ ਅਪਨਾਉਣ ਦੀ ਲੋੜ ਹੈ । ਸਹੀ ਸਿਆਸੀ ਵਿਗਿਆਨਕ ਵਿਚਾਰਧਾਰਾ ਹੀ ਲੋੜਵੰਦ ਮਿਹਨਤਕਸ਼ ਵਰਗ ਦੀ ਰਾਖ਼ੀ ਕਰਕੇ ਸਮਾਜ ਨੂੰ ਲੁੱਟ-ਖਸੁੱਟ ਤੇ ਅਫ਼ਰ-ਤਫ਼ਰੀ ਤੋਂ ਭੈ-ਮੁਕਤ ਕਰਕੇ ਸਮਾਜਿਕ ਤਰੱਕੀ ਦੀਆਂ ਅਥਾਹ ਸਭਾਵਨਾਵਾਂ ਲਈ ਰਾਹ ਸਾਫ਼ ਕਰ ਸਕਦੀ ਹੈ। ਇਸੇ ਪ੍ਰਤੀਬੱਧਤਾ ਨਾਲ ਗ਼ਦਰੀ ਸ਼ਕਰਤਾਰ ਸਿੰਘ ਸਰਾਭਾ ਅਤੇ ਸਾਥੀਆਂ ਨੇ ਫ਼ਾਂਸੀ ਦੇ ਰੱਸੇ ਨੂੰ ਚੁੰਮਿਆਂ ਅਤੇ ਭਾਰਤ ਦੀ ਮਿਹਨਤਕਸ਼ ਜਮਾਤ ਲਈ ਆਜ਼ਾਦੀ ਦਾ ਨੀਂਹ ਪੱਥਰ ਰੱਖਿਆ ਜੋ ਅੱਜ ਵੀ ਸਾਡੇ ਲਈ ਰਾਹ ਦਰਸਾਵਾ ਹੈ। ਵਿਦੇਸ਼ਾਂ ਦੀ ਧਰਤੀ ਤੇ ਵਸਦੇ ਭਾਰਤੀਆਂ ਲਈ ਵੀ ਇਹ ਸ਼ਹੀਦ ਦੇਸ਼ ਭਗਤੀ ਲਈ ਪ੍ਰੇਣਾਸਰੋਤ ਹਨ।





ਕੌਮੀ ਤੇ ਕੌਮਾਂਤਰੀ ਤਾਲਮੇਲ ਮੁਖੀ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਪ੍ਰਧਾਨ ਬਲਵਿੰਦਰ ਬਰਨਾਲਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਰਾਜ ਕਰਨ ਵਾਲੀਆਂ ਸ਼ਕਤੀਆਂ ਨੂੰ ਫਿਰਕਾਪ੍ਰਸਤਾਂ ਤੋਂ ਵੱਧ ਖਤਰਾ ਖੱਬੇ ਪੱਖੀ ਤੇ ਤਰਕਸ਼ੀਲ ਸੋਚ ਵਾਲਿਆਂ ਤੋਂ ਹੈ । ਅੱਜਕਲ ਬਹੁਚਰਿਚਿਤ ਗਾਂ ਦੇ ਮਾਸ ਦਾ ਮੁੱਦਾ ਲੋਕਾਂ ਵਿੱਚ ਵਖਰੇਵਾਂ ਪੈਦਾ ਕਰਕੇ ਫਿਰਕਾਪ੍ਰਸਤ ਤਾਕਤਾਂ ਆਪਣਾ ਫਿਰਕੂ ਪਿਛਾਖੜੀ ਏਜੰਡਾ ਲਾਗੂ ਕਰਣਾ ਚਾਹੁੰਦੀਆਂ ਹਨ। ਇਨ੍ਹਾਂ ਦਾ ਮਕਸਦ ਮਿਹਨਤਕਸ਼ ਵਰਗ ਨੂੰ ਧਰਮ ਦੇ ਨਾਮ ਤੇ ਵੰਡਕੇ ਮਾਲਕ ਵਰਗ ਵਲੋਂ ਕੀਤੀ ਜਾ ਰਹੀ ਲੁੱਟ ਨੂੰ ਬਰਕਰਾਰ ਰੱਖਣਾ ਹੈ। ਉਹਨਾਂ ਕਿਹਾ ਕਿ ਉਹਨਾਂ ਮੁਲਕਾਂ ਵਿੱਚ ਜਿਆਦਾ ਸ਼ਾਂਤੀ ਹੈ ਜਿੱਥੇ ਕਿਸੇ ਧਰਮ ਨੂੰ ਮਾਨਤਾ ਨਹੀਂ। ਇਸ ਪਿਛਾਖੜੀ ਗੈਰ-ਵਿਗਿਆਨਿਕ ਗੱਲਾਂ ਨਾਲ ਹੀ ਬੱਚਿਆਂ ਨੂੰ ਮਾਨਸਿਕ ਤੌਰ ਤੇ ਗੁਲਾਮ ਤੇ ਅਪਾਹਜ ਬਣਾਇਆ ਜਾ ਰਿਹਾ ਹੈ । ਉਹਨਾਂ ਦੇ ਸਵੈ-ਨਿਹਚੇ ਅਤੇ ਮਨੋਬਲ ਨੂੰ ਢਾਹ ਲਾਕੇ ਮਨ ਵਿੱਚ ਇਹ ਧਾਰਨਾ ਪੈਦਾ ਕੀਤੀ ਜਾ ਰਹੀ ਹੈ ਕਿ ਉਸ (ਰੱਬ) ਦੀ ਮਰਜੀ ਬਿਨਾਂ ਪੱਤਾ ਵੀ ਹਿਲਦਾ। ਇਸ ਨਾਲ ਮਨੁੱਖ ਨੂੰ ਆਪਣੇ ਆਪ ਤੇ ਭਰੋਸਾ ਨਹੀਂ ਰਹਿੰਦਾ। ਪਰਵਾਰਿਕ ਇਕਾਈਆਂ ਟੁੱਟਣ ਨਾਲ ਬੱਚੇ ਦੇ ਮਨ ਵਿੱਚੋਂ ਜਥੇਬੰਦਕ ਭਾਵਨਾ ਮਾਰੀ ਜਾਂਦੀ ਹੈ। ਜਿਹੜੇ ਬਚਿੱਆਂ ਦਾ ਪਾਲਣ ਪੋਸ਼ਣ ਕੱਟੜਤਾ ਵਾਲੇ ਵਾਤਾਵਰਣ ਵਿੱਚ ਹੁੰਦਾ ਹੈ ਮਾਨਸਿਕ ਰੋਗੀਆ ਦੀ ਵੱਡੀ ਗਿਣਤੀ ਉਹਨਾਂ ਵਿੱਚੋਂ ਹੁੰਦੀ ਹੈ। ਗ਼ਦਰੀ ਸ਼ਹੀਦਾਂ ਨੂੰ ਸ਼ਰਧਾ ਭੇਂਟ ਕਰਦਿਆਂ, ਉਨ੍ਹਾਂ ਕਿਹਾ ਕਿ ਗ਼ਦਰ ਲਹਿਰ ਨੇ ਜਾਤ-ਪਾਤ ਅਤੇ ਧਾਰਿਮਕ ਝਗੜਿਆਂ ਤੋਂ ਖਹਿੜ੍ਹਾ ਛੁੜ੍ਹਾਕੇ ਆਜਾਦੀ ਦੀ ਲਹਿਰ ਨੂੰ ਨਵਾਂ ਮੁਹਾਂਦਰਾ ਦਿੱਤਾ ਜਿਸ ਤੇ ਚਲ੍ਹਕੇ ਲੋਕਪੱਖੀ ਸਿਆਸੀ ਦੇਸ਼ਭਗਤ ਲਹਿਰ ਦਾ ਵਿਕਾਸ ਹੋਈਆ।

ਅੰਤ ਵਿੱਚ ਜੋਗਿੰਦਰ ਸਿੰਘ ਗਰੇਵਾਲ ਨੇ ਆਏ ਹੋਏ ਸਰੋਤਿਆਂ ਤੇ ਖਾਸ ਕਰਕੇ ਕੈਨੇਡੀਅਨ ਪੰਜਾਬੀ ਮਹੀਨਾਵਾਰ ਸਰੋਕਾਰਾਂ ਦੀ ਆਵਾਜ ਦੇ ਸੰਚਾਲਕ ਹਰਬੰਸ ਸਿੰਘ ਤੇ ਦਵਿੰਦਰ ਤੂਰ, ਪੰਜਾਬੀ ਸੱਭਿਆਚਾਰ ਮੰਚ ਦੇ ਬਲਦੇਵ ਸਹਿਦੇਵ ਅਤੇ ਇੰਡੀਅਨ ਵਰਕਰਜ਼ ਐਸੋਸੀਏਸ਼ਨ ਦਾ ਸੈਮੀਨਾਰ ਦੀ ਸਫਲਤਾ ਲਈ ਪਾਏ ਯੋਗਦਾਨ ਲਈ ਧੰਨਵਾਦ ਕੀਤਾ। ਬੁਲਾਰਿਆਂ ਦੇ ਭਾਸ਼ਣਾਂ ਦੌਰਾਨ ਲੋਕ ਸੰਗੀਤ ਮੰਡਲੀ ਭਦੌੜ ਦੇ ਨਵਤੇਜ ਪ੍ਰੀਤ ਅਤੇ ਬਲਜੀਤ ਬੈਂਸ ਨੇ ਲੋਕ-ਪੱਖੀ ਤੇ ਤਰਕਸ਼ੀਲ ਵਿਚਾਰਾਂ ਨਾਲ ਸਬੰਧਤ ਗਜ਼ਲਾਂ ਤੇ ਗੀਤਾਂ ਰਾਹੀਂ ਅਤੇ ਹਰਜੀਤ ਬੇਦੀ ਨੇ ਗਦਰ ਲਹਿਰ ਸਬੰਧੀ ਕਵਿਤਾ ਸੁਣਾ ਕੇ ਪ੍ਰੋਗਰਾਮ ਦੀ ਲੜੀ ਨੂੰ ਜੋੜੀ ਰੱਖਿਆ। ਸਟੇਜ ਸਕੱਤਰ ਦੀ ਡਿਊਟੀ ਨਿਭਾ ਰਹੇ ਨਛੱਤਰ ਬਦੇਸ਼ਾ ਨੇ ਹਾਂ-ਪੱਖੀ ਟਿੱਪਣੀਆਂ ਕਰਕੇ ਪ੍ਰੋਗਰਾਮ ਨੂੰ ਬੜੇ ਵਧੀਆਂ ਢੰਗ ਨਾਲ ਚਲਾਇਆ।




Nachhater Singh Badesha
Sales Representative
Home Life/ United Realty Inc., Brokerage
290 Drew Rd. Unit #215
Mississauga ON L4T 0A7
MLS R
Dir: 647.267.3397
Off: 905.672.124
Fax: 905.672.0672
E-mail: nbadesha@yahoo.ca
Higher Standars Agents.... Higher Results



Home Life/Superstars
Real Estate Ltd., Brokerage
Each office is independently owned & operated
*Residential *Commercial
*Investment *Condominium
Cell : 416-274-1146
Email : sliddar@hotmail.com
*Office : 905-792-7800 *Fax : 905-792-9092
Sukdev Singh Liddar
*2555 Steeles Ave E. Unit 11 *Brampton *ON*L6T4L6

# ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦੀ ਮਾਸਿਕ ਇਕੱਤਰਤਾ ਤਰਕਸ਼ੀਲਤਾ ਤੇ ਕੈਨੇਡੀਅਨ ਫੈਡਰਲ ਵੋਟਾਂ ਰਹੇ ਮੁੱਖ ਵਿਸ਼ੇ

ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦੀ ਮਾਸਿਕ ਮੀਟਿੰਗ 1 ਨਵੰਬਰ 2015 ਨੂੰ ਕੋਸੇ ਹਾਲ ਵਿਖੇ ਪਚਾਚਲ ਭਰੇ ਹਾਲ ਵਿਚ ਹੋਈ। ਮੀਟਿੰਗ ਦੇ ਪਹਿਲੇ ਭਾਗ ਵਿਚ ਪੰਜਾਬ ਤੋਂ ਪੁੱਜੇ ਤਰਕਸ਼ੀਲ ਆਗੂ ਬਲਵਿੰਦਰ ਬਰਨਾਲਾ ਨੇ ਭਾਰਤ ਵਿਚ ਵਿਚਾਰਧਾਰਕ ਵਖਰੇਵੇਂ ਰੱਖਦੇ ਲੇਖਕਾਂ ਦੇ ਕਤਲਾਂ ਦੀ ਭਰਪੂਰ ਨਿਖੇਧੀ ਕਰਦਿਆਂ ਕਿਹਾ ਕਿ ਭਾਰਤ ਦੇ ਰਾਜਨੀਤਕ ਹਲਾਤ ਬਹੁਤ ਨਾਜ਼ੁਕ ਬਣੇ ਹੋਏ ਹਨ। ਭਾਰਤ ਸਰਕਾਰ ਵਿਦਿਆ ਦਾ ਭਗਵਾਂਕਰਨ ਕਰਨ ਦੇ ਨਾਲ ਨਾਲ, ਵਿਚਾਰਾਂ ਦੀ ਆਜ਼ਾਦੀ ਤੇ ਲਗਾਤਾਰ ਹਮਲੇ ਕਰ ਰਹੀ ਹੈ। ਉਨ੍ਹਾਂ ਜਿਥੇ ਇਹੋ ਜਿਹੇ ਹਾਲਾਤਾਂ 'ਤੇ ਘੋਰਚਿੰਤਾ ਪ੍ਰਗਟ ਕੀਤੀ, ਉਥੇ ਇਕ ਰਾਹਤ ਭਰਿਆ ਸੁਨੇਹਾ ਵੀ ਦਿੱਤਤ ਕਿ ਭਾਰਤ ਦੇ ਜੁਝਾਰੂ ਅਤੇ ਅਗਾਂਹਵਧੂ ਲੋਕ ਲਗਾਤਾਰ ਲੋਕਾਂ ਦੀ ਅਗਵਾਈ ਕਰਦੇ ਹੋਏ ਸਰਕਾਰਾਂ ਦੀਆਂ ਇਨ੍ਹਾਂ ਨੀਤੀਆਂ ਦਾ ਇਕਜੁਟ ਹੋ ਕੇ ਵਿਰੋਧ ਕਰ ਰਹੇ ਹਨ।







ਮੀਟਿੰਗ ਦੇ ਦੂਜੇ ਭਾਗ ਦੀ ਸ਼ੁਰੂਆਤ ਫੈਡਰਲ ਚੋਣਾਂ ਦੇ ਭਖਦੇ ਮੁੱਦੇ ਨਾਲ ਹੋਈ। ਮੁੱਖ ਬੁਲਾਹਰੇ ਸੋਹਣ ਮਾਨ, ਰਿਸ਼ੀ ਨਾਗਰ ਅਤੇ ਹਰਚਰਨ ਪਰਹਾਰ ਨੇ ਆਪਣੇ ਆਪਣੇ ਵਿਚਾਰ ਰੱਖੇ। ਸੋਹਣ ਮਾਨ ਨੇ ਲਿਬਰਲ ਪਾਰਟੀ ਦੇ ਜਿੱਤਣ ਅਤੇ ਕੰਜਰਵੇਟਿਵ ਦੇ ਹਾਰਨ ਲਈ ਜ਼ਿੰਮੇਵਾਰ ਤੱਥਾਂ ਨੂੰ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ। ਰਿਸ਼ੀ ਨਾਗਰ ਨੇ ਰਾਜਨੀਤਕ ਪਾਰਟੀਆਂ ਦੀ ਅੰਦਰੂਨੀ ਰਾਜਨੀਤੀ ਤੇ ਗੱਲਬਾਤ ਕੀਤੀ। ਹਰਚਰਨ ਪਰਹਾਰ ਨੇ ਆਮ ਲੋਕਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਦੋਨੋਂ ਹੀ ਪਾਰਟੀਆਂ ਆਮ ਲੋਕਾਂ ਦੀ ਨੁਮਾਇੰਦਗੀ ਨਹੀਂ ਕਰਦੀਆਂ, ਲੋਕਾਂ ਨੂੰ ਇਕੱਠੇ ਹੋ ਕੇ ਲੋਕਲ ਨੁਮਾਇੰਦਿਆਂ ਤੱਕ ਆਪਣੀਆਂ ਮੁਸ਼ਕਿਲਾਂ ਪਹੁੰਚਦੇ ਕਰਦੇ ਰਹਿਣਾ ਚਾਹੀਦਾ ਹੈ। ਰਮਨਜੀਤ ਸਿੱਧੂ ਨੇ ਮੀਡੀਆ ਨੂੰ ਸਾਰਥਿਕ ਰੋਲ ਅਦਾ ਕਰਨ ਲਈ ਪ੍ਰੇਰਿਆ। ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਸੁਖਵਿੰਦਰ ਤੂਰ, ਗੁਰਦੀਸ਼ ਕੌਰ ਗਰੇਵਾਲਅਤੇ ਸਤਪਾਲ ਕੌਸ਼ਲ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਨਿਭਾਉਂਦੇ ਕਮਲਪ੍ਰੀਤ ਪੰਧੇਰ ਅਤੇ ਗੁਰਬਚਨ ਬਰਾੜ ਨੇ ਅਗਲੇ ਮਹੀਨੇ ਦੀ ਮੀਟਿੰਗ 6 ਦਸੰਬਰ ਨੂੰ ਹੋਣ ਦਾ ਐਲਾਨ ਕੀਤਾ।




FOR ALL YOUR REAL ESTATE NEEDS
Contact Long time trusted name in the community
Gurbachan Singh Brar
MLS MULTIPLE LISTING SERVICE · REALTOR
* RESIDENTIAL * BUSINESS * LAND
* COMMERCIAL * INDUSTRIAL * INVESTMENT
403-470-2628
gsbrar@gsbrar.com
www.gsbrar.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates
urban
1A-4101 19 ST N.E, CALGARY, AB T2E 6X8
Ph: 403-590-2233 Fax: 403-776-1942





Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Tel. : 403-285-7070
Our law group practices in
IMMIGRATION
Applications for Family Class and APPEALS,
Skilled Workers, Investors,
Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals.
We donate part of our fees to Alberta Children Hospital.
* Experienced lawyers, caring, confidential
* Reasonable fees
* Free Initial Consultation
* Weekend & Evening Appointments (available upon request)



Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com



FOR ALL YOUR REAL ESTATE NEEDS
Contact Long time trusted name in the community
HARCHARAN SINGH PARHAR
* RESIDENTIAL * BUSINESS * LAND
* COMMERCIAL * INDUSTRIAL * INVESTMENT
403-681-8689
www.parharrealty.com
hp8689@gmail.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates
urban
1A-4101 19 ST N.E, CALGARY, AB T2E 6X8
Ph: 403-590-2233 Fax: 403-776-1942





1996 ਤੋਂ ਨਿਰਵਿਘਨ ਮਾਂ ਬੋਲੀ ਪੰਜਾਬੀ, ਗੁਰਬਾਣੀ ਦੀ ਵਿਚਾਰਧਾਰਾ ਅਤੇ ਮਾਨਵੀ ਕਦਰਾਂ-ਕੀਮਤਾਂ ਦੀ ਤਰਜ਼ਮਾਨੀ ਕਰਦਾ ਮਾਸਿਕ ਮੈਗਜ਼ੀਨ...
ਸਿੱਖ ਵਿਰਸਾ
ਸਾਡਾ ਵਿਰਸਾ
24 ਘੰਟੇ ਆਨ ਲਾਈਨ
ਰੇਡੀਓ ਸਾਂਝ
www.radiosanjh.com
Ph: 403-250-8898 Fax: 403-250-8825
Website : www.sikhvirsa.com, Email : virsa@sikhvirsa.com

# ਗਰੀਬ ਕਿਸਾਨੀ ਦੀ ਦਸ਼ਾ ਅਤੇ ਦਿਸ਼ਾ ਵਿਚ ਅੱਜ ਵੀ ਕੋਈ ਫਰਕ ਨਹੀਂ : ਬਲਵਿੰਦਰ ਬਰਨਾਲਾ

## ਤਰਕਸ਼ੀਲ ਆਗੂ ਬਲਵਿੰਦਰ ਬਰਨਾਲਾ ਨਾਲ ਵਿਸ਼ੇਸ ਮੁਲਾਕਾਤ-ਹਰਬੰਸ ਸਿੰਘ, ਡਾ:ਹਰਦੀਪ ਸਿੰਘ (ਪ੍ਰਬੰਧਕੀ ਮੈਂਬਰਜ ਸਰੋਕਾਰਾਂ ਦੀ ਅਵਾਜ਼), ਨਛੱਤਰ ਸਿੰਘ ਬਦੇਸ਼ਾ (ਸਹਾਇਕ ਕਨਵੀਨਰ ਨਾਰਥ ਅਮਰੀਕਨ ਤਰਕਸ਼ੀਲ ਸੁਸਾਇਟੀ ਓਂਟਾਰੀਓ)

ਬਲਵਿੰਦਰ ਬਰਨਾਲਾ ਸੰਸਾਰ ਦੇ ਤਰਕਸ਼ੀਲ ਹਲਕਿਆਂ ਵਿਚ ਕਿਸੇ ਜਾਣਪਛਾਣ ਦੇ ਮੁਥਾਜ ਨਹੀਂ। ਉਹ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੰਸਥਾਪਕਾਂ ਵਿਚੋਂ ਇੱਕ ਹਨ। ਉਹਨਾਂ ਨੇ ਸੁਸਾਇਟੀ ਵਲੋਂ ਛਪੀ ਪਹਿਲੀ ਕਿਤਾਬ **'ਤੇ ਦੇਵ ਪੁਰਸ਼ ਹਾਰ** ਗਏ' ਦੇ ਛਾਪਣ ਵਿਚ ਅਹਿਮ ਭੂਮਿਕਾ ਨਿਭਾਈ ਜੋ ਡਾ: ਟੀ ਅਵਰਾਹਮ ਕਾਵੂਰ ਦੀ ਅੰਗਰੇਜ਼ੀ ਵਿਚ ਲਿਖੀ ਕਿਤਾਬ **'ਬੀ ਗਾਨ ਗਾਡ ਮੈਨ'** ਦਾ ਪੰਜਾਬੀ ਅਨੁਵਾਦ ਹੈ।ਡਾ.ਕਾਵੂਰ ਦੱਖਣੀ ਭਾਰਤ ਦੇ ਮੋਢੀ ਤਰਕਸ਼ੀਲ ਰਹੇ ਹਨ ।ਤਰਕਸ਼ੀਲ ਸੁਸਾਇਟੀ ਨੇ ਇਹ ਕਿਤਾਬ ਦੇ ਪੰਜਾਬੀ ਤੇ ਹਿੰਦੀ ਅਨੁਵਾਦ ਲੱਖਾਂ ਵਿਚ ਛਪਵਾਈ ਅਤੇ ਹਰ ਵਰਗ ਦੇ ਲੋਕਾਂ ਤੱਕ ਪੁੱਜਦੀ ਕੀਤੇ।ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸਥਾਪਣਾ 1984 ਵਿਚ ਬਰਨਾਲਾ ਵਿਖੇ ਇਸਦੀ ਦੀ ਪਹਿਲੀ ਯੁਨਿਟ ਬਣਾਕੇ ਕੀਤੀ ਗਈ। ਇਸਦੇ ਬਹੁਤੇ ਮੈਂਬਰ ਸਰਕਾਰੀ ਅਧਿਆਪਕ ਹੀ ਸਨ ਜਿਹੜੇ ਅਗਾਂਹਵਧੂ ਵਿਚਾਰਾਂ ਦੇ ਸਮਰਥਕ ਅਤੇ ਕਾਰਕੁੰਨ ਵੀ ਸਨ। ਬਲਵਿੰਦਰ ਬਰਨਾਲਾ ਨੇ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:) ਦੇ ਸਾਰੇ ਅਹੁਦਿਆਂ ਤੇ ਕੰਮ ਕੀਤਾ। ਉਹ ਇਸਦੇ ਪ੍ਰਧਾਨ ਤੋਂ ਇਲਾਵਾ ਤਰਕਸ਼ੀਲ ਰਸਾਲੇ ਦੇ ਸੰਪਾਦਕ, ਪ੍ਰਕਾਸ਼ਨ ਮੁਖੀ, ਮਾਨਸਿਕ ਵਿਭਾਗ ਦੇ ਮੁਖੀ ਰਹੇ ਹਨ। ਅੱਜ ਕੱਲ ਤਰਸ਼ੀਲ ਸੁਸਾਇਟੀ ਦੇ ਕੌਮੀ ਅਤੇ ਕੌਮਾਂਤਰੀ ਵਿਭਾਗ ਦੀ ਅਗਵਾਈ ਕਰ ਰਹੇ ਹਨ ਅਤੇ ਭਾਰਤ ਦੀਆਂ ਤਰਕਵਾਦੀ, ਨਾਸਤਿਕ ਅਤੇ ਮਾਨਵਤਾਵਾਦੀ 80 ਤੋਂ ਉਪਰ ਜਥੇਬੰਦੀਆਂ ਤੇ ਅਧਾਰਤ **'ਫੈਡਰੇਸ਼ਨ ਆਫ ਇੰਡੀਅਨ ਰੈਸ਼ਨਾਂਲਿਸਟ ਅਸੋਸੀਏਸ਼ਜ, ਭਾਰਤ (ਫੀਰਾ)** ਦੇ ਕੌਮੀ ਜਨਰਲ ਸਕੱਤਰ ਵੀ ਹਨ।

ਤਰਕਸ਼ੀਲ ਸੁਸਾਇਟੀ ਪੰਜਾਬ ਹੁਣ ਤੱਕ 40 ਤੋਂ ਵੱਧ ਕਿਤਾਬਾਂ ਪੰਜਾਬੀ ਸਾਹਿਤ ਨੂੰ ਦੇ ਚੁਕੀ ਹੈ।ਇਸ ਵਲੋਂ **'ਤਰਕਸ਼ੀਲ'** ਰਸਾਲਾ ਲਗਾਤਾਰ ਪੰਜਾਬੀ ਤੇ ਹਿੰਦੀ ਵਿਚ ਪ੍ਰਕਾਸ਼ਤ ਕੀਤਾ ਜਾ ਰਿਹਾ।ਪੰਜਾਬੀ ਵਿਚ ਇਸਦੀ ਗਿਣਤੀ 13000 ਹੈ ਅਤੇ ਹਿੰਦੀ ਵਿਚ 2000 ਹੈ ਜੋ ਵਿਗਿਆਨਿਕ ਸੋਧ ਨੂੰ ਪੂਰੀਤਰਾਂ ਸਮਰਪਤ ਹੈ।

**ਸਵਾਲ : ਬਰਨਾਲਾ ਜੀ ਕੀ ਤਰਕ ਦੀ ਗੁੜ੍ਹਤੀ ਤੁਹਾਨੂੰ ਵਿਰਾਸਤ ਚੋਂ ਹੀ ਮਿਲੀ ?**

ਉਤਰ : ਨਹੀਂ, ਮੈਂ ਸਧਾਰਨ ਕਿਸਾਨੀ ਪਰਿਵਾਰ ਤੋਂ ਹਾਂ, ਮੇਰੇ ਮਾਤਾ ਪਿਤਾ ਧਾਰਮਿਕ ਵਿਸਵਾਸ ਤਾਂ ਰਖਦੇ ਸਨ ਪਰ ਆਪਣੇ ਵਿਚਾਰ ਜਬਰੀ ਲੱਧਣ ਵਾਲੇ ਨਹੀ ਸਨ। ਮਾਂ ਦਲੇਰ ਪਰ ਸਹਿਣਸ਼ੀਲ ਔਰਤ ਸਨ ਅਤੇ ਪਿਤਾ ਸਿੱਧੇ ਸਾਦੇ ਅਤੇ ਬੇਹੱਦ ਇਮਾਨਦਾਰ ਅਤੇ ਦੂਸਰਿਆਂ ਦੇ ਕੰਮ ਕਰਕੇ ਖੁਸ਼ ਹੋਣ ਵਾਲੀ ਸਖਸ਼ੀਅਤ ਸਨ। ਅਸੀਂ ਪੰਜ ਭੈਣ ਭਰਾਹਾਂ, ਜਿੰਨ੍ਹਾ ਵਿਚੋਂ ਤਿੰਨ ਨੇ ਟੀਚਿੰਗ ਦੇ ਕੋਰਸ ਕੀਤੇ। ਸਾਡਾ ਪਾਲਣਪੋਸਣ ਖੁਲ੍ਹੇ ਮਹੌਲ ਵਿਚ ਹੋਇਆ।

**ਸਵਾਲ: ਤੁਹਾਡੇ ਤਰਕਵਾਦੀ ਵਿਚਾਰਵਾਦੀ ਚਿੰਤਕ ਬਣਨ ਦੇ ਪਿਛੇ ਕਿਹੜੇ ਕਾਰਕ ਕੰਮ ਕਰਦੇ ਰਹੇ ? ਤੁਸੀਂ ਕਿਹੜੀਆਂ 2 ਸੰਸਥਾਵਾਂ ਨਾਲ ਜੁੜੇ ਰਹੇ ?**



ਉਤਰ : ਹਰ ਮਨੁੱਖ ਦੀ ਜਿੰਦਗੀ ਵਿਚ ਬਹੁਤ ਕੁਝ ਅਜਿਹਾ ਵਾਪਰਦਾ ਰਹਿੰਦਾ ਜਿਹੜਾ ਉਸਦੇ ਜੀਵਣ ਵਿਚ ਲਗਾਤਾਰ ਬਦਲਾਉ ਦਾ ਕਾਰਨ ਬਣਦਾ ਤੇ ਇਹ ਹਾਂ ਪੱਖੀ ਜਾਂ ਨਾਂਹ ਪੱਖੀ ਹੋ ਨਿਬੜਦਾ ਹੈ। ਆਲਾ ਦੁਆਲਾ ਤੇ ਪ੍ਰਸਥਿਤੀਆਂ ਇਸ ਵਿਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਗਰੀਬ ਕਿਸਾਨੀ ਦੀ ਦਸ਼ਾ ਅਤੇ ਦਿਸ਼ਾ ਵਿਚ ਅੱਜ ਵੀ ਕੋਈ ਫਰਕ ਨਹੀਂ ਪਿਆ। 1971-1972 ਦੀ ਗਰੀਬ ਕਿਸਾਨੀ ਦੀ ਦਸ਼ਾ ਤੇ ਦਿਸ਼ਾ ਵੀ ਬਦਤਰ ਤੋਂ ਬਦਤਰ ਸੀ ਜਿਸ ਵਿਚ ਮੇਰਾ ਪਾਲਣਪੋਸ਼ਣ ਹੋਇਆ। ਬੇਬੇ ਦੀ ਹਮੇਸ਼ਾਂ ਖਾਹਸ਼ ਰਹੀ ਕਿ ਅਸੀਂ ਪੜ੍ਹਾਈ ਕਰੀਏ। ਉਸਨੇ ਸਾਨੂੰ ਸਭ ਭੈਣ ਭਰਾਵਾਂ ਨੂੰ ਸਕੂਲ ਪਾਇਆ। ਸਕੂਲ ਵਿਚ ਮੈਂ ਹੁਸ਼ਿਆਰ ਵਿਦਿਆਰਥੀਆਂ ਵਿਚ ਆਉਂਦਾ ਸੀ ਅਤੇ ਪੜ੍ਹਾਈ ਕਰਨਾ ਮੇਰਾ ਸ਼ੌਕ ਹੀ ਸੀ। ਦਸਵੀਂ ਵਿੱਚ ਵਿਗਿਆਨ ਦਾ ਅਧਿਆਪਕ ਮੇਰੇ ਇਸ ਕਰਕੇ ਵੈਰ ਪੈ ਗਿਆ ਕਿ ਮੈਂ ਆਪਣੇ 15 ਸਾਥੀਆਂ ਦਾ ਖੇਤੀਬਾੜੀ ਦਾ ਵਿਸ਼ਾ ਛਡਵਾਕੇ ਉਹਨਾ ਨੂੰ ਵਿਗਿਆਨ ਦਾ ਵਿਸ਼ਾ ਲੈਣ ਲਈ ਪ੍ਰੇਰਤ ਕੀਤਾ ਤੇ ਅਧਿਆਪਕ ਦਾ ਮਤ ਸੀ ਕਿ ਇਹ ਮਜਦੂਰ ਅਤੇ ਕਿਸਾਨਾਂ ਦੇ ਮੁੰਡੇ ਵਿਗਿਆਨ ਪੜ੍ਹਨ ਦੇ ਯੋਗ ਨਹੀਂ ਅਤੇ ਉਸਦੇ ਰਿਜਲਟ ਦੀ ਪ੍ਰਤੀਸ਼ਤ ਹੇਠਾਂ ਲਿਆਉਣਗੇ। ਉਹ ਨਜਾਇਜ਼ ਤੰਗ ਪਰੇਸ਼ਾਨ ਵੀ ਕਰਦਾ, ਪਰ ਅਸੀਂ ਵਿਗਿਆਨ ਦਾ ਵਿਸ਼ਾ ਨਾ ਛੱਡਿਆ। ਇਹ ਧਾਰਨਾਂ ਮੇਰੇ ਮਨ ਸਕੂਲ ਦੀ ਪੜ੍ਹਾਈ ਸਮੇਂ ਹੀ ਬਣ ਗਈ ਸੀ ਕਿ ਪਰਾਪਤੀਆਂ ਪਿਛੇ ਕੋਈ ਕਰਮਾਤ ਕੰਮ ਨਹੀਂ ਕਰਦੀ ਸਗੋਂ ਮੁਸ਼ੱਕਤ ਅਤੇ ਸਹੀ ਗਿਆਨ ਸਾਡਾ ਰਾਹ ਦਰਸ਼ਕ ਹੁੰਦਾ ਹੈ। ਪਰ ਘਰ ਦੀਆਂ ਮਜਬੂਰੀਆਂ ਕਾਰਨ ਕਾਲਜ ਵਿਚ ਵਿਗਿਆਨ ਦੀ ਚੋਣ ਨਾਂ ਕਰ ਸਕਿਆ।

ਜਾਤਪਾਤ ਵਿਚ ਵੀ ਮੇਰਾ ਪਹਿਲਾਂ ਤੋਂ ਬਹੁਤਾ ਵਿਸ਼ਵਾਸ ਨਹੀਂ ਸੀ।ਅੱਠਵੀਂ ਵਿਚ ਪੜਦਿਆਂ ਇੱਕ ਘਟਨਾ ਵਾਪਰੀ। ਸਾਡੇ ਆਲੇ ਦੁਆਲੇ ਵਿਚ ਸਾਡੇ ਘਰ ਹੀ ਨਲਕਾ ਸੀ ਅਤੇ ਨਿਆਂਈ ਵਿਚ ਦਰਖਤਾਂ ਤੇ ਪੀਂਘਾਂ ਝੂਟਣ ਲਈ ਅਕਸਰ ਬੱਚੇ ਆ ਜਾਂਦੇ ਤੇ ਨਲਕੇ ਤੇ ਪਾਣੀ ਪੀਣ ਆਉਂਦੇ। ਇਕ ਦਿਨ ਬੇਬੇ ਔਖੀ ਹੋਕੇ ਬੱਚਿਆਂ ਨੂੰ ਘੂਰਕੇ ਕਹਿਣ ਲੱਗੀ ਕਿ ਤੁਸੀਂ ਨਲਕੇ ਨੂੰ ਭਠਿਆਰ (ਅਪਵਿੱਤਰ) ਕਰਦੇ ਹੋ।ਮੈਂ ਨਲਕੇ ਹੇਠਾਂ ਪਏ ਬੱਠਲ ਚੋਂ ਪਾਣੀ ਦਾ ਬੁੱਕ ਭਰਕੇ ਪੀ ਲਿਆ ਅਤੇ ਬੇਬੇ ਨੂੰ ਕਿਹਾ ਦੱਸੋ ਹੁਣ ਮੈਨੂੰ ਕੀ ਹੋਣਾ ਹੈ? ਭਾਵੇਂ ਅੱਜ ਬੈਕਟੀਰੀਆ ਦੀ ਹੋਂਦ ਦਾ ਗਿਆਨ ਹੋਣ ਕਰਕੇ ਅਜਿਹਾ ਨਾ ਕਰਾਂ। ਮਾਤਾ ਜੀ ਕੱਟੜ ਨਾ ਹੋਣ ਕਾਰਨ ਸਗੋਂ ਸਹਿਮਤ ਹੋ ਜਾਂਦੇ। ਸੰਨ 1971 ਵਿਚ ਮੈਂ ਕਾਲਜ ਦਾਖਲ ਹੋਇਆ ਤਦ ਕਾਲਜਾਂ ਵਿਚ ਸਮਾਜਵਾਦੀ ਅਗਾਂਹਵੱਧੂ ਲਹਿਰ ਦਾ ਪੂਰਾ ਜ਼ੋਰ ਸੀ। ਬਰਨਾਲਾ ਦਾ ਐਸ.ਡੀ ਕਾਲਜ ਇਸਦਾ ਗੜ੍ਹ ਰਿਹਾ ਹੈ। ਇਸਦੇ ਅਸਰ ਨੌਜਵਾਨ ਪੀੜ੍ਹੀ ਨੇ ਬਹੁਤ ਕਬੂਲੇ ਜਿਨ੍ਹਾ ਵਿਚ ਮੈਂ ਵੀ ਸ਼ਾਮਲ ਸੀ। ਮੈਂ ਵੀ ਪੰਜਾਬ ਸਟੂਡੈਂਟਸ ਯੂਨੀਅਨ ਦਾ ਮੈਂਬਰ ਬਣ ਗਿਆ ਅਤੇ ਕਾਲਜ ਬਦਲਕੇ ਗੁਰੂ ਗੋਬਿੰਦ ਸਿੰਘ ਕਾਲਜ ਵਿਚ ਜਾ ਦਾਖਲ ਹੋਇਆ ਤੇ ਉਥੇ ਕਾਲਜ ਯੂਨੀਅਨ ਦਾ ਪ੍ਰਧਾਨ ਵੀ ਰਿਹਾ। 1972 ਦੀ ਕਿਰਾਇਆ ਵਿਰੋਧੀ ਵਿਦਿਆਰਥੀ ਲਹਿਰ ਵਿਚ ਹਿੱਸਾ ਲਿਆ ਤੇ ਕੁਝ ਸਮਾਂ ਸੰਗਰੂਰ ਜੇਲ ਵਿਚ ਵੀ ਰਿਹਾ। ਫਿਰ ਸਰਕਾਰੀ ਕਾਲਜ ਮਲੇਰ ਕੋਟਲਾ ਵਿਚ ਦਾਖਲ ਹੋਕੇ ਉਥੇ ਸਾਥੀ


**Balkar Bajwa**

Certified Translator
(English into Punjabi and Punjabi into English)
33 Eaglesprings Cresent
Brampton ON L6P 2V8
647-402-2170
20 Kohinoor Park, Gunna House, Ferozepur Road
Barewal Awana, Ludhiana, Punjab, India, Pin 141012
Mobile - 011-91-95305-17132








ਵਿਦਿਆਰਥੀਆਂ ਨਾਲ ਮਿਲਕੇ ਸਰਕਾਰੀ ਵਿਦਿਆਰਥੀ ਯੂਨੀਅਨ ਤੋੜਕੇ ਪੰਜਾਬ ਸਟੂਡੈਂਟਸ ਯੂਨੀਅਨ ਖੜ੍ਹੀ ਕਰ ਲਈ। ਬੰਗਲੌਰ ਯੂਨੀਵਰਸਿਟੀ ਤੋਂ ਸਰੀਰਕ ਸਿੱਖਿਆ ਵਿਚ ਆਪਣੀ ਪਹਿਲੀ ਮਾਸਟਰ ਡਿਗਰੀ ਤੇ ਥੀਸਿਸ 1979 ਵਿਚ ਪਹਿਲੇ ਦਰਜ਼ੇ ਵਿਚ ਹਾਸ਼ਲ ਕਰਕੇ 1980 ਵਿਚ ਪੰਜਾਬ ਵਿਚ ਸਰਕਾਰੀ ਅਧਿਆਪਕ ਆ ਲੱਗਿਆ ਅਤੇ ਬੇਰੋਜਗਾਰ ਅਧਿਆਪਕ ਜਥੇਬੰਦੀ ਵਿਚ ਜਾ ਸ਼ਾਮਲ ਹੋਇਆ। ਅਧਿਆਪਕਾਂ ਦੀ ਕਰਾਂਤੀਕਾਰੀ ਜਥੇਬੰਦੀ ਡੀ.ਟੀ.ਐਫ ਦੇ ਬਲਾਕ ਪ੍ਰਧਾਨ ਤੋਂ ਲੈਕੇ ਸੂਬਾ ਕਮੇਟੀ ਮੈਂਬਰ ਵਜੋਂ ਅਗਵਾਈ ਦਿੱਤੀ। ਬਤੌਰ ਅਧਿਆਪਕ ਮੈਂ ਡੀ.ਪੀ.ਈ, ਲੈਕਚਰਾਰ ਅੰਗਰੇਜ਼ੀ ਅਤੇ ਸੱਤ ਸਾਲ ਸੈਕੰਡਰੀ ਸਕੂਲ ਦਾ ਪ੍ਰਿੰਸੀਪਲ ਵੀ ਰਿਹਾ।ਚਾਰ ਸਾਲ ਤੋਂ ਦਿਮਾਗੀ ਰੋਗਾਂ ਦੇ ਬਰਨਾਲਾ ਵਿਖੇ ਮਨੋਦਿਸ਼ਾ ਹਸਪਤਾਲ ਵਿਚ ਬਤੌਰ ਸਾਈਕੋਥੇਰਾਪਿਸਟ ਕੰਮ ਕਰ ਰਿਹਾਂ ਹਾਂ।

**ਸਵਾਲ: ਤੁਹਾਡੀ ਵਿੱਦਿਅਕ ਯੋਗਵਾਰੇ ਕੁਝ ਦੱਸੋਗੇ?**

ਉੱਤਰ : ਮੈਂ ਪੰਜਾਬੀ ਯੂਨੀਵਰਸਿਟੀ ਤੋਂ ਐਲ. ਐਲ. ਬੀ, ਐਮ. ਏ(ਅੰਗਰੇਜ਼ੀ, ਪੰਜਾਬੀ), ਬੰਗਲੌਰ ਯੂਨੀਵਰਸਿਟੀ ਤੋਂ ਐਮ. ਪੀ. ਐਡ ਕੀਤੀ ਹੈ ਅਤੇ ਐਮ. ਐਸ. (ਸਾਈਕੋਥੇਰਾਪੀ ਅਤੇ ਕੌਂਸਲਿੰਗ) ਵੀ ਕੀਤੀ ਹੈ।

**ਸਵਾਲ: ਤੁਸੀਂ ਕਈ ਕਿਤਾਬਾਂ ਦੇ ਲਿਖਾਰੀ ਵੀ ਹੋ, ਉਹ ਕਿਹੜੀਆਂ ਕਿਹੜੀਆਂ ਕਿਤਾਬਾਂ ਹਨ? ਤੁਸੀ ਮਨੋਗਿਆਨ ਨੂੰ ਮਨ ਭਾਉਂਦਾ ਵਿਸ਼ਾ ਕਿਉਂ ਬਣਾਇਆ?**

ਉੱਤਰ :ਮੈਂ ਚਾਰ ਕਿਤਾਬਾਂ ਲਿਖੀਆਂ ਹਨ - 1. ਮਨੋਰੋਗ, ਕਾਰਨ ਅਤੇ ਇਲਾਜ਼ 2. ਬਾਲ-ਮਨੋਵਿਗਿਆਨ 3. ਸੰਮੋਹਨ ਨੀਂਦ, ਕੀ,ਕਿਉਂ ਤੇ ਕਿਵੇਂ 4.ਮਨੋਵਿਗਿਆਨ ਦਾ ਮਹੱਤਵ।

ਮਨੋਵਿਗਿਆਨ ਦਾ ਅਜਿਹਾ ਵਿਸ਼ਾ ਰੌਚਕ ਵਿਸ਼ਾ ਹੈ, ਜਿਸ ਨਾਲ ਮਨੁੱਖ ਦੀਆਂ ਭਾਵਨਾਵਾਂ ਅੰਦਰ ਆ ਰਹੀਆਂ ਮਾਨਸਿਕ ਤਬਦੀਲੀਆਂ ਨੂੰ ਸਮਝਣ ਵਿਚ ਸੌਖ ਰਹਿੰਦੀ ਹੈ। ਇਹਵੀ ਸਮਝ ਪੈਂਦੀ ਹੈ ਕਿ ਕਿਸਤਰ੍ਹਾਂ ਆਰਥਿਕ, ਸਮਾਜਿਕ, ਭਾਵਨਾਤਮਿਕ ਅਤੇ ਧਾਰਮਿਕ ਤਬਦੀਲੀਆਂ ਸੰਮੁਚੀ ਮਨੁੱਖਤਾ ਦੇ ਰਹਿਣਸਹਿਣ ਤੇ ਅਸਰ ਪਾਉਂਦੀਆਂ ਹਨ। ਇਸ ਨਾਲ ਇਹਵੀ ਸਮਝ ਪੈਂਦੀ ਹੈ ਕਿ ਕਿਸ ਤਰ੍ਹਾਂ ਅੰਧਵਿਸਵਾਸ ਮਨੁੱਖ ਦੇ ਦਿਮਾਗ ਨੂੰ ਗ੍ਰਹਿਣ ਵਾਂਗ ਚਿੰਬੜਦਾ ਹੈ ਤੇ ਮਨੁੱਖ ਆਪੇ ਵਿਛਾਏ ਜਾਲ ਦਾ ਸ਼ਿਕਾਰ ਹੋ ਜਾਂਦਾ ਹੈ। ਇਸਦੀ ਤਰਕਸ਼ੀਲਤਾ ਦੀ ਅਗਵਾਈ ਵਿਚ ਲੋੜ ਵੀ ਸੀ। ਅਸੀਂ ਕਿਸੇ ਵੀ ਦੈਵੀ ਜਾਂ ਪਰਾਭੌਤਿਕ ਸ਼ਕਤੀ ਵਿਚ ਵਿਸਵਾਸ ਨਹੀਂ ਕਰਦੇ। ਸਮਾਜ ਵਿਚ ਇਹ ਧਾਰਨਾਂ ਪ੍ਰਚਲਤ ਸੀ ਕਿ ਕਸਰਾਂ ਦੇ ਕੇਸ ਬੁਰੀਆਂ ਆਤਮਾਵਾਂ ਦੇ ਕਿਸੇ ਜਿਉਂਦੇ ਮਨੁੱਖ ਅੰਦਰ ਪ੍ਰਵੇਸ਼ਗੀ ਕਾਰਨ ਵਾਪਰਦੇ ਹਨ। ਅਸੀਂ ਇਸਨੂੰ ਹਮੇਸ਼ਾ ਮਨੁੱਖ ਦੀ ਕਿਸੇ ਕਾਰਨ ਵੱਸ ਮਾਨਸਿਕਤਾ ਵਿਚ ਹੋਇਆ ਅਸੰਤੁਲਨ ਗਰਦਾਨਿਆ ਤੇ ਇਸ ਤਰ੍ਹਾਂ ਦੇ ਮਾਨਸਿਕ ਮਰੀਜ਼ਾਂ ਦੇ ਇਲਾਜ਼ ਸੰਭਵ ਬਣਾਏ ਅਤੇ ਹਜਾਰਾਂ ਨੂੰ ਅਖੌਤੀ ਸਿਆਣਿਆਂ ਦੇ ਚੁੰਗਲ ਚੋਂ ਬਰੀ ਕੀਤਾ ਤੇ ਆਪਣੇ ਅਕੀਦੇ ਤੇ ਖਰ੍ਹੇ ਉਤਰੇ।

**ਸਵਾਲ : ਕੀ ਤਰਕਸ਼ੀਲਤਾ ਦੇ ਅਰਥ ਨਾਸਤਿਕ ਬਣਨਾਂ ਹੈ? ਬਹੁਤੇ ਲੋਕ ਤੁਹਾਨੂੰ ਧਰਮ ਦਾ ਵਿਰੋਧ ਕਰਨ ਵਾਲਿਆਂ ਤੱਕ ਹੀ ਸੀਮਤ ਸਮਝਦੇ ਹਨ, ਕੀ ਇਹ ਸੱਚ ਹੈ?**

ਉੱਤਰ : ਅਜਿਹਾ ਬਿਲਕੁਲ ਨਹੀ ਹੈ।ਤਰਕਸ਼ੀਲ ਮਾਨਵਤਾਵਾਦੀ ਹੈ। ਉਹ ਨਿੱਜੀ ਰੂਪ ਵਿੱਚ ਧਰਮ ਦਾ ਵਿਰੋਧੀ ਨਹੀਂ। ਪਰ ਧਰਮ ਵਿਚ ਕੇਵਲ ਭਾਵਨਾਂ ਭਾਰੂ ਹੈ ਤੇ ਧਰਮ ਦਾ ਸੰਕਲਪ ਕੇਵਲ ਤੇ ਕੇਵਲ ਅਨੁਭਵ ਤੇ ਅਧਾਰਤ ਹੈ ਜੋ ਪਰਖ ਦੀ ਇਜ਼ਾਜਤ ਨਹੀਂ ਦਿੰਦਾ। ਜਦ ਤੱਕ ਅਸੀਂ ਕਿਸੇ ਅਨੁਭਵ ਨੂੰ ਪਰਖਾਂਗੇ ਹੀ ਨਹੀਂ ਫਿਰ ਸੱਚ ਤੇ ਝੂਠ ਦਾ ਨਿਤਾਰਾ ਕਿਵੇਂ ਸੰਭਵ ਹੈ? ਤਰਕਸ਼ੀਲਤਾ ਹਰ ਵਰਤਾਰੇ ਨੂੰ ਪਰਖਣ ਦੀ ਗੱਲ ਕਰਦੀ ਹੈ।ਤਰਕਸ਼ੀਲ ਸ੍ਰਿਸ਼ਟੀ ਦੀ ਸਿਰਜਣਾ ਅੱਖ ਝਪਕਣ ਦੇ ਸਮੇਂ ਵਿਚ ਹੋਈ ਨਹੀਂ ਮੰਨਦਾ ਅਤੇ ਇਸਦਾ ਕਾਰਨ ਸਦੀਆਂ ਤੋਂ ਮਾਦੇ ਵਿਚ ਆ ਰਹੀ ਤਬਦੀਲੀਆਂ ਨੂੰ ਮੰਨਦਾ ਹੈ ਜਦ ਕੇ ਧਰਮ ਇਸਦੀ ਉਤਪਤੀ ਕਿਸੇ ਪਰਾਭੌਤਿਕ ਸ਼ਕਤੀ ਰਾਹੀਂ ਅੱਖ ਦੇ ਫੋਰੇ ਵਿਚ ਹੋਈ ਮੰਨਦਾ ਹੈ। ਸੋ ਤਰਕਵਾਦੀ ਤਰਕ ਕਰਨ ਵਿਚ ਵਿਸਵਾਸ ਕਰਦਾ ਹੈ।ਤਰਕ ਦਾ ਅਧਾਰ ਦਲੀਲ ਹੈ ਜਦ ਕਿ ਧਰਮ ਦਾ ਪਰਖ ਰਹਿਤ ਅਨੁਭਵ। ਜੇ ਧਰਮ ਦੇ ਫਲਸਫੇ ਵਿੱਚ ਕੋਈ ਸੱਚ ਦਾ ਅੰਸ਼ ਹੋਵੇਗਾ ਤਾਂ ਤਰਕਵਾਦੀ ਇਸਤੋਂ ਮੁਨਕਰ ਨਹੀਂ ਹੋਵੇਗਾ। ਪਰੰਪਰਾਵਾਂ ਦਾ ਅਧਾਰ ਵਿਗਿਆਨਿਕ ਹੋਵੇ ਕਲਪਣਾ ਨਹੀਂ। ਸੰਸਾਰ ਦਾ ਇਤਿਹਾਸ ਗਵਾਹ ਹੈ ਕਿ ਤਰਕਵਾਦੀ ਕਦੇ ਵੀਦੰਗਿਆ ਦਾ ਕਾਰਨ ਨਹੀਂ ਬਣੇ ਅਤੇ ਧਰਮ ਦੀਆਂ ਕੱਟੜ ਮਾਨਤਾਵਾਂ ਕਾਰਨ ਅੱਜ ਵੀ ਮਨੁੱਖ ਮਨੁੱਖ ਦਾ ਵੈਰੀ ਬਣਿਆ ਪਿਆ ਹੈ। ਹਜਾਰਾਂ ਕਤਲ ਧਰਮ ਕਾਰਨ ਹੋ ਰਹੇ ਹਨ। ਧਰਮ ਅੱਤਕਵਾਦ ਫੈਲਾਉਣ ਦਾ ਸਾਧਣ ਬਣਿਆ ਹੈ। ਧਰਮ ਨੇ ਸ਼ਾਂਤੀ ਦੀ ਬਜਾਏ ਅਸਾਂਤੀ ਫੈਲਾਈ ਹੈ। ਤਰਕਸ਼ੀਲਾਂ ਅੰਦਰ ਵਿਚਾਰਾਂ ਦੇ ਵਖਰੇਵੇਂ ਪ੍ਰਤੀ ਸ਼ਹਿਣਸ਼ੀਲਤਾ ਹੈ ਜੋ ਧਰਮਵਾਦੀਆਂ ਵਿਚ ਨਹੀਂ।

**ਸਵਾਲ: ਤੁਸੀ ਭਾਰਤ ਦੀਆਂ ਤਰਕਸ਼ੀਲ ਜਥੇਬੰਦੀਆਂ ਦੀ ਸਾਂਝੀ ਜਥੇਬੰਦੀ 'ਫੈਡਰੇਸ਼ਨ ਆਫ ਇੰਡੀਅਨ ਰੈਸ਼ਨਾਲਿਸਟ ਅਸੋਸੀਏਸ਼ਨਜ' (ਫੀਰਾ) ਦੇ ਕੌਮੀ ਜਨਰਲ ਸਕੱਤਰ ਵੀ ਹੋ, ਭਾਰਤ ਵਿੱਚ ਇਸ ਲਹਿਰ ਦੇ ਕੀ ਸਕੋਪ ਹਨ?**

ਉੱਤਰ : ਇਕ ਗੱਲ ਤਾਂ ਸਾਫ ਕਿ ਸਾਰੇ ਭਾਰਤਵਰਸ਼ ਲਈ ਅੱਜ ਤਰਕਸ਼ੀਲ ਸਮਝ ਦੀ ਬਹੁਤ ਜਰੂਰਤ ਹੈ। ਭਾਰਤ ਦੀ ਸੈਕੂਲਰ ਢਾਂਚਾ ਗੰਭੀਰ ਖਤਰੇ ਵਿੱਚ ਹੈ। ਹਿੰਦੂਤਵ ਦਾ ਭਾਰ ਸਭ ਭਾਰਤੀਆਂ ਤੇ ਜਬਰੀ ਲੱਦਿਆ ਜਾ ਰਿਹਾ। ਵਿਚਾਰਾਂ ਦੀ ਵਿਭੰਨਤਾ ਲਈ ਅਸਹਿਣਸ਼ੀਲਤਾ ਦਾ ਮਹੌਲ ਸਿਰਜਿਆ ਜਾ ਰਿਹਾ।ਡਾ: ਨਰੇਂਦਰ ਦਭੋਲਕਰ, ਕਾਮਰੇਡ ਅਤੇ ਰੈਸ਼ਨਲਿਸਟ ਗੋਬਿੰਦ ਪੰਸਾਰੇ, ਵਾਇਸ ਚਾਂਸਲਰ ਡਾ: ਐਮ. ਐਮ. ਕਲਵਰਗੀ ਵਰਗੇ ਰੈਸ਼ਨਲਿਸਟ ਬੁੱਧੀਜੀਵੀਆਂ ਦੇ ਕਤਲ ਹਿੰਦੂ ਰੈਡੀਕਲਾਂ ਵਲੋਂ ਕਰਨੇ ਇਸਦੇ ਭਰਵੇਂ ਸੰਕੇਤ ਹਨ।ਦੇਸ਼ ਨੂੰ ਧਾਰਮਿਕ ਦੰਗਿਆਂ ਵੱਲ ਤੇਜੀ ਨਾਲ ਧੱਕਿਆ ਜਾ ਰਿਹਾ।ਲੇਖਕ,ਫਿਲਮਸ਼ਾਜ ਅਤੇ ਵਿਗਿਆਨੀ ਆਪਣੇ ਅਵਾਰਡ ਵਾਪਸ ਕਰ ਰਹੇ ਹਨ। ਜਿੰਨੇ ਵੱਡੇ ਪੱਧਰ ਤੇ ਇਹ ਵਾਪਸੀ ਹੋਈ ਹੈ ਇਸਨੇ ਭਾਰਤ ਦੇ ਤਰਕਸ਼ੀਲ ਅਧਾਰ ਨੂੰ ਬਲ ਦਿੱਤਾ।ਦੱਖਣੀ ਭਾਰਤ ਵਿਚ ਤਰਕਸ਼ੀਲ ਵਰਤਾਰਾ ਅਤੇ ਸਮਰਥਨ ਖੁਲ੍ਹਕੇ ਸਾਹਮਣੇ ਆਇਆ ਹੈ। ਵੱਡੇ ਪੱਧਰ ਤੇ ਨਾਸਤਿਕ ਅਤੇ ਤਰਕਸ਼ੀਲ ਸੰਗਠਨਾਂ ਦੀ ਗਿਣਤੀ ਵਧੀ ਹੈ। ਮਹਾਰਾਸ਼ਟਰ ਸੂਬੇ ਵਿੱਚ ਜਿਥੇ ਆਰ. ਐਸ. ਐਸ ਅਤੇ ਬਾਲ ਠਾਕਰੇ ਦੀ ਸ਼ਿਵਸ਼ੈਨਾਂ ਦੇ ਗੜ੍ਹ ਹੈ, ਉਥੇ ਹੀ ਰੈਸ਼ਨਲਿਸਟ ਬੁੱਧੀਜੀਵੀਆਂ ਦਬਾਓ ਕਾਰਨ ਸਰਕਾਰ ਨੂੰ ਅੰਧ-ਸ਼ਰਧਾ ਖਿਲਾਫ ਕਾਨੂੰਨ ਵੀ ਪਾਸ ਕਰਨਾ ਪਿਆ ਹੈ। ਇਸ ਬਿਲ ਨੂੰ ਪਾਸ ਕਰਾਉਣ ਲਈ ਇਸ ਦਬਾਓ ਦੀ ਅਗਵਾਈ ਡਾ:ਦਭੋਲਕਰ ਨੇ ਹੀ ਕੀਤੀ ਸੀ ਤੇ ਉਹ ਹਿੰਦੂ ਰੈਡੀਕਲਾਂ ਦੇ ਨਿਸ਼ਾਨੇ ਤੇ ਸਨ।ਤਰਕਸ਼ੀਲਾਂ ਦੇ ਵਿਅਕਤੀਗਤ ਕਤਲਾਂ ਨਾਲ ਇਹ ਲਹਿਰ ਪਿਛੇ ਨਹੀ ਹਟੇਗੀ। ਹਿੰਦੋਸਤਾਨ ਬਦਲ ਰਿਹਾ। ਸਮਾਜ ਹਮੇਸ਼ਾਂ ਤਬਦੀਲੀਆਂ ਵਿਚੋਂ ਗੁਜਰਦਾ ਸਾਰਥਿਕ ਮੋੜਾ ਲੈਂਦਾ ਹੈ। ਇਸਦੀ ਇਤਿਹਾਸਕ ਵਾਪਸੀ ਕਦੇ ਨਹੀਂ ਹੋਈ।ਫੀਰਾ ਵਿਚ 85 ਤੋਂ ਉਪਰ ਤਰਕਸ਼ੀਲ ਸੰਗਠਨ ਸ਼ਾਮਲ ਹਨ। ਜਿਹਨਾਂ ਇਸ ਦੀ ਮੈਂਬਰ 'ਰੈਸ਼ਨਾਲਿਸਟ ਫਰੰਟ' ਪਾਸ ਤਾਮਿਨਾਡੂ ਵਿਚ ਦੋ ਯੂਨੀਵਰਸਿਟੀਆਂ ਹਨ। ਐਥੀਇਸਟ ਸੈਂਟਰ ਵਿਜੇਵਾੜਾ ਦੇ ਆਪਣੇ ਹਸਪਤਾਲ ਹਨ। ਅਰਜਕ ਸੰਘ ਦਾ ਉਤਰਪ੍ਰਦੇਸ, ਯਾਰਖੰਡ, ਛਤੀਸਗੜ੍ਹ ਅਤੇ ਬਿਹਾਰ ਵਿਚ ਕਾਫੀ ਭਰਵਾਂ ਅਧਾਰ ਹੈ। ਫੀਰਾ ਦੇ ਕੌਮੀ ਪ੍ਰਧਾਨ ਡਾ: ਨਰਿੰਦਰ ਨਾਇਕ ਮੈਂਗਲੋਰ, ਕਰਨਾਟਕਾ ਵਿਖੇ ਮੈਡੀਕਲ ਕਾਲਜ ਦੇ ਪ੍ਰੋਫੈਸਰ ਰਹਿ ਚੁਕੇ ਹਨ।

**ਸਵਾਲ: ਕੈਨੇਡਾ ਦੀ ਤੁਹਾਡੀ ਇਹ ਤੀਸਰੀ ਫੇਰੀ ਕੀ ਫਰਕ ਲੱਗਿਆ ਤੁਹਾਨੂੰ ਹੁਣ ਤੱਕ?**

ਉੱਤਰ : ਇਥੋਂ ਦੇ ਤਰਕਸ਼ੀਲਾਂ ਨਾਲ ਕਾਫੀ ਤਾਲਮੇਲ ਵਧਿਆ। ਇਥੇ ਮੀਡੀਆ ਕਾਫੀ ਹੱਦ ਤੱਕ ਸਭ ਦੀ ਗੱਲ ਲਿਜਾਣ ਦੀ ਸਮਰੱਥਾ ਰਖਦਾ ਹੈ। ਮੈਂ ਇਥੇ ਮੀਡੀਏ ਆਪਣੀ ਗੱਲ ਲਿਜਾਣ ਲਈ ਕਾਫੀ ਵਰਤੋਂ ਕਰ ਰਿਹਾਂ। ਵੈਨਕੂਵਰ, ਕੈਲਗਰੀ ਅਤੇ ਓਨਟਾਰੀਓ ਵਿਚ ਤਰਕਸ਼ੀਲ ਅੱਛਾ ਕੰਮ ਕਰ ਰਹੇ ਹਨ। ਮੈਂ ਯੂ.ਕੇ. ਦੇ ਵੀ ਦੋ ਚੱਕਰ ਲਾਏ ਹਨ ਤੇ ਉਥੋਂ ਦੇ 'ਏਸ਼ੀਅਨ ਰੈਸ਼ਨਾਲਿਸਟ ਸੁਸਾਇਟੀ, ਬ੍ਰੀਟੇਨ ਵਾਲੇ ਸਾਥੀ ਵੀ ਚੰਗਾ ਕੰਮ ਕਰ ਰਹੇ ਹਨ। ਤਰਕਸ਼ੀਲ ਮੈਗਜ਼ੀਨ ਵਿਦੇਸ਼ਾਂ ਵਿੱਚ ਸਾਰੇ ਪਹੁੰਚਦਾ ਹੈ।

**ਸਵਾਲ: ਭਾਰਤ ਦੀਆਂ ਕਮਿਊਨਿਸਟ ਧਿਰਾਂ ਅਤੇ ਤੁਹਾਡੇ ਵਿਚਕਾਰ ਸਬੰਧਾਂ ਵਾਰੇ ਕੀ ਕਹੋਗੇ?**

ਉੱਤਰ : ਸਾਡੇ ਵਿਚਕਾਰ ਇਸ ਗੱਲ ਤੇ ਤਾਂ ਇਕੋ ਮੱਤ ਹੈ ਕਿ ਦੋਵੇ ਪਦਾਰਥਵਾਦੀ ਅਗਾਂਹਵਧੂ ਦਰਸ਼ਨ ਵਿਚ ਵਿਸ਼ਵਾਸ ਰਖਦੇ ਹਨ ਅਤੇ ਮਿਹਨਤਕਸ਼ ਜਮਾਤ ਦੀ ਲੁੱਟਦਾ ਖਾਤਮਾ ਚਾਹੁੰਦੇ ਹਨ। ਅੱਜ ਧਰਮ ਇਹਨਾਂ ਦੀ ਲੁੱਟ ਲਈ ਅਧਾਰ ਮੁਹੱਈਆਂ ਕਰ ਰਿਹਾ ਹੈ।ਲੁਟੇਰੀ ਜਮਾਤ ਰਾਜਨੀਤੀ ਲਈ ਵੀ ਧਰਮ ਨੂੰ ਹਥਿਆਰ ਵਜੋਂ ਖੁਲ੍ਹਕੇ ਵਰਤ ਰਹੀ। ਅਸੀਂ ਸਮਝਦੇ ਹਾਂ ਕਿ ਲੋਕ ਪਹਿਲਾਂ ਆਪਣੀ ਲੁੱਟ ਦੇ ਕਾਰਨ ਨੂੰ ਸਮਝਣ। ਉਹ ਕਰਮਾਤਾਂ ਦੇ ਚੁੰਗਲ ਚੋਂ ਨਿਕਲਕੇ ਆਪਣੇ ਆਪ ਤੇ ਵਿਸਵਾਸ ਕਰਨਾਂ ਸਿਖਣ। ਉਹਨਾਂ ਨੂੰ ਪਤਾ ਲੱਗੇ ਕਿ ਉਹਨਾਂ ਦੀ ਹੋਣੀ ਕੌਣ ਤਹਿ ਕਰਦਾ ਹੈ। ਕੁਝ ਮੁਲਕ ਹਨ ਜਿੱਥੇ ਮੌਜੂਦਾ ਪ੍ਰਬੰਧ ਵਿੱਚ ਵੀ ਧਰਮ ਦੀ ਅਣਹੋਂਦ ਕਾਰਨ ਵੀ ਲੋਕ ਕਿਤੇ ਬੇਹਤਰ ਤੇ ਸਾਂਤੀਮਈ ਜਿੰਦਗੀ ਜਿਉਂ ਰਹੇ ਹਨ। ਨਾਰਵੇ, ਸਵੀਡਨ, ਨੀਦਰਲੈਂਡ, ਸਵਿਟਜ਼ਰਲੈਂਡ ਇਸਦੀਆਂ ਵਧੀਆ ਉਦਾਹਰਣਾਂ ਹਨ। ਕਮਿਊਨਿਸਟ ਕਾਰਕੁਨਾਂ ਪਾਸ ਸੱਤਾ ਦੀ ਇਨਕਲਾਬੀ ਤਬਦੀਲੀ ਦਾ ਰਾਜਨੀਤਿਕ ਏਜੰਡਾ ਹੈ ਜਿਸਦੇ ਅਧਾਰ ਤੇ ਉਹ ਸਮਾਜਿਕ-ਆਰਥਿਕਤ ਲੁੱਟ ਨੂੰ ਖਤਮ ਕਰਨਾ ਚਾਹੁੰਦੇ ਹਨ। ਅਸੀਂ ਸੋਚਦੇ ਹਾਂ ਕਿ ਲੋਕਾਂ ਦੀ ਸੋਚ ਨੂੰ ਵਿਗਿਆਨਿਕ ਸੇਧ ਦਿੱਤੇ ਬਗੈਰ ਕੋਈ ਵੀ ਇਨਕਲਾਬ ਸੰਭਵ ਅਤੇ ਸਥਿਰ ਨਹੀਂ ਹੈ। ਕਮਿਊਨਿਸਟ ਇਨਕਲਾਬਾਂ ਤੋਂ ਬਾਅਦ ਵੀ ਆਪਣੀ ਗਰੀਬੀ ਨੂੰ ਕੋਸਣ ਦੀ ਬਜਾਏ ਉਹ ਪਿਛਲੇ ਕਰਮਾਂ ਨਾਲ ਜੋੜਕੇ ਸਬਰਾਂ ਦੀ ਘੁੱਟ ਭਰਦੇ ਹਨ। ਅੱਜ ਲੋੜ ਆਰਥਿਕ ਤਬਦੀਲੀਆਂ ਦੇ ਨਾਲ ਨਾਲ ਸਭਿਆਚਾਰ ਅਤੇ ਸਮਾਜਿਕ ਸਰੋਕਾਰਾਂ ਨੂੰ ਵਿਗਿਆਨਿਕ ਮੋੜਾ ਦੇਣ ਦੀ ਵੀ ਹੈ। ਪੰਜਾਬ ਅਤੇ ਹਿੰਦੋਸਤਾਨ ਦੇ ਤਰਕਸ਼ੀਲ ਇਹ ਫਰਜ਼ ਬਾਖੂਬੀ ਨਿਭਾ ਰਹੇ ਹਨ।


# ਸੰਤਾਂ, ਬਾਬਿਆਂ, ਜੋਤਸ਼ੀਆਂ ਅਤੇ ਤਾਂਤਰਿਕਾਂ ਨੂੰ ਚੁਣੌਤੀ





ਤਰਕਸ਼ੀਲ ਸੁਸਾਇਟੀ ਪੰਜਾਬ ਰਜਿ. ਐਲਾਨ ਕਰਦੀ ਹੈ ਕਿ ਪੰਜ ਲੱਖ ਰੁਪਏ ਦਾ ਇਨਾਮ ਦੁਨੀਆਂ ਦੇ ਕਿਸੇ ਅਜਿਹੇ ਵਿਅਕਤੀ ਨੂੰ ਦੇਣ ਲਈ ਤਿਆਰ ਹੈ, ਜਿਹੜਾ ਧੋਖਾ-ਰਹਿਤ ਹਾਲਤਾਂ ਵਿੱਚ, ਕੋਈ ਚਮਤਕਾਰੀ ਜਾਂ ਅਲੌਕਿਕ ਸ਼ਕਤੀ ਦਾ ਦਿਖਾਵਾ ਕਰ ਸਕਦਾ ਹੋਵੇ। ...

## ਇਹ ਚੁਣੌਤੀ ਹੇਠ ਲਿਖੀਆਂ ਸ਼ਰਤਾਂ ਨਾਲ ਲਾਗੂ ਹੋਵੇਗੀ

ਮਾਸਟਰ ਭਜਨ ਸਿੰਘ : 403-455-4220, ਪ੍ਰੋ: ਗੋਪਾਲ ਕਾਉਂਕੇ : 403-970-3588

# ਆਓ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸੋਚ 'ਤੇ ਪਹਿਰਾ ਦੇਈਏ



ਸੁਖਵਿੰਦਰ ਲੀਲ੍ਹ

ਜਦ ਕਦੇ ਵੀ ਇੱਥੇ ਸਮਾਜਿਕ ਹੱਕਾਂ ਦੀ ਜੰਗ ਨੂੰ ਅਸੀਂ ਪੂਰੀ ਦੁਨੀਆਂ ਦੇ ਕਿਸੇ ਵੀ ਕੋਨੇ ਅੰਦਰ ਚੱਲ ਰਹੀ ਲੋਕ ਪੱਖੀ ਜੰਗ ਨਾਲ ਜੋੜ ਕੇ ਵੇਖਦੇ ਹਾਂ ਤਾਂ ਸਾਡੇ ਸਾਹਮਣੇ ਸ਼ਹੀਦ ਕਰਤਾਰ ਸਿੰਘ ਸਰਾਭਾ ਵੱਲੋਂ ਆਪਣੇ ਛੋਟੇ ਜਿਹੇ ਜੀਵਨ ਕਾਲ ਦੌਰਾਨ ਦੇਸ਼ ਕੌਮ ਦੀ ਅਜ਼ਾਦੀ ਅਤੇ ਲੋਕ ਹੱਕਾਂ ਦੀ ਰਾਖੀ ਲਈ ਪਾਏ ਗਏ ਵੱਡਮੁੱਲੇ ਯੋਗਦਾਨ ਨੂੰ ਲੋਕ ਮਨਾਂ ਅੰਦਰ ਹਮੇਸ਼ਾ ਯਾਦ ਕੀਤਾ ਜਾਂਦਾ ਰਹੇਗਾ।ਸ਼ਹੀਦ ਕਰਤਾਰ ਸਿੰਘ ਸਰਾਭਾ ਵੱਲੋਂ ਆਪਣੀ 16 ਸਾਲ ਤੋਂ 19 ਸਾਲ ਦੀ ਭਰ ਜਵਾਨੀ ਦੀ ਬਹੁਤ ਹੀ ਛੋਟੀ ਉਮਰ ਵਿੱਚ ਕੀਤੇ ਗਏ ਬੇ-ਮਿਸਾਲ ਬਹਾਦਰੀ ਭਰੇ ਵੱਡੇ-ਵੱਡੇ ਕਾਰਨਾਮਿਆਂ ਉੱਪਰ ਜਿੱਥੇ ਸਾਡਾ ਸਿਰ ਬੜੇ ਹੀ ਮਾਣ ਨਾਲ ਉੱਚਾ ਉੱਠਦਾ ਹੈ, ਉੱਥੇ ਸਾਨੂੰ ਅੱਜ ਦੇ ਮੌਜੂਦਾ ਦੌਰ ਦੀ ਬਹੁ-ਗਿਣਤੀ ਨੌਜਵਾਨ ਪੀੜੀ ਵੱਲੋਂ ਹੱਸ-ਹੱਸ ਫਾਂਸੀ ਦੇ ਰੱਸੇ ਚੁੰਮਣ ਵਾਲੇ ਦੇਸ਼ ਦੇ ਉਹਨਾਂ ਮਹਾਨ ਸ਼ਹੀਦਾਂ ਦੀਆਂ ਯਾਦਾਂ ਨੂੰ ਆਪਣੇ ਦਿਮਾਗਾਂ ਚੋਂ ਧੁੰਦਲੇ ਕਰਨ ਵਰਗੀਆਂ ਗੱਲਾਂ ਨੂੰ ਵੇਖ-ਸੋਚ ਕੇ ਬੜਾ ਦੁੱਖ ਮਹਿਸੂਸ ਵੀ ਹੁੰਦਾ ਹੈ,ਕਿਉਂਕਿ ਜਿਸ ਚੜ੍ਹਦੀ ਜਵਾਨੀ ਵਿੱਚ ਮੁੰਡੇ-ਕੁੜੀਆਂ ਜਵਾਨੀ ਦੀ ਹਨੇਰੀ 'ਚ ਗ੍ਰਿਫਤ ਹੋਏ ਇੱਕ-ਦੂਜੇ ਦੇ ਪਿਆਰ ਦੀਆਂ ਗੱਲਾਂ ਵਿੱਚੋਂ ਹੀ ਬਾਹਰ ਨਿਕਲਣ ਵਾਰੇ ਨਹੀਂ ਸੋਚ ਸਕਦੇ ਤਾਂ ਉਸੇ ਚੜ੍ਹਦੀ ਉਮਰੇ ਸਰਾਭੇ ਨੇ ਆਪਣੀ ਜਵਾਨੀ 'ਚ ਦੇਸ਼-ਭਗਤੀ ਦੀ ਸੋਚ ਗ੍ਰਹਿਣ ਕਰਨ ਦਾ ਸਿਰਫ ਰਸਤਾ ਹੀ ਨਹੀਂ ਚੁਣਿਆਂ,ਸਗੋਂ ਉਸਨੇ ਅਸਲੀਅਤ ਦੇ ਵਿੱਚ ਜ਼ੁਲਮ ਦੇ ਖਾਤਮੇ ਲਈ ਜ਼ਾਲਮ ਸਰਕਾਰ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਤੱਕਿਆ ਵੀ ਸੀ।ਉਸਨੇ ਆਪਣੀ ਜਵਾਨੀ ਦਾ ਪਿਆਰ ਗੁਲਾਮ ਦੇਸ਼ ਦੇ ਮਿਹਨਤਕਸ਼ ਲੋਕਾਂ ਨੂੰ ਚੰਗੀ ਜ਼ਿੰਦਗੀ ਜਿਉਣ ਦੇ ਮੌਕੇ ਮਹੱਈਆ ਕਰਵਾਉਣ ਖਾਤਰ ਲਾਇਆ।ਉਸਨੇ ਸਮਾਜ ਅੰਦਰ ਹਰ ਤਰਾਂ ਦੀ ਬੇ-ਇਨਸਾਫੀ ਖਤਮ ਕਰਨ ਅਤੇ ਭਾਰਤ ਦੇਸ਼ ਅੰਦਰ ਬਰਾਬਰਤਾ ਵਾਲਾ ਸਮਾਜ ਸਿਰਜਣ ਲਈ ਲੜੀ ਜਾਣ ਵਾਲੀ ਜੰਗ ਦੇ ਸੱਚੇ ਸਿਪਾਹੀ ਦੀ ਮਿਸਾਲ ਕਾਇਮ ਕਰਦਿਆਂ ਫਾਂਸੀ ਦੇ ਰੱਸੇ ਨੂੰ ਚੁੰਮਿਆ।ਉਸ ਨੇ ਆਪਣੀ ਜ਼ਿੰਦਗੀ ਦੀਆ ਸਾਰੀਆਂ ਸੁੱਖ ਸਹੂਲਤਾਂ ਦੇਸ਼ ਦੇ ਕਿਰਤੀ ਲੋਕਾਂ ਲਈ ਕੁਰਬਾਨ ਕਰ ਦਿੱਤੀਆ।

ਉਦੋਂ ਵੀ ਸਾਡਾ ਸਮਾ ਜਾਤਾਂ-ਪਾਤਾਂ,ਧਾਰਮਿਕ ਵਖਰੇਂਵਿਆਂ ਵਿੱਚ ਵੰਡਿਆ ਹੋਇਆ ਸੀ ਤੇ ਅੱਜ ਵੀ ਹਾਲਾਤ ਬਹੁਤੇ ਬਦਲੇ ਨਹੀਂ ਹਨ।ਕਰਤਾਰ ਸਿੰਘ ਸਰਾਭਾ ਨੇ ਇਸ ਤਰਾਂ ਦੀਆਂ ਗੱਲਾਂ ਨੂੰ ਸਮਾਜ ਵਿੱਚੋਂ ਖਤਮ ਕਰਨ ਲਈ ਦੇਸ਼ ਦੇ ਲੋਕਾਂ ਨੂੰ ਇਹਨਾਂ ਧਰਮਾਂ, ਮਜ਼ਬਾਂ, ਜਾਤਾਂ ਅਤੇ ਗੋਤਾਂ ਦੀ ਸੋਚ ਤੋਂ ਉੱਪਰ ਉਠਣ ਦਾ ਸੱਦਾ ਦਿੱਤਾ ਸੀ। ਉਸਨੇ ਕਦੇ ਵੀ ਆਪਣੇ ਆਪ ਨੂੰ ਕਿਸੇ ਇੱਕ ਫਿਰਕੇ ਨਾਲ ਨਹੀਂ ਜੁੜਨ ਦਿੱਤਾ।ਇਸ ਗੱਲ ਦਾ ਪਤਾ ਉਸ ਦੇ ਆਪਣੇ ਵੱਲੋਂ ਲਿਖੇ ਜਾਂਦੇ ਨਾਮ ਤੋਂ ਹੀ ਚੱਲ ਜਾਂਦਾ ਹੈ ,ਜਦ ਉਹ ਆਪਣੇ ਆਪ ਨੂੰ ਉਕਰਤਾਰ ਸਿੰਘ ਸਰਾਭਾ" ਲਿਖਦਾ ਹੈ। ਇਸ ਗੱਲ ਉੱਪਰ ਇਕੱਲੇ ਸਰਾਭਾ ਹੀ ਨਹੀਂ ਪੂਰੀ 'ਗ਼ਦਰ ਪਾਰਟੀ ਲਹਿਰ' ਨੇ ਪਹਿਰਾ ਦਿੱਤਾ ਸੀ। ਇਸ ਗੱਲ ਦੀ ਹਾਮੀ 'ਗ਼ਦਰ ਦੀ ਕਵਿਤਾ' 'ਚ ਉਸ ਵਕਤ ਛਪੀਆਂ ਹੇਠ ਲਿਖੀਆਂ ਲਾਈਨਾ ਵੀ ਭਰਦੀਆਂ ਹਨ।


ਜਾਤ ਪਾਤ ਦੀਨ ਅਸੀਨ ਨਹੀਂ ਪਛਾਣਦੇ,
ਗਲ ਰੋਟੀ,ਪੇਟ ਦੀ ਅੱਗ ਰਖਾਂਵਦੇ ।
ਮਿਹਨਤੀ ਮੁਸ਼ੱਕਤੀ ਜਿਨ੍ਹਾਂ ਦੇ ਸਾਥੀ ਨੇ,
ਉਹਨਾਂ ਕਾਹਨੂੰ ਬੰਨਣੇ ਸਫੇਦ ਹਾਥੀ ਨੇ।
ਝੰਡਾ ਏਕਤਾ ਦਾ ਨਵਾਂ ਅਸੀਂ ਗੱਡਿਆ,
ਨਰ-ਨਾਰ ਸਾਡੇ ਵੱਲ ਆਵੇ ਭੱਜਿਆ।

ਉਹਨਾਂ ਨੇ ਆਪਣੀ ਭਰ ਜਵਾਨੀ ਦੇਸ਼ ਦੇ ਕਿਰਤੀ ਲੋਕਾਂ ਦੇ ਲੇਖੇ ਲਾ ਦਿੱਤੀ ,ਪਰ ਕਦੇ ਕਿਸੇ ਨੇ ਇਹ ਨਹੀਂ ਸੋਚਿਆ ਹੋਣਾ ਕਿ ਉਸਨੂੰ ਇੰਨੀ ਛੋਟੀ ਉਮਰ ਵਿੱਚ ਇਹ ਸਭ ਕਰਨ ਦੀ ਕੀ ਲੋੜ ਪੈ ਗਈ ਸੀ ? ਅਸੀਂ ਲੋਕਾਂ ਨੇ ਉਸ ਨੂੰ ਸ਼ਹੀਦ ਮੰਨ ਕੇ ਪੂਜਣਾ ਤਾਂ ਸ਼ੁਰੂ ਕਰ ਦਿੱਤਾ। ਉਸ ਦੀਆਂ ਹਰ ਸਾਲ ਬਰਸੀਆਂ ਮਨਾਉਣ ਲੱਗ ਪਏ ਹਾਂ, ਪਰ ਸਾਇਦ ਹੀ ਕਦੇ ਕਿਸੇ ਨੇ ਉਸ ਦੀ ਸੋਚ ਨੂੰ ਜਾਨਣ ਦੀ ਕੋਸ਼ਿਸ਼ ਕੀਤੀ ਹੋਵੇਗੀ ? ਕਿ ਉਹ ਆਪਣੇ ਦੇਸ਼ ਦੇ ਲੋਕਾਂ ਲਈ ਕਿਹੋ ਜਿਹਾ ਸਮਾਜ ਬਨਾਉਣਾ ਚਾਹੁੰਦਾ ਸੀ ? ਕੀ ਉਹਨਾਂ ਸਾਰੇ ਸ਼ਹੀਦਾਂ ਦੇ ਸੁਪਨੇ ਪੂਰੇ ਹੋ ਪਾਏ ? ਇਹਨਾਂ ਸਾਰੀਆਂ ਗੱਲਾਂ ਤੋਂ ਬੇ-ਖਬਰ ਅਸੀਂ ਉਹਨਾਂ ਗ਼ਦਰੀਆਂ ਦੇ ਸ਼ਹੀਦੀ ਦਿਨਾਂ ਨੂੰ ਇੱਕ ਰਿਵਾਇਤ ਦੀ ਤਰਾਂ ਮਨਾਉਣ ਲੱਗ ਪਏ ਹਾਂ। ਇਹਨਾਂ ਸਾਰੀਆਂ ਗੱਲਾਂ ਦੇ ਜੁਆਬ ਸਾਨੂੰ ਜਾਨਣ ਦੀ ਸਖਤ ਜਰੂਰਤ ਹੈ ?

ਜਦ ਸ਼ਹੀਦ ਕਰਤਾਰ ਸਿੰਘ ਸਰਾਭੇ ਵਾਰੇ ਗੱਲ ਕਰਦੇ ਹਾਂ ਤਾਂ ਉਹਨਾਂ ਸਮਿਆਂ ਵਿੱਚ ਸਾਡੇ ਦੇਸ਼ ਦੇ ਨੌਜਵਾਨ ਭਾਵੇਂ ਬਾਕੀ ਦੇਸ਼ਾਂ ਦੇ ਮੁਕਾਬਲੇ ਪੜ੍ਹਾਈ ਵਿੱਚ ਪਛੜੇ ਹੋਏ ਸਨ ਪਰ ਉਹਨਾਂ ਅੰਦਰ ਆਪਣੇ ਦੇਸ਼ ਪ੍ਰਤੀ ਤੇ ਆਪਣੇ ਦੇਸ਼ ਦੇ ਮਿਹਨਤਕਸ਼ ਲੋਕਾਂ ਪ੍ਰਤੀ ਅਥਾਹ ਪਿਆਰ ਅਤੇ ਦੇਸ਼-ਭਗਤੀ ਦੀ ਭਾਵਨਾ ਬਹੁਤ ਹੁੰਦੀ ਸੀ। ਉਹ ਆਪਣੇ ਦੇਸ਼ ਦੇ ਅੰਦਰ ਵਾਪਰਨ ਵਾਲੀ ਹਰ ਚੰਗੀ-ਮਾੜੀ ਘਟਨਾ ਨੂੰ ਪੂਰੀ ਗੰਭੀਰਤਾ ਨਾਲ ਵਿਚਾਰਦੇ ਸਨ। ਉਹ ਇਸ ਦੇਸ਼ ਦੇ ਮਿਹਨਤਕਸ਼ ਮਜਦੂਰਾਂ-ਕਿਸਾਨਾਂ ਦੀ ਦਿਨੋ-ਦਿਨ ਹੋ ਰਹੀ ਤਰਸ਼ਯੋਗ ਹਾਲਤ ਵਾਰੇ ਇਕ ਦੂਸਰੇ ਤੋਂ ਪੂਰੀ ਜਾਣਕਾਰੀ ਪ੍ਰਾਪਤ ਕਰਿਆ ਕਰਦੇ ਸਨ।ਉਹ ਗੁਲਾਮ ਭਾਰਤ ਦੇਸ਼ ਨੂੰ ਅੰਗਰੇਜ਼ਾਂ ਕੋਲੋਂ ਅਜ਼ਾਦ ਕਰਵਾ ਕੇ ਇੱਥੇ ਬੇਰੁਜ਼ਗਾਰੀ, ਭੁੱਖਮਰੀ ਅਤੇ ਗਰੀਬੀ ਦਾ ਖਾਤਮਾ ਕਰਨਾ ਚਾਹੁੰਦੇ ਸਨ। ਉਹ ਇੱਥੇ ਬਰਾਬਰਤਾ,ਊਚ-ਨੀਚ ਰਹਿਤ ਸਮਾਜ ਸਿਰਜਕੇ ਭਾਰਤ ਦੇਸ਼ ਨੂੰ ਖੁਸ਼ਹਾਲ ਬਣਾਉਣ ਲਈ ਚਿੰਤਤ ਸਨ।

ਇਹਨਾਂ ਵਿੱਚ ਜ਼ਿਆਦਾ ਉਹੀ ਕਿਰਤੀ ਨੌਜਵਾਨ ਸਨ ਜਿਹੜੇ ਬਿਦੇਸ਼ਾਂ ਵਿੱਚ ਰੋਜ਼ੀ-ਰੋਟੀ ਦੀ ਤਲਾਸ ਲਈ ਆਪਣੇ ਘਰਾਂ ਚੋਂ ਨਿਕਲੇ ਅਤੇ ਬਾਅਦ ਵਿੱਚ ਗ਼ਦਰੀ ਬਾਬਿਆਂ ਦੇ ਰੂਪ 'ਚ ਸਾਡੇ ਸਾਹਮਣੇ ਆਏ।ਦੂਸਰੇ ਪਾਸੇ ਸਾਡੀ ਅੱਜ ਦੀ ਨੌਜਵਾਨ ਪੀੜੀ ਬੇਗਾਨੇ ਸੱਭਿਆਚਾਰ ਦੇ ਮਾੜੇ ਪ੍ਰਭਾਵ ਦੀ ਗ੍ਰਿਫਤ ਵਿੱਚ ਆ ਕੇ ਆਪਣੇ ਹਾਣਦੇ ਮੁੰਡੇ-ਕੁੜੀਆਂ ਦੇ ਵੱਲ ਇੰਨੇ ਜਿਆਦਾ ਖਿੱਚੇ ਚਲੇ ਜਾ ਰਹੇ ਹਨ ਕਿ ਉਹਨਾਂ ਨੂੰ ਆਪਣੇ ਭਵਿੱਖ ਅਤੇ ਦੇਸ਼ ਦੀ ਦਿਨੋ-ਦਿਨ ਵਿਗੜ ਰਹੀ ਹਾਲਤ ਦੀ ਕਿਸੇ ਪੱਖੋਂ ਬਿਲਕੁਲ ਵੀ ਫਿਕਰ ਦਿਖਾਈ ਨਹੀਂ ਦਿੰਦੀ। ਅੱਜ ਦੇਸ਼ ਦਾ ਨੌਜਵਾਨ ਵਰਗ ਤਾਂ ਇਸ ਚਮਕ-ਦਮਕ ਦੇ ਸਭਿਆਚਾਰ ਦੇ ਪਿੱਛੇ ਲੱਗਕੇ ਆਪਣੇ ਆਲੇ ਦੁਆਲੇ ਤੋਂ ਬੇ-ਖਬਰ ਵਿਗਿਆਨਕ ਸਹੂਲਤਾਂ ਦੀ ਨਜ਼ਾਇਜ ਵਰਤੋਂ ਕਰਨ ਵੱਲ ਰੁੱਝਿਆ ਹੋਇਆ ਹੈ। ਬਹੁਤੇ ਨੌਜਵਾਨ ਤਾਂ ਨਸ਼ਿਆ ਦੀ ਮਾੜੀ ਆਦਤਾਂ ਦਾ ਸ਼ਿਕਾਰ ਹੋ ਕੇ ਆਪਣੇ ਭਵਿੱਖ ਨੂੰ ਬਰਬਾਦ ਕਰਨ ਦੇ ਰਸਤੇ ਤੁਰੇ ਹੋਏ ਹਨ। ਉਹ ਆਪਣੇ ਕੌਮ ਦੀ ਅਣਖੀ ਤੇ ਅਮੀਰ ਵਿਰਾਸਤ ਤੋਂ ਮੁੱਖ ਮੋੜਦਾ, ਆਪਣੇ ਰਸਤੇ ਤੋਂ ਭਟਕਣ ਵੱਲ ਨੂੰ ਵੱਧਦਾ ਜਾ ਰਿਹਾ ਹੈ। ਉਹ ਅਗਾਂਹਵਧੂ ਸਮਾਜਿਕ ਗਿਆਨ ਪ੍ਰਾਪਤ ਕਰਨ ਨੂੰ ਕੋਈ ਅਹਿਮੀਅਤ ਹੀ ਨਹੀਂ ਦੇਣਾ ਚਾਹੁੰਦਾ ਅਤੇ ਨਾ ਹੀ ਉਹ ਅਜਿਹੀਆਂ ਚੰਗੀਆਂ ਗੱਲਾਂ ਸੋਚਣ ਨੂੰ ਸਮਾਂ ਦੇਣਾ ਚਾਹੁੰਦਾ ਹੈ। ਉਹ ਤਾਂ ਕਿਸੇ ਸਾਜਿਸ਼ ਦੇ ਚੱਕਰਵਿਊ 'ਚ ਫਸਿਆ ਗੰਦੇ ਸੱਭਿਆਚਾਰ ਦੀ ਚੱਲ ਰਹੀ ਜ਼ੋਰਦਾਰ ਹਨ੍ਹੇਰੀ ਦੇ ਨਾਲ ਹਵਾ ਵਿੱਚ ਉਡਾਰੀਆਂ ਮਾਰਦਾ ਫਿਰਦਾ ਵਿਖਾਈ ਦੇ ਰਿਹਾ ਹੈ।

ਉਸ ਸਮੇਂ ਵੀ ਦੇਸ਼ ਦੇ ਲੋਕਾਂ ਵਿੱਚ ਏਕਤਾ ਕਾਇਮ ਰੱਖਣ ਲਈ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਸਦੇ ਸਾਥੀਆਂ ਵੱਲੋਂ ਦੇਸ਼ ਵਾਸੀਆਂ ਨੂੰ ਇਨਸਾਨੀਅਤ ਦਾ ਹੋਕਾ ਦਿੱਤਾ ਸੀ। ਜਦੋਂ ਗੁਲਾਮ ਭਾਰਤ ਅੰਦਰ ਵੀ ਅੰਗਰੇਜ਼ ਹਕੂਮਤਾਂ ਸਾਡੇ ਲੋਕਾਂ ਨੂੰ ਆਪਸੀ ਧਰਮਾਂ




ਦੇ ਨਾਮ ਉੱਪਰ ਨਫਰਤ ਦੀਆਂ ਵੰਡੀਆਂ ਪੁਆ ਕੇ ਲੜਾਉਂਦੀ ਰਹੀ ਸੀ। ਜਿੰਨਾਂ ਨੂੰ ਉਹਨਾਂ ਦੇਸ਼ ਭਗਤਾਂ ਵੱਲੋਂ ਹੇਠ ਲਿਖੀਆਂ 'ਗਦਰ ਦੀ ਗੂੰਜ' ਦੀਆਂ ਕਵਿਤਾਂ ਰਾਹੀ ਸੁਚੇਤ ਕਰਨ ਦੀ ਕੋਸ਼ਿਸ਼ ਕੀਤੀ ਸੀ।

ਅਗਰ ਕੋਈ ਪੁੱਛੇ ਕਿ ਕੌਣ ਹਾਂ ਅਸੀਂ,
ਕਹਿ ਦੇਵੋ ਸਾਡਾ ਨਾਮ ਹੈ ਬਾਗੀ,
ਸਾਡਾ ਫਰਜ਼ ਹੈ ਅੱਤਿਆਚਾਰ ਖਤਮ ਕਰਨਾ,
ਸਾਡਾ ਨਿਸਚਾ ਹੈ ਇਨਕਲਾਬ ਦੀ ਸ਼ੁਰੂਆਤ ਕਰਨਾ,
ਇਹੋ ਸਾਡੀ ਨਮਾਜ਼ ਹੈ, ਇਹੋ ਸਾਡੀ ਸੰਧਿਆ,
ਇਹੋ ਸਾਡੀ ਪੂਜਾ ਹੈ, ਇਹੋ ਸਾਡੀ ਸਾਧਨਾ,
ਇਹੋ ਸਾਡਾ ਧਰਮ ਹੈ, ਇਹੋ ਸਾਡਾ ਕੰਮ,
ਇਹੋ ਸਾਡਾ ਖੁਦਾ ਹੈ, ਇਹੋ ਸਾਡਾ ਰਾਮ

ਇਸੇ ਤਰਾਂ 'ਗ਼ਦਰੀਆਂ' ਵੱਲੋਂ ਦੇਸ਼ ਦੇ ਲੋਕਾਂ ਨੂੰ ਵਿਰਸੇ ਨਾਲ ਜੋੜਨ ਅਤੇ ਉਹਨਾਂ ਨੂੰ ਦੁਨੀਆਂ ਵਿੱਚ ਜਿੰਦਾ ਰੱਖਣ ਲਈ 'ਗ਼ਦਰ ਕਵਿਤਾਂ' ਰਾਹੀਂ ਪੁਰਾਤਨ ਸੂਰਬੀਰਾਂ ਦੀ ਬਹਾਦਰੀ ਨੂੰ ਇੰਝ ਚੇਤੇ ਕੀਤਾ ਜਾਂਦਾ ਰਿਹਾ ਹੈ:-

ਕਿਉਂ ਨਾ ਨਾਲ ਸ਼ਮਸ਼ੇਰ ਦੇ ਜਬਾਬ ਦਿੰਦਾ,
ਹੁੰਦਾ ਹਰੀ ਸਿੰਘ ਸੂਰਾ ਮੇਹਰਬਾਨ ਕਿੱਥੇ।
ਅੱਜ ਅਣਖ ਬਦਲੇ ਜਿੰਦ ਵਾਰ ਦਿੰਦਾ,
ਹੁੰਦਾ ਸ਼ਿਵਾ ਜੀ ਸ਼ੇਰ ਬਲਵਾਨ ਕਿੱਥੇ।
ਤੁਸੀਂ ਬਜ਼ਦਿਲੋਂ ਮੌਤ ਤੋਂ ਖੌਫ ਆਵੇ,
ਸ਼ੇਰ ਜੰਗ ਦਾ ਤੁਸਾਂ ਗੁਮਾਨ ਕਿੱਥੇ।
ਸਵਾ ਲੱਖ ਸੇ ਲੜੇਗਾ ਇਕ ਸੂਰਾ,
ਗਏ ਗੁਰਾਂ ਦੇ ਇਹ ਅਰਮਾਨ ਕਿੱਥੇ।

ਅੱਜ ਜਦ ਅਸੀਂ ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਦੀ 100ਵੀਂ (16 ਨਵੰਬਰ 1915-16 ਨਵੰਬਰ 2015)ਸ਼ਹੀਦੀ ਵਰੇਗੰਢ ਮਨਾਉਣ ਜਾ ਰਹੇ ਹਾਂ ਤਾਂ ਫਿਰ ਅਜ਼ਾਦ ਭਾਰਤ ਅੰਦਰ ਸਮੇਂ-ਸਮੇਂ ਦੀਆਂ ਸਰਕਾਰਾਂ ਵੱਲੋਂ ਦੇਸ਼ ਕੌਮ ਖਾਤਰ ਜਾਨਾਂ ਵਾਰਨ ਵਾਲੇ ਮਹਾਨ ਸ਼ਹੀਦਾਂ ਪ੍ਰਤੀ ਵਿਖਾਈ ਜਾ ਰਹੀ ਬੇ-ਰੁਖੀ ਕਾਰਨ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸਮਾਜ ਅੰਦਰ ਬਰਾਬਰਤਾ ਵਾਲੀ ਸੋਚ ਅਤੇ ਉਹਨਾਂ ਦੀ ਦੇਸ਼ ਦੀ ਅਜ਼ਾਦੀ ਪ੍ਰਤੀ ਜੀਵਨ ਘਾਲਣਾ ਨੂੰ ਅਣਗੋਲਿਆ ਕਰਕੇ ਉਸ ਸ਼ਹੀਦ ਨਾਲ ਕੀਤੀ ਜਾ ਰਹੀ ਬੇ-ਇਨਸਾਫੀ ਦੀ ਦਿਲ ਅੰਦਰ ਚੀਸ ਪੈਂਦੀ ਹੈ।ਵੈਸੇ ਤਾਂ ਦੇਸ਼ ਕੌਮ ਖਾਤਰ ਸ਼ਹੀਦਾਂ ਵੱਲੋਂ ਦਿੱਤੀਆਂ ਜਾਣ ਵਾਲੀਆਂ ਸਹਾਦਤਾਂ ਕਿਸੇ ਵੀ ਖਿਤਾਬ ਜਾਂ ਕਿਸੇ ਲੋਭ ਲਾਲਚ ਨਾਲ ਜੋੜ ਕੇ ਨਹੀਂ ਦਿੱਤੀਆਂ ਜਾਂਦੀਆਂ।ਸ਼ਹੀਦਾਂ ਦਾ ਤਾਂ ਕਿਸੇ ਸੋਚ ਨੂੰ ਪ੍ਰਣਾਇਆ ਹੋਣ ਦਾ ਕੋਈ ਖਾਸ ਮਿਸ਼ਨ ਹੁੰਦਾ ਹੈ ਜਿਹੜਾ ਉਹਨਾਂ ਨੂੰ ਕੁਰਬਾਨੀਆਂ ਦੇ ਰਸਤੇ ਵੱਲ ਲਿਜਾਣ ਦਾ ਕਾਰਨ ਬਣਦਾ ਹੈ ਜਿਸ ਖਾਤਰ ਉਹਨਾਂ ਨੂੰ ਆਪਣੀਆਂ ਭਰ ਜਵਾਨੀਆਂ ਵਿੱਚ ਵੀ ਆਪਣੇ ਮਿਸ਼ਨ ਨੂੰ ਦੁਨੀਆਂ ਵਿੱਚ ਜਿਉਂਦਾ ਰੱਖਣ ਲਈ ਆਪਣੀਆਂ ਜਾਨਾਂ ਦੀਆਂ ਕੁਰਬਾਨੀਆਂ ਦੇਣੀਆਂ ਪੈਂਦੀਆ ਹਨ।

ਲਗਭਗ ਅੱਧੀ ਸਦੀ ਤੋਂ ਬਾਅਦ 1857 ਦੇ ਗਦਰ ਤੋਂ ਪ੍ਰਭਾਵਤ ਹੋ ਕੇ ਫਿਰ ਤੋਂ ਦੇਸ਼ ਵਿੱਚ ਅੰਗਰੇਜ਼ੀ ਰਾਜ ਪਲਟੇ ਲਈ ਵਿਦੇਸ਼ ਵਿੱਚ ਹੋਂਦ 'ਚ ਆਈ 'ਗਦਰ ਪਾਰਟੀ ਲਹਿਰ' ਨੇ ਭਾਰਤ ਦੇਸ਼ ਅੰਦਰ ਜਿੱਥੇ ਹਥਿਆਰਬੰਦ ਘੋਲ ਰਾਹੀਂ ਅੰਗਰੇਜ਼ਾਂ ਨੂੰ ਦੇਸ਼ ਵਿੱਚੋਂ ਬਾਹਰ ਕੱਢਣ ਦਾ ਪ੍ਰੋਗਰਾਮ ਉਲੀਕਿਆ ਸੀ। ਜਿਸ ਵਿੱਚ ਪਿੰਡ ਸਰਾਭਾ ਦਾ 24 ਮਈ 1896 ਨੂੰ ਪਿਤਾ ਮੰਗਲ ਸਿੰਘ ਦੇ ਘਰ ਮਾਤਾ ਸਾਹਿਬ ਕੌਰ ਦੀ ਕੁੱਖ ਦਾ ਜਾਇਆ 16 ਕੁ ਸਾਲਾਂ ਦਾ ਮੁੱਛ-ਫੁੱਟ ਗੱਬਰੂ ਸਕੂਲ ਦੇ ਸੰਗੀ ਸਾਥੀਆਂ ਦਾ ਹੀਰੋ ਹਮੇਸ਼ਾ ਹੱਕ-ਸੱਚ ਦਾ ਸਾਥ ਦੇਣ ਵਾਲਾ ਕਰਤਾਰ ਸਿੰਘ ਸਰਾਭਾ ਮਾਲਵਾ ਸਕੂਲ ਲੁਧਿਆਣਾ ਵਿੱਚ ਆਪਣੀ ਦਸਵੀਂ ਦੀ ਪੜ੍ਹਾਈ ਖਤਮ ਕਰਕੇ ਉੱਚ ਵਿੱਦਿਆ ਪ੍ਰਾਪਤ ਕਰਨ ਲਈ ਹਜ਼ਾਰਾ ਮੀਲ ਦੂਰ ਸਮੁੰਦਰੀ ਰਸਤੇ ਕੈਲੇਫੋਰਨੀਆ ਦੀ ਸਾਨਫਰਾਂਸਸਿਸਕੋ ਬੰਦਰਗਾਹ ਰਾਹੀਂ ਅਮਰੀਕਾ ਪਹੁੰਚ ਗਿਆ। ਕਰਤਾਰ ਸਿੰਘ ਸਰਾਭਾ ਦੇ ਛੋਟੇ ਹੁੰਦਿਆਂ ਹੀ ਮਾਤਾ ਪਿਤਾ ਦੀ ਮੌਤ ਹੋ ਗਈ ਸੀ।ਜਿਸ ਕਰਕੇ ਦਾਦੇ ਬਦਨ ਸਿੰਘ ਨੇ ਆਪਣੇ ਲਾਡਲੇ ਪੋਤਰੇ ਨੂੰ ਬੜੇ ਹੀ ਚਾਅ ਲਾਡ ਨਾਲ ਪਾਲਿਆ ਤੇ ਉਸ ਨੂੰ ਕਦੇ ਵੀ ਮਾਤਾ-ਪਿਤਾ ਦੀ ਅਣਹੋਂਦ ਦਾ ਅਹਿਸਾਸ ਨਹੀਂ ਸੀ ਹੋਣ ਦਿੱਤਾ।ਭੈਣ ਧੰਨ ਕੌਰ ਦਾ ਵੀਰ ਅਤੇ ਦਾਦੇ ਦਾ ਇਕੱਲਾ ਲਾਡਲਾ ਪੋਤਰਾ ਹੋਣ ਕਰਕੇ ਘਰ ਵਾਲਿਆਂ ਨੇ ਇੱਧਰ ਪੰਜਾਬ ਦੇ ਕਿਸ਼ਾਨੀ ਦੀ ਤਰਸ਼ਯੋਗ ਹਲਾਤਾਂ ਨੂੰ ਵੇਖਦੇ ਅਤੇ ਉਸ ਦੇ ਅਣਖੀ ਤੇ ਜੋਸ਼ੀਲੇ ਸੁਭਾਅ ਤੋਂ ਡਰਦਿਆਂ ਬਿਦੇਸ ਭੇਜਿਆ ਸੀ।ਉੱਥੇ ਸਰਾਭਾ ਪਿੰਡ ਦੇ ਰੁਲੀਆ ਸਿੰਘ ਨਾਲ ਆਪਣੇ ਨਾਲ ਕਾਲਜ਼ ਵਿੱਚ ਅਤੇ ਹੋਰ ਰਸਤਿਆਂ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਦਾ ਦੁੱਖ ਦਰਦ ਸਾਂਝਾ ਕਰਦਾ। ਰੁਲੀਆ ਸਿੰਘ ਦੀ ਮਦਦ ਨਾਲ ਉਸ ਨੇ ਅਮਰੀਕਨਾਂ ਦੇ ਇਸ ਨਫਰਤ ਭਰੇ ਵਤੀਰੇ ਖਿਲਾਫ ਅਵਾਜ ਉਠਾਉਣ ਲਈ ਉੱਥੇ ਪਹਿਲਾਂ ਤੋਂ ਮੌਜੂਦ ਹਮਖਿਆਲੀ ਭਾਰਤੀ ਕਾਮਿਆਂ ਨਾਲ ਮਿਲ ਕੇ ਮੀਟਿੰਗ ਦਾ ਪ੍ਰਬੰਧ ਕੀਤਾ।ਜਿਸ ਵਿੱਚ ਉਹਨਾਂ ਇਸ ਵਰਤਾਰੇ ਨੂੰ ਰੋਕਣ ਲਈ ਖੁੱਲ ਕੇ ਵਿਚਾਰ ਚਰਚਾ ਕੀਤੀ।

"ਭੀਖ ਮੰਗਿਆਂ ਅਜ਼ਾਦੀ ਨਹੀਂ ਮਿਲਦੀ, ਨਾ ਮਿਲਦੇ ਰਾਜ ਅਪੀਲਾਂ ਨਾਲ,
ਕਾਇਰਾਂ ਦੀ ਤਰਾਂ ਮਿੰਨਤਾਂ ਨਾ ਕਰੋ, ਉਠਾਓ ਤਲਵਾਰ ਤੇ ਭੱਜ ਜਾਊਗਾ ਜਾਲਮ"।

ਉੱਧਰ ਲਾਲਾ ਹਰਦਿਆਲ,ਪੰਡਤ ਜਗਤ ਰਾਮ ਰਿਹਾਨਾ,ਜਵਾਲਾ ਸਿੰਘ ਅਤੇ ਹੋਰ ਬਹੁਤ ਸਾਰੇ ਭਾਰਤੀ ਪਹਿਲਾਂ ਹੀ ਇਸ ਸਮੇਂ ਦੀ ਉਡੀਕ ਕਰ ਰਹੇ ਸਨ।ਸਾਰਿਆਂ ਨੇ ਇਸ ਵਰਤਾਰੇ ਦਾ ਮੁੱਖ ਕਾਰਨ ਭਾਰਤ ਦੇਸ਼ ਦੀ ਗੁਲਾਮੀ ਮੰਨਿਆ ਅਤੇ ਇਸ ਵਿਰੁੱਧ ਕੋਈ ਠੋਸ ਰਣਨੀਤੀ ਅਖਤਿਆਰ ਕਰਕੇ ਭਾਰਤ ਦੇਸ਼ ਨੂੰ ਅਜ਼ਾਦ ਕਰਵਾ ਕੇ ਹੀ ਹੋ ਰਹੀ ਭਾਰਤੀ ਲੋਕਾਂ ਦੀ ਦੁਰਦੱਸਾ ਅਤੇ ਸ਼ੋਸ਼ਣ ਨੂੰ ਰੋਕਿਆ ਜਾ ਸਕਦਾ ਸੀ। ਮੀਟਿੰਗਾ ਦੇ ਲੰਮੇ ਦੌਰ ਤੋਂ ਬਾਅਦ 1ਨਵੰਬਰ 1913 ਨੂੰ ਉਰਦੂ ਵਿੱਚ'ਗ਼ਦਰ' ਦਾ ਪਰਚਾ ਕੱਢਣ ਦਾ ਫੈਸ਼ਲਾ ਹੋਇਆ।ਇਸ 'ਗਦਰ' ਅਖਬਾਰ ਦੇ ਮੁੱਖ ਸੰਪਾਦਕ ਲਾਲਾ ਹਰਦਿਆਲ ਦੇ ਨਾਲ ਕਰਤਾਰ ਸਿੰਘ ਸਰਾਭਾ,ਹਰਨਾਮ ਸਿੰਘ ਟੁੰਡੀਲਾਟ ਅਤੇ ਜਗਤ ਰਾਮ ਨੂੰ ਐਡੀਟੋਰੀਅਲ ਬੋਰਡ ਦੇ ਚੁਣਿਆ ਗਿਆ। ਭਾਰਤ ਅੰਦਰ ਗ਼ਦਰ ਮਚਾਉਣ ਦਾ ਸਮਾਂ ਅੰਗਰੇਜ਼ਾਂ ਦੀ ਜਰਮਨਾਂ ਨਾਲ ਹੋਣ ਵਾਲੀ ਪਹਿਲੀ ਸੰਸਾਰ ਜੰਗ ਮੌਕੇ ਸੋਚਿਆ ਗਿਆ,ਕਿਉਂਕਿ ਉਦੋਂ ਤੱਕ ਉਹਨਾਂ ਨੂੰ ਗ਼ਦਰ ਕਰਨ ਦੀ ਸਾਰੇ ਤਰਾਂ ਦੀ ਤਿਆਰੀ ਲਈ ਕਾਫੀ ਸਮਾਂ ਮਿਲ ਜਾਣਾ ਸੀ, ਪਰ ਗਦਰੀਆਂ ਦੇ ਅਨੁਮਾਨ ਦੇ ਉਲਟ ਇਹ ਜੰਗ ਕੁਝ ਸਾਲ ਪਹਿਲਾਂ 1914 ਵਿੱਚ ਲੱਗਣ ਦੇ ਅਸਾਰ ਬਣ ਗਏ, ਜਿਸ ਦਾ 'ਗਦਰੀ ਬਗਾਵਤ' ਉੱਪਰ ਗੰਭੀਰ ਅਸਰ ਪਿਆ,ਪਰ ਉਹ ਘਬਰਾਏ ਨਹੀਂ ਉਹਨਾ ਜਿੰਨੀ ਵੀ ਤਿਆਰੀ ਕੀਤੀ ਸੀ ਉਸ ਨੂੰ ਬੇਅਰਥ ਗੁਆਉਣਾ ਠੀਕ ਨਹੀਂ ਸਮਝਿਆ।

ਬਾਕੀ ਗ਼ਦਰੀ ਦੇਸ਼-ਭਗਤਾਂ ਨਾਲ ਸਰਾਭਾ 15-16 ਸਤੰਬਰ 1914 ਨੂੰ ਕਲੰਬੋ ਰਾਹੀਂ ਭਾਰਤ ਅੰਦਰ ਦਾਖਲ ਹੋਣ ਵਿੱਚ ਕਾਮਯਾਬ ਹੋ ਗਿਆ ਅਤੇ ਬੜੀ ਤੇਜੀ ਨਾਲ ਰੇਲ ਗੱਡੀ ਦੇ ਰਸਤੇ ਉਹ ਪੰਜਾਬ ਪਹੁੰਚ ਗਿਆ।ਇੱਥੇ ਆ ਕੇ ਸਰਾਭੇ ਨੇ 'ਗ਼ਦਰ' ਦੀ ਤਿਆਰੀ ਲਈ ਦਿਨ ਰਾਤ ਇੱਕ ਕਰ ਦਿੱਤੀ।ਪਾਰਟੀ ਨੂੰ ਹਥਿਆਰ ਖ੍ਰੀਦਣ ਲਈ ਪੈਸਿਆਂ ਦੀ ਲੋੜ ਨੂੰ ਪੂਰਾ ਕਰਨ ਲਈ ਡਾਕੇ ਮਾਰਨ ਦਾ ਪ੍ਰੋਗਰਾਮ ਉਲੀਕਿਆ ਗਿਆ।ਇਹਨਾਂ ਡਾਕਿਆਂ ਨੇ ਭਾਵੇਂ ਪੈਸੇ ਦੀ ਲੋੜ ਨੂੰ ਤਾਂ ਪੂਰਾ ਕਰ ਦਿੱਤਾ ,ਪਰ ਪਾਰਟੀ ਦਾ ਅਕਸ਼ ਲੋਕਾਂ ਵਿੱਚ ਮਾੜਾ ਗਿਆ। ਦੇਸ਼ ਅੰਦਰੋਂ ਅੰਗਰੇਜ਼ਾਂ ਨੂੰ ਬਾਹਰ ਕੱਢਣ ਲਈ 21 ਫਰਵਰੀ ਨੂੰ 'ਗ਼ਦਰ' ਕਰਨਾ ਸੀ,ਪਰ ਇਸ ਗੱਲ ਦਾ ਸਰਕਾਰ ਨੂੰ ਇੱਕ ਗ਼ਦਾਰ ਰਾਹੀਂ ਪਤਾ ਚੱਲ ਗਿਆ। ਫਿਰ ਗ਼ਦਰ ਦੀ ਤਾਰੀਕ 19 ਫਰਵਰੀ ਕਰ ਦਿੱਤੀ ਗਈ,ਜਿਸ ਵਾਰੇ ਵੀ ਹਕੂਮਤ ਨੂੰ ਜਾਣਕਾਰੀ ਹੋ ਗਈ। ਗ਼ਦਰ ਨੂੰ ਬੁਰੀ ਤਰਾਂ ਦਬਾ ਦਿੱਤਾ ਗਿਆ। ਕਾਫੀ ਵੱਡੀ ਗਿਣਤੀ ਵਿੱਚ ਗ਼ਦਰੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਵੱਖ-ਵੱਖ ਕੇਸਾਂ ਅਧੀਨ ਜੇਲਾਂ ਵਿੱਚ ਢੱਕ ਦਿੱਤਾ।

ਕਿੰਨੇ ਹੀ ਗ਼ਦਰੀਆਂ ਆਗੂਆਂ ਦੀ ਗ੍ਰਿਫਤਾਰੀ ਤੋਂ ਬਾਅਦ ਵੀ ਕਰਤਾਰ ਸਿੰਘ ਸਰਾਭਾ ਨੇ ਹਾਰ ਨਹੀਂ ਮੰਨੀ ਅਤੇ ਆਪਣੇ ਕੁਝ ਸਾਥੀਆਂ ਸਮੇਤ ਨਾਲ ਮਿਲ ਕੇ ਚੱਕ ਨੰ:5 (ਸਰਗੋਧਾ)ਵਿੱਚ ਘੋੜ ਸਵਾਰ ਫੌਜੀਆਂ ਨੂੰ ਫਿਰ ਨਵੇਂ ਸਿਰੇ ਤੋਂ ਬਗਾਵਤ ਦੀ ਤਿਆਰੀ ਕਰਨ ਲਈ ਮੀਟਿੰਗਾਂ ਸ਼ੁਰੂ ਕਰ ਦਿੱਤੀਆਂ ਗਈਆਂ।ਇੱਥੇ ਹੀ ਉਹਨਾਂ ਵੱਲੋਂ ਆਪਣੇ ਫੜੇ ਗਏ ਗ਼ਦਰੀਆਂ ਸਾਥੀਆਂ ਨੂੰ ਛਡਵਾਉਣ ਲਈ ਹਥਿਆਰਾਂ ਦਾ ਬੰਦੋਬਸਤ ਕਰਕੇ ਦੇਣ ਵਾਸਤੇ ਜਗਤ ਸਿੰਘ ਨਾਲ 22ਵੇਂ ਰਸਾਲੇ ਦੇ ਮੂਲਾ ਸਿੰਘ ਦਾ ਪ੍ਰੋਗਰਾਮ ਬਣਾਇਆ ਹੋਇਆ ਸੀ।ਇਸੇ ਮੌਕੇ 2 ਮਾਰਚ 1915 ਨੂੰ ਮੀਟਿੰਗ ਦੌਰਾਨ ਰਸਾਲਦਾਰ ਗੰਢਾ ਸਿੰਘ ਨੇ ਕਰਤਾਰ ਸਿੰਘ ਅਤੇ ਉਹਨਾਂ ਦੇ ਦੋਵੇਂ ਸਾਥੀਆਂ ਸਮੇਤ ਗ੍ਰਿਫਤਾਰ ਕਰਕੇ ਲਾਹੌਰ ਸੈਂਟਰਲ ਜੇਲ੍ਹ ਭੇਜ ਦਿੱਤਾ ਗਿਆ।ਇਹਨਾਂ ਗਦਰੀਆਂ ਉੱਪਰ 26 ਅਪ੍ਰੈਲ 1915 ਨੂੰ ਲੈਫਟੀਨੈਂਟ ਗਵਰਨਰ ਮਾਈਕਲ ਉਡਵਾਇਰ ਵੱਲੋਂ ਨਿਯੁਕਤ ਕੀਤੇ ਗਏ ਤਿੰਨ ਮੈਂਬਰੀ ਕਮਿਸ਼ਨ ਨੇ ਪਹਿਲਾ ਲਾਹੌਰ ਸਾਜ਼ਿਸ਼ ਕੇਸ਼' ਅਧੀਨ ਸਰਕਾਰ ਦਾ ਤਖਤਾ ਪਲਟਾਉਣ ਦੀ ਸਾਜ਼ਿਸ਼ ਦਾ ਦੋਸ਼ ਲਾ ਕੇ ਦਫਾ 121 ਤੇ 121'ਏ' ਦਾ ਕੇਸ਼ ਚਲਾਇਆ ਗਿਆ ਅਤੇ ਇਹ ਕੇਸ ਦੀ ਸੁਣਵਾਈ ਵੀ ਬਾਕੀ ਹੋਰ ਕੇਸਾਂ ਵਾਂਗ ਜੇਲ ਦੀ ਚਾਰਦਿਵਾਰੀ ਅੰਦਰ

(ਬਾਕੀ ਸਫ਼ਾ 29 'ਤੇ)

# ਵਿਕੀਪੀਡੀਆ : ਗਿਆਨ ਇਨਕਲਾਬ ਅਤੇ ਪੰਜਾਬੀ



ਸੁਖਵੰਤ ਹੁੰਦਲ

(ਪਿਛਲੇ ਅੰਕ ਦੀ ਬਾਕੀ)

**ਦੂਜੀਆਂ ਭਾਸ਼ਾਵਾਂ ਵਿੱਚ ਵਿਕੀਪੀਡੀਆ**

ਅੰਗਰੇਜ਼ੀ ਵਿਕੀਪੀਡੀਏ ਦੀ ਸ਼ੁਰੂਆਤ ਤੋਂ ਛੇਤੀਂ ਬਾਅਦ ਹੀ ਵਿਕੀਪੀਡੀਏ ਦੇ ਬਾਨੀਆਂ ਨੇ ਇਸ ਨੂੰ ਹੋਰ ਭਾਸ਼ਾਵਾਂ ਵਿੱਚ ਪ੍ਰਕਾਸ਼ਤ ਕਰਨ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ ਸੀ। ਉਦਾਹਰਨ ਲਈ ਵਿਕੀਪੀਡੀਏ ਦੇ ਬਾਨੀ ਜਿੰਮੀ ਵੇਲਜ਼ ਨੇ 15 ਮਾਰਚ 2001 ਨੂੰ ਫਰਾਂਸੀਸੀ, ਜਰਮਨ ਅਤੇ ਸਪੇਨੀ ਜ਼ਬਾਨਾਂ ਵਿੱਚ ਵਿਕੀਪੀਡੀਏ ਦੇ ਡੁਮੇਨ ਨਾਂ ਲੈ ਲਏ ਸਨ। ਉਸ ਤੋਂ ਅਗਲੇ ਦਿਨ ਹੀ ਜਰਮਨ ਭਾਸ਼ਾ ਦੇ ਵਿਕੀਪੀਡੀਏ ਦੀ ਸ਼ੁਰੂਆਤ ਹੋ ਗਈ ਅਤੇ ਉਸ ਤੋਂ ਇਕ ਹਫਤਾ ਬਾਅਦ ਫਰਾਂਸੀਸੀ ਵਿਕੀਪੀਡੀਏ ਨੇ ਜਨਮ ਲੈ ਲਿਆ। ਸੰਨ 2001 ਵਿੱਚ ਹੀ ਸ਼ੁਰੂ ਹੋਣ ਵਾਲੇ ਕੁਝ ਹੋਰ ਵਿਕੀਪੀਡੀਏ ਇਸ ਪ੍ਰਕਾਰ ਸਨ: ਜਾਪਾਨੀ (ਮਾਰਚ 2001), ਇਟਾਲੀਅਨ, ਸਵੀਡਸ਼, ਸਪੇਨੀ ਅਤੇ ਰੂਸੀ (ਮਈ 2001), ਡੱਚ (ਜੂਨ 2001), ਪੁਰਤਗਾਲੀ (ਜੂਨ 2001) ਅਤੇ ਪੋਲਿਸ਼ (ਸਤੰਬਰ 2001)। ਹੌਲੀ ਹੌਲੀ ਵਿਕੀਪੀਡੀਏ ਦੀਆਂ ਭਾਸ਼ਾਵਾਂ ਦੀ ਗਿਣਤੀ ਵੱਧਦੀ ਰਹੀ ਅਤੇ ਅੱਜ (ਮਈ 2015) ਵਿੱਚ ਇਹ 288 ਭਾਸ਼ਾਵਾਂ ਵਿੱਚ ਛੱਪਦਾ ਹੈ।

ਹਰ ਭਾਸ਼ਾ ਦਾ ਵਿਕੀਪੀਡੀਆ ਬਹੁਤ ਹੱਦ ਤੱਕ ਇਕ ਅਜ਼ਾਦ ਯੂਨਿਟ ਵਜੋਂ ਕੰਮ ਕਰਦਾ ਹੈ। ਉਦਾਹਰਨ ਲਈ ਹਰ ਭਾਸ਼ਾ ਦੇ ਵਾਲੰਟੀਅਰ ਐਡੀਟਰ ਆਪ ਫੈਸਲਾ ਕਰਦੇ ਹਨ ਕਿ ਆਰਟੀਕਲਾਂ ਲਈ ਨਿਰਪੱਖ ਨਜ਼ਰੀਏ ਦੇ ਕੀ ਮਿਆਰ ਹੋਣੇ ਚਾਹੀਦੇ ਹਨ। ਇਸ ਦੇ ਨਾਲ ਹੀ, ਕਿਉਂਕਿ ਹਰ ਭਾਸ਼ਾ ਦਾ ਆਪਣਾ ਵੱਖਰਾ ਸਭਿਆਚਾਰਕ ਨਜ਼ਰੀਆ ਹੁੰਦਾ ਹੈ, ਇਸ ਲਈ ਇੱਕੋ ਹੀ ਵਿਸ਼ੇ 'ਤੇ ਵੱਖ ਵੱਖ ਭਾਸ਼ਾਵਾਂ ਵਿੱਚ ਲਿਖੇ ਗਏ ਆਰਟੀਕਲਾਂ ਵਿੱਚ ਵੱਖਰੀ ਵੱਖਰੀ ਸਭਿਆਚਾਰਕ ਰੰਗਤ ਅਤੇ ਨਜ਼ਰੀਆ ਦੇਖਣ ਨੂੰ ਮਿਲਦਾ ਹੈ। ਐਲਿਸ ਸੂ, ਅਰਬੀ ਭਾਸ਼ਾ ਦੇ ਵਿਕੀਪੀਡੀਏ ਬਾਰੇ ਲਿਖੇ ਆਪਣੇ ਲੇਖ ਵਿੱਚ ਇਸ ਬਾਰੇ ਇਕ ਦਿਲਚਸਪ ਉਦਾਹਰਨ ਦਿੰਦੀ ਹੈ। ਉਹ ਜੈਰੋਸਲਮ ਸ਼ਹਿਰ ਬਾਰੇ ਅੰਗਰੇਜ਼ੀ, ਅਰਬੀ ਅਤੇ ਹੀਬਰਿਊ ਭਾਸ਼ਾ ਵਿੱਚ ਲਿਖੇ ਗਏ ਆਰਟੀਕਲਾਂ ਦੇ ਪਹਿਲੇ ਵਾਕ ਦਾ ਮੁਕਾਬਲਾ ਕਰਦੀ ਹੈ। ਅੰਗਰੇਜ਼ੀ ਦੇ ਆਰਟੀਕਲ ਦਾ ਪਹਿਲਾ ਵਾਕ ਹੈ, "ਮੈਡੀਟਰੇਨੀਅਨ ਸੀਅ ਅਤੇ ਡੈੱਡ ਸੀਅ ਵਿਚਕਾਰ ਜੂਡੀਅਨ ਪਹਾੜੀਆਂ ਵਿੱਚ ਪਠਾਰ 'ਤੇ ਸਥਿਤ ਸ਼ਹਿਰ ਜੈਰੋਸਲਮ, ਸੰਸਾਰ ਦੇ ਪੁਰਾਣੇ ਸ਼ਹਿਰਾਂ ਵਿੱਚੋਂ ਇਕ ਹੈ।" ਅਰਬੀ ਵਿਕੀਪੀਡੀਏ 'ਤੇ ਜੈਰੋਸਲਮ ਬਾਰੇ ਛਪੇ ਆਰਟੀਕਲ ਦਾ ਪਹਿਲਾ ਵਾਕ ਹੈ, "ਇਲਾਕੇ, ਵਸੋਂ, ਧਾਰਮਿਕ ਅਤੇ ਆਰਥਿਕ ਮਹੱਤਤਾ ਦੇ ਆਧਾਰ 'ਤੇ ਜੈਰੋਸਲਮ ਇਤਿਹਾਸਕ ਫਲਸਤੀਨ ਦਾ ਸਭ ਤੋਂ ਵੱਡਾ ਸ਼ਹਿਰ ਹੈ।" ਹੀਬਰਿਊ ਵਿੱਚ ਲਿਖੇ ਆਰਟੀਕਲ ਦਾ ਪਹਿਲਾ ਵਾਕ ਹੈ, "8 ਲੱਖ ਵਸੋਂ ਵਾਲਾ ਸ਼ਹਿਰ ਜੈਰੋਸਲਮ ਇਜ਼ਰਾਇਲ ਦੀ ਰਾਜਧਾਨੀ ਅਤੇ ਇਜ਼ਰਾਇਲ ਦਾ ਸਭ ਤੋਂ ਵੱਡਾ ਸ਼ਹਿਰ ਹੈ।" ਇਸ ਤਰ੍ਹਾਂ ਅਜ਼ਾਦ ਯੂਨਿਟਾਂ ਵਜੋਂ ਵਿਚਰਦੇ ਵੱਖ ਵੱਖ ਭਾਸ਼ਾਵਾਂ ਦੇ ਵਿਕੀਪੀਡੀਏ ਦੁਨੀਆ ਦੇ ਗਿਆਨਾਂ ਦੀ ਵੰਨ-ਸੁਵੰਨਤਾ ਸੰਭਾਲਣ ਦਾ ਇਕ ਸਾਧਨ ਬਣ ਰਹੇ ਹਨ।

ਆਪਣੇ ਅਕਾਰ ਅਤੇ ਵਰਤੋਂਕਾਰਾਂ ਦੀ ਗਿਣਤੀ ਦੇ ਕਾਰਨ ਹਰ ਵੱਖਰੇ ਭਾਸ਼ਾਈ ਵਿਕੀਪੀਡੀਏ ਦਾ ਆਪਣੇ ਭਾਸ਼ਾਈ ਖੇਤਰ ਦੇ ਗਿਆਨ ਸ੍ਰੋਤਾਂ ਦੇ ਘੇਰੇ ਵਿੱਚ ਵੱਖਰਾ ਵੱਖਰਾ ਸਥਾਨ ਹੈ। ਕੁਝ ਵਿਕੀਪੀਡੀਏ ਆਪਣੇ ਭਾਸ਼ਾਈ ਖੇਤਰ ਵਿੱਚ ਗਿਆਨ ਦੇ ਸ੍ਰੋਤਾਂ ਵਜੋਂ ਪ੍ਰਮੁੱਖਤਾ ਹਾਸਲ ਕਰ ਚੁੱਕੇ ਹਨ ਅਤੇ ਕਈ ਹੋਰ ਵਿਕੀਪੀਡੀਏ ਅਜੇ ਆਪਣੇ ਭਾਸ਼ਾਈ ਖੇਤਰ ਵਿੱਚ ਜ਼ਿਕਰਯੋਗ ਥਾਂ ਨਹੀਂ ਬਣਾ ਸਕੇ। ਉਦਾਹਰਨ ਲਈ ਜਰਮਨੀ ਅਤੇ ਨੀਦਰਲੈਂਡ ਵਿੱਚ ਲੋਕ ਆਪਣੇ ਆਪਣੇ ਮੁਲਕ ਦੀਆਂ ਖਬਰਾਂ ਦੇਣ ਵਾਲੀਆਂ ਸੰਸਥਾਵਾਂ ਦੇ ਵੈੱਬਸਾਈਟਾਂ ਦੇ ਮੁਕਾਬਲੇ ਆਪਣੀਆਂ ਆਪਣੀਆਂ ਜ਼ਬਾਨਾਂ ਦੇ ਵਿਕੀਪੀਡੀਏ ਦੇ ਸਾਈਟਾਂ ਨੂੰ ਵੱਧ ਗਿਣਤੀ ਵਿੱਚ ਦੇਖਦੇ ਹਨ। ਕਈ ਅਜਿਹੀਆਂ ਭਾਸ਼ਾਵਾਂ ਹਨ ਜਿਹਨਾਂ ਵਿੱਚ ਵਿਕੀਪੀਡੀਏ ਤੋਂ ਪਹਿਲਾਂ ਉਹਨਾਂ ਭਾਸ਼ਾਵਾਂ ਵਿੱਚ ਗਿਆਨਕੋਸ਼ ਬਣਾਉਣ ਦੇ ਕੋਈ ਯਤਨ ਨਹੀਂ ਹੋਏ ਹਨ। ਇਸ ਤਰ੍ਹਾਂ ਵਿਕੀਪੀਡੀਆ ਇਹਨਾਂ ਭਾਸ਼ਾਵਾਂ ਦੇ ਲੋਕਾਂ ਨੂੰ ਆਪਣਾ ਗਿਆਨ ਸੰਭਾਲਣ ਅਤੇ ਸੰਚਾਰ ਕਰਨ ਦੇ ਨਵੇਂ ਮੌਕੇ ਪ੍ਰਦਾਨ ਕਰ ਰਿਹਾ ਹੈ।

ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ, ਕਿ ਵਿਕੀਪੀਡੀਆ ਇਕ ਕਾਮਯਾਬ ਉੱਦਮ ਹੈ। ਇੰਟਰਨੈੱਟ'ਤੇ ਕੋਈ ਵੀ ਹੋਰ ਅਜਿਹਾ ਪ੍ਰੋਜੈਕਟ ਨਹੀਂ ਮਿਲਦਾ ਜਿਸ ਨੇ 14-15 ਸਾਲ ਦੇ ਸਮੇਂ ਦੌਰਾਨ ਸੰਸਾਰ ਦੀਆਂ ਏਨੀਆਂ ਭਾਸ਼ਾਵਾਂ, ਅਤੇ ਸਭਿਆਚਾਰਕ ਪਿਛੋਕੜਾਂ ਦੇ ਲੋਕਾਂ ਨੂੰ ਆਪਣੇ ਕਲਾਵੇ ਵਿੱਚ ਲਿਆ ਹੋਵੇ। ਇਸ ਦੇ ਨਾਲ ਵੱਡੀ ਗੱਲ ਇਹ ਹੈ ਕਿ ਏਨੇ ਵੱਖ ਵੱਖ ਪਿਛੋਕੜਾਂ ਦੇ ਲੋਕ ਮਿਲਵਰਤਣ ਦੀ ਭਾਵਨਾ ਨਾਲ, ਕਿਸੇ ਮੁਨਾਫੇ ਜਾਂ ਫਾਇਦੇ ਦੀ ਆਸ ਰੱਖਣ ਤੋਂ ਬਿਨਾਂ ਮਿਲ ਕੇ ਕੰਮ ਕਰ ਰਹੇ ਹਨ। ਉਹਨਾਂ ਦਾ ਸਿਰਫ ਇਕ ਹੀ ਸੁਫਨਾ ਹੈ ਕਿ "ਮਨੁੱਖਤਾ ਦੇ ਸਾਰੇ ਗਿਆਨ ਤੱਕ ਹਰ ਇਕ ਮਨੁੱਖ ਦੀ ਪਹੁੰਚ ਹੋਵੇ।"

**ਪੰਜਾਬੀ ਵਿਕੀਪੀਡੀਆ**

ਪੰਜਾਬੀ ਵਿੱਚ ਦੋ ਵਿਕੀਪੀਡੀਏ ਹਨ। ਇਕ ਗੁਰਮੁਖੀ ਵਿੱਚ ਅਤੇ ਦੂਸਰਾ ਸ਼ਾਹਮੁਖੀ ਵਿੱਚ। ਇਸ ਲੇਖ ਵਿੱਚ ਅਸੀਂ ਗੁਰਮੁਖੀ ਵਿੱਚ ਲਿਖੇ ਜਾਂਦੇ ਪੰਜਾਬੀ ਵਿਕੀਪੀਡੀਏ ਬਾਰੇ ਜ਼ਿਕਰ ਕਰਾਂਗੇ ਅਤੇ ਲੇਖ ਦੇ ਅਗਲੇ ਹਿੱਸੇ ਵਿੱਚ ਪੰਜਾਬੀ ਵਿਕੀਪੀਡੀਏ ਦਾ ਭਾਵ ਗੁਰਮੁਖੀ ਵਿੱਚ ਲਿਖਿਆ ਜਾ ਰਿਹਾ ਪੰਜਾਬੀ ਵਿਕੀਪੀਡੀਆ ਹੋਵੇਗਾ। ਇਸ ਵਿਕੀਪੀਡੀਏ ਦੀ ਸ਼ੁਰੂਆਤ ਜੂਨ 2002 ਵਿੱਚ ਹੋਈ ਜਿਸ ਮਹੀਨੇ ਇਸ 'ਤੇ ਪਹਿਲਾ ਆਰਟੀਕਲ ਲਿਖਿਆ ਗਿਆ। ਪਰ ਅਗਲੇ ਦੋ ਸਾਲਾਂ ਤੱਕ ਇਸ ਵਿੱਚ ਕੋਈ ਤਬਦੀਲੀ ਨਹੀਂ ਹੋਈ ਭਾਵ ਜਨਵਰੀ 2005 ਤੱਕ ਪੰਜਾਬੀ ਵਿਕੀਪੀਡੀਏ 'ਤੇ ਮੌਜੂਦ ਆਰਟੀਕਲਾਂ ਦੀ ਗਿਣਤੀ ਇਕ 'ਤੇ ਹੀ ਟਿਕੀ ਰਹੀ। ਫਰਵਰੀ 2005 ਵਿੱਚ ਇਕ ਹੋਰ ਆਰਟੀਕਲ ਲਿਖਿਆ ਗਿਆ ਅਤੇ ਲਿਖੇ ਆਰਟੀਕਲਾਂ ਦੀ ਗਿਣਤੀ ਦੋ ਹੋ ਗਈ। ਪਰ ਉਸ ਤੋਂ ਬਾਅਦ ਵੀ ਪੰਜਾਬੀ ਵਿਕੀਪੀਡੀਏ 'ਤੇ ਆਰਟੀਕਲ ਲਿਖਣ ਦੇ ਕਾਰਜ ਵਿੱਚ ਕੋਈ ਵੱਡੀ ਹਿਲਜੁਲ ਨਹੀਂ ਹੋਈ। ਸ਼ੁਰੂਆਤ ਤੋਂ 4 ਸਾਲ ਬਾਅਦ ਜੂਨ 2006 ਵਿੱਚ, ਇਸ ਉਤਲੇ ਆਰਟੀਕਲਾਂ ਦੀ ਗਿਣਤੀ 39 ਹੋ ਗਈ ਅਤੇ ਸ਼ੁਰੂਆਤ ਤੋਂ 5 ਸਾਲ ਬਾਅਦ ਜੂਨ 2007 ਵਿੱਚ ਇਹ ਗਿਣਤੀ 191 ਤੱਕ ਪਹੁੰਚ ਗਈ। ਇਸ ਤੋਂ ਬਾਅਦ ਵੀ ਆਰਟੀਕਲ ਲਿਖੇ ਜਾਣ ਦੀ ਰਫਤਾਰ ਬਹੁਤ ਹੀ ਧੀਮੀ ਰਹੀ ਪਰ ਫਿਰ ਵੀ ਗਿਣਤੀ ਵਿੱਚ ਥੋੜ੍ਹਾ ਥੋੜ੍ਹਾ ਵਾਧਾ ਹੁੰਦਾ ਰਿਹਾ। ਅਪ੍ਰੈਲ 2009 ਵਿੱਚ, ਸ਼ੁਰੂਆਤ ਤੋਂ ਤਕਰੀਬਨ 7 ਸਾਲ ਬਾਅਦ ਪੰਜਾਬੀ ਵਿਕੀਪੀਡੀਏ 'ਤੇ ਛਪੇ ਆਰਟੀਕਲਾਂ ਦੀ ਗਿਣਤੀ 1000 ਦੀ ਹੱਦ ਟੱਪ ਗਈ ਅਤੇ ਜੂਨ 2012 ਵਿੱਚ, ਸ਼ੁਰੂਆਤ ਤੋਂ 10 ਸਾਲ ਬਾਅਦ ਇਹ ਗਿਣਤੀ 3400 ਤੱਕ ਪਹੁੰਚ ਗਈ।

ਜੁਲਾਈ/ਅਗਸਤ 2012 ਵਿੱਚ ਵਿਕੀਪੀਡੀਆ ਫਾਊਂਡੇਸ਼ਨ ਵਲੋਂ 27 ਜੁਲਾਈ ਨੂੰ ਲੁਧਿਆਣਾ ਵਿਖੇ, 16 ਅਗਸਤ ਨੂੰ ਪਟਿਆਲਾ ਵਿਖੇ ਅਤੇ 17 ਅਗਸਤ ਨੂੰ ਅੰਮ੍ਰਿਤਸਰ ਵਿਖੇ ਵਿਕੀਪੀਡੀਏ ਬਾਰੇ ਮੁਢਲੀ ਜਾਣਕਾਰੀ ਦੇਣ ਲਈ ਵਰਕਸ਼ਾਪਾਂ ਲਾਈਆਂ ਗਈਆਂ। ਇਹ ਵਰਕਸ਼ਾਪਾਂ ਲਾਉਣ ਵਾਲੀ ਟੀਮ ਦੇ ਮੈਂਬਰ ਸਨ: ਸ਼ੁਭਅਸ਼ੀਸ਼, ਸ਼ੀਜੂ ਐਲਿਕਸ ਅਤੇ ਗੁਰਦੀਪ ਸਿੰਘ (ਜੀ ਐੱਸ) ਗੁਗਲਾਨੀ। ਸ਼ੁਭਅਸ਼ੀਸ਼ ਅਤੇ ਸ਼ੀਜੂ ਵਿਕੀਪੀਡੀਆ ਫਾਊਂਡੇਸ਼ਨ ਨਾਲ ਸੰਬੰਧਤ ਸਨ ਅਤੇ ਗੁਰਦੀਪ ਸਿੰਘ ਗੁਗਲਾਨੀ ਪੰਜਾਬੀ ਵਿਕੀਪੀਡੀਏ ਉੱਤੇ ਲਿਖਣ ਵਾਲਿਆਂ ਵਿੱਚੋਂ ਇਕ ਸਰਗਰਮ ਐਡੀਟਰ ਸਨ, ਜਿਹੜੇ ਉਸ ਸਮੇਂ ਤੱਕ ਪੰਜਾਬੀ ਵਿਕੀਪੀਡੀਏ ਲਈ 250 ਆਰਟੀਕਲ ਲਿਖ ਕੇ ਆਪਣਾ ਯੋਗਦਾਨ ਪਾ ਚੁੱਕੇ ਸਨ। ਇਸ ਲਈ ਇਹਨਾਂ ਵਰਕਸ਼ਾਪਾਂ ਵਿੱਚ ਆਏ ਸ੍ਰੋਤਿਆਂ ਨੂੰ ਵਿਕੀਪੀਡੀਏ ਦੀ ਕਾਰਗੁਜ਼ਾਰੀ ਸਮਝਾਉਣ ਦਾ ਕੰਮ ਗੁਰਦੀਪ ਸਿੰਘ ਗੁਗਲਾਨੀ ਨੇ ਕੀਤਾ। ਇਸ ਸਮੇਂ ਤੋਂ ਬਾਅਦ ਪੰਜਾਬੀ ਵਿਕੀਪੀਡੀਏ 'ਤੇ ਆਰਟੀਕਲਾਂ ਦੀ ਗਿਣਤੀ ਵਧਣ ਦੀ ਰਫਤਾਰ ਵਿੱਚ ਥੋੜ੍ਹੀ ਜਿਹੀ ਤੇਜ਼ੀ ਆਈ ਜਾਪਦੀ ਹੈ। ਉਦਾਹਰਨ ਲਈ ਜੂਨ 2013 ਵਿੱਚ ਵਿਕੀਪੀਡੀਏ 'ਤੇ ਛਪੇ ਪੰਜਾਬੀ ਆਰਟੀਕਲਾਂ ਦੀ ਗਿਣਤੀ 6600 ਹੋ ਗਈ, ਅਪ੍ਰੈਲ 2014 ਇਹ ਗਿਣਤੀ 10,000 'ਤੇ ਪਹੁੰਚ ਗਈ ਅਤੇ ਇਸ ਸਮੇਂ 28 ਮਈ 2015 ਨੂੰ ਪੰਜਾਬੀ ਵਿਕੀਪੀਡੀਏ 'ਤੇ ਛਪੇ ਆਰਟੀਕਲਾਂ ਦੀ ਗਿਣਤੀ 16 ਹਜ਼ਾਰ 988 ਹੈ ਅਤੇ ਵੱਖ ਵੱਖ ਭਾਸ਼ਾਵਾਂ ਦੇ ਵਿਕੀਪੀਡੀਆਵਾਂ ਉੱਤੇ ਛਪੇ ਆਰਟੀਕਲਾਂ ਦੀ ਗਿਣਤੀ ਦੇ ਹਿਸਾਬ ਨਾਲ 288 ਭਾਸ਼ਾਵਾਂ ਦੇ ਵਿਕੀਪੀਡੀਆਵਾਂ ਵਿੱਚੋਂ ਪੰਜਾਬੀ ਵਿਕੀਪੀਡੀਏ ਦੀ ਥਾਂ ਇਕ ਸੌ ਛੇਵੇਂ (106ਵੇਂ) ਨੰਬਰ 'ਤੇ ਹੈ।

ਜਿਵੇਂ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਵਿਕੀਪੀਡੀਏ ਵਿੱਚ ਲਿਖਣ ਦਾ ਯੋਗਦਾਨ ਪਾਉਣ ਵਾਲਿਆਂ ਦਾ ਰਿਕਾਰਡ ਰੱਖਣ ਲਈ ਲਿਖਣ ਵਾਲੇ ਲੋਕਾਂ ਨੂੰ ਵੱਖ ਵੱਖ ਸ਼੍ਰੇਣੀਆਂ ਵਿੱਚ ਰੱਖਿਆ ਗਿਆ ਹੈ। ਜਿਹੜਾ ਵਿਅਕਤੀ ਵਿਕੀਪੀਡੀਏ 'ਤੇ ਆਪਣਾ ਖਾਤਾ ਖੁਲ੍ਹਵਾਉਣ ਤੋਂ ਬਾਅਦ 10 ਸੋਧਾਂ ਕਰ ਦਿੰਦਾ ਹੈ ਉਸ ਨੂੰ ਕੰਟਰੀਬਿਊਟਰ (ਯੋਗਦਾਨ ਪਾਉਣ ਵਾਲੇ) ਦੀ ਸ਼੍ਰੇਣੀ ਵਿੱਚ ਰੱਖਿਆ ਜਾਂਦਾ ਹੈ ਅਤੇ ਉਹਨੂੰ ਸਦਾ ਇਕ ਕੰਟਰੀਬਿਊਟਰ ਵਜੋਂ ਗਿਣਿਆ ਜਾਂਦਾ ਹੈ । ਜਿਹੜਾ ਵਿਅਕਤੀ ਕਿਸੇ ਵੀ ਇਕ ਮਹੀਨੇ ਵਿੱਚ ਵਿਕੀਪੀਡੀਏ 'ਤੇ ਘੱਟੋ-ਘੱਟ 5 ਸੋਧਾਂ ਕਰਦਾ ਹੈ, ਉਸ ਨੂੰ ਉਸ ਮਹੀਨੇ ਦੌਰਾਨ ਐਕਟਿਵ ਐਡੀਟਰ ਜਾਂ ਯੂਜ਼ਰ (ਸਰਗਰਮ ਵਰਤੋਂਕਾਰ) ਦੀ ਸ਼੍ਰੇਣੀ ਵਿੱਚ ਰੱਖਿਆ ਜਾਂਦਾ ਹੈ ਅਤੇ ਜਿਹੜਾ ਵਿਅਕਤੀ ਇਕ ਮਹੀਨੇ ਵਿੱਚ ਘੱਟੋ-ਘੱਟ 100 ਸੋਧਾਂ ਕਰਦਾ ਹੈ, ਉਸ ਨੂੰ ਵੈਰੀ ਐਕਟਿਵ ਐਡੀਟਰ ਜਾਂ ਯੂਜ਼ਰ (ਬਹੁਤ ਸਰਗਰਮ ਵਰਤੋਂਕਾਰ) ਦੀ ਸ਼੍ਰੇਣੀ ਵਿੱਚ ਰੱਖਿਆ ਜਾਂਦਾ ਹੈ।

ਮਾਰਚ 2015 ਦੇ ਅੰਕੜਿਆਂ ਅਨੁਸਾਰ, ਇਹਨਾਂ ਮਿਆਰਾਂ ਦੇ ਹਿਸਾਬ ਨਾਲ ਪੰਜਾਬੀ ਵਿਕੀਪੀਡੀਏ 'ਤੇ ਖਾਤਾ ਖੁਲ੍ਹਵਾ ਕੇ 10 ਸੋਧਾਂ ਕਰਨ ਵਾਲੇ ਕੁੱਲ 154 ਵਰਤੋਂਕਾਰ ਸਨ। ਇਸ ਮਹੀਨੇ ਦੌਰਾਨ ਘੱਟੋ ਘੱਟ 5 ਸੋਧਾਂ ਕਰਨ ਵਾਲੇ 34 ਐਡੀਟਰ ਸਨ। ਪਰ ਇਸ ਮਹੀਨੇ ਵਿੱਚ 100 ਤੋਂ ਵੱਧ ਸੋਧਾਂ ਕਰਨ ਵਾਲੇ ਸਿਰਫ 7 ਐਡੀਟਰ ਸਨ, ਜਿਹਨਾਂ ਨੂੰ ਬਹੁਤ ਸਰਗਰਮ ਐਡੀਟਰ ਦੀ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ। ਅਸਲ ਵਿੱਚ ਇਹ ਸਰਗਰਮ ਐਡੀਟਰ ਹੀ ਹੁੰਦੇ ਹਨ ਜਿਹਨਾਂ ਕਰਕੇ ਕਿਸੇ ਵੀ ਭਾਸ਼ਾ ਦੇ ਵਿਕੀਪੀਡੀਏ ਦੀ ਨਿਰੰਤਰਤਾ ਅਤੇ ਵਿਕਾਸ ਕਾਇਮ ਰਹਿੰਦਾ ਹੈ। ਪੰਜਾਬੀ ਵਿਕੀਪੀਡੀਏ ਦੇ ਸੰਬੰਧ ਵਿੱਚ ਜੂਨ 2001 ਤੋਂ ਲੈ ਕੇ ਮਾਰਚ 2015 ਤੱਕ ਬਹੁਤ ਸਰਗਰਮ ਐਡੀਟਰਾਂ ਦੀ ਗਿਣਤੀ ਕਦੇ ਵੀ 8 ਤੋਂ ਨਹੀਂ ਵਧੀ। ਅੱਠ ਤੱਕ ਵੀ ਇਹ ਗਿਣਤੀ ਇਕ ਦੋ ਮਹੀਨਿਆਂ ਦੌਰਾਨ ਹੀ ਹੋਈ ਹੈ। ਬਹੁਤੇ ਮਹੀਨਿਆਂ ਦੌਰਾਨ ਇਹ ਗਿਣਤੀ 5 ਤੋਂ ਹੇਠਾਂ ਹੇਠਾਂ ਹੀ ਰਹੀ ਹੈ। ਅੰਕੜਿਆਂ ਦੀਆਂ ਰਿਪੋਰਟਾਂ ਅਨੁਸਾਰ ਅੱਗੇ ਦਿੱਤੇ 6 ਵਿਅਕਤੀਆਂ ਨੇ ਹੁਣ ਤੱਕ ਪੰਜਾਬੀ ਵਿਕੀਪੀਡੀਏ ਤੇ ਬਹੁਤ ਸਰਗਰਮ ਐਡੀਟਰਾਂ ਵਜੋਂ ਕੰਮ ਕੀਤਾ ਹੈ: ਚਰਨ ਗਿੱਲ, ਬਬਨ ਵਾਲੀਆ, ਸਤਦੀਪ ਗਿੱਲ, ਸੁਸ਼ੀਲ ਮਿਸ਼ਰਾ, ਪਰਵੀਰ ਗਰੇਵਾਲ ਅਤੇ ਗੁਗਲਾਨੀ। ਇਹਨਾਂ ਸਾਰਿਆਂ ਨੇ ਮਾਰਚ 2015 ਤੱਕ ਇਕ ਇਕ ਹਜ਼ਾਰ ਤੋਂ ਵੱਧ ਸੋਧਾਂ ਕੀਤੀਆਂ ਹਨ। ਜੇ ਸੋਧਾਂ ਦਾ ਪੱਕਾ ਵੇਰਵਾ ਦੇਣਾ ਹੋਵੇ ਤਾਂ ਮਾਰਚ 2015 ਤੱਕ ਚਰਨ ਗਿੱਲ ਨੇ 31014, ਬਬਨ ਵਾਲੀਆ ਨੇ 10467, ਸਤਦੀਪ ਗਿੱਲ ਨੇ 9117, ਸੁਸ਼ੀਲ ਮਿਸ਼ਰਾ ਨੇ 2179, ਪਰਵੀਰ ਗਰੇਵਾਲ ਨੇ 1875 ਅਤੇ ਗੁਗਲਾਨੀ ਨੇ 1133 ਸੋਧਾਂ ਕੀਤੀਆਂ ਹਨ। ਵਿਕੀਪੀਡੀਏ 'ਚ ਛਪੇ ਆਰਟੀਕਲਾਂ ਦੇ ਅਨੁਸਾਰ ਵੀ ਇਹਨਾਂ ਸਾਰਿਆਂ ਦਾ ਯੋਗਦਾਨ ਜ਼ਿਕਰਯੋਗ ਹੈ। ਮਾਰਚ 2015 ਤੱਕ ਚਰਨ ਗਿੱਲ ਨੇ 6440 ਆਰਟੀਕਲ, ਬਬਨਵਾਲੀਆ ਨੇ 1852, ਸਤਦੀਪ ਗਿੱਲ ਨੇ 958, ਪਰਵੀਰ ਗਰੇਵਾਲ ਨੇ 625, ਸੁਸ਼ੀਲ ਮਿਸ਼ਰਾ ਨੇ 225 ਅਤੇ ਗੁਗਲਾਨੀ ਨੇ 125 ਆਰਟੀਕਲ ਬਣਾਏ ਹਨ। ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਪੰਜਾਬੀ ਵਿਕੀਪੀਡੀਏ ਦੇ ਇਹਨਾਂ 6 ਬਹੁਤ ਸਰਗਰਮ ਐਡੀਟਰਾਂ ਵਿੱਚ ਬਹੁਗਿਣਤੀ ਪਟਿਆਲੇ ਦੇ ਆਲੇ ਦੁਆਲੇ ਦੀ ਹੈ। ਪੰਜਾਬੀ ਵਿਕੀਪੀਡੀਏ ਦੇ ਚਾਰ ਪ੍ਰਸ਼ਾਸਕ ਹਨ ਜਿਨ੍ਹਾਂ ਦੇ ਨਾਂ ਹਨ: ਸਤਦੀਪ ਗਿੱਲ, ਚਰਨ ਗਿੱਲ, ਬਬਨ ਵਾਲੀਆ ਅਤੇ ਪਰਵੀਰ ਗਰੇਵਾਲ। ਇਹਨਾਂ ਵਿੱਚੋਂ ਤਿੰਨ ਪਟਿਆਲੇ ਦੇ ਰਹਿਣ ਵਾਲੇ ਹਨ ਅਤੇ ਇਕ ਲੁਧਿਆਣਾ ਤੋਂ ਹੈ।

ਇਹ ਗੱਲ ਸੱਚ ਹੈ ਕਿ ਇਸ ਵੇਲੇ ਤੱਕ ਪੰਜਾਬੀ ਵਿਕੀਪੀਡੀਆ ਜਾਣਕਾਰੀ ਪ੍ਰਾਪਤ ਕਰਨ ਵਾਲੇ ਪੰਜਾਬੀਆਂ ਲਈ ਜਾਣਕਾਰੀ ਦਾ ਅਹਿਮ ਸ੍ਰੋਤ ਨਹੀਂ ਬਣ ਸਕਿਆ। ਅਜਿਹਾ ਸ਼ਾਇਦ ਨਾ ਹੋਵੇ ਕਿ ਇੰਟਰਨੈੱਟ 'ਤੇ ਜਾਣਕਾਰੀ ਪ੍ਰਾਪਤ ਕਰਨ ਵਾਲੇ ਪੰਜਾਬੀ ਲਈ ਜਾਣਕਾਰੀ ਦਾ ਪਹਿਲਾ ਸ੍ਰੋਤ ਪੰਜਾਬੀ ਵਿਕੀਪੀਡੀਆ ਹੋਵੇ। ਹੋ ਸਕਦਾ ਹੈ ਕਿ ਉਹ ਅੰਗਰੇਜ਼ੀ ਵਿਕੀਪੀਡੀਏ ਵੱਲ ਨੂੰ ਜਾਂਦਾ ਹੋਵੇ। ਫਿਰ ਵੀ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਹੌਲੀ ਹੌਲੀ ਪੰਜਾਬੀ ਵਿਕੀਪੀਡੀਏ ਨੂੰ ਪੜ੍ਹਨ/ਦੇਖਣ ਵਾਲਿਆਂ ਦੀ ਗਿਣਤੀ ਵੱਧ ਰਹੀ ਹੈ। ਉਦਾਹਰਨ ਲਈ, ਜੂਨ 2012 ਦੀ ਇਕ ਰਿਪੋਰਟ ਮੁਤਾਬਕ ਪੰਜਾਬੀ ਵਿਕੀਪੀਡੀਏ ਦੇ ਸਫਿਆਂ ਨੂੰ ਇਕ ਮਹੀਨੇ ਵਿੱਚ 3 ਲੱਖ 69 ਹਜ਼ਾਰ ਵਾਰੀ ਦੇਖਿਆ ਜਾਂਦਾ ਸੀ ਅਤੇ ਮਈ 2015 ਵਿੱਚ ਇਹ ਗਿਣਤੀ 11 ਲੱਖ 72 ਹਜ਼ਾਰ 9 ਸੌ 6 ਤੱਕ ਪਹੁੰਚ ਗਈ ਹੈ।

ਇਹ ਹੈ ਪੰਜਾਬੀ ਵਿਕੀਪੀਡੀਏ ਦੀ ਸ਼ੁਰੂਆਤ ਅਤੇ ਵਿਕਾਸ ਬਾਰੇ ਸੰਖੇਪ ਵੇਰਵਾ। ਹੁਣ ਸਵਾਲ ਉੱਠਦਾ ਹੈ ਕਿ ਕੀ ਪੰਜਾਬੀ ਵਿਕੀਪੀਡੀਏ ਦੇ ਵਿਕਾਸ ਦੀ ਇਹ ਰਫਤਾਰ ਤਸੱਲੀਬਖਸ਼ ਹੈ? ਇਸ ਸਵਾਲ ਦਾ ਜੁਆਬ ਹੈ ਹਾਂ ਅਤੇ ਨਾਂਹ। ਜੇ ਅਸੀਂ ਪੰਜਾਬੀ ਵਿਕੀਪੀਡੀਏ ਲਈ ਲਿਖਣ ਵਾਲੇ ਮੁੱਠੀ ਭਰ ਬਹੁਤ ਹੀ ਸਰਗਰਮ ਐਡੀਟਰਾਂ ਦੀ ਲਗਨ, ਮਿਹਨਤ ਅਤੇ ਸਿਰੜ ਨੂੰ ਧਿਆਨ ਵਿੱਚ ਰੱਖਦਿਆਂ ਇਸ ਸਵਾਲ ਦਾ ਜੁਆਬ ਦੇਣਾ ਹੋਵੇ ਤਾਂ ਇਸ ਦਾ ਜੁਆਬ ਹੋਵੇਗਾ ਹਾਂ। ਜਿਸ ਤਰ੍ਹਾਂ ਦੀ ਪ੍ਰਤੀਬੱਧਤਾ ਨਾਲ ਇਹ ਥੋੜ੍ਹੇ ਜਿਹੇ ਵਿਅਕਤੀ ਪੰਜਾਬੀ ਵਿਕੀਪੀਡੀਏ ਦੀ ਜੋਤ ਨੂੰ ਬਲਦੀ ਰੱਖ ਰਹੇ ਹਨ, ਉਸ ਪ੍ਰਤੀਬੱਧਤਾ ਨੂੰ ਸਲਾਮ ਕਰਨਾ ਚਾਹੀਦਾ ਹੈ।

ਪਰ ਜੇ ਪੰਜਾਬੀ ਵਿਕੀਪੀਡੀਏ ਦੇ ਵਿਕਾਸ ਦੀ ਰਫਤਾਰ ਵਿਕੀਪੀਡੀਏ ਦੇ ਸਮੁੱਚੇ ਵਰਤਾਰੇ ਦੇ ਸੰਦਰਭ ਵਿੱਚ ਰੱਖ ਕੇ ਇਸ ਸਵਾਲ ਦਾ ਜੁਆਬ ਦੇਣਾ ਹੋਵੇ ਤਾਂ ਇਸ ਦਾ ਜੁਆਬ ਬਹੁਤ ਹੀ ਨਿਰਾਸ਼ਾਮਈ ਨਾਂਹ ਵਿੱਚ ਹੋਵੇਗਾ। ਇਸ ਸਮੇਂ ਬੋਲਣ ਵਾਲਿਆਂ ਦੀ ਗਿਣਤੀ ਦੇ ਹਿਸਾਬ ਨਾਲ ਦੁਨੀਆ ਭਰ ਵਿੱਚ ਪੰਜਾਬੀ ਬੋਲੀ ਦਾ ਸਥਾਨ 11ਵੇਂ ਨੰਬਰ 'ਤੇ ਆਉਂਦਾ ਹੈ, ਪਰ ਵਿਕੀਪੀਡੀਏ ਦੇ ਆਰਟੀਕਲਾਂ ਦੀ ਗਿਣਤੀ ਦੇ ਹਿਸਾਬ ਨਾਲ ਮਾਰਚ 2015 ਦੇ ਅੰਕੜਿਆਂ ਦੇ ਮੁਤਾਬਕ ਪੰਜਾਬੀ ਵਿਕੀਪੀਡੀਏ ਦਾ ਸਥਾਨ 106ਵੇਂ ਨੰਬਰ 'ਤੇ ਹੈ। ਪਿਛਲੇ ਤੇਰਾਂ ਸਾਲਾਂ ਦੇ ਸਫਰ ਦੌਰਾਨ ਪੰਜਾਬੀ ਵਿਕੀਪੀਡੀਏ ਲਈ ਲਿਖਣ ਲਈ ਸਿਰਫ ਅੱਧੀ ਦਰਜਨ ਦੇ ਕਰੀਬ ਬਹੁਤ ਸਰਗਰਮ ਐਡੀਟਰ ਹੀ ਪੈਦਾ ਹੋ ਸਕੇ ਹਨ, ਅਤੇ 17 ਹਜ਼ਾਰ ਦੇ ਕਰੀਬ ਆਰਟੀਕਲ ਹੀ ਲਿਖੇ ਜਾ ਸਕੇ ਹਨ। ਇਸ ਦੇ ਕੀ ਕਾਰਨ ਹਨ, ਸਾਨੂੰ ਇਸ ਬਾਰੇ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ।

ਕੁੱਝ ਹੱਦ ਤੱਕ ਵਿਕੀਪੀਡੀਏ ਜਾਂ ਸਮੁੱਚੇ ਇੰਟਰਨੈੱਟ ਨਾਲ ਸੰਬੰਧਤ ਕੁਝ ਢਾਂਚਾਗਤ ਕਾਰਨ ਪੰਜਾਬੀ ਵਿਕੀਪੀਡੀਏ ਦੇ ਧੀਮੇ ਵਿਕਾਸ ਲਈ ਜ਼ਿੰਮੇਵਾਰ ਹੋ ਸਕਦੇ ਹਨ। ਇਹਨਾਂ ਕਾਰਨਾਂ ਵਿੱਚੋਂ ਇਕ ਹੈ ਪੰਜਾਬ ਦੀ ਕੁੱਲ ਵਸੋਂ ਦੇ ਇਕ ਛੋਟੇ ਜਿਹੇ ਹਿੱਸੇ ਦੀ ਹੀ ਇੰਟਰਨੈੱਟ ਤੱਕ ਪਹੁੰਚ ਹੈ। ਦੁਨੀਆ ਭਰ ਵਿੱਚ ਇੰਟਰਨੈੱਟ ਵਰਤੋਂਕਾਰਾਂ ਬਾਰੇ ਮਿਲਦੇ ਅੰਕੜਿਆਂ ਅਨੁਸਾਰ ਸੰਨ 2014 ਵਿੱਚ ਹਿੰਦੁਸਤਾਨ ਦੀ ਕੁੱਲ ਵਸੋਂ ਦੇ ਸਿਰਫ 19.19 ਫੀਸਦੀ ਹਿੱਸੇ ਦੀ ਹੀ ਇੰਟਰਨੈੱਟ ਤੱਕ ਪਹੁੰਚ ਸੀ। ਪੰਜਾਬ ਬਾਰੇ ਸੰਨ 2014 ਦੇ ਅੰਕੜੇ ਪ੍ਰਾਪਤ ਨਹੀਂ ਹੋ ਸਕੇ ਪਰ ਸੰਨ 2011 ਦੀ ਮਰਦਮਸ਼ੁਮਾਰੀ ਦੇ ਅਨੁਸਾਰ ਪੰਜਾਬ ਵਿੱਚ 5.4 ਫੀਸਦੀ ਘਰਾਂ (ਹਾਊਸਹੋਲਡਜ਼) ਵਿੱਚ ਇੰਟਰਨੈੱਟ ਦੀ ਸਹੂਲਤ ਸੀ। ਇਸ ਤੋਂ ਪਹਿਲੇ ਸਾਲਾਂ ਦੌਰਾਨ ਪੰਜਾਬੀਆਂ ਦੀ ਇੰਟਰਨੈੱਟ ਤੱਕ ਪਹੁੰਚ ਇਸ ਤੋਂ ਹੋਰ ਵੀ ਘੱਟ ਹੋਵੇਗੀ। ਇਸ ਲਈ ਪੰਜਾਬੀ ਵਿਕੀਪੀਡੀਏ ਦੀ ਹੋਂਦ ਦੇ ਸ਼ੁਰੂ ਦੇ ਸਾਲਾਂ ਵਿੱਚ ਪੰਜਾਬੀਆਂ ਦੀ ਬਹੁਤ ਘੱਟ ਵਸੋਂ ਦੀ ਇੰਟਰਨੈੱਟ ਤੱਕ ਪਹੁੰਚ ਸੀ ਜਿਸ ਨੇ ਇਸ ਦੇ ਵਿਕਾਸ ਨੂੰ ਧੀਮਾ ਰੱਖਣ ਵਿੱਚ ਜ਼ਰੂਰ ਆਪਣਾ ਰੋਲ ਨਿਭਾਇਆ ਹੋਵੇਗਾ।

ਇਸ ਸੰਬੰਧ ਵਿੱਚ ਦੂਜੀ ਸਮੱਸਿਆ ਪੰਜਾਬੀ ਵਿਕੀਪੀਡੀਏ 'ਤੇ ਪੰਜਾਬੀ ਲਿਖਣ ਵਾਲੇ ਢੰਗ ਦੀ ਸੀ। ਬੇਸ਼ੱਕ ਇਸ ਸਮੇਂ ਪੰਜਾਬੀ ਵਿਕੀਪੀਡੀਏ 'ਤੇ ਲਿਖਣ ਵਾਲਾ ਢੰਗ ਕਾਫੀ ਸਰਲ ਹੈ। ਕੋਈ ਵੀ ਵਿਅਕਤੀ ਜਿਸ ਕੋਲ ਪੰਜਾਬੀ ਨੂੰ ਯੂਨੀਕੋਡ ਵਿੱਚ ਲਿਖਣ ਦੀ ਸਮਰੱਥਾ ਹੈ, ਉਹ ਆਪਣੀ ਆਫ ਲਾਈਨ ਯੂਨੀਕੋਡ ਵਿੱਚ ਲਿਖੀ ਹੋਈ ਲਿਖਤ ਨੂੰ ਪੰਜਾਬੀ ਵਿਕੀਪੀਡੀਏ 'ਤੇ ਪਾ ਸਕਦਾ ਹੈ। ਇਸ ਤੋਂ ਬਿਨਾਂ ਪੰਜਾਬੀ ਵਿਕੀਪੀਡੀਏ ਦੇ ਸਾਈਟ ਉੱਪਰ ਵੀ ਪੰਜਾਬੀ ਵਿਕੀਪੀਡੀਏ 'ਤੇ ਪੰਜਾਬੀ ਵਿੱਚ ਲਿਖਣ ਲਈ ਦੋ -ਤਿੰਨ ਵੱਖਰੇ ਵੱਖਰੇ ਢੰਗ ਦਿੱਤੇ ਹੋਏ ਹਨ। ਤੁਸੀਂ ਉਹਨਾਂ ਵਿੱਚੋਂ ਆਪਣੀ ਪਸੰਦ ਦਾ ਕੋਈ ਵੀ ਢੰਗ ਚੁਣ ਸਕਦੇ ਹੋ। ਪਰ ਨਵੰਬਰ 2011 ਤੋਂ ਪਹਿਲਾਂ ਪੰਜਾਬੀ ਵਿਕੀਪੀਡੀਏ 'ਤੇ ਪੰਜਾਬੀ ਵਿੱਚ ਲਿਖ ਕੇ ਪਾਉਣ ਦਾ ਢੰਗ ਗੁੰਝਲਦਾਰ ਸੀ ਜਾਂ ਏਨਾ ਸੌਖਾ ਨਹੀਂ ਸੀ। ਇਹ ਗੱਲ ਵੀ ਪੰਜਾਬੀ ਵਿਕੀਪੀਡੀਏ ਦੇ ਧੀਮੇ ਵਿਕਾਸ ਦਾ ਕਾਰਨ ਹੋ ਸਕਦੀ ਹੈ।

ਉਪ੍ਰੋਕਤ ਕਾਰਨ ਪੰਜਾਬੀ ਵਿਕੀਪੀਡੀਏ ਦੇ ਧੀਮੇ ਵਿਕਾਸ ਲਈ ਕੁੱਝ ਹੱਦ ਤੱਕ ਤਾਂ ਜ਼ਿੰਮੇਵਾਰ ਹੋ ਸਕਦੇ ਹਨ, ਪਰ ਇਹ ਕਾਰਨ ਇਸ ਗੱਲ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਨਹੀਂ ਹਨ। ਇਹ ਸੱਚ ਹੈ ਕਿ ਪੰਜਾਬ ਵਿੱਚ ਬਹੁਤ ਥੋੜ੍ਹੀ ਵਸੋਂ ਦੀ ਇੰਟਰਨੈੱਟ ਤੱਕ ਪਹੁੰਚ ਹੈ। ਪਰ ਅੱਜ ਪੰਜਾਬੀ ਇਕੱਲੇ ਪੰਜਾਬ ਵਿੱਚ ਨਹੀਂ ਰਹਿੰਦੇ ਸਗੋਂ ਬਹੁਤ ਵੱਡੀ ਗਿਣਤੀ ਵਿੱਚ ਇੰਗਲੈਂਡ, ਕੈਨੇਡਾ, ਅਮਰੀਕਾ, ਜਰਮਨੀ, ਅਸਟ੍ਰੇਲੀਆ ਆਦਿ ਮੁਲਕਾਂ ਵਿੱਚ ਵੀ ਰਹਿ ਰਹੇ ਹਨ। ਇਹਨਾਂ ਮੁਲਕਾਂ ਵਿੱਚ ਰਹਿੰਦੇ 86×-93× ਤੱਕ ਲੋਕਾਂ ਦੀ ਇੰਟਰਨੈੱਟ ਤੱਕ ਪਹੁੰਚ ਹੈ। ਇਹਨਾਂ ਮੁਲਕਾਂ ਵਿੱਚ ਵਸਦੇ ਬਹੁਗਿਣਤੀ ਪੰਜਾਬੀਆਂ ਦੀ ਵੀ ਇੰਟਰਨੈੱਟ ਤੱਕ ਪਹੁੰਚ ਹੈ। ਪਰ ਬਾਹਰਲੇ ਦੇਸ਼ਾਂ ਵਿੱਚ ਵਸਦੇ ਪੰਜਾਬੀਆਂ ਵਿੱਚੋਂ ਪੰਜਾਬੀ ਵਿਕੀਪੀਡੀਏ ਵਿੱਚ ਇਕ ਸਰਗਰਮ ਐਡੀਟਰ (ਵਰਤੋਂਕਾਰ) ਦੇ ਤੌਰ 'ਤੇ ਯੋਗਦਾਨ ਪਾਉਣ ਵਾਲਾ ਸ਼ਾਇਦ ਇਕ ਅੱਧ ਪੰਜਾਬੀ ਹੀ ਹੋਵੇ।

(ਬਾਕੀ ਅਗਲੇ ਅੰਕ 'ਚ)

**ਸਵੱਛ ਭਾਰਤ ਮਿਸ਼ਨ ਦਾ ਪੋਲ**


# ਮੋਦੀ ਸਰਕਾਰ ਦੇ 'ਸਵੱਛ ਭਾਰਤ ਦਾ ਮਿਸ਼ਨ ਦਾ ਪੋਲ



ਮੋਦੀ ਸਰਕਾਰ ਵੱਲੋਂ ਪਿਛਲੇ ਸਾਲ ਮਹਾਤਮਾ ਗਾਂਧੀ ਦੇ ਜਨਮ ਦਿਨ 'ਤੇ 'ਸਵੱਛ ਭਾਰਤ ਮਿਸ਼ਨ' ਨਾਂ ਦੀ ਯੋਜਨਾ ਦਾ ਐਲਾਨ ਬੜੇ ਧੂਮ ਧੜੱਕੇ ਨਾਲ ਕੀਤਾ ਗਿਆ। ਖ਼ੁਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹੱਥ ਵਿੱਚ ਝਾੜੂ ਚੁੱਕ ਕੇ ਭਾਰਤ ਨੂੰ ਸਾਫ਼ ਸੁਥਰਾ ਅਤੇ ਸਿਹਤਮੰਦ ਬਣਾਉਣ ਦਾ ਹੋਕਾ ਦਿੰਦਿਆਂ ਸਾਰੇ ਦੇਸ ਵਾਸੀਆਂ ਨੂੰ ਇਸ ਬਾਰੇ ਜਾਗਰੂਕ ਹੋਣ ਲਈ ਕਿਹਾ। ਉਸ ਦੀ ਦੇਖਾ ਦੇਖੀ ਸਾਰੇ ਕੇਂਦਰੀ ਵਜ਼ੀਰਾਂ, ਵੱਡੇ ਸਰਕਾਰੀ ਅਧਿਕਾਰੀਆਂ ਅਤੇ 'ਸਿਵਲ ਸੁਸਾਇਟੀ' ਦੇ ਪ੍ਰਤੀਨਿਧਾਂ ਨੇ ਆਪਣੇ ਹੱਥ ਵਿੱਚ ਝਾੜੂ ਉਠਾ ਲਏ ਅਤੇ ਇਸ ਤਰਾਂ ਉਹ ਵੱਡੀ ਪੱਧਰ 'ਤੇ ਆਪਣੀਆਂ ਫੋਟੋਆਂ ਖਿਚਵਾਉਂਦੇ ਹੋਏ ਇਸ ਪ੍ਰੋਗਰਾਮ ਨੂੰ ਅੱਗੇ ਵਧਾਉਣ ਦੇ ਜੋਸ਼ ਭਰਭੂਰ ਦਿਖਾਵਾ ਕਰਦੇ ਦੇਖੇ ਗਏ। ਇਸ ਸਕੀਮ ਤਹਿੱਤ ਇਹ ਤਹਿ ਕੀਤਾ ਗਿਆ ਕਿ ਮਹਾਤਮਾ ਗਾਂਧੀ ਦੀ 150ਵੀਂ ਵਰੇ ਗੰਢ 2 ਅਕਤੂਬਰ 2019 ਤੱਕ ਦੇਸ ਦਾ ਕੋਨਾ ਕੋਨਾ ਗੰਦਗੀ ਤੋ ਮੁਕਤ ਕੀਤਾ ਜਾਵੇਗਾ ਅਤੇ ਇੱਕ ਨਵਾਂ, ਸਿਹਤਮੰਦ ਅਤੇ ਸਾਫ਼ ਸੁਥਰਾ ਭਾਰਤ ਦੁਨੀਆਂ ਦੇ ਸਾਹਮਣੇ ਆਵੇਗਾ।

ਭਾਰਤ ਨੂੰ ਸਾਫ਼ ਸੁਥਰਾ ਬਣਾਉਣ 'ਚ ਸੱਭ ਤੋਂ ਵੱਡੀ ਸਮੱਸਿਆ ਮੋਦੀ ਸਰਕਾਰ ਨੂੰ ਇਹ ਜਾਪੀ ਕਿ ਕਰੋੜਾਂ ਭਾਰਤੀ ਲੋਕ ਖ਼ੁੱਲੇ ਮੈਦਾਨ, ਰੇਲਵੇ ਪਟੜੀਆਂ, ਸੜਕਾਂ, ਨਹਿਰਾਂ, ਡਰੇਨਾਂ ਆਦਿ ਦੇ ਨੇੜੇ ਖਾਲੀ ਥਾਵਾਂ 'ਤੇ ਟੱਟੀ-ਪਿਸ਼ਾਬ ਲਈ ਜਾਂਦੇ ਹਨ ਜਿਸ ਨਾਲ ਵੱਡੀ ਪੱਧਰ 'ਤੇ ਗੰਦਗੀ ਅਤੇ ਬਿਮਾਰੀ ਫ਼ੈਲਦੀ ਹੈ। ਇਸ ਨੂੰ ਰੋਕਣਾ ਆਪਣਾ ਤਰਜੀਹੀ ਕੰਮ ਮਿੱਥਦੇ ਹੋਏ ਸਰਕਾਰ ਨੇ ਐਲਾਨ ਕੀਤਾ ਕਿ 2 ਅਕਤੂਬਰ 2019 ਤੱਕ ਇਸ ਚਲਣ ਨੂੰ ਸਮਾਪਤ ਕਰ ਦਿੱਤਾ ਜਾਵੇਗਾ। ਇਸ ਮਕਸਦ ਲਈ ਸਰਕਾਰ ਨੇ ਨਿਸ਼ਾਨਦੇਹੀ ਕੀਤੀ ਕਿ 2011 ਦੀ ਮਰਦਮ ਸ਼ੁਮਾਰੀ ਦੇ ਅੰਕੜਿਆਂ ਮੁਤਾਬਿਕ ਦੇਸ ਦੇ ਕੁੱਲ ਪੇਂਡੂ ਪਰਿਵਾਰ 16.78 ਕਰੋੜ ਅਤੇ ਸ਼ਹਿਰੀ ਪਰਿਵਾਰ 7.88 ਕਰੋੜ ਹਨ। ਇਹਨਾਂ ਵਿੱਚੋਂ ਪੇਂਡੂ ਪਰਿਵਾਰਾਂ ਦੇ 67 ਪ੍ਰਤੀਸ਼ਤ ਯਾਨੀ 11.62 ਕਰੋੜ ਅਤੇ ਸ਼ਹਿਰੀ ਪਰਿਵਾਰਾਂ ਦਾ 13 ਪ੍ਰਤੀਸ਼ਤ ਯਾਨੀ ਕਿ 1.47 ਕਰੋੜ ਕੋਲ ਕੋਈ ਪਖਾਨਾ ਨਹੀਂ। ਸਰਕਾਰ ਦਾ ਟੀਚਾ ਹੈ ਕਿ ਤਹਿ ਕੀਤੇ ਸਮੇਂ ਅੰਦਰ 13.04 ਕਰੋੜ ਪਖਾਨੇ ਪੇਂਡੂ ਅਤੇ ਸ਼ਹਿਰੀ ਘਰਾਂ ਅੰਦਰ ਬਣਾ ਕੇ ਦਿੱਤੇ ਜਾਣਗੇ ਅਤੇ ਇਸ ਤੋਂ ਇਲਾਵਾ 5 ਲੱਖ ਪਖਾਨੇ ਜਨਤਕ ਅਤੇ ਸਾਂਝੀਆਂ ਥਾਵਾਂ 'ਤੇ ਬਣਾਏ ਜਾਣਗੇ। ਹੁਣ ਤੱਕ ਕੇਂਦਰ ਸਰਕਾਰ ਵੱਲੋਂ ਪਿੰਡਾਂ ਵਿੱਚ 95 ਲੱਖ ਅਤੇ ਸ਼ਹਿਰਾਂ ਵਿੱਚ 4.64 ਲੱਖ ਪਖਾਨੇ ਹੀ ਬਣਾਏ ਗਏ ਹਨ ਜੋ ਮਿੱਥੇ ਟੀਚੇ ਤੋਂ ਕੋਹਾਂ ਦੂਰ ਹਨ। ਜਿਹੜੇ ਪੁਖਾਨੇ ਬਣਾਏ ਵੀ ਗਏ ਹਨ ਉਨਾਂ ਦੀ ਵਰਤੋਂ ਵੀ ਪਖਾਨੇ ਵਜੋਂ ਨਹੀਂ ਹੋ ਰਹੀ। ਉਨਾਂ ਵਿੱਚੋਂ ਜ਼ਿਆਦਾਤਰ ਅਨਾਜ ਰੱਖਣ, ਪਸ਼ੂ ਬੰਨਣ ਜਾਂ ਹੋਰ ਕੰਮਾਂ ਲਈ ਵਰਤੇ ਜਾ ਰਹੇ ਹਨ। ਜਿਹੜੇ ਦੇਸ ਦੇ 77 ਪ੍ਰਤੀਸ਼ਤ ਲੋਕ 20 ਰੁਪਏ ਤੋਂ ਵੀ ਘੱਟ 'ਤੇ ਆਪਣਾ ਦਿਨ ਗੁਜ਼ਾਰਦੇ ਹੋਣ ਅਤੇ ਜਿੱਥੇ ਕਰੋੜਾਂ ਲੋਕ ਫੁੱਟ ਪਾਥਾਂ ਅਤੇ ਝੁੱਗੀਆਂ ਝੌਂਪੜੀਆਂ 'ਚ ਸੌਂਦੇ ਹੋਣ ਅਤੇ ਜਿੱਥੇ 26 ਪ੍ਰਤੀਸ਼ਤ ਲੋਕ ਅੱਖਰ ਗਿਆਨ ਤੋਂ ਕੋਰੇ ਹੋਣ ਉੱਥੇ ਅਜਿਹਾ ਹੋਣਾ ਸੁਭਾਵਿਕ ਹੈ। ਜੇਕਰ ਰਿਹਾਇਸ਼ੀ ਥਾਵਾਂ ਉੱਤੇ ਪਾਣੀ ਦਾ ਯੋਗ ਪ੍ਰਬੰਧ ਨਹੀਂ ਹੋਵੇਗਾ, ਸੀਵਰੇਜ਼ ਬਗੈਰਾ ਦੀ ਕੋਈ ਸਹੂਲਤ ਨਹੀਂ ਹੋਵੇਗੀ ਅਤੇ ਫ਼ਾਲਤੂ ਕਚਰੇ ਨੂੰ ਸੰਭਾਲਣ ਅਤੇ ਇਸ ਦੀ ਢੁੱਕਵੀਂ ਵਰਤੋਂ ਕਰਨ ਦੇ ਯਤਨ ਨਹੀਂ ਕੀਤੇ ਜਾਣਗੇ ਤਾਂ ਅਜਿਹੀ ਹਾਲਤ ਵਿੱਚ ਘਰਾਂ ਅੰਦਰ ਪਖਾਨੇ ਬਨਾਉਣ ਦੀ ਕਸਰਤ ਕਰਨਾ ਅੰਕੜਿਆਂ ਦੀ ਖਾਨਾ ਪੂਰਤੀ ਕਰ ਕੇ ਸਰਕਾਰੀ ਸਕੀਮ ਦੀ ਸਫ਼ਲਤਾ ਦੀਆਂ ਫੋਕੀਆਂ ਟਾਹਰਾਂ ਮਾਰਨ ਤੋਂ ਬਿਨਾਂ ਕੱਖ ਨਹੀਂ।

ਭਾਰਤ ਨੂੰ ਸਾਫ਼ ਸੁਥਰਾ ਬਨਾਉਣ ਦਾ ਮਸਲਾ ਘਰਾਂ ਅੰਦਰ ਸਿਰਫ਼ ਪਖਾਨੇ ਬਨਾਉਣ ਨਾਲ ਹੱਲ਼ ਹੋਣ ਵਾਲਾ ਨਹੀਂ। ਇਸ ਲਈ ਜਰੂਰੀ ਹੈ ਕਿ ਲੋਕਾਂ ਦੀ ਰੋਟੀ, ਕੱਪੜਾ ਅਤੇ ਮਕਾਨ ਦੀਆਂ ਜਰੂਰਤਾਂ ਨੂੰ ਤਸੱਲੀਬਖਸ਼ ਢੰਗ ਨਾਲ ਹੱਲ ਕਰਦੇ ਹੋਏ ਉਨਾਂ ਦੀ ਸਿਹਤ ਅਤੇ ਸਿੱਖਿਆ ਦਾ ਵੀ ਯੋਗ ਪ੍ਰਬੰਧ ਕੀਤਾ ਜਾਵੇ। ਇਸ ਤਰਾਂ ਲੋਕ ਪੱਖੀ ਵਿਕਾਸ ਨਾਲ ਲੋਕਾਂ ਨੂੰ ਸਰੀਰਕ ਅਤੇ ਬੌਧਿਕ ਪੱਖੋਂ ਸਿਹਤਮੰਦ ਬਨਾਉਣ ਅਤੇ ਵਿਕਸਤ ਕਰਨ ਦਾ ਕਾਰਜ ਹੱਥ ਲਿਆ ਜਾਵੇ ਅਤੇ ਸਫ਼ਾਈ ਦੇ ਮਸਲੇ ਨੂੰ ਪੂਰੇ ਸਮਾਜ ਨੂੰ ਤੰਦਰੁਸਤ ਬਣਾਉਣ ਦਾ ਹਿੱਸਾ ਬਣਾਇਆ ਜਾਵੇ। ਪਰ ਹਾਕਮ ਜਮਾਤਾਂ ਵੱਲੋ ਦੇਸ ਦੇ ਵਿਕਾਸ ਦਾ ਜੋ ਨਮੂਨਾ ਤਿਆਰ ਕੀਤਾ ਗਿਆ ਹੈ ਉਹ ਲੋਕਾਂ ਦੇ ਉਪਰੋਕਤ ਬੁਨਿਆਦੀ ਮਸਲੇ ਹੱਲ ਕਰਨ ਵਾਲਾ ਨਹੀਂ ਸਗੋਂ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਹੋਰ ਵੀ ਭੈੜੀਆਂ ਹਾਲਤਾਂ 'ਚ ਧੱਕਣ ਵਾਲਾ ਹੈ ਜਿਸ ਕਰ ਕੇ ਦੇਸ ਦੇ ਬੇਚੈਨ ਹੋਏ ਲੋਕਾਂ ਅੰਦਰ ਖ਼ੁਦਕੁਸ਼ੀਆਂ ਦਾ ਵਰਤਾਰਾ ਵੱਡੀ ਪੱਧਰ 'ਤੇ ਪਣਪ ਰਿਹਾ ਹੈ। ਇਹ ਵਿਕਾਸ ਮਾਡਲ ਵਾਤਾਵਰਨ ਦਾ ਨਾਸ਼ ਕਰਨ ਵਾਲਾ ਹੋਣ ਕਰ ਕੇ ਲੋਕਾਂ ਦੀ ਸਿਹਤ ਲਈ ਘਾਤਕ ਸਿੱਧ ਹੋ ਰਿਹਾ ਹੈ। ਹਾਕਮ ਜਮਾਤਾ ਦੇ ਹਿਤਾਂ ਦੀ ਪਹਿਰੇਦਾਰ ਮੋਦੀ ਸਰਕਾਰ ਵੱਲੋਂ ਵੋਟਾਂ ਵਟੋਰਨ ਲਈ ਸਸਤੀ ਸ਼ੋਹਰਤ ਹਾਸਲ ਕਰਨ ਦੇ ਦਮਗਜ਼ੇ ਮਾਰ ਕੇ ਪਖਾਨਾ ਬਣਾਉਣ ਵਰਗੀਆਂ ਤਰ੍ਹਾਂ ਤਰ੍ਹਾਂ ਦੀਆਂ ਸਕੀਮਾਂ ਦੇ ਐਲਾਨ ਤਾਂ ਕੀਤੇ ਜਾ ਰਹੇ ਹਨ ਪਰ ਲੋਕਾਂ ਦੀਆਂ ਸਿਹਤ ਸਹੂਲਤਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਹੁਣੇ ਹੁਣੇ ਜਾਰੀ 'ਕੌਮੀ ਸਿਹਤ ਸੇਵਾਵਾਂ ਦੀ ਤਸਵੀਰ 2015 ਦੱਸਦੀ ਹੈ ਕਿ ਕੇਂਦਰ ਸਰਕਾਰ ਦਾ ਸਿਹਤ ਸੇਵਾਵਾਂ ਉੱਤੇ ਖਰਚ ਕੁਲ ਰਾਸ਼ਟਰੀ ਆਮਦਨ ਦਾ ਮਹਿਜ਼ 1.16 ਪ੍ਰਤੀਸ਼ਤ ਹੈ। ਪੰਜਾਬ ਸਰਕਾਰ ਇਸ ਤੋਂ ਵੀ ਘੱਟ ਖਰਚ ਕਰ ਰਹੀ ਹੈ। ਇਹ ਰਾਜ ਦੇ ਕੁੱਲ ਉਤਪਾਦਨ ਦਾ .72 ਪ੍ਰਤੀਸ਼ਤ ਖਰਚ ਕਰਦੀ ਹੈ ਜੋ ਕਿ 728 ਰੁਪਏ ਪ੍ਰਤੀ ਵਿਅਕਤੀ ਹੈ। ਇਹ ਦੇਸ ਦੇ ਸਾਰੇ ਰਾਜਾਂ ਵਿੱਚੋਂ ਸਭ ਤੋਂ ਘੱਟ ਖਰਚ ਕਰਨ ਵਾਲੇ ਹਰਿਆਣਾ ਤੋਂ ਬਾਅਦ ਦੂਸਰਾ ਸਿਹਤ ਸੇਵਾਵਾਂ 'ਤੇ ਸੱਭ ਤੋਂ ਘੱਟ ਖਰਚ ਕਰਨ ਵਾਲਾ ਰਾਜ ਹੈ। ਦੇਸ ਦੀ 126 ਕਰੋੜ ਵਸੋਂ ਵਾਸਤੇ ਸਿਰਫ਼ 20306 ਹਸਪਤਾਲ ਅਤੇ 675000 ਬੈੱਡ ਹਨ। ਇਨਾਂ ਵਿੱਚੋਂ ਇੱਕ ਤਿਹਾਈ ਤੋਂ ਵੀ ਘੱਟ ਪਿੰਡਾਂ ਵਿੱਚ ਹਨ ਜਿੱਥੇ 70 ਪ੍ਰਤੀਸ਼ਤ ਲੋਕ ਵਸਦੇ ਹਨ ਜਿਸ ਦਾ ਅਰਥ ਹੈ ਕਿ ਦੇਸ ਦੇ 61000 ਆਦਮੀਆਂ ਪਿੱਛੇ ਇੱਕ ਸਰਕਾਰੀ ਹਸਪਤਾਲ ਹੈ ਅਤੇ 1833 ਆਦਮੀਆਂ ਪਿੱਛੇ ਇੱਕ ਬੈੱਡ ਹੈ। ਇਸ ਤੋਂ ਇਲਾਵਾ ਇੱਕਨਾਮਿਕ ਇੰਨਟੈਲੀਜੈਂਸ ਯੂਨਿਟ ਨਾਮੀ ਇੱਕ ਸੰਸਥਾ ਵੱਲੋਂ ਦੂਨੀਆ ਅੰਦਰ ਮਨੁੱਖ ਦੀ ਮੌਤ ਸਮੇਂ ਉਸਨੂੰ ਸਹਾਰਾ ਦੇਣ ਅਤੇ ਦੇਖਭਾਲ ਕਰਨ ਸਬੰਧੀ ਇੱਕ ਅਧਿਅਨ ਸਾਹਮਣੇ ਆਇਆ ਹੈ। ਇਸ ਨੇ 40 ਦੇਸਾਂ ਦੀ ਪੜਤਾਲ ਕਰ ਕੇ ਜੋ ਨਤੀਜਾ ਕੱਢਿਆ ਹੈ ਉਸ ਵਿੱਚ ਭਾਰਤ ਨੂੰ ਸੱਭ ਤੋਂ ਫਾਡੀ ਮੁਲਕ ਕਰਾਰ ਦਿੱਤਾ ਹੈ। ਇਸ ਨੇ ਦੱਸਿਆ ਕਿ ਭਾਰਤ ਅੰਦਰ ਕਿਸੇ ਵਿਅਕਤੀ ਦੇ ਮਰਦੇ ਸਮੇਂ ਉਸ ਦੇ ਦੁੱਖ ਨੂੰ ਘੱਟ ਕਰਨ ਸਬੰਧੀ ਹਮਦਰਦ ਰਵੱਈਆ ਮੁਹੱਈਆ ਕਰਨ ਪੱਖੋਂ ਸੱਭ ਤੋਂ ਭੈੜੀ ਹਾਲਤ ਹੈ। ਇਸ ਕਰ ਕੇ ਭਾਰਤੀ ਨਾਗਰਿਕਾਂ ਦਾ ਮਰਨਾ ਹੋਰ ਦੇਸਾਂ ਦੇ ਮੁਕਾਬਲੇ ਕਾਫ਼ੀ ਦੁੱਖ ਦਾਇਕ ਹੁੰਦਾ ਹੈ। ਅਜਿਹੀ ਹਾਲਤ 'ਚ ਨਾ ਤਾਂ ਕੋਈ ਮਾਨਸਿਕ ਸ਼ਾਂਤੀ ਨਸੀਬ ਹੋ ਸਕਦੀ ਹੈ ਅਤੇ ਨਾ ਹੀ ਸਰੀਰਕ ਤੰਦਰੁਸਤੀ ਰਹਿ ਸਕਦੀ ਹੈ। ਸਰੀਰਕ ਅਤੇ ਬੌਧਿਕ ਪਛੜੇਵੇਂ ਦੀ ਹਾਲਤ 'ਚ ਧੱਕੇ ਗਏ ਅਤੇ ਭੁੱਖ ਨੰਗ ਨਾਲ ਘੁਲਦੇ ਅਤੇ ਚੀਥੜਿਆਂ 'ਚ ਲਿਪਟੇ ਵਿਅਕਤੀਆਂ ਪਾਸੋਂ ਸਫ਼ਾਈ ਦੇ ਆਧੁਨਿਕ ਮਿਆਰ ਕਾਇਮ ਕਰਨ ਦੀ ਆਸ ਕਰਨਾ ਬਿਲਕੁਲ ਹੀ ਫਜ਼ੂਲ ਹੈ। ਅਜਿਹੇ ਸਮਾਜ 'ਚ ਰਹਿਣ ਵਾਲੇ ਲੋਕਾਂ ਦਾ ਆਲਾ ਦੁਆਲਾ ਬਿਮਾਰੀਆਂ ਅਤੇ ਗੰਦਗੀ ਨਾਲ ਭਰਿਆ ਨਹੀਂ ਹੋਵੇਗਾ ਤਾਂ ਹੋਰ ਕੀ ਹੋਵੇਗਾ। ਦੇਸ ਦੇ ਆਲੇ ਦੁਆਲੇ ਨੂੰ ਸਾਫ਼ ਅਤੇ ਗੰਦਗੀ ਮੁਕਤ ਬਨਾਉਣ ਲਈ ਇੱਥੋਂ ਦੇ ਗੰਦੇ, ਬੋਦੇ ਅਤੇ ਭ੍ਰਿਸ਼ਟ ਹੋਏ ਕਿਸਾਨ ਮਜ਼ਦੂਰ ਤੇ ਲੋਕ ਵਿਰੋਧੀ ਰਾਜ ਪ੍ਰਬੰਧ ਅਤੇ ਸਮਾਜ ਦੀ ਸਫ਼ਾਈ ਪਹਿਲੀ ਅਤੇ ਸੱਭ ਤੋਂ ਜ਼ਰੂਰੀ ਸ਼ਰਤ ਹੈ।



ਭਾਜਪਾ ਦੀ ਹਾਰ ਸੰਘ ਦੀ ਹਾਰ ਨਹੀਂ, ਫ਼ਾਸੀਵਾਦ ਦੀ ਹਾਰ ਨਹੀਂ। ਪਟਨੇ ਦੀ ਵਿਧਾਨ ਸਭਾ ਵਿੱਚ ਬਹੁਮਤ ਸੰਘ ਦੇ ਹੈੱਡ-ਕੁਆਰਟਰ ਉੱਤੇ ਲਾਲ ਝੰਡਾ ਚੜ੍ਹਉਣਾ ਨਹੀਂ। ਸੰਘੀ ਫ਼ਾਸੀਵਾਦੀ ਆਪਣੀ ਹੋਂਦ ਲਈ ਚੋਣਾਂ ਉੱਤੇ ਨਿਰਭਰ ਨਹੀਂ ਹਨ। ਚੋਣਾਂ ਵਿੱਚ ਹਾਰ ਨਾਲ ਮੋਦੀ ਦੇ ਆਰਥਿਕ-ਸਮਾਜਿਕ ਏਜੰਡੇ ਉੱਤੇ ਝਰੀਟ ਵੀ ਨਹੀਂ ਵੱਜਣ ਲੱਗੀ। ਬਿਹਾਰ ਚੋਣਾਂ ਦੇ ਨਤੀਜੇ ਹਾਕਮ ਜਮਾਤਾਂ ਦਾ ਸੰਕਟ ਹੋਰ ਡੂੰਘਾ ਕਰਨਗੇ ਅਤੇ ਫ਼ਾਸੀਵਾਦ ਹੋਰ ਖ਼ੂੰਖਾਰ ਅਤੇ ਮਾਰਖੋਰਾ ਹੋਵੇਗਾ। ਦੰਗੇ-ਫਸਾਦ, ਵਿਰੋਧੀਆਂ ਉੱਤੇ ਹਮਲੇ ਤੇ ਕਤਲ, ਆਰਥਿਕ ਮੋਰਚੇ ਉੱਤੇ ਹੋਰ ਲੋਕ-ਮਾਰੂ ਫੈਸਲੇ। ਇਹੀ ਹੈ ਜੋ ਆਉਣ ਵਾਲੇ ਦਿਨਾਂ ਵਿੱਚ ਹੋਣ ਵਾਲਾ ਹੈ। ਅਗਾਂਹ-ਵਧੂ ਤਾਕਤਾਂ ਲਈ ਲੜ੍ਹਾਈ ਹੋਰ ਤਿੱਖੀ ਹੋਣ ਵਾਲੀ ਹੈ। ਲਾਲੂ-ਨੀਤੀਸ਼ ਫ਼ਾਸੀਵਾਦ ਦੇ ਵਿਰੋਧ ਵਿੱਚ ਕੋਈ ਜ਼ਿਕਰਯੋਗ ਭੂਮਿਕਾ ਨਿਭਾਉਣਗੇ, ਇਸਦੀ ਕੋਈ ਸੰਭਾਵਨਾ ਨਹੀਂ ਦਿਖਦੀ।

-ਅੰਮ੍ਰਿਤਪਾਲ ਦੀ ਕੰਧ ਤੋਂ ਕਾਪੀ

ਬਿਹਾਰ 'ਚ ਭਾਜਪਾ ਹਾਰ ਗਈ।ਬਹੁਤ ਸਾਰੇ ਕਨਫਿਊਜ਼ਡ ਫ਼ਾਸੀਵਾਦੀ ਵਿਰੋਧੀਆਂ ਤੋਂ ਖ਼ੁਸ਼ੀ ਸਾਂਭੀ ਨਹੀਂ ਜਾ ਰਹੀ।

ਪਰ ਓਹ ਇਹ ਨਹੀਂ ਸਮਝ ਰਹੇ ਕਿ ਫ਼ਾਸੀਵਾਦ ਨੂੰ ਵੋਟਾਂ ਦੀਆਂ ਗਿਣਤੀਆਂ ਮਿਣਤੀਆਂ ਨਾਲ ਹਰਾਇਆ ਨਹੀਂ ਜਾ ਸਕਦਾ। ਦਰਅਸਲ ਫ਼ਾਸੀਵਾਦ ਸੰਕਟ ਮੂੰਹ ਆਈਆਂ ਭਾਰਤ ਦੀਆਂ ਹਾਕਮ ਜਮਾਤਾਂ ਦੀ ਅਣਸਰਦੀ ਲੋੜ ਹੈ। 1980 ਵਿਆਂ ਤੋਂ ਚੱਲ ਰਿਹਾ ਨਵਉਦਾਰਵਾਦੀ ਨੀਤੀਆਂ ਤੇ ਅਮਲ ਹੁਣ ਜਿਸ ਮੁਕਾਮ ਤੇ ਪਹੁੰਚ ਚੁੱਕਾ ਹੈ, ਉੱਥੋਂ ਇਹਨਾਂ ਨੀਤੀਆਂ ਤੇ ਅਗਲੇਰੇ ਅਮਲ ਲਈ ਭਾਰਤ ਦੀਆਂ ਹਾਕਮ ਜਮਾਤਾਂ ਨੂੰ ਇੱਕ ਤਾਨਾਸ਼ਾਹ ਦੀ ਲੋੜ ਹੈ।ਜੋ ਮੋਦੀ ਦੇ ਰੂਪ 'ਚ ਓਹਨਾਂ ਨੂੰ ਮਿਲ ਗਿਆ ਹੈ। ਸੰਘ ਪਰਿਵਾਰ ਸੱਤਾ 'ਚ ਹੋਵੇ ਜਾਂ ਨਾਂ ਇਸਦੇ ਸਮਾਜਿਕ ਅਧਾਰ ਨੂੰ ਕੋਈ ਫਰਕ ਨਹੀਂ ਪੈਂਦਾ।ਭਾਰਤ ਦੇ ਲੋਕਾਂ 'ਚ ਧਾਰਮਿਕ ਤੁਅਸਬਾਂ ਦੀ ਜ਼ਬਰਦਸਤ ਹੋਂਦ ਅਤੇ ਭਾਰਤ ਦਾ ਆਰਥਿਕ ਸੰਕਟ ਸੰਘ ਜਿਹੀਆਂ ਤਾਕਤਾਂ ਦੇ ਅੱਗੇ ਵਧਣ ਲਈ ਜ਼ਰਖੇਜ਼ ਭੋਇੰ ਮੁਹੱਈਆ ਕਰਵਾ ਰਿਹਾ ਹੈ। ਸਾਰੇ ਸੰਸਾਰ ਦਾ ਇਤਿਹਾਸ ਦਰਸਾਉਂਦਾ ਹੈ ਕਿ ਸਿਰਫ ਅਤੇ ਸਿਰਫ ਮਜ਼ਦੂਰ ਜਮਾਤ ਹੀ ਫ਼ਾਸੀਵਾਦ ਨੂੰ ਮਿੱਟੀ 'ਚ ਮਿਲਾ ਸਕਦੀ ਹੈ। ਇਸ ਲਈ ਜਰੂਰੀ ਕਿ ਮੌਜੂਦਾ ਫ਼ਾਸੀਵਾਦੀ ਖਤਰੇ ਨੂੰ ਦੇਖਦੇ ਹੋਏ ਮਜ਼ਦੂਰਾਂ ਖਾਸ ਕਰ ਸਨਅਤੀ ਮਜ਼ਦੂਰਾਂ ਨੂੰ ਜਗਾਉਣ, ਲਾਮਬੰਦ ਅਤੇ ਜਥੇਬੰਦ ਕਰਨ ਦੇ ਯਤਨਾਂ ਨੂੰ ਜਰਬਾਂ ਦਿੱਤੀਆਂ ਜਾਣ।

ਬਿਹਾਰ 'ਚ ਭਾਜਪਾ ਦੀ ਹਾਰ ਉੱਪਰ ਫੇਸਬੁੱਕ ਤੇ ਪਟਾਖੇ ਚਲਾਕੇ ਕਈ ਬੁੱਧੀਜੀਵੀ ਆਪਣਾ ਫ਼ਾਸੀਵਾਦੀ ਵਿਰੋਧੀ ਫਰਜ਼ ਪੂਰਾ ਹੋਇਆ ਸਮਝਦੇ ਹਨ। ਕਿਉਂਕਿ ਇਹ ਆਸਾਨ ਰਾਹ ਹੈ।ਪਰ ਇਸ ਨਾਲ ਫ਼ਾਸੀਵਾਦ ਦਾ ਵਾਲ ਵੀ ਵਿੰਗਾ ਨਹੀਂ ਹੋਣਾ।

-ਸੁਖਵਿੰਦਰ ਦੀ ਕੰਧ ਤੋਂ ਕਾਪੀ

# ਮੈਂ ਆਪਣਾ ਨੈਸ਼ਨਲ ਐਵਾਰਡ ਵਾਪਸ ਕਿਉਂ ਕਰ ਰਹੀ ਹਾਂ : ਅਰੁੰਧਤੀ ਰਾਏ



ਹਾਲਾਂਕਿ, ਮੈਂ ਨਹੀਂ ਮੰਨਦੀ ਕਿ ਕੋਈ ਐਵਾਰਡ ਸਾਡੇ ਕੰਮ ਨੂੰ ਮਾਪਣ ਦਾ ਸਹੀ ਪੈਮਾਨਾ ਹੈ। ਮੈਂ ਮੋੜੇ ਗਏ ਐਵਾਰਡਾਂ ਦੀ ਸੂਚੀ ਵਿਚ 1989 ਵਿਚ ਪ੍ਰਾਪਤ ਨੈਸ਼ਨਲ ਐਵਾਰਡ (ਬੈਸਟ ਸਕਰੀਨਪਲੇਅ ਲਈ) ਨੂੰ ਵੀ ਸ਼ਾਮਲ ਕਰਦੀ ਹਾਂ। ਮੈਂ ਇਹ ਸਾਫ਼ ਕਰ ਦੇਣਾ ਚਾਹੁੰਦੀ ਹਾਂ ਕਿ ਮੈਂ ਇਹ ਐਵਾਰਡ ਇਸ ਲਈ ਨਹੀਂ ਵਾਪਸ ਕਰ ਰਹੀ ਕਿਉਂਕਿ, ਮੈਂ ਇਸ ਗੱਲ ਤੋਂ ਦੁਖੀ ਹਾਂ, ਜਿਸ ਨੂੰ 'ਵੱਧਦੀ ਕੱਟੜਤਾ' ਕਿਹਾ ਜਾ ਰਿਹਾ ਹੈ ਅਤੇ ਜਿਸ ਦੇ ਲਈ ਮੌਜੂਦਾ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ।

ਸਭ ਤੋਂ ਪਹਿਲਾਂ ਤਾਂ ਕੁੱਟ-ਕੁੱਟ ਕੇ ਹੱਤਿਆ ਕਰ ਦੇਣਾ, ਸਾੜ ਕੇ ਮਾਰ ਦੇਣਾ, ਗੋਲੀਆਂ ਨਾਲ ਭੁੰਨ ਦੇਣਾ ਜਾਂ ਕਤਲੇਆਮ ਲਈ 'ਅਸ਼ਹਿਣਸ਼ੀਲਤਾ' (ਇਨਟੋਲਰੈਂਸ) ਸ਼ਬਦ ਹੀ ਠੀਕ ਨਹੀਂ। ਦੂਜੀ ਗੱਲ, ਸਾਡੇ ਕੋਲ ਪਹਿਲਾਂ ਨਾਲੋਂ ਇਸ ਗੱਲ ਦੇ ਵੱਧ ਸੰਕੇਤ ਹੁੰਦੇ ਹਨ ਕਿ ਅੱਗੇ ਕੀ ਵਾਪਰਨ ਵਾਲਾ ਹੈ। ਇਸ ਲਈ ਮੈਂ ਇਹ ਨਹੀਂ ਕਹਿ ਸਕਦੀ ਕਿ ਇਸ ਸਰਕਾਰ ਦੇ ਭਾਰੀ ਬਹੁਮਤ ਨਾਲ ਸੱਤਾ ਵਿਚ ਆਉਣ ਤੋਂ ਬਾਅਦ ਜੋ ਕੁੱਝ ਹੋ ਰਿਹਾ ਹੈ, ਉਸ ਨੂੰ ਵੇਖ ਕੇ ਮੈਂ ਹੈਰਾਨ-ਪ੍ਰੇਸ਼ਾਨ ਹਾਂ। ਤੀਜੀ ਗੱਲ, ਇਹ ਭਿਆਨਕ ਹੱਤਿਆਵਾਂ ਆਉਣ ਵਾਲੇ ਸਮੇਂ ਦੇ ਭੈੜੇ ਹਾਲਾਤ ਦੇ ਸਿਰਫ਼ ਲੱਛਣ ਮਾਤਰ ਹੀ ਹਨ। ਜ਼ਿੰਦਗੀ ਜਿਉਣ ਯੋਗ ਨਹੀਂ ਰਹਿ ਗਈ। ਪੂਰੀ ਆਬਾਦੀ (ਕਰੋੜਾਂ ਦਲਿਤ, ਆਦਿਵਾਸੀ, ਮੁਸਲਮਾਨ ਅਤੇ ਈਸਾਈ) ਖ਼ੌਫ਼ ਵਿਚ ਜਿਉਣ ਲਈ ਮਜਬੂਰ ਹੈ। ਕਦੋਂ ਅਤੇ ਕਿੱਥੋਂ ਹਮਲਾ ਹੋ ਜਾਵੇ, ਕੋਈ ਪਤਾ ਨਹੀਂ। ਅੱਜ ਅਸੀਂ ਅਜਿਹੇ ਦੇਸ਼ ਵਿਚ ਰਹਿ ਰਹੇ ਹਾਂ, ਜਿੱਥੇ ਜੇਕਰ 'ਗ਼ੈਰ-ਕਾਨੂੰਨੀ ਹੱਤਿਆ' ਦੀ ਗੱਲ ਕਰੋ ਤਾਂ ਉਹ ਸਮਝਦੇ ਹਨ ਕਿ ਕਿਸੇ ਗਾਂ ਦੀ ਹੱਤਿਆ ਕਰ ਦਿੱਤੀ ਗਈ ਹੈ, ਨਾ ਕਿ ਕਿਸੇ ਇਨਸਾਨ ਦੀ। ਜਦੋਂ ਉਹ ਘਟਨਾ ਸਥਾਨ ਤੋਂ 'ਫ਼ੋਰੈਂਸਿਕ ਜਾਂਚ ਲਈ ਸਬੂਤ ਇਕੱਠੇ ਕਰਨ' ਦੀ ਗੱਲ ਕਰਦੇ ਹਨ ਤਾਂ ਇਸ ਦਾ ਮਤਲਬ ਫ਼ਰਿੱਜ਼ ਵਿਚ ਰੱਖਿਆ ਖਾਣਾ ਹੁੰਦਾ ਹੈ, ਕੁੱਟ-ਕੁੱਟ ਕੇ ਮਾਰੇ ਗਏ ਸਖ਼ਸ਼ ਦੀ ਲਾਸ਼ ਨਹੀਂ। ਅਸੀ ਕਹਿੰਦੇ ਹਾਂ ਕਿ ਅਸੀ ਬਹੁਤ 'ਤਰੱਕੀ' ਕਰ ਲਈ ਹੈ। ਪਰ ਜਦੋਂ ਦਲਿਤਾਂ ਦੀ ਹੱਤਿਆ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਦੇ ਬੱਚੇ ਜਿਉਂਦੇ ਸਾੜੇ ਜਾਂਦੇ ਹਨ ਤਾਂ ਕਿਹੜਾ ਅਜਿਹਾ ਲੇਖਕ ਹੈ, ਜਿਹੜਾ ਮਾਰੇ ਜਾਂ ਸਾੜ ਦਿੱਤੇ ਜਾਣ ਦੇ ਡਰ ਤੋਂ ਮੁਕਤ ਹੋ ਕੇ ਬਾਬਾ ਸਾਹਿਬ ਅੰਬੇਦਕਰ ਵਾਂਗ ਖੁੱਲ ਕੇ ਕਹਿ ਸਕੇ, 'ਅਛੂਤਾਂ ਲਈ ਹਿੰਦੂਤਵ, ਸੰਤਾਪ ਦਾ ਘਰ ਹੈ?' ਕੌਣ ਲੇਖਕ ਹੈ, ਜੋ ਅੱਜ ਉਹ ਗੱਲਾਂ ਲਿਖ ਸਕੇ, ਜਿਹੜੀਆਂ ਸਆਦਤ ਹਸਨ ਮੰਟੋ ਨੇ 'ਲੈਟਰਜ਼ ਟੂ ਅੰਕਲ ਸੈਮ' ਵਿਚ ਲਿਖੀਆਂ? ਇਸ ਗੱਲ ਦਾ ਕੋਈ ਮਤਲਬ ਨਹੀਂ ਹੈ ਕਿ ਜੋ ਕਿਹਾ ਜਾ ਰਿਹਾ ਹੈ, ਅਸੀਂ ਉਸ ਨਾਲ ਸਹਿਮਤ ਹਾਂ ਜਾਂ ਅਸਹਿਮਤ। ਜੇਕਰ ਸਾਨੂੰ ਖੁੱਲ ਕੇ ਬੋਲਣ ਦੀ ਹੀ ਆਜ਼ਾਦੀ ਨਹੀਂ ਹੈ ਤਾਂ ਅਸੀਂ ਉਸ ਸਮਾਜ ਵੱਲ ਪਰਤ ਜਾਵਾਂਗੇ, ਜਿਹੜਾ ਬੌਧਿਕ ਕੁਪੋਸ਼ਣ ਨਾਲ ਗ੍ਰਸਤ, ਮੂਰਖਾਂ ਦਾ ਦੇਸ਼ ਹੁੰਦਾ ਹੈ। ਮੈਨੂੰ ਇਸ ਗੱਲ ਦੀ ਬੇਹੱਦ ਖ਼ੁਸ਼ੀ ਹੈ ਕਿ ਮੈਨੂੰ ਕਦੀ ਨੈਸ਼ਨਲ ਐਵਾਰਡ ਮਿਲਿਆ, ਜਿਸ ਨੂੰ ਮੈਂ ਵਾਪਸ ਕਰ ਸਕਦੀ ਹਾਂ। ਇਹ ਮੈਨੂੰ ਉਸ ਸਿਆਸੀ ਮੁਹਿੰਮ ਦਾ ਹਿੱਸਾ ਬਣਨ ਦਾ ਮੌਕਾ ਦੇ ਰਿਹਾ ਹੈ, ਜੋ ਲੇਖਕਾਂ, ਫ਼ਿਲਮ ਨਿਰਦੇਸ਼ਕਾਂ ਅਤੇ ਸਿੱਖਿਆ ਸ਼ਾਸਤਰੀਆਂ ਨੇ ਸ਼ੁਰੂ ਕੀਤੀ ਹੈ। ਉਹ ਸਿਧਾਂਤਕ ਕਰੂਰਤਾ ਅਤੇ ਸਮੂਹਕ ਬੌਧਿਕਤਾ ਉਤੇ ਹੋ ਰਹੇ ਹਮਲੇ ਵਿਰੁਧ ਖੜੇ ਹੋਏ ਹਨ। ਜੇਕਰ ਅਸੀਂ ਇਸ ਦੇ ਵਿਰੁੱਧ ਹੁਣ ਖੜੇ ਨਾਂ ਹੋਏ ਤਾਂ ਇਹ ਸਾਨੂੰ ਅਲੱਗ-ਥਲੱਗ ਕਰ ਦੇਵੇਗਾ ਅਤੇ ਪਾਤਾਲ ਵਰਗੀ ਡੂੰਘਾਈ ਵਿਚ ਸੁੱਟ ਦੇਵੇਗਾ। ਮੇਰਾ ਮੰਨਣਾ ਹੈ ਕਿ ਕਲਾਕਾਰ ਅਤੇ ਬੁੱਧੀਜੀਵੀ ਲੋਕ ਜੋ ਕਰ ਰਹੇ ਹਨ, ਅੱਜ ਦੀ ਹਾਲਤ ਵਿਚ ਉਹ ਲਾਜ਼ਮੀ ਅਤੇ ਅਨੋਖਾ ਹੈ। ਕੁੱਝ ਲੋਕ ਇਸ ਨੂੰ ਰਾਜਨੀਤੀ ਵੀ ਮੰਨ ਰਹੇ ਹਨ। ਮੈਨੂੰ ਇਸ ਦਾ ਹਿੱਸਾ ਬਣ ਕੇ ਕਾਫ਼ੀ ਮਾਣ ਮਹਿਸੂਸ ਹੋ ਰਿਹਾ ਹੈ। ਇਸ ਦੇਸ਼ ਵਿਚ ਅੱਜ ਜੋ ਕੁੱਝ ਵੀ ਹੋ ਰਿਹਾ ਹੈ, ਉਸ ਤੋਂ ਮੈਂ ਸ਼ਰਮਿੰਦਾ ਹਾਂ। ਜਾਣਕਾਰੀ ਲਈ ਮੈਂ ਇਹ ਵੀ ਦੱਸ ਦੇਵਾਂ ਕਿ 2005 ਵਿਚ ਜਦੋਂ ਕਾਂਗਰਸ ਦੀ ਸਰਕਾਰ ਸੀ, ਉਦੋਂ ਮੈਂ ਸਾਹਿਤਕ ਅਕਾਦਮੀ ਐਵਾਰਡ ਵੀ ਠੁਕਰਾ ਦਿੱਤਾ ਸੀ। ਇਸ ਲਈ, ਕਿਰਪਾ ਕਰ ਕੇ ਮੈਨੂੰ ਕਾਂਗਰਸ ਬਨਾਮ ਭਾਜਪਾ ਦੀ ਪੁਰਾਣੀ ਬਹਿਸ ਵਿਚ ਨਾ ਘਸੀਟੋ। ਗੱਲ ਇਸ ਸਭ ਤੋਂ ਕਾਫ਼ੀ ਅੱਗੇ ਨਿਕਲ ਚੁੱਕੀ ਹੈ। ਧੰਨਵਾਦ!

–ਅਰੁੰਧਤੀ ਰਾਏ

(ਅਰੁੰਧਤੀ ਰਾਏ 'ਦ ਗਾਡ ਆਫ਼ ਸਮਾਲ ਥਿੰਗਸ' ਦੀ ਲੇਖਕਾ ਹੈ। ਉਨ੍ਹਾਂ ਦੀ ਤਾਜ਼ਾ ਕਿਤਾਬ ਹੈ 'ਬਰੋਕਨ ਰਿਪਬਲਿਕ'।

# 'ਬਾਲ ਮੇਲਾ' ਸ਼ਹੀਦ ਕਰਤਾਰ ਸਿੰਘ ਸਰਾਭਾ ਦੇ 100ਵੇਂ ਸ਼ਹਾਦਤ ਦਿਵਸ













ਅੱਜ ਸਾਡੇ ਚਾਰੇ ਪਾਸੇ ਗੰਧਲੇ ਸੱਭਿਆਚਾਰ ਅਤੇ ਨਿੱਘਰੀਆਂ ਕਦਰਾਂ ਕੀਮਤਾਂ ਦੀ ਹਨੇਰੀ ਝੁੱਲ ਰਹੀ ਹੈ। ਅੱਜ ਬੱਸਾਂ ਵਿੱਚ ਸਫ਼ਰ ਕਰਦੇ ਹੋਏ, ਗਲ਼ੀਆਂ ਬਜ਼ਾਰਾਂ ਵਿੱਚੋਂ ਲੰਘਦੇ ਹੋਏ, ਘਰਾਂ ਅੰਦਰ ਟੈਲੀਵਿਯਨ ਵੇਖਦੇ ਹੋਏ ਚਾਰੇ ਪਾਸੇ ਅਸ਼ਲੀਲਤਾ ਅਤੇ ਭੱਦੇਪਣ ਦੇ ਦਰਸ਼ਨ ਹੁੰਦੇ ਹਨ। ਅੱਜ ਸੈਂਕੜੇ ਟੀ.ਵੀ. ਚੈਨਲਾਂ, ਅਖ਼ਬਾਰਾਂ, ਬੱਸ ਅੱਡਿਆਂ, ਸੜਕਾਂ ਤੇ ਵਿਕਦੇ ਗੰਦੇ ਮੈਗ਼ਜ਼ੀਨਾਂ, ਨਿੱਤ ਖੁੰਭਾਂ ਵਾਂਗੂੰ ਉੱਗ ਰਹੇ ਗਾਇਕਾਂ ਦੇ ਗੰਦੇ ਗੀਤਾਂ ਨੇ ਸਾਡੀ ਸੋਚ ਤੇ ਚੌਤਰਫ਼ਾ ਹੱਲਾ ਬੋਲਿਆ ਹੋਇਆ ਹੈ। ਅੱਜ ਕੋਈ ਵੀ ਗ਼ੈਰਤਮੰਦ ਨਾਗਰਿਕ ਆਪਣੇ ਪਰਿਵਾਰ ਵਿੱਚ ਬੈਠ ਕੇ ਟੈਲੀਵਿਯਨ ਰਾਹੀਂ ਮਨੋਰੰਜਨ ਹਾਸਲ ਕਰਨਾ ਤਾਂ ਦੂਰ ਉਸ ਨੂੰ ਪੂਰੇ ਪਰਿਵਾਰ ਵਿੱਚ ਬੈਠ ਕੇ ਖ਼ਬਰਾਂ ਸੁਣਨ ਤੱਕ ਵਿੱਚ ਵੀ ਸ਼ਰਮ ਮਹਿਸੂਸ ਹੁੰਦੀ ਹੈ। ਕਿਉਂਕਿ ਸਾਰੇ ਟੀ.ਵੀ. ਚੈਨਲ ਬਲਾਤਕਾਰ, ਔਰਤਾਂ ਨਾਲ਼ ਛੇੜਛਾੜ ਦੀਆਂ ਅਣਮਨੁੱਖੀ ਘਟਨਾਵਾਂ ਨੂੰ ਵੀ ਪੂਰੀ ਤਰ੍ਹਾਂ ਮਸਾਲੇਦਾਰ ਬਣਾ ਕੇ ਪੇਸ਼ ਕਰਦੇ ਹਨ। ਵਿੱਚ-2 ਨੂੰ ਆਉਂਦੇ ਇਸ਼ਤਿਹਾਰਾਂ 'ਚ ਔਰਤਾਂ ਦੇ ਸ਼ਰੀਰ ਦੀ ਭੱਦੀ ਨੁਮਾਇਸ਼ ਅਤੇ ਫ਼ੈਸ਼ਨ ਸ਼ੋਆਂ ਦੇ ਦ੍ਰਿਸ਼ਾਂ ਦੀ ਭਰਮਾਰ ਰਹਿੰਦੀ ਹੈ। ਸਾਡੀ ਨੌਜਵਾਨ ਪੀੜ੍ਹੀ ਅੱਜ ਬੁਰੀ ਤਰ੍ਹਾਂ ਇਸ ਗੰਦੇ ਸੱਭਿਆਚਾਰ ਦੀ ਲਪੇਟ ਵਿੱਚ ਆ ਚੁੱਕੀ ਹੈ। ਔਰਤਾਂ-ਬੱਚੀਆਂ ਵਿਰੁੱਧ ਜੁਰਮਾਂ ਵਿੱਚ ਨਿੱਤ ਦਿਹਾੜੇ ਵਾਧਾ ਹੋ ਰਿਹਾ ਹੈ। ਨਿੱਕੀਆਂ-ਨਿੱਕੀਆਂ ਮਾਸੂਮ ਬੱਚੀਆਂ ਨਾਲ਼ ਹੋ ਰਹੇ ਕੁਕਰਮਾਂ ਦੀਆਂ ਘਿਨਾਉਣੀਆਂ ਖ਼ਬਰਾਂ ਹਰ ਰੋਜ਼ ਪੜ੍ਹਨ ਸੁਣਨ ਨੂੰ ਮਿਲ ਰਹੀਆਂ ਹਨ। ਔਰਤਾਂ-ਬੱਚੀਆਂ ਵਿਰੁੱਧ ਅਜਿਹੇ ਜੁਰਮਾਂ ਨੂੰ ਹਵਾ ਦੇਣ ਵਿੱਚ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ, ਜਿਸ ਨੂੰ ਵੱਡੇ ਧਨਾਢ ਕੰਟਰੋਲ ਕਰਦੇ ਹਨ ਦਾ ਵੱਡਾ ਹੱਥ ਹੈ। ਅੱਜ ਸਾਡੇ ਬੱਚੇ ਵੀ ਟੈਲੀਵਿਯਨ ਚੈਨਲਾਂ ਅਤੇ ਹੋਰ ਸਾਧਨਾਂ ਜ਼ਰੀਏ ਗੰਦੇ ਸੱਭਿਆਚਾਰ ਦੀਆਂ ਮੋਟੀਆਂ ਖ਼ੁਰਾਕਾਂ ਲੈ ਰਹੇ ਹਨ। ਬਾਲ ਮਨ ਕੋਰੇ ਕਾਗ਼ਜ਼ ਦੀ ਤਰ੍ਹਾਂ ਹੁੰਦੇ ਹਨ। ਨਵੀਆਂ ਗੱਲਾਂ ਸਿੱਖਣ ਸੰਬੰਧੀ ਬੇਹੱਦ ਗ੍ਰਹਿਣਸ਼ੀਲ ਹੁੰਦੇ ਹਨ। ਪਰ ਅੱਜ ਮੀਡੀਆ ਜੋ ਵੱਡੀ ਪੱਧਰ ਤੇ ਗੰਦਗੀ ਪਰੋਸ ਰਿਹਾ ਹੈ, ਉਹ ਸਾਡੇ ਬਚਪਨ ਨੂੰ ਕੁਰਾਹੇ ਪਾ ਰਿਹਾ ਹੈ। ਵੀਡੀਓ ਗੇਮਾਂ ਆਦਿ ਸਾਡੇ ਬੱਚਿਆਂ ਦੀ ਬੁੱਧੀ ਦਾ ਸੱਤਿਆਨਾਸ ਕਰਨ ਦਾ ਇੱਕ ਹੋਰ ਜ਼ਰੀਆ ਹਨ। ਖੇਡਣ-ਕੁੱਦਣ ਅਤੇ ਪੜ੍ਹਨ ਦੀ ਬਜਾਇ ਬੱਚੇ ਆਪਣਾ ਕੀਮਤੀ ਸਮਾਂ ਇਹਨਾਂ ਉੱਪਰ ਹੀ ਬਰਬਾਦ ਕਰਦੇ ਹਨ। ਇਸ ਦੇ ਨਾਲ਼ ਇਹਨਾਂ ਸਾਧਨਾਂ ਜ਼ਰੀਏ ਬੱਚੇ ਭੂਤਾਂ-ਪ੍ਰੇਤਾਂ ਦੇ ਕਾਲਪਨਿਕ ਕਿੱਸੇ ਪੜ੍ਹਦੇ-ਵੇਖਦੇ ਹਨ ਅਤੇ ਫਿਰ ਸਾਰੀ ਉਮਰ ਅੰਧ-ਵਿਸ਼ਵਾਸਾਂ ਦਾ ਭਾਰ ਢੋਂਹਦੇ ਹਨ। ਇਹ ਸਾਰੀਆਂ ਚੀਜ਼ਾਂ ਜਿੱਥੇ ਉਹਨਾਂ ਦੀ ਦਿਮਾਗ਼ੀ ਸਮਰੱਥਾ ਨੂੰ ਖੁੰਢਾ ਕਰਦੀਆਂ ਹਨ, ਕਲਪਨਾ ਸ਼ਕਤੀ ਦੇ ਖੰਭ ਕੁਤਰਦੀਆਂ ਹਨ ਉੱਥੇ ਨਾਲ਼ ਦੀ ਨਾਲ਼ ਉਹਨਾਂ ਦੀ ਸਿਹਤ ਨਾਲ਼ ਵੀ ਖਿਲਵਾੜ ਹੁੰਦਾ ਹੈ। ਬਚਪਨ ਵਿੱਚ ਹੀ ਇਨਸਾਨ ਦੀ ਪੂਰੀ ਜ਼ਿੰਦਗੀ ਦੀ ਨੀਂਹ ਤਿਆਰ ਹੁੰਦੀ ਹੈ, ਪਰ ਇਸੇ ਉਮਰੇ ਹੀ ਮੀਡੀਆ ਬਾਲ ਮਨਾਂ ਅੰਦਰ ਜ਼ਹਿਰ ਘੋਲ ਰਿਹਾ ਹੈ।

ਅੱਜ ਇਹ ਚਰਚਾ ਵੀ ਆਮ ਹੀ ਸੁਣਨ ਵਿੱਚ ਆਉਂਦੀ ਹੈ ਕਿ ਬੱਚਿਆਂ ਦੇ ਬਸਤਿਆਂ ਦਾ ਭਾਰ ਬੱਚਿਆਂ ਤੋਂ ਵੀ ਜ਼ਿਆਦਾ ਹੈ। ਸਾਡੇ ਦੇਸ਼ ਦੀ ਸਿੱਖਿਆ-ਪ੍ਰਣਾਲੀ ਹੀ ਇੰਨੀ ਨਖਿੱਧ ਹੈ ਜੋ ਬੱਚਿਆਂ ਉੱਤੇ ਸਿਲੇਬਸ ਦਾ ਏਨਾ ਭਾਰ ਲੱਦ ਰਹੀ ਹੈ ਕਿ ਰਸਮੀ (ਸਕੂਲੀ) ਪੜ੍ਹਾਈ ਤੋਂ ਇਲਾਵਾ ਹੋਰ ਸਿਰਜਣਾਤਮਕ ਸਰਗਰਮੀਆਂ ਵਿੱਚ ਸ਼ਮੂਲੀਅਤ ਲਈ ਉਹਨਾਂ ਕੋਲ ਸਮਾਂ ਹੀ ਨਹੀਂ ਛੱਡਦੀ। ਵੈਸੇ ਵੀ ਇਹ ਅਜਿਹੀ ਪੜ੍ਹਾਈ ਹੈ ਜੋ ਇਨਸਾਨ ਦੇ ਰੋਜ਼ਮਰ੍ਹਾ ਦੇ ਜੀਵਨ ਵਿੱਚ ਘੱਟ ਹੀ ਕੰਮ ਆਉਂਦੀ ਹੈ। ਇਹ ਪੜ੍ਹਾਈ ਵਿਵਹਾਰਕ ਜੀਵਨ ਤੋਂ ਨਿੱਖੜੀ ਹੋਈ ਹੈ। ਇਹ ਲਾਰਡ ਮੈਕਾਲੇ ਦੀ ਸਿੱਖਿਆ-ਪ੍ਰਣਾਲੀ ਦੀ ਹੀ ਲਗਾਤਾਰਤਾ ਹੈ, ਜੋ ਸਿਰਫ਼ ਇਸ ਦੇਸ਼ ਦੀ ਲੁਟੇਰੇ ਨਿਜ਼ਾਮ ਲਈ ਫ਼ਾਇਦੇਮੰਦ ਕੁੱਝ ਪੁਰਜ਼ੇ ਹੀ ਤਿਆਰ ਕਰ ਸਕਦੀ ਹੈ। ਮਾਨਸਿਕ ਅਤੇ ਸ਼ਰੀਰਕ ਤੌਰ ਤੇ ਸਿਹਤਮੰਦ ਨਾਗਰਿਕ ਤਿਆਰ ਕਰਨੇ ਇਸ ਸਿੱਖਿਆ-ਪ੍ਰਣਾਲੀ ਦਾ ਉਦੇਸ਼ ਹੀ ਨਹੀਂ ਹੈ। ਇਹ ਸਿੱਖਿਆ-ਪ੍ਰਣਾਲੀ ਬੱਚਿਆਂ ਦੇ ਵਿਅਕਤੀਤਵ ਦਾ ਚੌਤਰਫ਼ਾ ਵਿਕਾਸ ਨਹੀਂ ਹੋਣ ਦਿੰਦੀ। ਜਦੋਂ ਕਿ ਇਹ ਗੱਲ ਨਿਰਵਿਵਾਦ ਹੈ ਕਿ ਬੱਚੇ ਜਿੰਨਾ ਰਸਮੀ ਵਿੱਦਿਆ ਤੋਂ ਸਿੱਖਦੇ ਹਨ, ਓਨਾ ਹੀ ਗ਼ੈਰ-ਰਸਮੀ ਵਿੱਦਿਆ (ਸਕੂਲੀ ਪੜ੍ਹਾਈ ਤੋਂ ਇਲਾਵਾ ਹੋਰ ਸਿਰਜਣਾਤਮਕ ਸਰਗਰਮੀਆਂ) ਜ਼ਰੀਏ ਵੀ ਸਿੱਖਦੇ ਹਨ।

ਪੱਖੋਵਾਲ (ਲੁਧਿਆਣਾ) ਇਲਾਕੇ ਵਿੱਚ ਐਸਾ ਹੀ ਇੱਕ ਉਪਰਾਲਾ ਨੌਜਵਾਨ ਭਾਰਤ ਸਭਾ ਦੀ ਸਥਾਨਕ ਇਕਾਈ ਵੱਲੋਂ ਕੀਤਾ ਜਾ ਰਿਹਾ ਹੈ। ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ਼ ਪਿਛਲੇ ਨੌਂ ਵਰ੍ਹਿਆਂ ਤੋਂ ਪਿੰਡ ਪੱਖੋਵਾਲ ਵਿਖੇ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਿਤ 'ਬਾਲ ਮੇਲਾ' ਕਰਵਾਇਆ ਜਾ ਰਿਹਾ ਹੈ। ਇਸ ਮੇਲੇ ਵਿੱਚ ਸਕੂਲੀ ਬੱਚਿਆਂ ਦੇ ਭਾਸ਼ਣ, ਕਵਿਤਾ ਉਚਾਰਣ, ਲੇਖ-ਲਿਖਣ, ਚਿੱਤਰਕਲਾ, ਕੁਇਜ਼ ਮੁਕਾਬਲੇ ਕਰਵਾਏ ਜਾਂਦੇ ਹਨ। ਹਰ ਸਾਲ ਇਸ ਵਿੱਚ ਬੱਚਿਆਂ ਦੀ ਭਰਵੀਂ ਸ਼ਮੂਲੀਅਤ ਹੁੰਦੀ ਹੈ। ਇਹਨਾਂ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਬੱਚਿਆਂ ਦੇ ਉਤਸ਼ਾਹ ਨੇ ਦਿਖਾ ਦਿੱਤਾ ਹੈ ਕਿ ਜੇਕਰ ਮੁੱਖ ਧਾਰਾ ਦੇ ਮੀਡੀਆ ਵੱਲੋਂ ਪ੍ਰਚਾਰੇ ਜਾ ਰਹੇ ਗਲ਼ੇ-ਸੜੇ ਸੱਭਿਆਚਾਰ ਦਾ ਕੋਈ ਬਦਲ ਬੱਚਿਆਂ ਨੂੰ ਦਿੱਤਾ ਜਾਵੇ ਤਾਂ ਉਹ ਉਸ ਵੱਲ ਵੀ ਪੂਰੀ ਰੁਚੀ ਦਿਖਾਉਂਦੇ ਹਨ। ਪਿਛਲੇ ਨੌਂ ਵਰ੍ਹਿਆਂ ਤੋਂ ਮਿਲੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਅਤੇ ਬੱਚਿਆਂ ਦੇ ਉਤਸ਼ਾਹ ਨੇ ਸਾਡਾ ਹੌਂਸਲਾ ਵਧਾਇਆ ਹੈ।

ਇਸ ਵਾਰ ਦਾ 'ਬਾਲ ਮੇਲਾ' ਸ਼ਹੀਦ ਕਰਤਾਰ ਸਿੰਘ ਸਰਾਭਾ ਦੇ 100ਵੇਂ ਸ਼ਹਾਦਤ ਦਿਵਸ ਨੂੰ ਸਮਰਪਿਤ ਕਰਕੇ ਮਿਤੀ 5, 6 ਅਤੇ 7 ਨਵੰਬਰ ਨੂੰ ਲੜਕੀਆਂ ਦੇ ਸਕੂਲ ਦੇ ਖੇਡ ਮੈਦਾਨ, ਪਿੰਡ ਪੱਖੋਵਾਲ ਵਿਖੇ ਕਰਵਾਇਆ ਗਿਆ। ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਨੌਜਵਾਨ ਭਾਰਤ ਸਭਾ ਦੀ ਟੀਮ ਵੱਲੋਂ ਇਸ ਦੀ ਪੂਰੀ ਤਿਆਰੀ ਕਰਕੇ ਇਲਾਕੇ ਦੇ ਲਗਭਗ 180 ਸਕੂਲਾਂ ਵਿੱਚ ਬਾਕਾਇਦਾ ਰੂਪ ਵਿੱਚ ਸੱਦਾ ਪੱਤਰ ਭੇਜੇ ਗਏ। 'ਬਾਲ ਮੇਲੇ' ਦੇ ਪਹਿਲੇ ਦਿਨ ਮਿਡਲ ਅਤੇ ਸੈਕੰਡਰੀ ਸੈਕਸ਼ਨ ਦੇ ਬੱਚਿਆਂ ਦੇ ਭਾਸ਼ਣ ਤੇ ਲੇਖ-ਲਿਖਣ ਮੁਕਾਬਲੇ ਕਰਵਾਏ ਗਏ। ਪਹਿਲੇ ਦਿਨ ਦੇ ਮੁਕਾਬਲਿਆਂ ਵਿੱਚ ਬੱਚਿਆਂ ਨੇ ਅਜੋਕੀ ਪੰਜਾਬੀ ਗਾਇਕੀ ਦਾ ਸਮਾਜ 'ਤੇ ਪੈ ਰਿਹਾ ਪ੍ਰਭਾਵ, ਸਿੱਖਿਆ-ਪ੍ਰਣਾਲੀ ਵਿੱਚ ਹੋ ਰਿਹਾ ਭਗਵਾਂਕਰਨ ਕਿਉਂ ਤੇ ਕਿਵੇਂ, ਮਨੁੱਖੀ ਵਿਕਾਸ ਦੇ ਪੜਾਵਾਂ ਦਾ ਸਫ਼ਰ, ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਅਜੋਕੀ ਨੌਜਵਾਨ ਪੀੜ੍ਹੀ ਲਈ ਇੱਕ ਚਾਨਣ-ਮੁਨਾਰਾ ਕਿਵੇਂ?, ਔਰਤ-ਮਰਦ ਅਸਮਾਨਤਾ ਬਾਰੇ, ਬੱਚਿਓ ਤੁਸੀਂ ਕਿਹੋ-ਜਿਹਾ ਅਧਿਆਪਕ ਲੋਚਦੇ ਹੋ?, ਬਾਲ-ਮਜ਼ਦੂਰੀ, ਲੋਕਾਂ ਨੂੰ ਧਰਤੀ ਦੀ ਸ਼ਕਲ ਦਾ ਕਿਵੇਂ ਪਤਾ ਲੱਗਿਆ, ਸ਼ਹੀਦ ਭਗਤ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਗਦਰੀ ਸੂਰਬੀਰਾਂ ਵਿੱਚੋਂ ਕਿਸੇ ਇੱਕ ਦਾ ਜੀਵਨ ਅਤੇ ਸਖ਼ਸ਼ੀਅਤ, ਤੁਹਾਨੂੰ ਕਿਹੜੀ ਕਿਤਾਬ ਚੰਗੀ ਲੱਗਦੀ ਹੈ-ਜਿਸ ਨੇ ਤੁਹਾਡੇ ਜੀਵਨ ਨੂੰ ਨਵਾਂ ਰਾਹ ਦਿੱਤਾ ਹੈ ਅਤੇ ਕਿਵੇਂ? ਆਦਿ ਵਿਸ਼ਿਆਂ ਤੇ ਆਪਣੇ ਭਾਸ਼ਣ ਦਿੱਤੇ ਅਤੇ ਲੇਖ ਲਿਖੇ। ਪਹਿਲੇ ਦਿਨ ਦੇ ਮੁਕਾਬਲਿਆਂ ਦੀ ਜੱਜਮੈਂਟ ਦੀ ਜ਼ਿੰਮੇਵਾਰ ਪ੍ਰੋਫੈੱਸਰ ਕੁਲਦੀਪ ਯਾਦਵਿੰਦਰਾ ਰਿਜਨਲ ਇੰਜੀਨੀਅਰਿੰਗ ਕਾਲਜ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਤਲਵੰਡੀ ਸਾਬੋ ਅਤੇ ਪ੍ਰੋਫੈੱਸਰ ਜਸਮੀਤ ਹੋਰਾਂ ਨੇ ਨਿਭਾਈ। ਇਸ ਦਿਨ ਸਿਰਸਾ ਤੋਂ ਮੁੱਖ ਮਹਿਮਾਨ ਵਜੋਂ ਪੁੱਜੇ ਡਾਕਟਰ ਸੁਖਦੇਵ ਹੁੰਦਲ ਨੇ ਬੱਚਿਆਂ, ਅਧਿਆਪਕਾਂ ਅਤੇ ਦਰਸ਼ਕਾਂ ਨੂੰ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਰਮਾਏਦਾਰੀ ਬੱਚਿਆਂ ਨੂੰ ਆਪਣੇ ਤਰੀਕੇ ਨਾਲ਼ ਢਾਲਣਾ ਚਾਹੁੰਦੀ ਹੈ ਸਿੱਖਿਆ-ਪ੍ਰਣਾਲੀ ਅਤੇ ਘਰ-ਪਰਿਵਾਰ ਵੀ ਸਰਮਾਏਦਾਰੀ ਦੀਆਂ ਹੀ ਸੰਸਥਾਵਾਂ ਹਨ। ਇਹਨਾਂ ਸੰਸਥਾਵਾਂ ਦਾ ਬੱਚਿਆਂ ਨੂੰ ਆਪਣੇ ਮੁਤਾਬਿਕ ਢਾਲਣ ਲਈ ਹਰ ਸਮੇਂ ਉਨ੍ਹਾਂ ਉੱਤੇ ਚੌਤਰਫ਼ਾ ਹਮਲਾ ਹੋ ਰਿਹਾ ਹੈ। ਅਜਿਹੇ ਹਾਲਾਤਾਂ ਦੇ ਚੱਲਦੇ ਇਸ ਤਰ੍ਹਾਂ ਦੀਆਂ ਸਰਗਰਮੀਆਂ ਦਾ ਲਗਾਤਾਰ ਅਤੇ ਥਾਂ ਪੁਰ ਥਾਂ ਹੋਣਾ ਜ਼ਰੂਰੀ ਹੈ। ਉਹਨਾਂ ਨੇ ਨੌਭਾਸ ਦੀ ਟੀਮ ਨੂੰ ਇਹਨਾਂ ਯਤਨਾਂ ਲਈ ਵਧਾਈ ਵੀ ਦਿੱਤੀ। ਇਸ ਦਿਨ ਪ੍ਰੋਫੈੱਸਰ ਦਵਿੰਦਰ ਪ੍ਰਧਾਨ ਹਰਿਆਣਾ ਅਧਿਆਪਕ ਸੰਘ ਵਿਸ਼ੇਸ਼ ਤੌਰ ਤੇ ਇਸ ਬਾਲ ਮੇਲੇ ਨੂੰ ਵੇਖਣ ਲਈ ਪੁੱਜੇ।

'ਬਾਲ ਮੇਲਾ' ਦੇ ਦੂਜੇ ਦਿਨ ਪ੍ਰਾਇਮਰੀ ਅਤੇ ਮਿਡਲ ਸੈਕਸ਼ਨ ਦੇ ਬੱਚਿਆਂ ਦੇ ਕਵਿਤਾ ਉਚਾਰਣ ਅਤੇ ਚਿੱਤਰਕਲਾ ਦੇ ਮੁਕਾਬਲੇ ਕਰਵਾਏ ਗਏ। ਇਸ ਦਿਨ ਕਵਿਤਾ ਉਚਾਰਣ ਮੁਕਾਬਲਿਆਂ ਦੀ ਜੱਜਮੈਂਟ ਦੀ ਜ਼ਿੰਮੇਵਾਰੀ ਪ੍ਰੋਫੈੱਸਰ ਗੁਰਜੀਤ ਸਿੰਘ ਅੱਡਾ ਦਾਖਾ, ਪੰਜਾਬੀ ਦੇ ਅਗਾਂਹਵਧੂ ਕਵੀ ਰਾਜਵਿੰਦਰ ਮੀਰ ਅਤੇ ਪੰਜਾਬੀ ਕਵੀ ਸਵਜੀਤ ਨੇ ਨਿਭਾਈ। ਇਸ ਵਾਰ ਵੀ ਪਿਛਲੇ ਸਾਲ ਦੀ ਤਰ੍ਹਾਂ ਹੀ ਇਹਨਾਂ ਮੁਕਾਬਲਿਆਂ ਨੂੰ ਕਿਸੇ ਵੀ ਜਾਤ, ਧਰਮ, ਨਸਲ ਫ਼ਿਰਕੇ ਦੀ ਵਡਿਆਈ ਜਾਂ ਨਿੰਦਾ ਤੋਂ ਬਿਨਾਂ ਕਿਸੇ ਵੀ ਤਰ੍ਹਾਂ ਦੀ ਪੇਸ਼ਕਾਰੀ ਲਈ ਖੁੱਲ੍ਹਾ ਰੱਖਿਆ ਗਿਆ ਸੀ। ਇਹਨਾਂ ਮੁਕਾਬਲਿਆਂ ਵਿੱਚ ਬੱਚਿਆਂ ਵੱਲੋਂ ਅਲੱਗ-ਅਲੱਗ ਸਮਾਜਕ ਸਰੋਕਾਰਾਂ ਨੂੰ ਛੂਹਣ ਦੀ ਆਪਣੇ ਵੱਲੋਂ ਪੂਰੀ ਕੋਸ਼ਿਸ਼ ਕੀਤੀ ਗਈ। ਚਿੱਤਰਕਲਾ ਮੁਕਾਬਲਿਆਂ ਦੀ ਜੱਜਮੈਂਟ ਮਾਸਟਰ ਭਜਨ ਸਿੰਘ ਕੈਲਗਰੀ ਅਤੇ ਸ਼ਮਸ਼ੇਰ ਨੂਰਪੁਰੀ ਨੇ ਕੀਤੀ।

'ਬਾਲ ਮੇਲੇ' ਦੇ ਤੀਜੇ ਅਤੇ ਆਖ਼ਰੀ ਦਿਨ ਦੀ ਸ਼ੁਰੂਆਤ ਸੈਕੰਡਰੀ ਸੈਕਸ਼ਨ ਦੇ ਬੱਚਿਆਂ ਦੇ ਕਵਿਤਾ ਉਚਾਰਣ ਮੁਕਾਬਲਿਆਂ ਦੇ ਨਾਲ਼ ਹੋਈ। ਇਹਨਾਂ ਮੁਕਾਬਲਿਆਂ ਦੀ ਜੱਜਮੈਂਟ ਜੀ.ਐੱਚ.ਜੀ. ਕਾਲਜ ਆਫ਼ ਐਜੂਕੇਸ਼ਨ ਗੁਰੂਸਰ ਸੁਧਾਰ ਦੇ ਪ੍ਰੋਫੈੱਸਰ ਰੁਪਿੰਦਰ ਕੌਰ, ਅਵਤਾਰ ਸਿੰਘ (ਡਾ.) ਚੇਅਰਮੈਨ ਗੁਰੂ ਤੇਗ ਬਹਾਦਰ ਕਾਲਜ ਮਾਨਸਾ ਅਤੇ ਪ੍ਰੋਫੈੱਸਰ ਸੁਖਵਿੰਦਰ ਨੇ ਕੀਤੀ। ਇਸ ਤੋਂ ਬਾਅਦ ਸੈਕੰਡਰੀ ਸੈਕਸ਼ਨ ਦੇ ਬੱਚਿਆਂ ਦੇ ਕੁਇਜ਼ ਮੁਕਾਬਲੇ ਹੋਏ, ਜਿਸ ਵਿੱਚ ਬੱਚਿਆਂ ਤੋਂ 1857 (ਭਾਰਤ ਦੀ ਅਜ਼ਾਦੀ ਦੀ ਪਹਿਲੀ ਲੜਾਈ) ਤੋਂ ਲੈ ਕੇ 1919 ਯਾਨੀ ਗਦਰ ਪਾਰਟੀ ਤੱਕ ਦੇ ਇਸ ਮਹਾਨ ਇਨਕਲਾਬੀ ਕਾਲ ਖੰਡ ਤੇ ਸਵਾਲ ਪੁੱਛੇ ਗਏ, ਤੇ ਬੱਚਿਆਂ ਨੇ ਬਹੁਤ ਹੀ ਆਤਮ ਵਿਸ਼ਵਾਸ ਨਾਲ਼ ਸਵਾਲਾਂ ਦੇ ਜਵਾਬ ਦਿੱਤੇ। ਇਸ ਦਿਨ ਮੁੱਖ ਮਹਿਮਾਨ ਦੇ ਤੌਰ ਤੇ ਪ੍ਰੋਫੈੱਸਰ ਬਾਵਾ ਸਿੰਘ ਸਾਬਕਾ ਉਪ ਚੇਅਰਮੈਨ ਘੱਟ ਗਿਣਤੀ ਕਮਿਸ਼ਨ ਭਾਰਤ ਸਰਕਾਰ ਸਨ। ਮੁੱਖ ਬੁਲਾਰੇ ਵਜੋਂ ਕਾਮਰੇਡ ਕਸ਼ਮੀਰ ਨੇ ਸਰੋਤਿਆਂ ਨੂੰ ਸੰਬੋਧਨ ਕਰਦੇ ਹੋਏ ਆਪਣੇ ਅਗਾਂਹਵਧੂ ਤੇ ਵਿਗਿਆਨ ਨਾਲ਼ ਲੈਸ ਵਿਚਾਰਾਂ ਨਾਲ਼ ਅੱਜ ਦੇ ਪਿਛਾਂਹ-ਖਿੱਚੂ ਸੱਭਿਆਚਾਰ ਤੇ ਅੱਜ ਦੇ ਸਮੇਂ ਸਮਾਜ ਵਿੱਚ ਫ਼ੈਲੇ ਫਿਰਕੂ ਮਾਹੌਲ ਤੇ ਚੋਟਾਂ ਕੀਤੀਆਂ। ਫਿਰ ਇਨਕਲਾਬੀ ਸੱਭਿਆਚਾਰਕ ਮੰਚ 'ਦਸਤਕ' ਦੇ ਸਾਥੀਆਂ ਅਤੇ ਪਿੰਡ ਦੀ 'ਬਾਲ ਸਭਾ' ਦੇ ਬੱਚਿਆਂ ਨੇ ਇਨਕਲਾਬੀ ਗੀਤ ਅਤੇ ਨਾਟਕ ਪੇਸ਼ ਕੀਤੇ। ਇਸ ਬਾਲ ਮੇਲੇ ਦੇ ਪ੍ਰਬੰਧ ਨੂੰ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਨੌਭਾਸ ਦੇ ਮੈਂਬਰਾਂ ਦੀਆਂ ਵੱਖ-2 ਟੀਮਾਂ ਬਣਾਈਆਂ ਗਈਆਂ ਜਿਨ੍ਹਾਂ ਦੀ ਅਗਵਾਈ ਨੌਭਾਸ ਆਗੂਆਂ ਕੁਲਵਿੰਦਰ, ਕੁਲਦੀਪ, ਸੱਤਪਾਲ, ਗੁਰਪ੍ਰੀਤ, ਕਮਲ, ਗੁਰਮੀਤ, ਸੰਦੀਪ, ਮਾਸਟਰ ਜਸਵੀਰ, ਰਵਿੰਦਰ ਕੌਰ, ਨਵਦੀਪ ਕੌਰ ਨੇ ਕੀਤੀ ਸਹਿਯੋਗੀਆਂ ਵਿੱਚ ਮਾਸਟਰ ਹਰੀਸ਼ ਮੌਦਗਿਲ, ਮੈਡਮ ਪ੍ਰਤਿਭਾ, ਜ਼ਮੀਰ ਪੱਖੋਵਾਲ ਆਦਿ ਸ਼ਾਮਲ ਹੋਏ।

ਇਸ ਤਰ੍ਹਾਂ ਇਸ ਵਾਰ ਦਾ 10ਵਾਂ 'ਬਾਲ ਮੇਲਾ' ਆਪਣੇ ਮਕਸਦ ਵਿੱਚ ਕਾਮਯਾਬ ਹੁੰਦਾ ਹੋਇਆ ਸਮਾਪਤ ਹੋ ਗਿਆ। ਤਿੰਨ ਦਿਨ ਚੱਲੇ ਇਸ ਬਾਲ ਮੇਲੇ ਵਿੱਚ ਪਹਿਲੇ ਦਿਨ ਤੋਂ ਲੈ ਕੇ ਆਖ਼ਰੀ ਦਿਨ ਤੱਕ ਬੱਚਿਆਂ ਨੇ ਭਰਵੀਂ ਸ਼ਮੂਲੀਅਤ ਕਰਦੇ ਹੋਏ ਸਾਡੇ ਇਨਕਲਾਬੀ ਵਿਰਸੇ, ਸਮਾਜਕ ਸਰੋਕਾਰਾਂ ਅਤੇ ਸਮਾਜਕ ਸਮੱਸਿਆਵਾਂ ਦੇ ਹਰ ਸੰਜੀਦਾ ਅਤੇ ਬਾਰੀਕ ਪਹਿਲੂ ਨੂੰ ਛੋਹਿਆ ਅਤੇ ਹੈਰਾਨ ਕਰ ਦੇਣ ਵਾਲੀ ਊਰਜਾ ਤੇ ਜਜ਼ਬੇ ਨਾਲ਼ ਇਹਨਾਂ ਵਿਸ਼ਿਆਂ ਤੇ ਆਪਣੀ ਸਮਝ ਨੂੰ ਪ੍ਰਗਟ ਕੀਤਾ। ਜਿਸ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਜੇ ਸਾਡੇ ਨੌਜਵਾਨਾਂ ਤੇ ਬੱਚਿਆਂ ਦੀ ਸੋਚ ਨੂੰ ਸਹੀ ਸੇਧ ਦਿੱਤੀ ਜਾਵੇ ਤਾਂ ਉਹ ਪੂਰੀ ਸੰਜੀਦਗੀ ਨਾਲ਼ ਉਹਨਾਂ ਅਗਾਂਹਵਧੂ ਤੇ ਇਨਕਲਾਬੀ ਵਿਚਾਰਾਂ ਨੂੰ ਆਤਮਸਾਤ ਵੀ ਕਰ ਸਕਦੇ ਹਨ ਅਤੇ ਇੱਕ ਚੰਗੇ ਇਨਸਾਨ ਹੀ ਨਹੀਂ ਸਗੋਂ ਇੱਕ ਅਜੇਹੀ ਸ਼ਕਤੀ ਬਣ ਸਕਦੇ ਹਨ ਜੋ ਕਿ ਤਰ੍ਹਾਂ-ਤਰ੍ਹਾਂ ਦੀਆਂ ਸਮਾਜਕ ਸਮੱਸਿਆਵਾਂ ਨਾਲ਼ ਗ੍ਰਸਤ ਇਸ ਸਮਾਜ ਨੂੰ ਬਦਲ ਕੇ ਮਨੁੱਖ ਦੇ ਰਹਿਣ ਲਾਇਕ ਸਮਾਜ ਦੀ ਸਿਰਜਣਾ ਕਰ ਦੇਵੇਗੀ। ਇਸ ਤਰ੍ਹਾਂ ਇਹ 10 ਵਾਂ 'ਬਾਲ ਮੇਲਾ' ਆਪਣੇ ਮਕਸਦ ਵਿੱਚ ਪੂਰੀ ਤਰ੍ਹਾਂ ਕਾਮਯਾਬ ਹੁੰਦਾ ਹੋਇਆ ਬਹੁਤ ਸਾਰੀਆਂ ਨਵੀਆਂ ਜ਼ਿੰਮੇਵਾਰੀਆਂ ਦਾ ਅਹਿਸਾਸ ਕਰਵਾਉਂਦਾ ਹੋਇਆ ਸਮਾਪਤ ਹੋ ਗਿਆ।



# ਜੀਵਨ ਅਤੇ ਮੌਤ-ਸਾਇੰਸ ਦੀ ਨਜ਼ਰ ਵਿਚ





ਡਾ ਬਲਜਿੰਦਰ ਸਿੰਘ ਸੇਖੋਂ

ਜੀਵਨ ਹੈ ਕੀ?

ਸਧਾਰਨ ਵਿਅਕਤੀ ਜਦ ਇਸ ਸੁਆਲ ਦਾ ਜੁਆਬ ਸੋਚਦਾ ਹੈ, ਤਾਂ ਇਹ ਬਿਲਕੁਲ ਅਸਾਨ ਲਗਦਾ ਹੈ। ਪਰ ਜਦ ਅਸੀਂ ਇਸ ਨੂੰ ਸਾਇੰਸ ਦੀ ਨਜ਼ਰ ਤੋਂ ਵੇਖਦੇ ਹਾਂ ਤਾਂ ਇਹ ਐਨਾ ਅਸਾਨ ਨਹੀਂ। ਅਸੀਂ ਜੀਵਾਂ ਵਿਚ ਕੁਝ ਗੁਣ ਵੇਖਦੇ ਹਾਂ, ਜਿਸ ਦੇ ਅਧਾਰ ਤੇ ਉਨ੍ਹਾਂ ਨੂੰ ਜਿਉਂਦੀਆਂ ਕਹਿ ਸਕਦੇ ਹਾਂ। ਉਹ ਵਧਦੀਆਂ ਹਨ, ਕਿਸੇ ਅਵਾਜ, ਚਾਨਣ, ਸੇਕ ਆਦਿ ਲੱਗਣ ਤੇ ਪ੍ਰਤੀਕਿਰਿਆ ਕਰਦੀਆਂ ਹਨ। ਪਰ ਕਈ ਬੇਜ਼ਾਨ ਚੀਜਾਂ ਵੀ ਕੁਝ ਕੁ ਇਸ ਤਰ੍ਹਾਂ ਦਾ ਕਰ ਸਕਦੀਆਂ ਹਨ। ਕਿਸੇ ਲੂਣ ਦੇ ਰਵੇ ਅਪਣੇ ਨਾਲ ਹੋਰ ਲੂਣ ਜੋੜ ਕੇ ਵੱਡੇ ਹੋ ਸਕਦੇ ਹਨ। ਖੰਡ ਤੋਂ ਮਿਸਰੀ ਬਣਾਉਣ ਲਈ ਜਦ ਉਸ ਵਿਚ ਧਾਗਾ ਪਾ ਦਿੱਤਾ ਜਾਂਦਾ ਹੈ, ਤਾਂ ਖਾਸ ਤਰਤੀਬ ਵਿਚ ਉਸ ਦੁਆਲੇ ਰਵੇ ਇਕੱਠੇ ਹੋਣੇ ਸ਼ੁਰੂ ਹੋ ਜਾਂਦੇ ਹਨ। ਲੋਹੇ ਦੀ ਪੱਤੀ ਗਰਮ ਹੋਣ ਤੇ ਲੰਬੀ ਹੋ ਸਕਦੀ ਹੈ। ਪਰ ਜੀਵਾਂ ਵਿਚ ਇਕ ਹੋਰ ਗੁਣ ਹੈ, ਜੋ ਬੇਜ਼ਾਨ ਵਸਤਾਂ ਵਿਚ ਨਹੀਂ, ਸਰੀਰਕ ਕ੍ਰਿਆਵਾਂ ਜਾਂ ਮੈਟਾਬੋਲਿਜ਼ਮ। ਜੀਵਾਂ ਦੇ ਸਰੀਰ ਵਿਚਲੇ ਤੱਤ ਸਥਿਰ ਨਹੀਂ ਰਹਿੰਦੇ, ਉਹ ਅਪਣੀ ਖੁਰਾਕ ਲਈ ਵਾਤਾਵਰਨ ਵਿਚੋਂ ਵਸਤਾਂ ਲੈ ਕੇ ਉਨ੍ਹਾਂ ਵਿਚਲੇ ਤੱਤਾਂ ਨੂੰ ਸਰੀਰ ਦੀਆਂ ਕ੍ਰਿਆਵਾਂ ਲਈ ਲੋੜੀਂਦੇ ਯੋਗਿਕ ਬਣਾਉਣ ਲਈ ਵਰਤ ਲੈਂਦੇ ਹਨ ਅਤੇ ਆਖਿਰ ਬੇਲੋੜੇ ਤੱਤਾਂ ਨੂੰ ਅਪਣੇ ਮਲ ਮੂਤਰ ਰਾਹੀਂ ਵਾਪਿਸ ਵਾਤਾਵਰਨ ਵਿਚ ਸੁੱਟ ਦਿੰਦੇ ਹਨ। ਪੌਦਿਆਂ ਵਿਚ ਵੀ ਇਹੋ ਗੁਣ ਹੈ। ਉਦਾਹਰਣ ਲਈ ਉਹ ਹਵਾ ਵਿਚੋਂ ਕਾਰਬਨ ਡਾਇਆਕਸਾਈਡ ਗੈਸ ਲੈ ਕੇ ਸੂਰਜ ਦੀ ਰੌਸ਼ਨੀ ਵਿਚ ਗੁਲੂਕੋਜ਼ (ਖੰਡ) ਬਣਾ ਲੈਂਦੇ ਹਨ ਅਤੇ ਇਸੇ ਕ੍ਰਿਆ ਵਿਚ ਆਕਸੀਜਨ ਹਵਾ ਵਿਚ ਛੱਡ ਦਿੰਦੇ ਹਨ। ਇਹ ਗੁਣ ਬੇਜ਼ਾਨ ਵਸਤਾਂ ਵਿਚ ਨਹੀਂ ਹੈ, ਕਿ ਉਹ ਅਪਣੇ ਆਪ ਤੱਤ ਲੈ ਕੇ ਵਰਤ ਸਕਣ। ਪਰ ਬੇਜਾਨ ਚੀਜਾਂ ਵਿਚ ਕੁਝ ਕੁ ਵਰਤਾਰੇ ਅਜਿਹੇ ਹਨ, ਜੋ ਇਸ ਕ੍ਰਿਆ ਨਾਲ ਮੇਲ ਖਾਂਦੇ ਹਨ। ਅੱਗ ਨੂੰ ਹੀ ਲੈ ਲਵੋ, ਇਹ ਬਾਲਣ ਲੈਂਦੀ ਹੈ ਅਤੇ ਉਸ ਨੂੰ ਸਾੜ ਕੇ ਕਾਰਬਨ ਡਾਇਆਕਸਾਈਡ ਅਤੇ ਪਾਣੀ ਵਿਚ ਬਦਲ ਦਿੰਦੀ ਹੈ। ਇਹ ਵਧਦੀ ਵੀ ਹੈ, ਇੱਕ ਚੰਗਿਆੜੀ ਤੋਂ ਸਾਰਾ ਜੰਗਲ ਸੜ ਸਕਦਾ ਹੈ। ਪਰ ਇਸ ਅੱਗ ਨੂੰ ਜੇਕਰ ਬਾਲਣ ਨਾ ਮਿਲੇ ਤਾਂ ਅਪਣੇ ਆਪ ਬੁਝ ਜਾਵੇਗੀ। ਪਰ ਜੇਕਰ ਕਿਸੇ ਜੀਵ ਨੂੰ ਖੁਰਾਕ ਨਾ ਮਿਲੇ, ਉਹ ਵੀ ਤਾਂ ਮਰ ਜਾਵੇਗਾ। ਪਰ ਸਾਨੂੰ ਪਤਾ ਹੈ ਕਿ ਅੱਗ ਜੀਵ ਨਹੀਂ। ਸੋ ਕਿਸੇ ਇੱਕ ਗੁਣ ਦੇ ਅਧਾਰ ਤੇ ਅਸੀਂ ਜੀਵਾਂ ਤੇ ਨਿਰਜੀਵਾਂ ਨੂੰ ਵਖਰਾ ਨਹੀਂ ਕਰ ਸਕਦੇ। ਪਰ ਹੇਠ ਲਿਖੇ ਚਾਰ ਗੁਣ ਇਕੱਠੇ ਕਿਸੇ ਬੇਜਾਨ ਵਸਤੂ ਵਿਚ ਨਹੀਂ ਹੁੰਦੇ।

ੳ) ਜੀਵ ਅਪਣਾ ਵਾਧਾ ਕਰ ਸਕਦੇ ਹਨ, ਅਪਣੇ ਵਰਗੇ ਹੋਰ ਜੀਵ ਪੈਦਾ ਕਰ ਸਕਦੇ ਹਨ,

ਅ) ਇਕੋ ਜਾਤੀ ਦੇ ਵੱਖ ਵੱਖ ਜੀਵਾਂ ਵਿਚ ਵਿਖਰੇਵਾਂ ਹੁੰਦਾ ਹੈ, ਜਿਸ ਦੇ ਅਧਾਰ ਤੇ ਉਹ ਬਦਲਦੀਆਂ ਹਾਲਤਾਂ ਮੁਤਾਬਿਕ ਅੱਗੇ ਹੋਰ ਚੰਗੇਰੇ ਜੀਵਾਂ ਵਿਚ ਵਿਕਸਤ ਹੋ ਸਕਦੇ ਹਨ,

ੲ) ਉਨ੍ਹਾਂ ਦੇ ਅਪਣੇ ਖਾਸ ਗੁਣ ਔਲਾਦ ਵਿਚ ਜਾ ਸਕਦੇ ਹਨ,

ਸ) ਜੀਵ ਵਿਚ ਵੱਖ ਵੱਖ ਕੰਮਾਂ ਲਈ ਵੱਖ ਵੱਖ ਅੰਗ ਹੁੰਦੇ ਹਨ।

ਇਹ ਗੁਣ ਜੀਵਾਂ ਦੀ ਅਬਾਦੀ ਦੇ ਕੁਦਰਤੀ ਚੋਣ ਦੁਆਰਾ ਵਿਕਾਸ ਲਈ ਜਰੂਰੀ ਹਨ।

ਪਰ ਜੀਵ ਅਤੇ ਨਿਰਜੀਵ ਦਾ ਫਰਕ ਕਰਨਾ, ਵਾਇਰਸ, ਜੋ ਜ਼ੁਕਾਮ, ਮਾਤਾ, ਹਲਕਾਅ ਵਰਗੀਆਂ ਭਿਆਨਕ ਬਮਾਰੀਆਂ ਕਰ ਸਕਦੇ ਹਨ, ਵਿਚ ਹੋਰ ਵੀ ਔਖਾ ਹੋ ਜਾਂਦਾ ਹੈ। ਇਹ ਬਹੁਤ ਮਹੀਨ ਜੀਵ ਹਨ, ਜਿਨ੍ਹਾਂ ਨੂੰ ਸਿਰਫ ਅਲੈਕਟਰਾਨ ਖੁਰਦਬੀਨ ਨਾਲ ਹੀ ਵੇਖਿਆ ਜਾ ਸਕਦਾ ਹੈ। ਇਹ ਅਪਣੇ ਆਪ ਅਪਣੇ ਵਰਗੇ ਹੋਰ ਵਾਇਰਸ ਪੈਦਾ ਨਹੀਂ ਕਰ ਸਕਦੇ, ਅਪਣੇ ਵਾਧੇ ਲਈ ਇਨ੍ਹਾਂ ਨੂੰ ਕਿਸੇ ਦੂਸਰੇ ਜੀਵ ਦੇ ਸੈਲਾਂ ਵਿਚਲੇ ਹਿਸਿਆਂ ਦਾ ਸਹਾਰਾ ਲੈਣਾ ਪੈਂਦਾ ਹੈ, ਉਹਨਾਂ ਨੂੰ ਵਰਤ ਕੇ ਵਾਇਰਸ ਅਪਣੇ ਵਰਗੇ ਹੋਰ ਵਾਇਰਸ ਪੈਦਾ ਕਰਦੇ ਹਨ। ਇਹ ਜੀਵ ਹਨ ਜਾਂ ਰਸਾਇਣ ਦੀ ਬਹਿਸ ਨੇ ਨਵਾਂ ਮੋੜ ਲੈ ਲਿਆ ਜਦ ਵੈਂਡਲ ਸਟੈਨਲੇ ਤੇ ਉਸ ਦੇ ਸਾਥੀਆਂ ਨੇ ਤੰਬਾਕੂ ਦੇ ਪਤਿਆਂ ਨੂੰ ਚਿਤਕਬਰਾ ਕਰਨ ਵਾਲੇ ਮੋਜ਼ੇਕ ਵਇਰਸ ਦੇ ਪ੍ਰਯੋਗਸ਼ਾਲ ਵਿਚ ਕਿਸੇ ਹੋਰ ਲੂਣ ਦੇ ਰਵਿਆਂ ਵਾਂਗਰ ਰਵੇ ਬਣਾ ਲਏ। ਇਸ ਨਾਲ ਵਾਇਰਸ ਨੂੰ ਨਿਰਜੀਵ ਕਿਹਾ ਜਾਣ ਲੱਗਾ। ਰਵੇ ਬਣਾਉਣਾ ਰਸਾਇਣ ਵਿਗਿਆਨ ਵਿਚ ਕਿਸੇ ਰਸਾਇਣ ਨੂੰ ਦੂਸਰੇ ਰਸਾਇਣਾਂ ਨਾਲੋਂ ਸ਼ੁੱਧ ਰੂਪ ਵਿਚ ਵੱਖ ਕਰਨ ਲਈ ਵਰਤਿਆ ਜਾਂਦਾ ਹੈ। ਇਸ ਢੰਗ ਵਿਚ ਕਿਸੇ ਵੀ ਮਿਸ਼ਰਣ ਨੂੰ ਪਾਣੀ ਵਿਚ ਘੋਲ ਲਿਆ ਜਾਂਦਾ ਹੈ ਅਤੇ ਇਸ ਨੂੰ ਗਰਮ ਕਰਕੇ ਪਾਣੀ ਉਸ ਵੇਲੇ ਤੱਕ ਉਡਾ ਦਿੱਤਾ ਜਾਂਦਾ ਹੈ, ਜਦ ਤੱਕ ਇਸ ਵਿਚ ਡੋਬੀ ਕਿਸੇ ਡੰਡੀ ਤੇ ਫੁਕ ਮਾਰਨ ਨਾਲ ਠੋਸ ਨਾ ਦਿਸਣ ਪਵੇ, ਇਸ ਮਿਸ਼ਰਣ ਨੂੰ ਠੰਡਾ ਕਰਨ ਤੇ ਇਕ ਖਾਸ ਲੂਣ ਠੋਸ ਸ਼ੁੱਧ ਰੂਪ ਵਿਚ ਰਵੇ ਬਣਕੇ ਥੱਲੇ ਬੈਠ ਜਾਂਦਾ ਹੈ। ਇਸੇ ਤਰ੍ਹਾਂ ਹੀ ਕਰੋੜਾਂ ਸਾਲ ਪਹਿਲਾਂ ਵੱਖ ਹੋਏ ਸਮੁੰਦਰਾਂ ਦੇ ਟੁਕੜਿਆਂ ਵਿਚੋਂ ਵਾਸ਼ਪੀਕਰਨ ਨਾਲ ਪਾਣੀ ਉਡ ਕੇ ਜਦ ਉਹ ਘੋਲ ਸੰਘਣੇ ਹੋ ਗਏ ਤਾਂ ਵੱਖ ਵੱਖ ਸਮੇਂ, ਵੱਖ ਵੱਖ ਲੂਣ, ਰਵੇ ਬਣ ਹੇਠਾਂ ਬਹਿ ਗਏ ਅਤੇ ਅੱਜ ਖਾਣਾ ਦੇ ਰੂਪ ਵਿਚ ਵੱਡੇ ਭੰਡਾਰ ਬਣੇ ਹੋਏ ਹਨ। ਪਰ ਵਕਤ ਪੈਣ ਤੇ ਸਾਇੰਸਦਾਨਾ ਨੇ ਸੈੱਲ ਵਿਚਲੇ ਹੋਰ ਨਿੱਕੇ ਹਿਸਿਆਂ, ਡੀ ਐਨ ਏ, ਮਾਈਟੋਕੌਂਡਰੀਆ, ਰਾਇਬੋਸੋਮ, ਪ੍ਰੋਟੀਨ ਆਦਿ ਦੇ ਵੀ ਰਵੇ ਬਣਾ ਲਏ। ਇਹ ਜੀਵਤ ਸੈਲ ਦੇ ਅਹਿਮ ਅੰਗ ਹਨ ਜੋ ਜੀਵ ਦੇ ਅਹਿਮ ਕੰਮਾਂ ਨੂੰ ਨੇਪਰੇ ਚਾੜ੍ਹਦੇ ਹਨ। ਇਸ ਸਭ ਤੋਂ ਅਸੀਂ ਇਹੋ ਕਹਿ ਸਕਦੇ ਹਾਂ ਕਿ ਜਿਸ ਤਰ੍ਹਾਂ ਇੱਕ ਇੰਜਣ ਦੇ ਪੁਰਜੇ ਅਪਣੇ ਆਪ ਵਿਚ ਕੁਝ ਨਹੀਂ ਕਰ ਸਕਦੇ ਪਰ ਕਿਸੇ ਖਾਸ ਤਰੀਕੇ ਨਾਲ ਜਦ ਜੋੜ ਦਿੱਤੇ ਜਾਂਦੇ ਹਨ ਤਾਂ ਇਹ ਇਸ ਨੂੰ ਚਲਦਾ ਰੱਖ ਸਕਦੇ ਹਨ। ਇਸੇ ਤਰ੍ਹਾਂ ਇਹ ਸੈਲ ਵਿਚ ਛੋਟੇ ਅੰਗ ਵੱਖਰੇ ਵੱਖਰੇ ਨਿਰਜੀਵ ਹਨ, ਪਰ ਜਦ ਇਹ ਕਿਸੇ ਖਾਸ ਤਰਤੀਬ ਵਿਚ ਜੁੜ ਬੈਠਦੇ ਹਨ, ਤਾਂ ਇਹ ਇਕ ਜਿਉਂਦੇ ਸੈਲ ਦਾ ਰੂਪ ਧਾਰਨ ਕਰ ਲੈਂਦੇ ਹਨ।

ਮਨੁੱਖੀ ਸਰੀਰ ਵਿਚ ਕੀ ਹੈ, ਜਿਸ ਕਾਰਨ ਅਸੀਂ ਜਿੰਦਾ ਹਾਂ?

ਮਨੁੱਖੀ ਸਰੀਰ ਵਿਚ ਕੀ ਹੈ? ਇਹ ਜਗਿਆਸਾ ਬਹੁੱਤ ਪੁਰਾਣੇ ਸਮੇਂ ਤੋਂ ਰਹੀ ਹੈ। ਪਹਿਲੇ ਮਨੁੱਖਾਂ ਨੇ ਸ਼ਿਕਾਰ ਕਰਨ ਉਪਰੰਤ ਜੀਵਾਂ ਨੂੰ ਕੱਟਣ ਵੱਢਣ ਤੇ ਜਾਣ ਲਿਆ ਸੀ, ਕਿ ਸਰੀਰ ਵਿਚ ਬਹੁਤ ਸਾਰੇ ਅੰਗ ਹਨ, ਜੋ ਸਰੀਰ ਵਿਚ ਵੱਖ ਵੱਖ ਕੰਮ ਕਰਦੇ ਹਨ। ਸਰੀਰ ਵਿਚ ਇੱਕ ਤਰ੍ਹਾਂ ਦਾ ਕੰਮ ਕਰਨ ਲਈ ਕਈ ਅੰਗ ਮਿਲ ਕੇ ਇੱਕ ਪ੍ਰਣਾਲੀ ਬਣਾਉਂਦੇ ਹਨ, ਜਿਵੇਂ ਮੂੰਹ ਤੋਂ ਸ਼ੁਰੂ ਹੋਈ ਪਾਚਨ ਪ੍ਰਣਾਲੀ ਦੀ ਭੋਜਨ ਨਾਲੀ ਮਿਹਦੇ ਵਿਚ ਖੁੱਲ੍ਹਦੀ ਹੈ, ਅੱਗੇ ਇਸ ਵਿਚ ਜਿਗਰ ਵਿਚੋਂ ਰੱਸ ਲੈ ਕੇ ਇੱਕ ਨਾਲੀ ਆ ਜੁੜਦੀ ਹੈ, ਉਸ ਤੋਂ ਅਗਾਂਹ ਛੋਟੀ ਆਂਤੜੀ ਅਤੇ ਆਖਿਰ ਵੱਡੀ ਆਂਤੜੀ ਸਰੀਰ ਤੋਂ ਬਾਹਰ ਜਾ ਖੁੱਲ੍ਹਦੀ ਹੈ। ਮਿਸਰ ਵਿਚ ਮਰਨ ਉਪਰੰਤ ਸਰੀਰ ਨੂੰ 'ਮੰਮੀ ਬਣਾ' ਸਾਂਭਣਾ ਅੱਜ ਤੋਂ 4000 ਸਾਲ ਪਹਿਲਾਂ ਆਮ ਹੋ ਗਿਆ ਸੀ। ਮੱਮੀ ਬਣਾਉਣ ਵੇਲੇ ਸਰੀਰ ਦੇ ਕਈ ਅੰਗ ਬਾਹਰ ਕੱਢ ਲਏ ਜਾਂਦੇ ਅਤੇ ਬਾਕੀ ਸਰੀਰ ਨੂੰ ਕਈ ਰਸਾਇਣਾ ਨਾਲ ਸੁਕਾ ਕੇ ਪਟੀਆਂ ਵਿਚ ਲਪੇਟ ਲਿਆ ਜਾਂਦਾ। ਫਿਰ ਕਬਰ ਵਿਚ ਸਮੇਤ ਵਖਰੇ ਸਾਂਭੇ ਅੰਗਾਂ ਦੇ ਅਤੇ ਵਿਤ ਮੁਤਾਬਿਕ ਸਮਾਨ ਦੇ, ਨੱਪ ਦਿੱਤਾ ਜਾਂਦਾ। ਉਨ੍ਹਾਂ ਲੋਕਾਂ ਨੂੰ ਸਰੀਰ ਵਿਚਲੇ ਪ੍ਰਮੁੱਖ ਅੰਗਾਂ ਬਾਰੇ ਪਤਾ ਲੱਗ ਚੁੱਕਾ ਸੀ ਪਰ ਉਨ੍ਹਾਂ ਦੇ ਵੱਖੋ ਵਖਰੇ ਕੰਮਾਂ ਬਾਰੇ ਸਪੱਸ਼ਟ ਤੌਰ ਤੇ ਨਹੀਂ ਸੀ ਪਤਾ।

ਈਸਾ ਤੋਂ 500 ਕੁ ਸਾਲ ਪਹਿਲਾਂ ਯੂਨਾਨ ਵਿਚ ਜਾਨਵਰਾਂ ਦੀ ਚੀਰ ਫਾੜ ਕਰਕੇ ਸਰੀਰ ਦੇ ਅੰਗਾਂ ਬਾਰੇ ਲਿਖਿਆ ਜਾਣ ਲੱਗਾ। ਅਰਸਤੂ ਨੇ 2400 ਸਾਲ ਪਹਿਲਾਂ ਕਈ ਜੀਵਾਂ ਦੇ ਸਰੀਰ ਦੀ ਬਣਤਰ ਬਾਰੇ ਲਿਖ ਦਿੱਤਾ ਸੀ। ਅਲੈਗਜ਼ੈਂਡਰੀਆ ਵਿਚ 2300 ਸਾਲ ਪਹਿਲਾਂ ਮੁਰਦਿਆਂ ਦੀ ਚੀਰ ਫਾੜ ਹੋਣ ਲੱਗੀ ਅਤੇ ਉਸ ਸਮੇਂ ਹੇਰੋਫਿਲੋਸ ਅਤੇ ਉਸ ਦੇ ਸਾਥੀਆਂ ਨੇ ਰਾਜੇ ਤੋਂ ਅਪਰਾਧੀਆਂ ਨੂੰ ਜਿਉਂਦੇ ਜੀ ਕੱਟ ਵੱਢ ਕੇ ਵੇਖਣ ਦੀ ਮਨਜ਼ੂਰੀ ਲੈ ਲਈ ਅਤੇ ਵੇਲੇ ਦੇ ਲੋਕਾਂ ਨੇ ਉਸ ਤੇ 600 ਦੇ ਕਰੀਬ ਵਿਅੱਕਤੀਆਂ ਦੇ ਜੀਵਤ ਸਰੀਰਾਂ ਨੂੰ ਕੱਟ ਵੱਢ ਕੇ ਵੇਖਣ ਦੇ ਦੋਸ਼ ਲਾਏ। ਇਸ ਗਲ ਨੂੰ ਵਿਚਾਰ ਕੇ ਹੀ ਬੜਾ ਔਖਾ ਲਗਦਾ ਹੈ ਕਿ ਇਹ ਕਿਨਾ ਜੁ ਕਾਰਾ ਹੋਵੇਗਾ, ਕਿਸੇ ਜਿੰਉਦੇ ਜੀ ਨੂੰ ਕਟਣਾ ਵੱਢਣਾ, ਉਹ ਵੀ ਉਨ੍ਹਾਂ ਹਾਲਤਾਂ ਵਿਚ

(ਬਾਕੀ ਸਫ਼ਾ 30 'ਤੇ)



# ਟੋਰਾਂਟੋ ਵਿੱਚ ਬਲਤੇਜ ਪੰਨੂ ਦੀ ਗ੍ਰਿਫਤਾਰੀ ਵਿਰੁੱਧ ਭਾਰੀ ਇਕੱਠ





**ਹਰਜੀਤ ਬੇਦੀ**

ਪੰਜਾਬ ਚ ਗ੍ਰਿਫਤਾਰ ਕੀਤੇ ਸੱਚ ਲਿਖਣ ਤੇ ਬੋਲਣ ਲਈ ਪ੍ਰਸਿੱਧ ਪੱਤਰਕਾਰ ਬਲਤੇਜ ਪੰਨੂ ਦੀ ਗ੍ਰਿਫਤਾਰੀ ਦੇ ਵਿਰੋਧ ਵਿੱਚ ਹਜਾਰਾਂ ਲੋਕਾਂ ਨੇ ਟੋਰਾਂਟੋ ਦੇ ਕਨੇਡੀਅਨ ਕਨਵੈਂਸ਼ਨ ਸੈਂਟਰ ਵਿੱਚ ਪੰਜਾਬ ਸਰਕਾਰ ਦੇ ਖਿਲਾਫ਼ ਰੋਸ ਜਾਹਿਰ ਕੀਤਾ। ਸਾਊਥ ਏਸ਼ੀਅਨ ਪੰਜਾਬੀ ਮੀਡੀਆ ਦੇ ਸੱਦੇ ਤੇ ਭਾਰਤੀ ਮੂਲ ਦੇ ਲੋਕਾਂ ਬਾਦਲ ਸਰਕਾਰ ਦੀ ਇਸ ਗੈਰ-ਜਮਹੂਰੀ ਅਤੇ ਪ੍ਰੈਸ ਦੀ ਆਜ਼ਾਦੀ ਤੇ ਅਣ-ਐਲਾਨੀ ਐਮਰਜੈਂਸੀ ਖਿਲਾਫ਼ ਇੱਕਮੁੱਠਤਾ ਦਾ ਵਿਖਾਵਾ ਕਰਨ ਲਈ ਇੱਕਠੇ ਹੋਇ ਸਨ । ਇਸ ਪ੍ਰੋਗਰਗਾਮ ਵਿੱਚ ਵੱਖ ਵੱਖ ਬੁਲਾਰਿਆਂ ਦਿਲਬਾਗ ਚਾਵਲਾ, ਚਰਨਜੀਤ ਬਰਾੜ, ਬਲਜਿੰਦਰ ਤੰਬੜ, ਬਲਜੀਤ ਮੰਡ, ਸੱਤਪਾਲ ਜੌਹਲ, ਜਸਦੀਪ ਪੰਨੂ, ਜੋਗਿੰਦਰ ਗਰੇਵਾਲ, ਹਰਬੰਸ ਸਿੰਘ "ਸਰੋਕਾਰਾਂ ਦੀ ਆਵਾਜ਼", ਰਵਿੰਦਰ ਪੰਨੂੰ, ਨਾਹਰ ਔਜਲਾ, ਗੁਰਚਰਨ ਸਿੰਘ ਬਰਾੜ, ਤੀਰਥ ਪਾਸਲਾ, ਬਲਦੇਵ ਰਹਿਪਾ, ਮਨਜੀਤ ਸਿੰਘ ਭੂੰਦੀ, ਜਗਮੀਤ ਸਿੰਘ ਐਮ ਪੀ ਪੀ, ਗੁਰਕਿਰਪਾਲ ਸਿੰਘ, ਤਰਲੋਚਨ ਸਿੰਘ ਮੰਝ ਸਮੇਤ ਬਹੁਤ ਸਾਰੇ ਬੁਲਰਿਆਂ ਨੇ ਬਲਤੇਜ ਪੰਨੂੰ ਦੀ ਗ੍ਰਿਫਤਾਰੀ ਨੂੰ ਮੰਦਭਾਗਾ ਦਸਦੇ ਹੋਏ ਇਸ ਘੜੀ ਵਿੱਚ ਬਲਤੇਜ ਦੇ ਨਾਲ ਡੱਟ ਕੇ ਖੜ੍ਹਨ ਦਾ ਅਹਿਦ ਲਿਆ ਤੇ ਸ਼ਾਮਲ ਲੋਕਾਂ ਨੂ ਸਾਥ ਦੇਣ ਦੀ ਅਪੀਲ ਕੀਤੀ ।

ਵੱਖ-ਵੱਖ ਬੁਲਾਰਿਆਂ ਨੇ ਇਸ ਗ੍ਰਿਰਫਤਾਰੀ ਨੂੰ ਸਿਆਸਤ ਤੋਂ ਪ੍ਰੇਰਤ ਦਸਦੇ ਹੋਏ ਕਿਹਾ ਕਿ ਬਲਤੇਜ ਇੱਕ ਬੇਬਾਕ ਪੱਤਰਕਾਰ ਹੋਣ ਕਰਕੇ ਉਸ ਨੂੰ ਝੂਠੇ ਕੇਸ ਵਿੱਚ ਫਸਾਉਣ ਦੀ ਕੋਸ਼ਿਸ ਕੀਤੀ ਜਾ ਰਹੀ ਹੈ । ਰਾਜਨੀਤਕਾਂ ਦੀ ਸ਼ਹਿ ਤੇ ਪੁਲੀਸ ਵਲੋਂ ਬਲਤੇਜ ਪੰਨੂੰ ਨੂੰ ਗ੍ਰਿਫਤਾਰ ਕਰਕੇ ਤਸ਼ੱਦਦ ਕਰਨ ਦੀ ਨਿਖੇਧੀ ਕੀਤੀ ਗਈ। ਬੁਲਾਰਿਆਂ ਨੇ ਕਿਹਾ ਕਿ ਭਾਰਤ ਵਿੱਚ ਬੋਲਣ ਤੇ ਆਪਣੇ ਵਿਚਾਰ ਪ੍ਰਗਟ ਕਰਨ ਤੇ ਇੱਕ ਤਰ੍ਹਾਂ ਦੀ ਅਣ-ਐਲਾਨੀ ਰੋਕ ਹੈ। ਪੱਤਰਕਾਰਾਂ, ਲੇਖਕਾਂ ਤੇ ਬੁੱਧੀਜੀਵੀਆਂ ਤੇ ਆਏ ਦਿਨ ਹੋ ਰਹੇ ਹਮਲੇ ਇਸ ਗੱਲ ਦਾ ਸਬੂਤ ਹਨ ਕਿ ਅਕਾਲੀ-ਭਾਜਪਾ ਸ਼ਾਸਨ ਵੱਲੋਂ ਲੋਕਾਂ ਦੇ ਜਮਹੂਰੀ ਸਿਆਸੀ ਹੱਕ ਨੂੰ ਖ਼ਤਮ ਕਰਕੇ ਧੱਕੜ ਤਾਲੀਬਾਨੀ ਤਾਨਾਸ਼ਾਹੀ ਲਾਗੂ ਕੀਤੀ ਜਾ ਰਹੀ ਹੈ । ਪ੍ਰੈਸ ਨੂੰ ਡੰਡੇ ਅਤੇ ਪੈਸੇ ਦੀ ਤਾਕਤ ਨਾਲ ਪਾਲਤੂ ਬਣਾਉਣ ਦੀ ਕੋਝੀ ਨੀਤੀ ਲਾਗੂ ਹੈ, ਲੋਕਾਂ ਦੀ ਹੱਕ ਸੱਚ ਦੀ ਆਵਾਜ ਨੂੰ ਬੰਦ ਕਰਕੇ ਆਪਣੀ ਭ੍ਰਿਸ਼ਟ ਅਤੇ ਗੁੰਡਾ ਅਨਸਰਾਂ ਨੂੰ ਜੱਥੇਬੰਦ ਕੀਤਾ ਜਾ ਰਿਹਾ ਹੈ। ਬੁਲਾਰਿਆਂ ਨੇ ਪੰਜਾਬ ਵਿੱਚ ਵੀ ਬਲਤੇਜ ਪੰਨੂੰ ਦੀ ਗ੍ਰਿਫਤਾਰੀ ਤੋਂ ਬਿਨਾਂ ਪ੍ਰੀਤਮ ਸਿੰਘ ਭਰੋਵਾਲ ਤੇ ਉਸਦੇ ਰਿਸਤੇਦੀ ਗ੍ਰਿਫਤਾਰੀ ਦੀ ਵੀ ਨਿਖੇਧੀ ਕੀਤੀ। ਇਸ ਇਕੱਠ ਜਿਸ ਵਿੱਚ ਭਾਰੀ ਗਿਣਤੀ ਵਿੱਚ ਔਰਤਾਂ ਵੀ ਸ਼ਾਮਲ ਸਨ ,ਵਿੱਚ ਬਲਤੇਜ ਪੰਨੂੰ ਤੇ ਹੋਰ ਪੱਤਰਕਾਰਾਂ ਜਾਂ ਸਬੰਧਤ ਵਿਅਕਤੀਆਂ ਨੂੰ ਬਿਨਾਂ ਸ਼ਰਤ ਰਿਹਾ ਕਰਨ ਲਈ ਖੜ੍ਹੇ ਹੋਕੇ ਹੱਥ ਖੜੇ ਕਰਕੇ ਮਤਾ ਪਾਸ ਕੀਤਾ ਗਿਆ। ਇੱਕ ਹੋਰ ਮਤੇ ਰਾਹੀਂ , ਭਾਰਤ ਹਰ ਹਿੱਸੇ ਦੇ ਲੇਖਕਾਂ, ਕਲਾਕਾਰਾਂ, ਫਿਲਮਕਾਰਾਂ ਤੇ ਹੋਰਾਂ ਵਲੋਂ ਅਸਹਿਣਸ਼ੀਲਤਾ ਵਿਰੁੱਧ ਅਵਾਰਡ ਵਾਪਸ ਕਰਨ ਦੀ ਮੁਹਿੰਮ ਨਾਲ ਇੱਕਮੁੱਠਤਾ ਦਾ ਪ੍ਰਗਟਾਵਾ ਕਰਦੇ ਹੋਏ ਘੱਟਗਿਣਤੀ ਅਤੇ ਇਨਸਾਫ਼ਪਸੰਦ ਲੋਕਾਂ ਤੇ ਹੋ ਰਹੇ ਹਮਲਿਆਂ ਦੀ ਵੀ ਨਿਖੇਧੀ ਕੀਤੀ ਗਈ। ਬੁਲਾਰਿਆਂ ਨੇ ਮੰਗ ਕੀਤੀ ਕਿ ਬਲਤੇਜ ਪਨੂੰ ਅਤੇ ਹੋਰ ਪੱਤਰਕਾਰਾਂ ਤੇ ਸਰਕਾਰੀ ਅਤੇ ਗੈਰ-ਸਰਕਾਰੀ ਗੁੰਡਾਗਰਦੀ ਦਾ ਬੰਦ ਕਰਕੇ ਸਾਰੇ ਝੂਠੇ ਕੇਸ ਵਾਪਿਸ ਲਏ ਜਾਣ। ਅੰਤ ਵਿੱਚ ਚੇਤਾਵਨੀ ਦਿੰਦੇ ਕਿਹਾ ਕਿ ਪੱਤਰਕਾਰਾਂ ਤੇ ਝੂਠੇ ਕੇਸ ਵਾਪਸ ਨਾ ਲੈਣ ਦੀ ਸੂਰਤ ਵਿੱਚ ਘੋਲ਼ ਨੂੰ ਤਿੱਖਾ ਕੀਤਾ ਜਾਣ ਲਈ ਰੂਪ ਰੇਖਾ ਜਲਦੀ ਹੀ ਉਲੀਕੀ ਜਾਵੇਗੀ। ਇਸ ਇਕੱਠ ਵਿੱਚ ਸ਼ਾਮਲ ਲੋਕਾਂ ਵਲੋਂ ਬਲਤੇਜ ਪੰਨੂੰ ਦੇ ਹੱਕ ਵਿੱਚੇ ਬੈਨਰ ਹੋਏ ਸਨ। ਬਲਤੇਜ ਦੀ ਗ੍ਰਿਫਤਾਰੀ ਤੋਂ ਬਾਅਦ ਪੰਨੂੰ ਨੂੰ ਲਿਜਾਏ ਜਾਣ ਦੀ ਵੀਡੀਓ ਵੀ ਵਿਖਾਈ ਗਈ। ਪਹਿਲੇ ਹੀ ਦਿਨ 6000 ਤੋਂ ਵੱਧ ਲੋਕਾਂ ਨੇ ਬਲਤੇਜ ਦੀ ਗ੍ਰਿਫਤਾਰੀ ਦੇ ਵਿਰੋਧ ਦੀ ਪਟੀਸ਼ਨ ਤੇ ਦਸਤਖਤ ਕੀਤੇ।

647-924-9087



# ਨਾਨਕਧਾਰਾ ਦੀਆਂ ਇਤਿਹਾਸਕ ਕਦਰਾਂ ਕੀਮਤਾਂ

ਗੁਰਚਰਨ ਸਿੰਘ ਸਹਿੰਸਰਾ

(ਪਿਛਲੇ ਅੰਕ ਦੀ ਬਾਕੀ)

ਏਸ ਲਈ ਸਿਆਸੀ ਤੌਰ 'ਤੇ ਇਹ ਇਲਾਕਾ ਬੰਦੀਆਂ ਤੇ ਰਿਆਸਤਾਂ ਤੋੜ ਕੇ ਇੱਕੋ ਵੱਡੀ ਰਿਆਸਤ ਬਣਾਉਣਾ ਤੇ ਏਸ ਉੱਤੇ ਕਿਸੇ ਹਾਕਮ ਦੀ ਬਾਦਸ਼ਾਹੀ (ਮੋਨਾਰਕੀ) ਥਾਪਣਾ ਅਧਿਆਤਮਿਕ ਤੌਰ 'ਤੇ ਇਹਨਾਂ ਦੇ ਪੂਜਾਂ ਉੱਤੇ ਕਿਸੇ ਧਾਰਮਕ ਆਗੂ ਦੀ ਮਨਾਉਤ ਕਰਵਾਉਣਾ ਉਸਦੇ ਵਿਕਾਸੀ ਹਿਤਾਂ ਦੀ ਜੀਵਨ ਪਹੁੰਚ ਸੀ। ਏਸ ਡਾਇਲੈਕਟਿਕੀ ਅੜਚਨ ਨੇ, ਰੋਮ ਦੇ ਪੋਪ, ਬਗਦਾਦ ਦੇ ਖਲੀਫੇ ਤੇ ਹਿੰਦ ਦੇ ਬ੍ਰਾਹਮਣ ਵਿਰੁੱਧ, ਜੋ ਉੱਤੇ ਦੱਸੀਆਂ ਰੁਕਾਵਟਾਂ ਪਾ ਰਹੀਆਂ ਤਾਕਤਾਂ ਦੇ ਸਿਰਤਾਜ ਸਨ, ਵਿਰੁੱਧ ਸਪਿਰਟ ਪੈਦਾ ਕਰ ਦਿੱਤੀ। ਇਹ ਵਿਰੁੱਧ ਯੂਰਪ ਵਿੱਚ ਰੀਨਾਇਸੇਂਸ ਤੇ ਰੀਫਾਰਮੇਸ਼ਨ (ਕਾਇਆ ਕਲਪ ਤੇ ਸੁਧਾਰਤਾ) ਇਸਲਾਮੀ ਦੁਨੀਆਂ ਵਿੱਚ ਸੂਫੀਅਤ ਤੇ ਹਿੰਦੂ ਜਗਤ ਵਿੱਚ ਭਗਤੀ ਅਖਵਾਇਆ।

ਇਹ ਬੁਰਜੂਆ ਜਾਗ ਦੇਸੀ ਭਾਵ ਕੌਮੀ ਸਪਿਰਟ ਬਣਕੇ ਕੌਮ ਅਜ਼ਾਦੀ ਦੇ ਅਨੁਭਵਾਂ ਵਿੱਚ ਫੁੱਟ ਪਈ ਤੇ ਏਸ ਨੇ ਇਬਰਾਨੀ, ਅਰਬੀ ਤੇ ਸੰਸਕ੍ਰਿਤ ਤੋਂ ਮੁੱਖ ਮੋੜ ਕੇ ਆਪੋ ਆਪਣੇ ਦੇਸਾਂ ਦੀਆਂ ਜ਼ਬਾਨਾਂ ਵਿੱਚ ਆਪਣੀ ਧਾਰਮਕਤਾ ਨੂੰ ਧਿਆਉਣਾ ਤੇ ਧਾਰਮਕ ਸਾਹਿਤ ਰਚਨਾ ਆਰੰਭ ਦਿੱਤੀ। ਇਹ ਲਹਿਰਾਂ ਭਾਵੇਂ ਮਜ਼ਹਬੀ ਸਨ, ਪਰ ਫਿਊਡਲ ਸ਼ਾਹੀ ਵਿਰੁੱਧ ਬੁਰਜੂਆ ਜਮਾਤੀ ਸੰਗਰਾਮ ਦੀ ਪਹਿਲ ਪਨੀਰੀ ਸਨ, ਜੋ ਹਰ ਦੇਸ਼ ਦੇ ਹਲਾਤ ਅਨੁਸਾਰ ਛੇਤੀ ਜਾਂ ਦੇਰ ਨਾਲ਼ ਰੋਮ ਦੇ ਪੋਪ, ਬਗਦਾਦ ਦੇ ਖਲੀਫਾ ਤੇ ਹਿੰਦ ਦੇ ਬ੍ਰਾਹਮਣ ਵਿਰੁੱਧ ਬਗਾਵਤ ਹੋ ਤੁਰੀਆਂ।

ਰੀਫਾਰਮੇਸ਼ਨ (ਸੁਧਾਰਤਾ) ਦਾ ਆਮ ਰੁਖ ਕੌਮੀ ਅਜ਼ਾਦੀ ਖਿਆਲਾਂ ਵੱਲ ਸੀ। (ਰੈਵਰੈਂਡ ਐਰ. ਜੇ. ਚੇਟਰ, ਯੂਰਪੀਨ ਹਿਸਟਰੀ, ਤੀਸਰੀ ਸੈਂਚੀ, ਸਫਾ ੧੯੧)



ਏਸ ਜਗਤ-ਲਹਿਰ ਦੀ ਬਿਆਈ ਇਸਲਾਮ ਅੰਦਰ ਤਾਂ ਬਹੁਤ ਪਹਿਲਾਂ ਤੋਂ ਸ਼ੁਰੂ ਹੋ ਚੁੱਕੀ ਸੀ, ਪਰ ਏਸ ਦਾ ਇਸਲਾਮੋਂ ਬਾਹਰਲਾ ਯੂਰਪ ਤੇ ਹਿੰਦੁਸਤਾਨ ਵਿਚਲਾ ਫੁੱਟਣ ਸਮਾਂ ਪੰਦਰ੍ਹਵੀਂ ਸਦੀ ਦਾ ਪਿਛਲਾ ਅੱਧ ਤੇ ਏਸਦੇ ਆਗੂ ਏਸੇ ਸਮੇਂ ਦੇ ਹਾਣੀ ਹਨ।

ਜਰਮਨੀ- ਲੂਥਰ 1483-1549

ਫਰਾਂਸ- ਕਾਲਵਿਨ 1507-1564

ਇਟਲੀ- ਮੈਕਿਆਵਲੀ 1484-1539

ਹਿੰਦੁਸਤਾਨ- ਨਾਨਕ 1469-1539

ਸੋ ਨਾਨਕ ਜਾਂ ਗੁਰੂ ਲਹਿਰ ਨਿਰੀ ਪੰਜਾਬੀ ਨਹੀਂ, ਸਗੋਂ ਮੱਧਕਾਲ ਦੀ ਧਰਮਸ਼ਾਹੀ (ਥੀਉਕਰੇਸੀ) ਦੀ ਕੱਟੜਤਾ ਤੇ ਧੱਕੜਸ਼ਾਹੀ ਵਿਰੁੱਧ ਉੱਠ ਖੜ੍ਹੀ ਹੋਈ ਜਗਤ ਬੁਰਜੂਆ ਇਨਕਲਾਬੀ ਜਾਗ ਦੀ ਆੜ੍ਹੀ ਸੀ, ਜੋ ਨਵੀਆਂ ਪੈਦਾਵਾਰੀ ਤਾਕਤਾਂ ਦਾ ਪੁਰਾਣੀਆਂ ਵਿਰੁੱਧ ਸਕਾਟਲੈਂਡ ਤੋਂ ਲੈ ਕੇ ਹਿੰਦੁਸਤਾਨ ਤੱਕ ਸੰਗਰਾਮ ਬਣ ਤੁਰੀ।

ਇਹ ਲਹਿਰਾਂ ਪੰਦਰ੍ਹਵੀਂ ਸਦੀ ਦੇ ਪਿਛਲੇ ਅੱਧ ਵਿੱਚ ਉੱਭਰੀਆਂ, ਜਦੋਂ ਕਿਸੇ ਨਾ ਕਿਸੇ ਸ਼ਾਹੀ ਘਰਾਣੇ ਨੇ ਕਸਬਿਆਂ ਦੇ ਬਰਗਰਾਂ-ਸ਼ਹਿਰਦਾਰਾਂ (ਯੂਰਪੀ ਬੁਰਜੁਆਜ਼ੀ ਦੀ ਪਹਿਲ ਪਨੀਰੀ) ਦੀ ਸਹਾਇਤਾ ਨਾਲ਼ ਇੱਕ ਪਾਸੇ ਦੇਸ਼ ਤੇ ਛਾਏ ਹੋਏ ਨਿੱਕੇ ਨਿੱਕੇ ਫਿਊਡਲ ਸਾਊਆਂ ਦੀ ਤਾਕਤ ਤੋੜਨੀ ਤੇ ਕੌਮੀਅਤ ਦੀ ਬਿਨ੍ਹਾ ਉੱਤੇ ਆਪਣੇ ਦੇਸ਼ਾਂ ਵਿੱਚ ਪੋਪ ਸ਼ਾਹੀ ਤੋਂ ਬਗਾਵਤ ਕਰਕੇ ਮਨਾਰਕੀਆਂ (ਸ਼ਹਿਨਸ਼ਾਹੀਆਂ) ਸਥਾਪਤ ਕਰਨੀਆਂ ਆਰੰਭ ਦਿੱਤੀਆਂ। ਏਸ ਲਹਿਰ ਵਿੱਚੋਂ ਹੀ ਯੂਰਪੀ ਕੌਮਾਂ ਤੇ ਅੱਜ ਦੇ ਬੁਰਜੂਆ ਸਮਾਜ ਦਾ ਵਿਕਾਸ ਹੋਇਆ।

ਪੰਜਾਬ ਵਿੱਚ ਵੀ ਇਹੋ ਕੁਝ ਹੋਇਆ। ਏਥੋਂ ਦੀ ਬੁਰਜੂਆਜ਼ੀ ਨੇ ਵੀ ਜਾਇਦਾਦ ਦੀਆਂ ਮਾਲਕ ਜੱਟ (ਕਿਸਾਨ) ਬਰਾਦਰੀਆਂ ਹਿੰਦੂ ਧਰਮ ਤੋਂ ਅਮੋੜ ਕਰਕੇ ਮੁਗਲ ਡਿਕਟੇਟਰਸ਼ਿਪ ਵਿਰੁੱਧ ਲਾਮਬੰਦ ਕੀਤਾ ਤੇ ਪੰਜਾਬ ਦੀ ਆਪਣੀ (ਕੌਮੀ) ਸ਼ਹਿਨਸ਼ਾਹੀ ਕਾਇਮ ਕਰਵਾ ਦਿੱਤੀ। ਏਸ ਜਗਤ ਬੁਰਜੂਆ ਜਾਗੇ ਦੀਆਂ ਯੂਰਪੀ ਤੇ ਏਸ਼ੀਆਈ ਪੈਦਾਵਾਰੀ ਹਾਲਤਾਂ ਤੇ ਸਮਾਂ ਜੁਦਾ ਜੁਦਾ ਸਨ। ਏਸ਼ੀਆ ਵਿੱਚ ਯੂਰਪੀ ਢੰਗ ਦੀ ਫਿਊਡਲਸ਼ਾਹੀ ਨਹੀਂ ਸੀ। ਤੁਰਕ, ਮੁਗਲ, ਪਠਾਨ ਇਸਲਾਮੀ ਸੁਲਤਾਨੀਆਂ ਤੇ ਸ਼ਹਿਨਸ਼ਾਹੀਆਂ ਤੇ ਉੱਤੋਂ ਦੀ ਬਗਦਾਦੀ ਖਲੀਫੇ ਦੀ ਧਰਮੀ ਸ਼ਹਿਨਸ਼ਾਹੀ ਸੀ। ਹਰ ਇਸਲਾਮੀ ਦੇਸ਼ ਅੰਦਰ ਅਰਬ, ਤੁਰਕ, ਮੁਗਲ ਤੇ ਪਠਾਣ ਸੂਬੇਦਾਰ ਹਾਕਮ ਜਮਾਤ ਤੇ ਜ਼ਮੀਨ ਦੀ ਸਾਂਝੀ ਮਾਲਕੀ ਵਾਲ਼ੇ ਜੁਦਾ ਜੁਦਾ ਕਬੀਲਿਆਂ ਜਾਂ ਬਰਾਦਰੀਆਂ ਦੀਆਂ ਛੋਟੀਆਂ ਛੋਟੀਆਂ ਇਕਾਈਆਂ ਰਈਅਤ ਸਨ। ਪੂਰਬ, ਅਥਾਤ ਤੁਰਕੀ, ਈਰਾਨ ਤੇ ਹਿੰਦੁਸਤਾਨ ਵਿੱਚ ਜ਼ਮੀਨ ਸਾਂਝ-ਭਿਆਲ਼ੀ ਦੀ ਜਾਇਦਾਦ ਸੀ। (ਔਰੰਗਜ਼ੇਬ ਦੇ ਦਰਬਾਰ ਵਿੱਚ ਰਹਿ ਚੁਕੇ ਡਾਕਟਰ ਬਰਨੀਅਰ ਦਾ ਸਫਰਨਾਮਾ, ਜਿਸ ਨੂੰ ਮਾਰਕਸ ਨੇ ਔਨ ਰਿਲੀਜਨ, ਫਾਰਨ ਲੈਂਗੁਏਜਜ਼ ਪਬਲਿਸ਼ਿੰਗ ਹਾਊਸ, ਮਾਸਕੋ, 1951 ਸਫਾ 101 'ਤੇ ਪੇਸ਼ ਕੀਤਾ। ਸੀ. ਐਲ. ਟੱਪਰ, ਪੰਜਾਬ ਕਸਟੋਮਰੀ ਲਾਜ਼ ਦੂਸਰੀ ਸੈਂਚੀ, ਸਫਾ 12 ਐੱਸ. ਐੱਸ. ਥੌਰਬੌਰਨ, ਪੰਜਾਬ ਇਨ ਪੀਸ ਐਂਡ ਵਾਰ, 1904 ਸਫਾ 229.)

ਏਸ਼ੀਆ ਵਿੱਚ ਕੌਮੀ ਸ਼ਹਿਨਸ਼ਾਹੀਆਂ ਦਾ ਆਰੰਭ ਯੂਰਪ ਨਾਲ਼ੋਂ ਕਈ ਸਦੀਆਂ ਪਹਿਲਾਂ ਹੋਇਆ। ਸਭ ਤੋਂ ਪਹਿਲਾਂ ਈਰਾਨ ਵਿੱਚ, ਜਿੱਥੇ ਹੋਸ਼ੰਨਧਰਮ ਵਿੱਚ ਤੇ ਜ਼ਰਤੁਸ਼ਤ ਦੇ ਧਰਮ ਵਿੱਚ ਵੀ ਹਿੰਦੁਸਤਾਨ ਵਰਗੀ ਵਰਣ ਵੰਡ ਸੀ। ਧਰਮੀ, ਫੌਜੀ ਵਪਾਰੀ ਤੇ ਸੇਵਾਦਾਰ (ਮੁਹੰਮਦ ਲਤੀਫ, ਹਿਸਟਰੀ ਆਫ ਪੰਜਾਬ, ਯੂਰੇਸ਼ੀਆ ਪਬਲਿਸ਼ਰਜ਼, ਨਵੀਂ ਦਿੱਲੀ, 1964, ਸਫਾ 24) ਭਾਵ ਬੁਰਜੂਆਜ਼ੀ ਵੀ ਸੀ, ਜੋ ਖਾਨਾਬਦੋਸ਼ ਕਬੀਲਿਆਂ ਨੂੰ ਇੱਕ ਕੇ ਵਾਹੀ ਕਰਨ ਤੇ ਨਗਰਾਂ ਵਿੱਚ ਵਸਣ ਵਾਸਤੇ ਆਖਦੀ ਰਹੀ। ਸਾਸੀਅਨ ਖਾਨਦਾਨ ਦੀ ਜ਼ਰਤੁਸ਼ਤੀ ਧਰਮੀ ਸ਼ਹਿਨਸ਼ਾਹੀ 211 ਤੋਂ 640 ਈਸਵੀ ਤੱਕ ਈਰਾਨ 'ਤੇ ਰਾਜ ਕਰਦੀ ਰਹੀ। (ਐਨਸਾਈਕਲੋਪੀਡੀਆ ਆਫ ਰਿਲੀਜਨ ਐਂਡ ਈਥੈਕਸ, ਜੇਮ ਹੇਸਟਿੰਗ, ਬਾਰ੍ਹਵੀਂ ਸੈਂਚੀ, ਸਫਾ 640)।

ਦੂਸਰੇ, ਮੁਹੰਮਦ ਦੇ ਸਮੇਂ (ਸੱਤਵੀਂ ਸਦੀ ਦੇ ਚੜ੍ਹਾਅ ਤੱਕ) ਅਰਬ ਵੀ ਕਬੀਲਿਆਂ ਦਾ ਦੇਸ਼ ਸੀ। ਜਿੱਥੇ ਅਰਬੀ ਸ਼ਹਿਰਾਂ ਵਿੱਚ ਵਪਾਰੀਆਂ ਦੀ ਜਮਾਤ ਪੈਦਾ ਹੋ ਚੁੱਕੀ ਸੀ, ਜੋ ਅਰਬ ਸਮੁੰਦਰੀ ਘਾਟਾਂ ਤੇ ਆਏ ਹਿੰਦੀ ਸੌਦੇ ਸੂਤ ਰੋਮ ਸਾਗਰ ਦੇ ਘਾਟਾਂ 'ਤੇ ਲਿਜਾਕੇ ਵੇਚਦੀ ਸੀ। ਕੁਰੇਸ਼ ਸ਼ਬਦ ਦਾ ਅਰਥ ਹੀ ਵਪਾਰੀ ਹੈ ਮੁਹੰਮਦ ਦਾ ਘਰਾਣਾ ਵੀ ਕੁਰੇਸ਼ੀ ਸੀ। ਖੁਦ ਮੁਹੰਮਦ ਇੱਕ ਮਾਲਦਾਰ ਵਪਾਰੀ ਵਿਧਵਾ ਖਦੀਜਾ ਦਾ ਪਹਿਲਾ ਮਾਲਬਰਦਾਰ ਨੌਕਰ ਸੀ, ਫੇਰ ਉਹ ਉਸ ਨਾਲ਼ ਨਕਾਹਿਆ ਗਿਆ (ਉਲਾਮ ਮਹੀਉਲਦੀਨ ਖੱਯਾਤ ਮਿਸਰੀ, ਤਾਰੀਖੇ ਇਸਲਾਮ, ਸਦੀਕੀ ਬੁੱਕ ਡਿਪੂ ਲਖਨਊ, ਪਹਿਲੀ ਸੈਂਚੀ, ਉਰਦੂ ਤਰਜਮਾ, ਸਫਾ 8 ਤੇ 12)। ਨਕਾਹ ਤੋਂ ਕਈ ਸਾਲ ਬਾਅਦ ਭਾਵ ਕਬੀਲਿਆ ਦੀਆਂ ਹੱਦਾਂ ਵਿੱਚ ਦੀ ਕਈ ਵਪਾਰੀ ਫੇਰੇ ਲਾਉਣ ਉਪਰੰਤ ਉਸ ਇਸਲਾਮ ਧਰਮ ਦਾ ਐਲਾਨ ਕੀਤਾ। ਇਸਲਾਮ ਨੇ ਪਹਿਲਾਂ ਯਹੂਦੀਆਂ ਤੋਂ ਮੱਕਾ ਖੋਹਿਆ, ਫੇਰ ਸ਼ਾਮ ਤੇ ਇਰਾਕ ਫਤਹਿ ਕੀਤਾ। ਉਪਰੰਤ ਈਰਾਨ ਦੀ ਸਦੀਆਂ ਬੱਧੀ ਲੱਗੀ ਆਉਂਦੀ ਸਾਸੀਅਨ ਸ਼ਹਿਨਸ਼ਾਹੀ ਢਾਹ ਮਾਰੀ ਤੇ ਛੇਤੀ ਹੀ ਸਪੇਨ ਤੋਂ ਲੈ ਕੇ ਰੋਮ ਸਾਗਰ ਦੇ ਦੱਖਣੀ ਕੰਢੇ ਤੇ ਹਿੰਦੁਸਤਾਨ ਦੀਆਂ ਹੱਦਾਂ ਤੱਕ ਏਸ਼ੀਆ ਅੰਦਰ ਆਪਣੇ ਸਮੇਂ ਤੱਕ ਦੀ ਸਭ ਤੋਂ ਵੱਡੀ ਧਰਮੀ ਸ਼ਹਿਨਸ਼ਾਹੀ ਸਥਾਪਤ ਕਰ ਲਈ।

ਇਸਲਾਮੀ ਰਾਜ ਦਾ ਸਮਾਂ ਬਗਦਾਦੀ ਖਿਲਾਫਤ ਦੇ ਅਧੀਨ ਖੋਹਾਂ-ਖਿੰਜਾਂ, ਲੁੱਟਾਂ ਮਾਰਾਂ, ਚੜ੍ਹਾਈਆਂ ਜਿੱਤਾਂ ਹਾਰਾਂ ਤੇ ਜੰਗੋਜੱਦਲ ਦੀਆਂ ਹਕੂਮਤਾਂ ਦਾ ਸਮਾਂ ਸੀ, ਉਹਨਾਂ ਦਾ ਕੰਮ ਸੂਬੇਦਾਰਾਂ ਜਾਂ ਸੁਲਤਾਨਾਂ ਨਾਲ ਬੱਧੇ ਟਕੇ ਵਸੂਲਣਾ ਹੀ ਸੀ ਤੇ ਇਹ ਸੁਲਤਾਨ ਅਗਾਂਹ ਵਾਹੀਕਾਰ ਜਾਂ ਡੰਗਰਪਾਲ ਕਬੀਲੇ ਬਰਾਦਰੀਆਂ ਦੇ ਮੁਖੀਆਂ ਤੋਂ ਆਪਣੇ ਕਰਿੰਦਿਆਂ ਰਾਹੀਂ ਫਸਲ ਜਾਂ ਡੰਗਰ ਵੰਡਾਈ ਕਰਵਾ ਲੈਂਦੇ ਸਨ। ਇਸਲਾਮ ਨੇ ਕਬੀਲੇ ਬਰਾਦਰੀਆਂ ਦੇ ਅੰਦਰਲੇ ਰਸਮਾਂ-ਰਿਵਾਜ਼ਾਂ ਜਾਂ ਪੈਦਾਵਾਰੀ ਢੰਗ ਵਿੱਚ ਕਦੇ ਕੋਈ ਦਖਲ ਨਹੀਂ ਦਿੱਤਾ, ਭਾਵੇਂ ਉਹ ਮੁਸਲਮਾਨ ਕਰ ਲਏ ਗਏ ਸਨ ਜਾਂ ਨਹੀਂ।

ਨਾਨਕ ਵੇਲ਼ੇ ਪੰਦਰ੍ਹਵੀਂ ਸਦੀ ਵਿੱਚ ਪੰਜਾਬ ਉੱਤੇ ਪਠਾਣ ਮੁਗਲ ਇਸਲਾਮੀ ਸ਼ਹਿਨਸ਼ਾਹੀਆਂ ਆਪਣੀ ਕੌਮ ਦੇ ਸੂਬੇਦਾਰਾਂ ਰਾਹੀਂ ਰਾਜ ਕਮਾ ਰਹੀਆਂ ਸਨ ਤੇ ਕਈਆਂ ਸਦੀਆਂ ਤੋਂ ਚੱਲੀਆਂ ਆ ਰਹੀਆਂ, ਵਾਹੀਕਾਰ ਬਰਾਦਰੀਆਂ ਦੀਆਂ, ਪੇਂਡੂ ਇਕਾਈਆਂ ਵਿੱਚ ਵੰਡਿਆ ਹੋਇਆ ਸਮਾਜ ਉਹਨਾਂ ਦੀ ਰਈਅਤ ਸੀ। ਜਿਨ੍ਹਾਂ ਵਿੱਚ ਜੱਟ ਬਹੁਤੀਆਂ ਸਨ)। (ਕਨਿੰਘਮ, ਸਫੇ 4,7,299, ਡਾ. ਜੇ. ਐਸ. ਗਰੇਵਾਲ ਨਾਨਕ ਇਨ ਹਿਸਟਰੀ ਸਫਾ 53-54)

ਸਮਾਜੀ ਸਾਇੰਸ ਨੇ ਸਿੱਧ ਕਰ ਦਿੱਤਾ ਹੈ ਕਿ ਹਰ ਪ੍ਰਕਾਰ ਦੇ ਵਿਚਾਰਾਂ ਤੇ ਉਚਾਰਾਂ ਦਾ ਸੋਮਾ, ਭਾਵੇਂ ਉਹ ਕਿੰਨੇ ਅਧਿਆਤਮਿਕ ਹੋਣ, ਵੇਲ਼ੇ ਦੀ ਪੈਦਾਵਾਰ ਤੇ ਏਸ ਵੱਟ ਵਟਾਂਦਰੇ ਦੀਆਂ ਪਦਾਰਥਕ ਹਾਲਤਾਂ ਹੀ ਹੁੰਦੀਆਂ ਹਨ। ਉਹਨਾਂ ਨੂੰ ਸਮਝਣ ਤੇ ਸੁਲ਼ਝਾਉਣ ਲਈ ਉਚਾਰ ਫੁਰਦੇ ਤੇ ਵਿਚਾਰ ਬਣਦੇ ਹਨ, ਪਰ ਹੋਈ ਉਚਾਰ ਇਤਿਹਾਸ ਅੰਦਰ ਆਪਣਾ ਥਾਂ ਬਣਾ ਸਕਦੇ ਹਨ, ਜੋ ਇਹਨਾਂ ਹਾਲਤਾਂ ਨੂੰ ਸੁਧਾਰਨ ਜਾਂ ਬਦਲਣ ਦਾ ਕਾਰਨ ਬਣਦੇ ਹਨ। ਵਿਚਾਰਧਾਰਾ ਭਾਵੇਂ ਅਧਿਆਤਮਕ ਹੋਵੇ ਤੇ ਭਾਵੇਂ ਸੰਸਾਰੀ ਆਪਣੇ ਜੁਗ ਦਾ ਸਿਆਸੀ ਦਰਸ਼ਨ ਹੁੰਦੀ ਹੈ। ਸੋ ਨਾਨਕਧਾਰਾ ਦਾ ਅਧਾਰ ਲੱਭਣ ਲਈ ਤੇ ਸਫਲਤਾ ਦੇ ਕਾਰਨ ਜਾਚਣ ਲਈ, ਓਸ ਵੇਲ਼ੇ ਦੀਆਂ ਪੰਜਾਬ ਅੰਦਰਲੀਆਂ ਪਦਾਰਥਕ (ਸਮਾਜੀ, ਸਿਆਸੀ, ਆਰਥਕ ਤੇ ਲੋਕਚਾਰਕ) ਹਾਲਤਾਂ ਦੀ ਇਤਿਹਾਸਕ ਘੋਖ ਕਰਨੀ ਅਤਿ ਜ਼ਰੂਰੀ ਹੈ।

ਉੱਤਰੀ ਹਿੰਦੁਸਤਾਨ ਤੇ ਖਾਸ ਕਰ ਪੰਜਾਬ ਅੰਦਰ ਖਲਕਤ ਹਿੰਦੂ ਜਾਂ ਮੁਸਲਮਾਨ ਧਰਮਾਂ ਵਿੱਚ ਬੱਝੀ ਹੋਈ ਸੀ। ਏਸ ਹਾਲਤ ਦੇ ਅਧਿਆਤਮਕ ਤੇ ਪਦਾਰਥਕ ਖਾਸੇ ਦੀ ਸੰਬਾਦਕੀ ਛਾਣ-ਬੀਣ ਕੀਤਿਆਂ ਹੀ ਨਾਨਕ ਦੀਆਂ ਕਹਿਣੀਆਂ ਤੇ ਕਰਨੀਆਂ ਦੀ ਮਹਾਨਤਾ ਉੱਤੇ ਚਾਨਣ ਪੈ ਸਕਦਾ ਹੈ ਤੇ ਓਸ ਨੂੰ ਓਸ ਤੋਂ ਪਹਿਲਾਂ ਧਰਮਾਂ ਦੇ ਬਾਨੀਆਂ ਤੇ ਪ੍ਰਧਾਨ ਹੋਈ ਉੱਤਮਤਾ ਸਮਝੀ ਜਾ ਸਕਦੀ ਹੈ।

(ੳ) ਜੇ ਅਸੀਂ ਡੂੰਘਾ ਨਾ ਜਾਈਏ ਤਾਂ ਵੀ ਅਨੇਕਾਂ ਸਦੀਆਂ ਤੋਂ ਚੱਲੇ ਆ ਰਹੇ ਜਾਤ ਪਾਤ ਦੀ ਊਚ ਨੀਚ ਉੱਤੇ ਆਧਾਰਤ ਚਾਰ ਵਰਣਾਂ ਵਿੱਚ ਵੰਡੇ ਹੋਏ ਹਿੰਦੁਸਤਾਨ ਅੰਦਰ ਪੈਦਾਵਾਰੀ ਵਸੀਲਿਆਂ ਦੀ



ਮਲਕੀਅਤ ਤੇ ਏਸ ਦੇ ਨਤੀਜੇ ਵਜੋਂ ਜਮਾਤੀ ਰਾਜ ਸੱਤਾ ਭਾਵੇਂ ਸ਼ਤਰੀਆਂ ਦੀ ਹਾਕਮ ਜਮਾਤ ਪਾਸ ਹੀ ਸੀ, ਪਰ ਰਾਜ ਕਾਜ ਤੇ ਸਮਾਜੀ ਕਰਮਕਾਂਡਾਂ ਵਿੱਚ ਬ੍ਰਾਹਮਣ ਦੀ ਚੌਧਰ ਤੇ ਧੌਂਸ ਚਲਦੀ ਸੀ। ਏਸ ਲਿਹਾਜ਼ ਨਾਲ਼ ਬ੍ਰਾਹਮਣ ਸਭ ਤੋਂ ਉੱਚੇ ਵਰਣ ਬਣੇ ਬੈਠੇ ਸਨ। ਜੁਗਾਂ ਜੁਗਾਂਤਰਾਂ ਤੋਂ ਚੱਲਿਆ ਆ ਰਿਹਾ ਇਹ ਵਰਣ ਆਸ਼ਰਮ ਵਾਲ਼ਾ ਹਿੰਦੂ ਸਮਾਜ, ਜਿੱਥੇ ਸਮਾਜੀ ਇਕਾਈਆਂ ਉੱਤੇ ਇਕੱਲੇ ਬ੍ਰਾਹਮਣਾਂ ਦੀਆਂ ਚੌਧਰਾਂ ਹੇਠ ਦੱਬਿਆ ਅਤੇ ਅਧਿਆਤਮਕ ਤੌਰ 'ਤੇ ਅਨੇਕਾਂ ਪੂਜਾਂ (ਦੇਵੀ ਦੇਵਤਿਆਂ ਤੇ ਅਵਤਾਰਾਂ ਦੀਆਂ ਮਨਾਉਤਾਂ) ਮਗਰ ਲਗਾ ਹੋਇਆ ਸੀ, ਉੱਥੇ ਸਿਆਸੀ ਤੌਰ 'ਤੇ ਆਪਸ ਵਿੱਚ ਖਹਿਬੜ ਰਹੇ ਅਨੇਕਾਂ ਨਿੱਕੇ ਨਿੱਕੇ ਰਾਜਾਂ ਵਿੱਚ ਖਿੰਡਰਿਆ ਪਿਆ ਸੀ। ਏਸ ਵਿੱਚ ਨਾ ਕਿਸੇ ਇਸ਼ਟ ਦੀ ਅਧਿਆਤਮਕ ਇੱਕਤਾ ਆਈ ਤੇ ਨਾ ਸਾਰੇ ਹਿੰਦੁਸਤਾਨ ਅੰਦਰ ਇੱਕ ਚੱਕ੍ਰਵਰਤੀ ਮਹਾਰਾਜ ਹੋ ਸਕਿਆ। ਏਸ ਕਰਕੇ ਹਿੰਦੂ ਸਮਾਜ ਦੀਆਂ ਇਹਨਾਂ ਨਿੱਕੀਆਂ ਇਕਾਈਆਂ ਉੱਤੇ ਬ੍ਰਾਹਮਣਾਂ ਦੀ ਚੜ੍ਹ ਮੱਚੀ ਰਹੀ, ਭਾਵ ਬ੍ਰਾਹਮਣ ਦਾ ਧਰਮੀਰਾਜ ਚੱਲਦਾ ਰਿਹਾ, ਜਿਸ ਦੇ ਫਲਸਰੂਪ ਕੋਈ ਹਿੰਦੀ ਕੌਮੀ ਭਾਵਨਾ ਨਾ ਉਪਜ ਸਕੀ ਤੇ ਨਾ ਹਿੰਦੁਸਤਾਨ ਇੱਕ ਦੇਸ਼ ਤੇ ਇੱਕ ਕੌਮ ਬਣ ਸਕਿਆ ਤੇ ਛੋਟੇ ਛੋਟੇ ਰਾਜਿਆਂ ਤੇ ਬ੍ਰਾਹਮਣਾਂ ਦੇ ਆਪਸ ਵਿੱਚ ਇੱਟ-ਖੜਿੱਕੇ ਤੇ ਖੋਹਾ-ਮਾਈ ਦਾ ਅਖਾੜਾ ਬਣਿਆ ਰਿਹਾ।

(ਅ) ਇਸਲਾਮ ਬਾਦਸ਼ਾਹੀਆਂ ਹੇਠ ਕਬੀਲੇਦਾਰ ਰਜਵਾੜਿਆਂ (ਨਵਾਬਾਂ ਤੇ ਸੁਲਤਾਨਾਂ) ਦਾ ਧਾਰਮਕ ਸਮਾਜ ਸੀ, ਜਿਸ ਵਿੱਚ ਕਬੀਲੇ ਦਾ ਮੁਖੀ, ਭਾਵੇਂ ਆਪ ਕਿਸੇ ਉਤਲੇ ਹਾਕਮ ਦੇ ਹੀ ਅਧੀਨ ਹੋਵੇ, ਆਪਣੀ ਹੱਦ ਦੇ ਪੈਦਾਵਾਰੀ ਵਸੀਲਿਆਂ ਤੇ ਸ਼ਕਤੀਆਂ ਦਾ ਮਾਲਕ ਹੋਣ ਦੀ ਹੈਸੀਅਤ ਵਿੱਚ ਆਪਣੇ ਕਬੀਲੇ ਦਾ ਹਾਕਮ ਸੀ ਤੇ ਓਸ ਦੇ ਕਬੀਲੇ ਦੇ ਲੋਕ ਓਸ ਦੀ ਰਈਅਤ। ਏਥੇ ਹੇਠਲੇ ਮੁਖੀ ਤੋਂ ਲੈ ਕੇ ਧੁਰ ਉਤਲੇ ਸ਼ਾਹ ਬਾਦਸ਼ਾਹ ਤੱਕ ਇਸਲਾਮੀ ਧਰਮ ਮਰਯਾਦਾ ਤੇ ਰਾਜਸੱਤ੍ਹਾ ਦਾ ਕਰਮਚਾਰੀ ਕਾਜ਼ੀ ਸੀ, ਪਰ ਉਹ ਬ੍ਰਾਹਮਣ ਵਾਂਗ ਹਾਕਮ ਉੱਤੇ ਭਾਰੂ ਨਹੀਂ ਸੀ, ਸਗੋਂ ਉਸਦੇ ਮਾਤਹਿਤ ਇੱਕ ਰਾਜਸੀ ਤੇ ਧਾਰਮਿਕ ਪੁਰਜ਼ਾ ਸੀ।

ਪਰ ਇਸਲਾਮ ਵਿੱਚ ਇਸ਼ਟ ਦੀ ਇਕਨੇਰਤਾ ਸੀ, ਜਿਸ ਕਰਕੇ ਭਿੰਨ ਭਿੰਨ ਦੇਸ਼ਾਂ ਅੰਦਰ ਰਾਜ ਸੱਤ੍ਹਾ ਬਾਦਸ਼ਾਹਾਂ ਜਾਂ ਸੁਲਤਾਨਾਂ ਦੇ ਰੂਪ ਵਿੱਚ ਰਾਜਸੀ ਕੇਂਦਰਤਾ ਪ੍ਰਾਪਤ ਕਰੀ ਰੱਖਦੀ ਸੀ। ਸਭ ਮੁਸਲਿਮ ਲੋਕ, ਭਾਵੇਂ ਕਿੰਨਿਆਂ ਹੀ ਫਿਰਕਿਆਂ ਵਿੱਚ ਵੰਡੇ ਗਏ ਸਨ, ਇੱਕੋ ਰੱਬ ਨੂੰ ਅਧਿਆਤਮਕ ਇਸ਼ ਤੇ ਮੁਹੰਮਦ ਨੂੰ ਓਸਦਾ ਪੈਗੰਬਰ (ਸਨੇਹਚੀ) ਮੰਨਦੇ ਸਨ ਤੇ ਓਸ ਤੋਂ ਬਾਅਦ ਬਗਦਾਦ ਦੇ ਵਕਤੀ ਖਲੀਫੇ ਨੂੰ ਪੱਛਮ ਤੋਂ ਲੈ ਕੇ ਪੂਰਬ ਤੱਕ ਦੁਨੀਆਂ ਦੇ ਸਭ ਇਸਲਾਮੀ ਰਾਜ, ਰਜਵਾੜੇ ਤੇ ਬਾਦਸ਼ਾਹ (ਭਾਵੇਂ ਰਸਮੀ ਤੌਰ 'ਤੇ ਹੀ ਸਹੀ) ਮੁਸਲਿਮ ਰਾਜਸੱਤ੍ਹਾ ਦੀ ਸਰਬੋਤਮ ਹਸਤੀ (ਖਲੀਫਾ) ਗਿਣਦੇ ਸਨ ਤੇ ਜੁੰਮੇਂ ਦੀ ਨਮਾਜ਼ ਤੇ ਤਖਤ-ਨਸ਼ੀਨੀ ਵੇਲ਼ੇ ਉਸ ਦਾ ਖੁਤਬਾ ਪੜ੍ਹਿਆ ਜਾਂਦਾ ਸੀ ਤੇ ਹੈ।

ਇਸਲਾਮ ਜਾਇਦਾਦ ਦੀ ਮਾਲਕੀ ਦੇ ਵਿਤਕਰਿਆਂ ਦੀ ਬਿਨਾ 'ਤੇ ਤਾਂ ਕਈਆਂ ਸਮਾਜੀ ਰਾਜਸੀ ਜਮਾਤਾਂ ਵਿੱਚ ਵੰਡਿਆਂ ਹੋਇਆ ਸੀ, ਪਰ ਹਿੰਦੂਆਂ ਵਾਂਗ ਜਨਮ ਦੀ ਬਿਨਾ 'ਤੇ ਕੀਤੀ ਹੋਈ ਜਾਤ-ਪਾਤ ਦੀ ਵਰਣ ਵੰਡ ਨਹੀਂ ਸੀ ਮੰਨਦਾ ਤੇ ਸਭ ਮੁਸਲਮਾਨਾਂ ਦੀ ਸੱਭਿਆਚਾਰਕ ਤੇ ਧਾਰਮਿਕ ਬਰਾਬਰੀ ਦਾ ਦਮ ਭਰਦਾ ਸੀ। ਓਸ ਵਿੱਚ ਨੀਚ ਜਾਤ ਦਾ ਬੰਦਾ (ਗੁਲਾਮ) ਵੀ ਤਲਵਾਰ ਦੇ ਜ਼ੋਰ ਨਾਲ਼ ਹਾਕਮ ਬਣ ਸਕਦਾ ਸੀ। ਏਸ ਦੀ ਏਸੋ ਖੂਬੀ ਨੇ ਦਬੀਆਂ ਹੋਈਆਂ ਹਿੰਦੂ ਕਾਰੀਗਰ ਜਮਾਤਾਂ ਦੇ ਲੋਕਾਂ ਨੂੰ ਇਸਲਾਮ ਦੀ ਕਬੂਲੀਅਤ ਲਈ ਭਰਮਾ ਲਿਆ।

(ੲ) ਹਿੰਦੁਸਤਾਨ ਵਿੱਚ ਦੋ ਤਰ੍ਹਾਂ ਦੀਆਂ ਬਾਹਰੋਂ ਆਉਣੀਆਂ ਹੋਈਆਂ ਇੱਕ ਵਸੇਬੇ ਦੀ ਤੇ ਦੂਸਰੀ ਲੁੱਟਮਾਰ ਤੇ ਰਾਜ ਕਰਨ ਦੀ। ਜੱਟਾਂ ਦੀਆਂ ਵਸੇਬੇ ਦੀਆਂ ਤੇ ਤੁਰਕ ਪਠਾਨਾਂ ਦੀਆਂ ਲੁੱਟਮਾਰ ਤੇ ਰਾਜ ਕਰਨ ਦੀਆਂ।

ਇਸਲਾਮ ਦੇ ਹਿੰਦੁਸਤਾਨ ਆਉਣ ਤੋਂ ਕੋਈ ਹਜ਼ਾਰ ਸਾਲ ਪਹਿਲਾਂ ਤੇ ਅੱਜ ਤੋਂ ਦੋ ਹਜ਼ਾਰ ਤੋਂ ਉੱਤੇ ਦਾ ਸਮਾਂ ਹੋਇਆ, ਜਦੋਂ ਸਾਂਝੇ ਖਾਤਿਆਂ ਦੀ ਵਾਹੀ (ਜ਼ਿਮੀਂਦਾਰ) ਕਰਨ ਤੇ ਗੋਤ ਬਰਾਦਰੀਆਂ ਵਿੱਚ ਰਹਿਣ ਵਾਲ਼ੇ ਜੱਟ ਕਬੀਲੇ ਪੱਛਮ ਉੱਤਰ ਵੱਲੋਂ ਪੋਠੋਹਾਰ ਉੱਤਰ ਕੇ ਪੰਜਾਬ ਅੰਦਰ ਪਿੰਡ ਪਿੰਡ ਦੀਆਂ ਇਕਾਈਆਂ ਵਿੱਚ ਆ ਵਸੇ। ਉਹਨਾਂ ਏਥੋਂ ਦੀ ਭੋਂ ਦੇ ਮਾਲਕ ਸ਼ਤਰੀਆਂ ਨੂੰ, ਜੋ ਆਰੀਆ ਕਬੀਲਿਆਂ ਦੇ ਮੁਖੀਆਂ ਦੀ ਔਲਾਦ ਹੋਣ ਕਰਕੇ ਰਾਜਪੂਤ ਅਖਵਾਉਣ ਲੱਗ ਪਏ ਸਨ, ਭੌਂ ਭਾਂਡਾ ਖੋਹ ਕੇ ਸ਼ਿਵਾਲਕ ਦੇ ਪਹਾੜਾਂ, ਯੂ.ਪੀ. ਦੇ ਦੁਆਬਿਆਂ ਤੇ ਰਾਜਸਥਾਨ ਦੇ ਮਾਰੂਥਲਾਂ ਵੱਲ ਧੱਕ ਦਿੱਤਾ ਤੇ ਪੈਦਾਵਾਰੀ ਵਸੀਲਿਆਂ ਦੀ ਮਾਲਕੀ ਦੇ ਨਤੀਜੇ ਵਜੋਂ ਹਾਕਮ ਜਮਾਤ ਵਾਲ਼ਾ ਥਾਂ ਆਪ ਸਾਂਭ ਲਿਆ। ਪਰ ਹੇਠਲੇ ਕੰਮੀ ਵਰਣ ਓਵੇਂ ਕਿਵੇਂ ਜ਼ਮੀਨ ਦੀ ਮਾਲਕੀ ਵਾਂਗ ਬਰਾਦਰੀ ਦੀ ਸਮੁੱਚੀ ਗੁਲਾਮੀ ਤੇ ਸੇਵਾਦਾਰੀ ਵਿੱਚ ਰੱਖ ਲਏ। ਬ੍ਰਾਹਮਣ ਝੱਲ ਤਾਂ ਲਿਆ ਗਿਆ, ਪਰ ਉਸ ਦੀ ਸਰਬੁਤਮਤਾ ਨਾ ਮੰਨੀ ਤੇ ਓਸ ਤੋਂ ਦਿਨ ਦਿਹਾਰਾਂ ਉੱਤੇ ਧਰਮ ਕਾਂਡ ਤੇ ਪ੍ਰਾਹੁਣਾਚਾਰੀ ਵੇਲ਼ੇ ਸੇਵਾਦਾਰੀ ਦੇ ਕੰਮ ਲਏ ਜਾਣ ਲੱਗੇ।

ਪੈਦਾਵਾਰੀ ਵਸੀਲਿਆਂ ਦੀ ਮਾਲਕੀ ਤੋਂ ਹੀਣ ਹੋ ਕੇ, ਜੋ ਸ਼ਤਰੀ (ਖਤਰੀ) ਪੰਜਾਬ ਵਿੱਚ ਬਾਕੀ ਰਹਿ ਗਏ, ਉਹ ਜੱਟ ਬਰਾਦਰੀਆਂ ਦੀਆਂ ਪਟਵਾਰਾਂ, ਲਿਖਣ ਪੜ੍ਹਨ ਦੀਆਂ ਸੇਵਾਦਾਰੀਆਂ ਤੇ ਵਣਜ ਵਪਾਰ ਦੇ ਕੰਮ ਕਰਨ ਲਗ ਪਏ। ਇਹਨਾਂ ਬਰਾਦਰੀ ਪਿੰਡਾਂ ਦੀ ਚੌਧਰ ਬਰਾਦਰੀ ਦੇ ਆਪਣੇ ਪੰਚਾਂ ਪਾਸ ਹੀ ਰਹੀ।

ਇਹਨਾਂ ਬਰਾਦਰੀਆਂ ਦੇ ਆਪੋ-ਆਪਣੇ ਬਰਾਦਰੀ ਜਠੇਰੇ ਇਹਨਾਂ ਦੇ ਇਸ਼ਟ ਤੇ ਪਿੰਡਾਂ ਦੇ ਚੌਧਰੀ ਰਾਜਸੀ ਆਗੂ ਸਨ। ਭਾਵ, ਇਹ ਬਰਾਦਰੀਆਂ ਆਪੋ-ਆਪਣਾ ਅਧਿਆਤਮਕ ਇਸ਼ਟ ਤੇ ਆਪੋ ਆਪਣਾ ਪੇਂਡੂ ਚੌਧਰੀ ਰੱਖਦੀਆਂ ਸਨ। ਜੇ ਕੋਈ ਓਪਰਾ ਰਾਜਾ (ਪਹਿਲਾਂ ਰਾਜਪੂਤ ਤੇ ਫੇਰ ਮੁਸਲਮਾਨ) ਸਿਰ 'ਤੇ ਆ ਵੱਜਾ ਤਾਂ ਫਸਲ ਵੰਡਾਈ ਦੇ ਛੱਡਣੀ, ਨਹੀਂ ਤੇ ਹਰੀ ਹਰ ਖੈਰ ਅੱਲਾ। ਨਾਨਕ ਦੇ ਇਤਿਹਾਸ ਵਿੱਚ ਪੈਰ ਧਰਨ ਤੱਕ ਏਸ ਠੇਠ ਪੰਜਾਬੀ ਸਮਾਜ ਅੰਦਰ ਨਾ ਕਿਸੇ ਆਪਣੇ ਸਰਬੁਤਮ ਅਧਿਆਤਮਕ ਇਸ਼ਟ ਦੀ ਇਕਲੇਰਤਾ ਉਤਪੰਨ ਹੋਈ ਤੇ ਨਾ ਕੋਈ ਆਪਣਾ ਚੌਧਰੀ ਰਾਜ ਪਦਵੀ ਪ੍ਰਾਪਤ ਕਰ ਸਕਿਆ। ਜਿਸ ਕਰਕੇ ਇਹ ਸਮਾਜ ਖੁਦ ਆਪਣੀਆਂ ਜਗੀਰਦਾਰ ਸਰਦਾਰੀਆਂ ਤੇ ਬਾਦਸ਼ਾਹੀਆਂ ਤੋਂ, ਨਾਨਕ ਤੋਂ ਦੋ ਸੌ ਸਾਲ ਬਾਅਦ ਤੱਕ ਵੀ, ਕੋਰਾ ਰਿਹਾ।

ਹਿੰਦੁਸਤਾਨ ਦੇ ਭੂਤ ਦਾ ਸਿਆਸੀ ਦਰਿਸ਼ ਭਾਵੇਂ ਕਿੰਨਾ ਬਦਲਿਆ ਹੋਇਆ ਜਾਪੇ, ਇਸ ਦੀਆਂ ਸਮਾਜੀ ਹਾਲਤਾਂ ਉਨ੍ਹੀਵੀਂ ਸਦੀ ਦੇ ਪਹਿਲੇ ਦਸੇ ਤੱਕ (ਅੰਗਰੇਜ਼ ਦੇ ਛਾ ਜਾਣ ਤੱਕ-ਸਹਿੰਸਰਾ) ਸਦੀਆਂ ਪੁਰਾਣੇ ਸਮੇਂ ਤੋਂ ਅਨਬਦਲ ਰਹੀਆਂ ਹਨ (ਕਾਰਲ ਮਾਰਕਸ, ਔਨ ਬਰਿਟੇਨ, ਮਾਸਕੋ, 1953, ਸਫਾ 380)

ਰਾਜਸੀ ਅਕਾਸ਼ ਦੇ ਹਨੇਰੇ ਝੱਖੜ ਸਮਾਜ ਦੇ ਆਰਥਕ ਅੰਸ਼ਾਂ ਦੀ ਘਾੜਤ ਬਦਲ ਨਹੀਂ ਸਕੇ (ਕਾਰਲ ਮਾਰਕਸ, ਕੈਪੀਟਲ, ਪਹਿਲੀ ਸੈਂਚੀ, ਮਾਸਕੋ 1951, ਸਫ਼ਾ 68)

ਪੰਜਾਬੀ ਪਿੰਡਾਂ ਦੀ ਸਦੀਆਂ ਤੋਂ ਚਲੀ ਆ ਰਹੀ ਏਸ ਅਨਬਦਲ ਹਾਲਤ ਦਾ ਕਾਰਨ ਕਾਰਲ ਮਾਰਕਸ ਤੋਂ ਇਲਾਵਾ ਟਰੈਵੈਸਕੀਸ ਨੇ ਵੀ ਦੱਸਿਆ ਹੈ।

ਪਿੰਡਾਂ ਦੀ ਬਰਾਦਰੀ ਦਾ ਬਾਹਰਲੀ ਦੁਨੀਆਂ ਨਾਲ਼ ਮੇਲ-ਮਿਲਾਪ ਬਹੁਤ ਹੀ ਘੱਟ ਸੀ। ਏਸ ਲਈ ਕਿਸੇ ਬਾਹਰਲੇ ਆਸਰੇ ਤੋਂ ਬਗੈਰ ਵਸੋਂ ਦੀ ਲੋੜ ਦੇ ਪੂਰੇ ਪੂਰੇ ਕਿੱਤੇ ਤੇ ਵਿਹਾਰ ਪਿੰਡ ਵਿੱਚ ਮੌਜੂਦ ਹੀ ਸਨ, ਜਿਸ ਕਰਕੇ ਉਸਦੇ ਭਾਈਚਾਰੇ ਦੇ ਜੀਵਨ ਨੂੰ ਕਿਸੇ ਬਾਹਰਲੇ ਜੀ ਦੀ ਸਹਾਇਤਾ ਦੀ ਲੋੜ ਨਹੀਂ ਪਈ। ਪਿੰਡ ਵਿੱਚ ਤੇ ਗੋਤ ਅੰਦਰ ਵੀ ਵੇਚ ਵੱਟ ਬਹੁਤ ਥੋੜੀ ਜਾਂ ਹੈ ਹੀ ਨਹੀਂ ਸੀ। (ਲੈਂਡ ਆਫ਼ ਫਾਈਵ ਰਿਵਰਜ਼, ਸਫਾ 20,79, 136-165)

ਪਹਿਲਾਂ ਕਿਤੇ ਰਾਜਪੂਤ ਤੇ ਫੇਰ ਪਠਾਨਾਂ ਤੇ ਮੁਗਲਾਂ ਦੀਆਂ ਫਿਊਡਲ ਸ਼ਾਹੀਆਂ ਨੇ ਇਹਨਾਂ ਬਰਾਦਰੀਆਂ ਤੋਂ ਫਸਲ ਵੰਡਾਈ ਕਰ ਲੈਣ ਤੱਕ ਹੀ ਗਰਜ਼ ਰੱਖੀ ਤੇ ਉਹਨਾਂ ਦੇ ਸਮਾਜੀ ਤੇ ਸਿਆਸੀ ਜੀਵਨ ਵਿੱਚ ਦਖਲ ਨਹੀਂ ਦਿੱਤਾ।

ਇਹਨਾਂ ਬਰਾਦਰੀਆਂ ਨੂੰ ਹਿੰਦੂ ਵਰਣ ਵੰਡ ਕਬੂਲ ਤੇ ਬ੍ਰਾਹਮਣ ਦਾ ਧਰਮ ਦਖਲ ਪ੍ਰਵਾਨ ਕਰ ਲੈਣ ਨਾਲ਼, ਸਮਾਂ ਪਾ ਕੇ ਧਾਰਮਕ ਪਾਣ ਚੜ੍ਹ ਗਈ ਤੇ ਇਹ ਲੋਕ ਆਪਣੇ ਬਰਾਦਰੀ ਜਠੇਰਿਆਂ ਦੇ ਨਾਲ਼ ਨਾਲ਼ ਕਈ ਹਿੰਦੂ ਪੂਜਾਂ ਨੂੰ ਮੰਨਣ ਤੇ ਧਾਰਮਕ ਭਰਮਾਂ ਵਾਲ਼ੀਆਂ ਹੋਰ ਹਿੰਦੂ ਰੀਤਾਂ ਕਰਨ ਕਰਾਉਣ ਲੱਗ ਪਏ। ਪਰ ਏਸਦੇ ਬਾਵਜੂਦ ਇਹਨਾਂ ਆਪਣੀ ਮਾਲਕ ਪ੍ਰਧਾਨਤਾ ਕਾਇਮ ਰੱਖੀ ਤੇ ਸੰਸਾਰੀ ਕਰਮਕਾਂਡਾਂ ਵਿੱਚ ਬ੍ਰਾਹਮਣ ਦੀ ਲੱਤ ਨਾ ਅੜਨ ਦਿੱਤੀ।

ਇਹਨਾਂ ਲੋਕਾਂ ਨੂੰ ਜਗੀਰਦਾਰ ਸਰਦਾਰੀਆਂ ਵਾਲ਼ੀ ਮਹਾਰਾਜਤਾ ਦੀ ਅਗਲੀ ਇਤਿਹਾਸਕ ਪੌੜੀ ਚੜ੍ਹਨ ਦੀ ਲੋੜ ਸੀ। ਭਾਵ ਫਿਊਡਲ ਸ਼ਾਹੀ ਦੇ ਦੌਰ ਵਿੱਚ ਜਾਣ ਦੀ ਘਾਟ ਸੀ।

(ਸ) ਹਿੰਦੂ ਹਾਕਮ ਜਮਾਤ ਤੁਰਕ ਪਠਾਨ ਇਸਲਾਮੀ ਹਮਲਿਆਂ ਅੱਗੇ ਨਕੰਮੀ ਤੇ ਨਪੁੰਨਸਕ ਸਾਬਤ ਹੋਈ ਤੇ ਉਹਨਾਂ ਦੀ ਰਾਜਸੱਤ੍ਹਾ ਤੋਂ ਹਾਰ ਖਾ ਕੇ ਲੇਖ ਨ ਮਿਟਹੀ ਹੇ ਸਖੀ ਜੋ ਲਿਖਿਆ ਕਰਤਾਰ ਕਹਿਕੇ ਆਪਣਾ ਰਾਜਸੀ ਸਾਹ-ਸੱਤ ਤਾਂ ਛੱਡ ਬੈਠੀਆਂ, ਪਰ ਇਸਲਾਮ ਨਾਲ਼ ਸਮਾਜੀ ਵਾਸਤਾ ਰੱਖਣ ਤੋਂ ਸੰਕੋਚ ਕਰਦੀਆਂ ਰਹੀਆਂ ਤੇ ਭਿੱਟ ਦੇ ਰੂਪ ਵਿੱਚ ਓਸ ਨਾਲ਼ ਸਮਾਜੀ ਤੇ ਧਾਰਮਿਕ ਨਾ ਮਿਲਵਰਤਨ ਕੀਤੀ ਰੱਖੀ। ਓਸ ਨੂੰ ਮਲੇਛ ਮਲੇਛ ਆਖ ਕੇ ਆਪਣੇ ਵਰਣਾਂ ਦੀਆਂ ਨੀਚ ਜਾਤੀਆਂ ਵਾਂਗ ਅਛੂਤ ਸਮਝਣਾ ਸ਼ੁਰੂ ਕਰ ਦਿੱਤਾ। ਏਸ ਨਾਲ਼ ਇਸਲਾਮ ਦੇ ਹਿੰਦੁਸਤਾਨ ਅੰਦਰ ਸਮਾਜੀ ਪੈਰ ਲੱਗਣੇ ਦੁੱਭਰ ਹੋ ਗਏ।

ਇਸਲਾਮ ਦੀ ਏਸ ਮੁਸ਼ਕਿਲ ਨੂੰ ਦੂਰ ਕਰਨ ਦਾ ਕੰਮ ਪਠਾਣੀ ਹਮਲਿਆਂ ਨਾਲ਼ ਆਏ ਤੇ ਫੇਰ ਏਥੋਂ ਹੀ ਬਣ ਤੁਰੇ ਸੂਫੀ ਪੀਰਾਂ ਤੇ ਫਕੀਰਾਂ ਨੇ ਸਾਰਿਆ। ਉਹਨਾਂ ਨੇ ਪੋਠੋਹਾਰ ਦੇ ਆਵਾਣਾਂ, ਪਹਾੜਾਂ ਤੇ ਗੁੱਜਰਾਂ, ਲਹਿੰਦੇ ਦੇਸ ਦੇ ਜੱਟ ਕਬੀਲਿਆਂ ਤੇ ਪੰਜਾਬ ਦੇ ਬਹੁਤ ਸਾਰੇ ਕੰਮੀ ਲੋਕਾਂ ਤੇ ਸ਼ਹਿਰੀ ਕਿਰਤੀਆਂ ਨੂੰ ਮੁਸਲਮਾਨ ਬਣਾ ਲਿਆ। ਏਸ ਤਰ੍ਹਾਂ ਇਸਲਾਮ ਨੇ ਹਿੰਦੂ ਮੁਕਾਬਲੇ ਉੱਤੇ ਆਪਣੀ ਧਰਮੀ ਲੋਕ ਧਿਰ ਬਣਾ ਲਈ, ਜੋ ਦਿਨੋਂ-ਦਿਨ ਵਧਦੀ ਗਈ ਤੇ ਓਸ ਨੇ ਆਪਣੇ ਪੰਜ ਸੌ ਸਾਲਾਂ ਰਾਜ ਵਿੱਚ ਹਿੰਦੁਸਤਾਨ ਅੰਦਰ ਦੂਰ ਦੂਰ ਤੱਕ ਆਪਣੇ ਸਮਾਜੀ ਪੈਰ ਪਸਾਰ ਲਏ।

(ਬਾਕੀ ਅਗਲੇ ਅੰਕ 'ਚ)

# ਸਦਮਿਆਂ ਦੀ ਪ੍ਰਯੋਗਸ਼ਾਲਾ ਬਣਦਾ ਜਾ ਰਿਹੈ ਪੰਜਾਬ

(ਸਫ਼ਾ 1 ਦੀ ਬਾਕੀ)

ਕਿਹੜੀਆਂ ਤਾਕਤਾਂ ਹਨ ਜੋ ਸਮਾਜਾਂ ਨੂੰ ਪਹਿਲਾਂ ਬਲਦੀ ਦੇ ਬੁੱਥੇ ਦਿੰਦੀਆਂ ਹਨ ਅਤੇ ਫਿਰ ਸਮਾਜ ਦੇ ਪਿੰਡੇ ਤੇ ਪਈਆਂ ਲਾਸ਼ਾਂ ਤੇ ਟਕੋਰਾਂ ਕਰਨ ਦੇ ਖੇਖਣ ਕਰਦੀਆਂ ਹਨ। ਅਤਿਵਾਦ ਹਨੇਰੀ ਦੇ ਕੁਝ ਥੰਮਣ ਤੋਂ ਬਾਅਦ ਜੋ ਪੰਜਾਬ ਵਿੱਚ ਸ਼ਾਤੀ ਪਰਤੀ ਇਹ ਸ਼ਾਂਤੀ ਅਜਿਹੀ ਸ਼ਾਂਤੀ ਸੀ ਜਿਸ ਵਿੱਚ ਲੋਕ ਜੜ੍ਹਾਂ ਤੋਂ ਹਿੱਲੇ ਹੋਏ ਸਨ। ਬਰਬਾਦੀ ਤੋਂ ਬਾਅਦ ਸ਼ਾਇਦ ਇਹ ਨਿੱਜੀ ਕਰਨ ਦੀਆਂ ਲੋਕ ਮਾਰੂ ਨੀਤੀਆਂ ਲਾਗੂ ਕਰਨ ਦਾ ਸਹੀ ਸਮਾਂ ਸੀ ਜਦੋਂ ਬਹੁਗਿਣਤੀ ਲੋਕਾਂ ਨੂੰ ਸਾਹ ਸਤਹੀਣ ਕਰ ਦਿੱਤਾ ਗਿਆ ਸੀ। ਇਸ ਸਮੇਂ ਦੌਰਾਨ ਬਹੁਤ ਕੁਝ ਤਬਾਹ ਹੋਇਆ। ਜਨਤਕ ਜਾਇਦਾਦਾਂ ਕੌਡੀਆਂ ਦੇ ਭਾਅ ਵੇਚ ਦਿੱਤੀਆਂ ਗਈਆਂ। ਸਰਕਾਰੀ ਮਹਿਕਮੇ ਸਿੱਖਿਆ, ਸਿਹਤ ਸਹੂਲਤਾਂ, ਖੰਡ ਮਿੱਲਾਂ, ਰੋਡਵੇਜ, ਬਿਜਲੀ, ਪਾਣੀ, ਸਫਾਈ ਆਦਿ ਦੇ ਪ੍ਰਬੰਧ ਨਿੱਜੀ ਹੱਥਾਂ ਵਿੱਚ ਕਰ ਦਿੱਤੇ ਗਏ। ਇਹਨਾਂ ਵਿੱਚ ਲੋਕਾਂ ਲਈ ਰੋਜਗਾਰ ਦੇ ਮੌਕਿਆਂ ਨੂੰ ਖਤਮ ਕਰ ਦਿੱਤਾ ਗਿਆ। ਸ਼ਰਾਬ ਫੈਕਟਰੀਆਂ ਵਿੱਚ ਵਾਧਾ ਹੋਇਆ। ਕੇਂਦਰ ਵੱਲੋਂ ਪੈਟਰੋਲ, ਡੀਜ਼ਲ ਆਦਿ ਤੋਂ ਵੀ ਸਰਕਾਰੀ ਕੰਟਰੋਲ ਹਟਾ ਦਿੱਤੇ ਗਏ। ਸਰਕਾਰੀ ਪ੍ਰਸ਼ਾਨਿਕ ਪ੍ਰਬੰਧਾਂ ਤੇ ਨਿੱਜੀ ਅਜਾਰੇਦਾਰੀਆਂ ਕਾਇਮ ਕੀਤੀਆਂ ਗਈਆਂ। ਜ਼ਮੀਨ, ਸ਼ਰਾਬ, ਮੀਡੀਆ, ਬੱਜਰੀ, ਰੇਤ ਆਦਿ ਨਾਲ ਸਬੰਧਤ ਕਈ ਤਰਾਂ ਦੇ ਮਾਫੀਏ ਪੈਦਾ ਹੋ ਗਏ। ਫਰਾਇਡਮੈਨੀ ਫਾਰਮੂਲੇ ਅਨੁਸਾਰ ਇੱਥੇ ਵੀ ਸਥਾਨਕ ਸਨਅਤਾਂ ਨੂੰ ਤਬਾਹ ਹੋਣ ਦਿੱਤਾ ਗਿਆ। ਅਜਿਹਾ ਕਰਨ ਵਿੱਚ ਕੇਂਦਰ ਦੀਆਂ ਵੱਖ ਵੱਖ ਸਰਕਾਰਾਂ ਨੇ ਵੀ ਆਪਣੀ ਭੂਮਿਕਾ ਨਿਭਾਈ। ਬੇਰੁਜਗਾਰੀ ਬੜੀ ਤੇਜੀ ਨਾਲ ਵਧੀ ਜਿਸ ਤੇ ਮਾਣ ਕਰ ਦਿਆਂ ਸਾਡੇ ਦੇਸ਼ ਦੇ ਹਾਕਮ ਬਾਹਰਲੇ ਮੁਲਕਾਂ ਵਿੱਚ ਜਾ ਕੇ ਹੁਣ ਹਿੱਕਾਂ ਠੋਕ ਕੇ ਆਖਣ ਲੱਗੇ ਹਨ ਕਿ ਇੱਥੇ ਲੇਬਰ ਬਹੁਤ ਸਸਤੀ ਹੈ। ਇੱਥੇ ਕਾਰੋਬਾਰ ਕਰਨ ਲਈ ਬੜਾ ਸਾਜਗਾਰ ਮਾਹੌਲ ਹੈ। ਕਿਸੇ ਦੂਜੇ ਦੇਸ਼ ਦੇ ਲੋਕਾਂ ਨੂੰ ਇਹ ਕਹਿਣਾ ਕਿ ਇੱਥੇ ਲੇਬਰ ਸਸਤੀ ਹੈ ਮਾਣ ਵਾਲੀ ਗੱਲ ਨਹੀਂ ਬਲਕਿ ਬੇਹੱਦ ਸ਼ਰਮਨਾਕ ਗੱਲ ਹੈ। ਇਹਦਾ ਅਰਥ ਇਹ ਬਣਦਾ ਹੈ ਕਿ ਇੱਥੇ ਲੋਕਾਂ ਦੀ ਹਾਲਤ ਇੰਨੀ ਪਤਲੀ ਹੋ ਗਈ ਹੈ ਕਿ ਉਹ ਕਿਸੇ ਵੀ ਕੀਮਤ ਤੇ ਕੰਮ ਕਰਨ ਨੂੰ ਤਿਆਰ ਹਨ। ਇਸ ਦਾ ਦੂਜਾ ਪਹਿਲੂ ਇਹ ਹੈ ਕਿ ਇੱਥੇ ਜਦੋਂ ਪੜ੍ਹੇ ਲਿਖੇ ਲੋਕ ਰੋਜਗਾਰ ਲਈ ਸੜਕਾਂ ਤੇ ਆਉਂਦੇ ਹਨ ਤਾਂ ਉਹਨਾਂ ਨੂੰ ਖਦੇੜਨ ਲਈ ਡਾਂਗਾਂ ਸੋਟਿਆਂ ਨਾਲ ਭੰਨਿਆ ਜਾਂਦਾ ਹੈ ਪਾਣੀ ਦੀਆਂ ਬੁਛਾੜਾਂ ਉਹਨਾਂ ਤੇ ਵਰ੍ਹਾਈਆਂ ਜਾਂਦੀਆਂ ਹਨ। ਸਰਕਾਰਾਂ ਨੇ ਖੇਤੀ ਨਾਲ ਜੁੜੇ ਖਰਚਿਆਂ ਨੂੰ ਇੰਨਾ ਵਧਾ ਦਿੱਤਾ ਗਿਆ ਕਿ ਛੋਟੇ ਅਤੇ ਦਰਮਿਆਨੇ ਕਰਜਿਆਂ ਦੇ ਭਾਰ ਨਾ ਸਹਾਰਦਿਆਂ ਹੋਇਆਂ ਹਰ ਰੋਜ ਖੁਦਕਸ਼ੀਆਂ ਕਰ ਰਹੇ ਹਨ। ਪੰਜਾਬ ਦੇ ਬਹੁਗਿਣਤੀ ਕਿਸਾਨ ਹਨ ਜਿਹਨਾਂ ਦੀਆਂ ਜਮੀਨਾਂ ਪ੍ਰਾਈਵੇਟ ਕੰਪਨੀਆਂ/ਬੈਂਕਾਂ ਕੋਲ ਗਿਰਵੀ ਹਨ। ਮੁਲਕ ਦੀਆਂ ਸਰਕਾਰਾਂ ਫਰਾਇਡਮੈਨ ਵਾਲੇ ਫਾਰਮੂਲੇ ਨੂੰ ਬੜੀ ਤੇਜੀ ਨਾਲ ਅੱਗੇ ਵਧਾ ਰਹੀਆਂ ਹਨ। ਕਾਰਪੋਰੇਟਾਂ ਲਈ ਹਰ ਰਾਹ ਪੱਧਰਾ ਕਰਨ ਤੇ ਤੁਲੀਆਂ ਹੋਈਆਂ ਹਨ। ਇਸ ਲਈ ਸ਼ਾਇਦ ਇਹ ਜਰੂਰੀ ਹੈ ਕਿ ਸਮਾਜ ਨੂੰ ਅਜਿਹੇ ਸਦਮੇ ਦਿੱਤੇ ਜਾਣ ਕੇ ਉਹ ਹਰ ਤਰ੍ਹਾਂ ਦੀ ਹੀਲ ਹੁਜਤ ਕਰਨੀ ਛੱਡ ਦੇਣ। ਅੱਜ ਲੋਕ ਗਰੀਬੀ, ਬੇਰੁਜਗਾਰੀ, ਮੰਦਹਾਲੀ ਅਤੇ ਕਰਜਿਆਂ ਦੇ ਸਤਾਏ ਹੋਏ ਹਨ। ਉਹਨਾਂ ਨੂੰ ਸ਼ਪੱਸ਼ਟ ਦਿਸ ਰਿਹਾ ਹੈ ਕਿ ਇਸ ਧਰਤੀ ਤੇ ਉਹਨਾਂ ਦੀਆਂ ਔਲਾਦਾਂ ਦਾ ਭਵਿੱਖ ਲਗਾਤਾਰ ਧੁੰਦਲਾ ਹੁੰਦਾ ਜਾ ਰਿਹਾ ਹੈ। ਜਿੱਥੇ ਇੱਕ ਪਾਸੇ ਕਿਸਾਨ ਮਜਦੂਰ ਰੋਸ ਮੁਜਾਹਰੇ ਕਰ ਰਹੇ ਹਨ। ਹਰ ਰੋਜ ਕਰਜੇ ਕਿਸਾਨਾਂ ਦੀਆਂ ਬਲੀਆਂ ਲੈ ਰਹੇ ਹਨ ਇਹ ਸਾਰਾ ਕੁਝ ਰਲ ਕੇ ਜਦੋਂ ਲੋਕ ਰੋਹ ਬਣਦਾ ਹੈ ਤਾਂ ਸਰਕਾਰਾਂ ਨੂੰ ਅਜਿਹੀਆਂ ਪ੍ਰਸਥਿਤੀਆਂ ਨੂੰ ਸਮਝਣਾ ਚਾਹੀਦਾ ਹੈ ਨਾ ਕਿ ਬੇਇਨਸਾਫੀਆਂ ਅਤੇ ਆਪਣੇ ਹੱਕਾਂ ਲਈ ਸੜਕਾਂ ਤੇ ਆਏ ਲੋਕਾਂ ਤੇ ਗੋਲੀਆਂ ਚਲਾਈਆਂ ਜਾਣ।

ਹੁਣ ਸ਼ਾਇਦ ਇਹ ਵਕਤ ਆ ਗਿਆ ਹੈ ਕਿ ਕਿਸਾਨਾਂ ਮਜਦੂਰਾਂ ਨੂੰ ਇਹ ਸਮਝਣਾ ਹੋਵੇਗਾ ਕਿ ਜੇਕਰ ਨਕਲੀ ਕੀਟ ਨਾਸ਼ਕਾਂ ਨਾਲ ਉਹਨਾਂ ਦੀ ਫਸਲ ਬਰਬਾਦ ਹੁੰਦੀ ਹੈ। ਤਾਂ ਇਹ ਸਿਰਫ ਇੱਥੋਂ ਤੱਕ ਹੀ ਸੀਮਤ ਨਹੀਂ ਕਿ ਨਕਲੀ ਕੀਟ ਨਾਸ਼ਕਾਂ ਨੂੰ ਵੇਚ ਕੇ ਕਮਾਈ ਕਰ ਲਈ ਗਈ ਹੈ। ਬਲਕਿ ਇਹਦੇ ਪਿੱਛੇ ਉਹ ਤਾਕਤਾਂ ਵੀ ਕੰਮ ਕਰਦੀਆਂ ਹੋ ਸਕਦੀਆਂ ਹਨ ਜੋ ਕਿਸਾਨਾਂ ਤੋਂ ਜ਼ਮੀਨੇ ਹਥਿਆਉਣ ਲਈ ਕਾਹਲੀਆਂ ਹਨ। ਖੁਦਕਸ਼ੀਆਂ ਕਰ ਰਹੇ ਕਿਸਾਨਾਂ ਦੀ ਦੁਰਦਸ਼ਾ ਸੁਧਾਰਨ ਲਈ ਕੋਈ ਕਾਰਗਰ ਕਦਮ ਨਾ ਚੁੱਕੇ ਜਾਣਾ ਦੱਸਦਾ ਹੈ ਇਸ ਅਮਲ ਨੂੰ ਅਜੇ ਹੋਰ ਅੱਗੇ ਵਧਾਇਆ ਜਾਣਾ ਬਾਕੀ ਹੈ। ਕਾਰਪੋਰੇਟ ਤਾਕਤਾਂ ਐਨਰਜੀ ਦੇ ਸਾਧਨ ਡੀਜ਼ਲ ਪੈਟਰੋਲ ਅਤੇ ਬਿਜਲੀ ਤੋਂ ਇਲਾਵਾ ਹੁਣ ਜੰਗਲ, ਜ਼ਮੀਨ ਅਤੇ ਪਾਣੀਆਂ ਤੇ ਕਾਬਜ ਹੋ ਜਾਣ ਲਈ ਕਾਹਲੀਆਂ ਹਨ। ਪਿਛਲੇ ਕੁਝ ਅਰਸੇ ਤੋਂ ਉਹ ਸਾਰੀ ਪ੍ਰਕਿਰਿਆ ਨੂੰ ਜਿਸ ਵਿੱਚ ਕੁਝ ਕੁ ਘਰਾਣਿਆਂ ਦਾ ਬੇਤਾਸ਼ਾ ਵਿਕਾਸ ਹੋਇਆ ਅਤੇ ਅਮੀਰੀ ਗਰੀਬੀ ਦੇ ਪਾੜੇ ਦੇ ਵੀ ਲੰਗਾਰ ਲਹਿ ਗਏ ਨੂੰ ਆਮ ਲੋਕਾਂ ਦਾ ਵਿਕਾਸ ਦੱਸਿਆ ਗਿਆ। ਇਹੋ ਉਹ ਸਮਾਂ ਹੈ ਜਦੋਂ ਖੇਤੀ ਨਾਲ ਜੁੜੇ ਆਮ ਕਿਸਾਨਾਂ ਨੇ ਸ਼ਾਇਦ ਸਭ ਤੋਂ ਵੱਧ ਆਤਮ ਹੱਤਿਆਵਾਂ ਕੀਤੀਆਂ ਅਤੇ ਕਰ ਰਹੇ ਹਨ।

ਹਾਲਾਤ ਹੁਣ ਇਹ ਹਨ ਕਿ ਪੰਜਾਬ ਸਮੇਤ ਪੂਰੇ ਮੁਲਕ ਵਿੱਚ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਭਟਕਾਉਣ ਲਈ ਫਿਰਕਾਪ੍ਰਤੀ, ਮਜ਼ਬੀ ਕਟੜਤਾ ਅਤੇ ਅਜਿਹੇ ਹੋਰ ਮੁੱਦਿਆਂ ਨੂੰ ਉਭਾਰਿਆ ਜਾ ਰਿਹਾ ਹੈ। ਪੰਜਾਬ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਕੇ ਇੱਕ ਵਾਰ ਫਿਰ ਇਸ ਦੇ ਪਾਣੀਆਂ ਵਿੱਚ ਜ਼ਹਿਰ ਘੋਲਣ ਦੀ ਕੋਸ਼ਿਸ਼ ਕੀਤੀ ਗਈ ਹੈ। ਪਰ ਇਹ ਕੋਸ਼ਿਸ਼ ਹੁਣ ਸ਼ਾਇਦ ਨਾਕਾਮ ਹੀ ਰਹੇਗੀ। ਉਸ ਦਾ ਕਾਰਨ ਇਹ ਹੈ ਕਿ ਪਿਛਲੇ 5-7 ਸਾਲਾਂ ਤੋਂ ਦੁਨੀਆਂ ਬੜੀ ਤੇਜੀ ਨਾਲ ਬਦਲੀ ਹੈ। ਰਾਜ ਕਰਦੀਆਂ ਸ਼ਕਤੀਆਂ ਨੂੰ ਇਹ ਕੰਧ ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ ਕਿ ਪੁਰਾਣੇ ਢੰਗ ਦੀਆਂ ਕੂਟਨੀਤੀਆਂ ਹੁਣ ਕੰਮ ਨਹੀਂ ਕਰਨਗੀਆਂ। ਉਹ ਮੀਡੀਆ ਜਿਸ ਦੇ ਇੱਕ ਵੱਡੇ ਹਿੱਸੇ ਤੇ ਕਾਬਜ ਹੋ ਕੇ ਕੁਝ ਸਮੇਂ ਲਈ ਲੋਕਾਂ ਨੂੰ ਵਰਗਲਾਅ ਕੇ ਰੱਖਿਆ ਜਾਂਦਾ ਰਿਹਾ ਸੀ ਦੀ ਪੋਲ ਹੁਣ ਖੁਲਣ ਲੱਗ ਪਈ ਹੈ। ਸੋਸ਼ਲ ਮੀਡੀਏ ਦੇ ਰੂਪ ਵਿੱਚ ਲੋਕ ਵੀ ਹੁਣ ਆਪਣੀ ਗੱਲ ਕਹਿ ਸਕਦੇ ਹਨ। ਇੱਕ ਦੂਜੇ ਤੋਂ ਸੱਚ ਕੀ ਅਤੇ ਝੂਠ ਕੀ ਹੈ ਦਾ ਨਿਤਾਰਾ ਕਰਨ ਦੀ ਸਮਝ ਲੈ ਸਕਦੇ ਹਨ। ਹੁਣ ਵਕਤ ਹੈ ਕਿ ਪੁਰਾਣੀਆਂ ਲੀਹਾਂ ਨੂੰ ਤਿਆਗ ਕੇ ਪਾਰਦਰਸ਼ੀ ਢੰਗ ਨਾਲ ਲੋਕਾਂ ਵਿੱਚ ਵਿਚਰਿਆ ਜਾਵੇ। ਲੋਕ ਪੱਖੀ ਨੀਤੀਆਂ ਘੜੀਆਂ ਜਾਣ। ਲੋਕ ਲਹਿਰਾਂ ਬਣ ਕੇ ਹਵਾ ਵਿੱਚ ਉੱਠਦੇ ਹੱਕ ਮੰਗਦੇ ਹੱਥਾਂ ਨੂੰ ਡਾਂਗ ਦੇ ਜੋਰ ਤੇ ਭੰਨਿਆ ਜਾ ਸਕਦਾ ਹੈ ਪਰ ਹਰਾਇਆ ਨਹੀਂ ਜਾ ਸਕਦਾ। ਸੱਚ ਇਹ ਵੀ ਹੈ ਕਿ ਬਾਹਲਾ ਚਿਰ ਕੋਈ ਵੀ ਲੋਕਾਂ ਤੇ ਆਪਣੀ ਮਰਜੀ ਦੀਆਂ ਘੜੀਆਂ ਨੀਤੀਆਂ ਨੂੰ ਠੋਸ ਨਹੀਂ ਸਕਦਾ।

ਜੀਰਾ/ ਮੋ: 9855051099

## ਬੇਰੁਜ਼ਗਾਰ ਜਵਾਨੀ ਦੇ



ਅੰਨ੍ਹੀ ਮਾਂ ਦੇ ਸੁਜਾਖੇ ਪੁੱਤ
ਬਹੁਤ ਚਲਾਕ ਹੋ ਗਏ ਨੇ
ਨੱਚ ਰਹੇ ਨੇ
ਨੰਗੇ ਹੋ ਕੇ
ਕਰ ਰਹੇ ਨੇ...
ਅਸ਼ਲੀਲ ਹਰਕਤਾਂ
ਅਪਣੀ ਹੀ ਮਾਂ ਨਾਲ।

ਐਕਸ਼ਨ ਦਾ ਰੀ-ਐਕਸ਼ਨ
ਪੂਰੇ ਆਕਾਸ਼ ਤੇ
ਹੱਸ ਰਿਹਾ ਹੈ
ਬੇਖ਼ੌਫ ਹਾਸਾ।

ਕਾਲੀ ਰਾਤ ਦੇ ਸੰਨਾਟੇ ਨੂੰ
ਹਵਾਈ ਬੰਬਾਰੀ
ਰੌਸ਼ਨੀਆਂ ਦੀ ਗੜਗੜਾਹਟ ਵਿੱਚ
ਤਬਦੀਲ ਕਰਨ ਲਈ
ਪੂਰਾ ਤਾਣ ਲਾ ਰਹੀ ਹੈ।

ਹਥਿਆਰਾਂ ਦਾ ਸੌਦਾਗਰ
ਵੇਖ ਰਿਹਾ ਹੈ
ਮੰਡੀਆਂ ਦੇ ਉਤਾਰ-ਚੜ੍ਹਾਅ

ਤੇ
ਸਕੇ ਪੁੱਤ ਦੀ ਲੋਥ
ਮੋਢਿਆਂ ਤੇ ਚੁੱਕ ਕੇ
ਲੱਭ ਰਿਹਾ ਹੈ
ਕਾਤਲਾਂ ਦੀ ਪੈੜ।

ਜੁੜੇ ਹੋਏ ਨੇ
ਵੀਹ ਸਿਰ
ਧੜ ਵਿਹੂਣੇ
ਕਿ ਬੱਸ, ਹੁਣ ਬਹੁਤ ਹੋ ਗਿਆ।

ਇਸ ਅਜੰਡੇ ਵਿੱਚ
ਕਦੇ ਸ਼ਾਮਿਲ ਨਹੀਂ ਹੋਣਗੇ
ਮਹਿਲ ਉਸਾਰਨ ਵਾਲੇ
ਮਜ਼ਦੂਰ ਦੇ
ਛੱਪਰ ਦੀ ਫਟੀ ਹੋਈ
ਤਰਪਾਲ ਦੇ ਤੋਪੇ।

ਬੇਰੁਜ਼ਗਾਰ ਜਵਾਨੀ ਦੇ
ਮੋਢਿਆਂ ਤੇ
ਵਿਹਲੜ, ਨਸ਼ੇੜੀ ਦਾ ਟੈਗ ਲੱਗਣ ਦੇ
ਖਾਕੀ ਟੈਟੂ।

ਬਲਾਤਕਾਰਾਂ ਲਈ ਉਕਸਾਉਂਦੀਆਂ
ਪ੍ਰੰਪਰਾਵਾਂ ਦੇ ਖਰੜੇ।

ਇਹ ਤਮਾਸ਼ਾ
ਮਹਿਜ ਇੱਕ ਤਮਾਸ਼ਾ ਨਹੀਂ ਹੈ
ਤਮਾਸ਼ਬੀਨ
ਬਹੁਤ ਦੂਰ-ਅੰਦੇਸ਼ੀ ਹੈ।

ਦਿਮਾਗ ਸੁੰਨ ਕਰਨ ਲਈ
ਨਸ਼ਿਆਂ ਦਾ ਜਾਲ ਫੈਲਾਉਂਦਾ ਹੈ

ਤੇ ਹਥਿਆਰ ਵੇਚ ਕੇ
ਢਾਲ਼ ਬਣਨ ਦਾ ਦਾਅਵਾ ਕਰਦਾ ਹੈ।

ਅਸੀਂ
ਰਜਾਈਆਂ ਵਿੱਚ ਵੜ ਕੇ
ਰਾਮਦੇਵ ਦੀਆਂ ਟਪੂਸੀਆਂ ਵੇਖਣ ਵਾਲੇ
ਕਦੇ ਨਹੀਂ ਨੱਪ ਸਕਦੇ
ਸਰਮਾਏਦਾਰੀ ਦੀ ਪੈੜ।

ਸਾਡੇ ਲਈ
ਗੀਤਾ, ਗਰੰਥ, ਕੁਰਾਨ ਹੀ ਕਾਫ਼ੀ ਹੈ
ਦਿਮਾਗੀ ਨਿਪੁੰਸਕਤਾ ਤੇ
ਮਰਦਾਨਗੀ ਦਾ ਢੋਲ ਖੜਕਾਉਣ ਲਈ।

- ਸੁਰਜੀਤ ਗਾਗ

## .ਗਦਰੀਆਂ ਦੇ ਸੁਪਨਿਆਂ ਦਾ

ਗਦਰੀਆਂ ਦੇ ਸੁਪਨਿਆਂ ਦਾ, ਆਇਆ ਜੇਕਰ ਰਾਜ ਹੁੰਦਾ।
ਬੰਗਾਲ ਦੇ ਟੋਟੇ ਨਾ ਹੁੰਦੇ, ਵੰਡਿਆ ਨਾ ਪੰਜਾਬ ਹੁੰਦਾ।
ਧਰਤੀ ਉੱਤੇ ਲੀਕਾਂ, ਦਿਲਾਂ ਵਿੱਚ ਪਾੜ ਨਾ ਪੈਂਦੇ।
ਇੱਕ ਦੂਜੇ ਨੂੰ ਵੱਢਣ ਖਾਤਰ, ਬਣ ਕੇ ਧਾੜ ਨਾ ਪੈਂਦੇ।
ਕਸ਼ਮੀਰ ਸਮੱਸਿਆ ਵਰਗੇ, ਪਏ ਕੋਈ ਪੰਗੇ ਨਾ ਹੁੰਦੇ।
ਬਾਬਰੀ ਮਸਜਿਦ ਕਾਹਨੂੰ ਢਹਿੰਦੀ, ਗੁਜਰਾਤ ਵਿੱਚ ਦੰਗੇ ਨਾ ਹੁੰਦੇ।
ਪੈਂਹਟ ਬਹੱਤਰ ਵਾਲੀਆਂ ਜੰਗਾਂ,ਬਣਦੀਆਂ ਨਾ ਇਤਿਹਾਸ ਦਾ ਹਿੱਸਾ।
ਮਨੁਖਤਾ ਦੇ ਘਾਣ ਵਾਲਾ, ਵਾਪਰਦਾ ਨਾ ਚੁਰਾਸੀ ਵਾਲਾ ਕਿੱਸਾ।
ਮਹਾਂਰਾਸਟਰ ਵਿੱਚ ਹਿੰਦੂਆ ਹੱਥੋਂ, ਹਿੰਦੂ ਕਦੇ ਨਾ ਜਾਂਦੇ ਡੰਝੇ।
ਬੰਦਿਆਂ ਨੇ ਬੰਦੇ ਸੀ ਰਹਿਣਾ, ਬਣ ਵੋਟਾਂ ਨਾ ਜਾਂਦੇ ਬੰਦੇ।
ਹਿੰਦੂ, ਸਿੱਖ ਤੇ ਮੁਸਲਿਮ ਸਾਰੇ, ਆਪਸ ਦੇ ਵਿੱਚ ਰਲਕੇ ਰਹਿੰਦੇ।
ਇੱਕ ਦੂਜੇ ਦੀਆਂ ਬਾਂਹਾਂ ਬਣਦੇ ,ਦੁੱਖ ਸੁੱਖ ਕੱਠੇ ਹੋ ਕੇ ਸਹਿੰਦੇ।
ਪੁਲਸ ਦੇ ਹੱਥ ਗੋਰਿਆਂ ਵਾਲਾ, ਅੱਜ ਫੜਿਆ ਨਾ ਹੁੰਦਾ ਡੰਡਾ।
ਹੱਕ ਦੀ ਥਾਂ ਗੋਲੀ ਨਾ ਮਿਲਦੀ, ਨਾ ਮਿਲਦਾ ਫਾਂਸੀ ਦਾ ਫੰਦਾ।
ਧਰਤ ਖਜਾਨੇ ਲੁੱਟਣ ਖਾਤਰ, ਆਦਿ-ਵਾਸੀ ਲਿਤਾੜੇ ਨਾ ਹੁੰਦੇ।
ਦਹਿਸ਼ਤ ਉਹਨਾਂ ਤੇ ਪਾਉਣ ਖਾਤਰ, ਸਲਵਾਜੁੰਡਮ ਦੇ ਕਾਰੇ ਨਾਂ ਹੁੰਦੇ।
ਬੰਦੇ ਹੱਥੋਂ ਲੁੱਟ ਬੰਦੇ ਦੀ, ਵਾਲਾ ਨਾ ਵਰਤਾਰਾ ਹੁੰਦਾ।
ਸਾਰੇ ਜਹਾਂ ਸੇ ਅੱਛਾ, ਫਿਰ ਹਿੰਦਸਤਾਨ ਹਮਾਰਾ ਹੁੰਦਾ।
ਕਿਉਂ ਬੰਦ ਹੋ ਗਈਆਂ ਅੱਖਾਂ, ਕਿਉਂ ਜੀਭ ਨੂੰ ਲੱਗੇ ਤਾਲੇ।
ਜਿਉਂਦੇ ਬੰਦਿਆਂ ਵਿੱਚ ਹੋ ਜਾਈਏ, ਅਸੀਂ ਕਹਾਈਏ ਅਣਖਾਂ ਵਾਲੇ।
ਭਗਤ ਸਰਾਭੇ ਦੇ ਅਸੀਂ ਵਾਰਿਸ, ਸੋਚ ਉਹਨਾਂ ਦੀ ਅਪਨਾਈਏ।
ਉਹਨਾਂ ਲਏ ਸੀ ਜਿਹੜੇ ਸੁਪਨੇ, ਸਭ ਦੀਆਂ ਅੱਖਾਂ ਵਿੱਚ ਜਗਾਈਏ।
ਗਦਰੀਆਂ ਦੇ ਵਾਰਸ ਹਾਂ ਜੇ, ਕਹਾਣੀ ਅੱਗੇ ਤੋਰੀਏ।
ਗੋਰਿਆਂ ਦੇ ਵਾਰਸਾਂ ਦੀ, ਰਲ ਮਿਲ ਬਾਂਹ ਮਰੋੜੀਏ।

(ਹਰਜੀਤ ਬੇਦੀ 647-924-9087 )

## ਚਿੱਟਾ

ਚਿੱਟਾ ਮੱਛਰ ਚਿੱਟੀ ਸੁੰਡੀ,
ਚਿੱਟੇ ਨਰਮੇ ਨੂੰ ਚੱਟ ਧਰਿਆ।
ਚਿੱਟੇ ਨੇ ਹੈ ਅੱਤ ਮਚਾਈ,
ਘਾਣ ਜਵਾਨੀ ਦਾ ਹੈ ਕਰਿਆ।
ਕਾਣੀ ਅੱਖ ਲੋਕ-ਰਾਜ ਦੀ,
ਇੱਕੋ ਪਾਸੇ ਨਜ਼ਰ ਸਵੱਲੀ।
ਖਲਕਤ ਰੋਵੇ ਤੇ ਕੁਰਲਾਵੇ,
ਓਸ ਪਾਸਿਓਂ ਪਾਸਾ ਕਰਿਆ।
ਤਾਂ ਹੀ ਤਾਂ ਉਹ ਇੱਕੋ ਪਾਸਾ,
ਰਹੇ ਸਦਾ ਹੀ ਖਾਲੀ ਖਾ
ਤਾਂ ਹੀ ਤਾਂ ਹੈ ਦੂਜਾ ਪਾਸਾ,
ਹਰ ਦਮ ਭਰਿਆ ਭਰਿਆ।
ਕੀ ਬੋਲਣਾ ਕਦੋਂ ਬੋਲਣਾ,
ਹੈ ਉਹਨਾਂ ਦੀ ਮਰਜ਼ੀ।
ਕੀ ਪਾਉਣਾ ਤੇ ਕੀ ਹੈ ਖਾਣਾ,
ਹੁਕਮ ਓਹਨਾਂ ਨੇ ਹੈ ਕਰਿਆ।
ਮਹਿਬੂਬਾਂ ਦੀਆਂ ਜ਼ੁਲਫਾਂ ਉੱਤੇ,
ਤਾਰੇ ਬਣੇ ਅੰਗਾਰੇ,
ਚੰਦਰਮਾਂ ਹੈ ਅੱਗ ਉਗਲਦਾ,
ਪਰ ਸੂਰਜ ਹੈ ਠਰਿਆ ਠਰਿਆ।
ਜਿਹਨਾਂ ਦੀਆਂ ਕਰਤੂਤਾਂ ਨੇ ਇਹ
ਉਹਨਾਂ ਦੀ ਸ਼ਨਾਖਤ ਕਰਨੀ।
ਰੱਬ ਕਿਤੇ ਜੇ ਹੋਵੇ ਆਖਾਂ,
ਓ ਰੱਬਾ ਤੂੰ ਇਹ ਕੀ ਕਰਿਆ?

ਹਰਜੀਤ ਬੇਦੀ
647-924-9087

## .ਗ਼ਜ਼ਲ

ਸਿਖ਼ਰ ਦੁਪਹਿਰਾ, ਬਿਰਛ ਕੋਈ ਨਾ, ਕਾਲੇ ਪਰਬਤ, ਕਿੱਧਰ ਜਾਵਾਂ?
ਤੁਰਾਂ ਤਾਂ ਪੱਥਰ ਕਹਿੰਦੇ ਜਾਪਣ, ਛਡ ਜਾ ਤੂੰ ਆਪਣਾ ਪਰਛਾਵਾਂ।

ਮੈਂ ਮਕਤਲ ਵਲ ਆਪਣੀ ਸੂਲੀ, ਆਪਣੇ ਮੋਢੇ ਚੁਕ ਕੇ ਤੁਰਿਆ,
ਉਸ ਮੌਸਮ ਵਿਚ ਨਜ਼ਰੀਂ ਆਇਆ, ਸ਼ਹਿਰ 'ਚ ਆਦਮ ਟਾਵਾਂ ਟਾਵਾਂ।

ਹਰ ਇਕ ਘਰ ਦਾ ਬੂਹਾ ਢੁੱਕਾ, ਗੁਲਦਾਨਾਂ 'ਤੇ ਮੌਤ ਝੁਕੀ ਹੈ,
ਜਿਸ ਰੁਖ 'ਤੇ ਰਾਤੀਂ ਫੁਲ ਖਿੜਦੇ, ਉਸ ਰੁਖ ਉਤੇ ਰਹਿਣ ਬਲਾਵਾਂ।

ਡਿਗਦੇ ਅਥਰੂ, ਟੁਟਦੇ ਤਾਰੇ, ਕੰਬਦੇ ਸਾਏ, ਚੇਤੇ ਆਏ,
ਸੁਣੀਆਂ ਸਨ ਅੱਜ ਅੱਖੀਂ ਡਿੱਠੀਆਂ, ਰਾਵਾਂ ਵਿਚ ਰਹਿ ਜਾਂਦੀਆਂ ਰਾਵਾਂ।

ਮੁੱਦਤ ਹੋਈ ਜਿਨ੍ਹਾਂ ਮਕਾਨਾਂ ਅੰਦਰ, ਸਦਾ ਹਨੇਰਾ ਰਹਿੰਦੈ,
ਰਾਤ ਉਨ੍ਹਾਂ ਵਿਚ ਫਿਰਦਾ ਦਿਸਦਾ, ਨਗਨ ਚਾਨਣੀ ਦਾ ਪਰਛਾਵਾਂ।

ਸਿਖ ਦੀ ਐਸ਼-ਟਰੇ ਵਿਚ ਸਿਗਰਟ ਰਖ ਕੇ ਸੋਚਾਂ ਚੇਤ ਮਹੀਨੇ,
ਕੀ ਬੀਤੇ ਸਾਗਰ 'ਤੇ ਜਿਸ ਤੋਂ, ਲੰਘ ਜਾਵਣ ਚੁਪ ਚਾਪ ਘਟਾਵਾਂ।

ਖ਼ੂਨੀ ਸ਼ਾਮ, ਡਰਾਉਣੇ ਬੱਦਲ, ਕਿੱਥੇ ਬਹਿ ਕੇ ਰਾਤ ਬਿਤਾਈਏ,
ਹਰ ਇਕ ਘਰ ਦਾ ਦਰ ਖੜਕਾ ਕੇ, ਮੁੜੀਆਂ ਨੇ ਮਾਯੂਸ ਹਵਾਵਾਂ।

ਨਾ ਮਨਸੂਰ ਤੇ ਨਾ ਮੈਂ ਈਸਾ, ਮੈਨੂੰ ਤੂੰ ਗੁਮਨਾਮ ਰਹਿਣ ਦੇ,
ਸੂਲੀ ਨਾਲ ਨਾ ਜੋੜ ਪਿਆ ਤੂੰ, ਐਵੇਂ ਹੀ 'ਜਗਤਾਰ' ਦਾ ਨਾਵਾਂ।
(1963)

- ਡਾ. ਜਗਤਾਰ ਸਿੰਘ

## ਸਾਮਰਾਜ ਦਾ ਸੰਕਟ

ਚੱਲੀਆਂ ਨਿੱਘਰ ਨੀਹਾਂ ਹੁਣ ਤਾਂ ਸਾਮਰਾਜ ਦੀਆਂ,
ਆਏ ਰੋਜ਼ ਦੀਵਾਲਾ ਨਵਾਂਸਾਹਮਣੇ ਆਵੇ।
ਪ੍ਰਬੰਧ ਜੋ ਬਣਿਆ 'ਲਾਟ-ਸਾਹਿਬ' ਕੁੱਲ ਧਰਤੀ 'ਤੇ।
ਗੋਤੇ ਮੰਝਧਾਰ ਵਿਚ ਦਿਨੇ-ਰਾਤ ਪਿਆਖਾਵੇ।
ਮਿਲਕੇ ਨਾਲ ਦਲਾਲਾਂ ਚਾਲਾਂ ਹੋਰ ਚਲਾਵੇ।
ਕਹਿੰਦਾ 'ਮੰਡੀਆਂ' ਵਾਲਿਓ ਦੇਵੋ ਖ਼ੂਨ ਕਰੰਸੀ ਦਾ,
ਤਾਂ ਜੁ ਡਾਲਰ 'ਤੇ ਕੁਝ ਰੌਣਕ ਮੁੜਕੇ ਆਵੇ।
ਡੁੱਬਦੀ ਬੇੜੀ ਤਾਰਨਦੇ ਲਈ ਲੋਟੂਆਂ ਦੀ,
ਪੈਸਾ ਜਨਤਾ ਦਾ ਸਰਕਾਰੀ ਰੋਜ਼ ਲੁਟਾਵੇ।
ਲਾ-ਲਾ ਟੀਕੇ ਹੁਣ ਭਲਵਾਨ ਨੀਂ ਬਣਨਾ ਢਾਂਚੇ ਨੇ,
ਹਾਲਤ ਮੰਦੀ ਦੇ ਵਿਚ ਇਹ ਤਾਂ ਪਿਆ ਕਰਾਹਵੇ।
ਨਿਕਲ ਗਿਆ ਜਲੂਸ ਜਗਤ ਦੇ ਅੰਦਰ ਹੈ,
ਪੜਾਅ ਆਖ਼ਰੀ ਅੰਦਰ ਇਸ ਨੂੰ ਕੌਣ ਬਚਾਵੇ।
ਸੱਜਰੇ ਵਾਰ ਹੈ ਕਰਦਾ ਹੁਣ ਤਾਂ ਰੋਟੀ-ਰੋਜ਼ੀ 'ਤੇ,
ਮਹਿੰਗਾਈ ਰੱਤ ਨਿਚੋੜੀ ਲੋਕਾਂ ਦੀ ਪਈ ਜਾਵੇ।
ਲਹਿਰ ਕਿਰਤ ਦੀ ਕੋਨੇ-ਕੋਨੇ ਉੱਠ ਰਹੀ,
ਨਿਜ਼ਾਮ ਲੁਟੇਰੇ ਨੂੰ ਜੋ ਰਾਹ ਸਿਵਿਆਂ ਦੇ ਪਾਵੇ।
ਮੁੱਕਣੀ ਕਾਲੀ ਰਾਤ ਹੈ ਹੁਣ ਸਰਮਾਏ ਦੀ,
ਸਮਾਜਵਾਦ ਦਾ ਸੂਰਜ ਚੜ੍ਹਨੋਂ ਕੌਣ ਹਟਾਵੇ?

- ਜਸਦੇਵ ਸਿੰਘ ਲਲਤੋਂ

## ਭਰੂਣ ਹੱਤਿਆ

ਧੀਆਂ ਦਿੰਦੀਆਂ ਨੇ ਵਾਸਤਾ ਹੱਤਿਆਰਿਓ,
ਕਦੇ ਨਾ ਧੀਆਂ ਨੂੰ, ਕੁੱਖਾਂ ਵਿਚ ਮਾਰਿਓ।

ਸੁੰਨਾ ਹੋ ਜਾਊ, ਧੀਆਂ ਬਿਨ ਵੇਹੜਾ ਰੰਗਲਾ,
ਮਾਪਿਆਂ ਦਾ ਹੋ ਜਾਊ, ਨਾਂ ਗੰਧਲਾ।
ਗਲ ਮੇਰੀ ਜ਼ਰਾ, ਸੋਚਿਉ ਵਿਚਾਰਿਉ
ਕਦੇ ਨਾ ਧੀਆਂ ਨੂੰ....

ਧੀਆਂ ਬਿਨਾਂ ਲੱਗਦਾ ਨਾ, ਪੁੰਨ ਦਾਨ ਵੇ,
ਇਨ੍ਹਾਂ ਵਾਝੋਂ ਹੋ ਜਾਊ, ਸੁੰਨਾ ਜਹਾਨ ਵੇ।
ਸਮਝੋ ਧੀਆਂ ਨੂੰ ਵੀ ਵਾਂਗ, ਪੁੱਤਾਂ ਦੇ ਪਿਆਰਿਉ।
ਕਦੇ ਨਾ ਧੀਆਂ ਨੂੰ....

ਧੀ ਨਾਲ ਹੁੰਦੀ, ਹਰ ਘਰ ਦੀ ਸ਼ਾਨ ਵੇ,
ਪਰ ਹੁੰਦੀ ਨਿਮਾਣੀ, ਪੇਕਿਆਂ 'ਚ ਮਹਿਮਾਨ ਵੇ।
ਫੁੱਲਾਂ ਵਾਂਗ ਰੱਖਿਉ, ਨਾ ਫੱਟਕਾਰਿਉ।
ਕਦੇ ਨਾ ਧੀਆਂ ਨੂੰ....।

ਸਾਰੇ ਘਰ ਦੇ ਸੁਆਰਦੀ, ਧੀ ਕੰਮਕਾਜ ਵੇ,
ਰੱਖ ਦੀ ਪਿਉ ਤੇ ਭਰਾ ਦੀ ਲਾਜ ਵੇ।
ਮਾਰ ਕੇ ਧੀਆਂ ਨੂੰ, ਗੰਦ ਨਾ ਖਿਲਾਰਿਉ।
ਕਦੇ ਨਾ ਧੀਆਂ ਨੂੰ....

ਧੀਆਂ ਦੇਖਦੀਆਂ ਸਦਾ, ਦੁੱਖ-ਮਾਂ-ਬਾਪ ਦਾ,
ਇਨ੍ਹਾਂ ਨੂੰ ਮਾਰ ਕੇ, ਨਾ ਭਾਗੀ ਬਣਿਉ ਪਾਪ ਦਾ।
ਧੀਆਂ ਦੀ ਹੋਂਦ ਨੂੰ, ਕਦੇ ਨਾ ਨੱਕਾਰਿਉ।
ਕਦੇ ਨਾ ਧੀਆਂ ਨੂੰ...

- ਸੁਰਿੰਦਰ ਕੌਰ ਭੋਗਲ

## ਬੇਅਦਬੀ ਦਾ ਦਰਦ

ਦੰਭੀ ਅੱਥਰੂ ਕੇਰਦਾ ਹੈ ਮਨਮੁਖ ਲਾਣਾ
ਬੇਅਦਬੀ ਦਾ ਦਰਦ ਤਾਂ ਹੈ ਬਹੁਤ ਪੁਰਾਣਾ

ਹਰਮੰਦਰ ਨੂੰ ਮਾਰਦਾ 'ਵਾਜਾਂ ਨਨਕਾਣਾ
ਅੱਜ ਤੀਕਰ ਨਾ ਭੁੱਲਿਆ ਦੋਹਾਂ ਨੂੰ ਭਾਣਾ
ਬਾਰਡਰ 'ਤੇ ਕੰਧ ਲਹੂ ਦੀ ਜਦ ਉੱਚੀ ਹੋਈ
ਨਾਨਕ ਦੇ ਸਰਬੱਤ ਦੀ ਦੇਹ ਟੁਕੜੇ ਹੋਈ
ਉਸ ਦਿਨ ਗੁਰੂ ਗ੍ਰੰਥ ਦੀ ਬਅਦਬੀ ਹੋਈ।

ਮਿਹਨਤ ਹੱਕ-ਹਲਾਲ ਦੀ ਮਾਣਸ ਦੇ ਜਾਏ
ਦਸਾਂ ਨੌਹਾਂ ਦੀ ਕਿਰਤ ਲਈ ਪਰਦੇਸੋਂ ਆਏ
ਗੁਰਾਂ ਜਿਨ੍ਹਾਂ ਨੂੰ ਆਖਿਆ ਇਕ ਨੂਰ ਉਪਾਏ
ਉਹ ਗੁਰੂਆਂ ਦੇ ਨਾਮ 'ਤੇ ਬੱਸਾਂ 'ਚੋਂ ਲਾਹੇ
ਹੁਕਮ ਪਵਿੱਤਰ ਤਖ਼ਤ ਦੀ ਜੂਹ ਵਿਚੋਂ ਆਏ
ਜਦ ਮਿੱਟੀ ਨਿਰਦੋਸ਼ਿਆਂ ਦੇ ਲਹੂ ਡਬੋਈ
ਉਸ ਦਿਨ ਗੁਰੂ ਗ੍ਰੰਥ ਦੀ ਬੇਅਦਬੀ ਹੋਈ

ਰਾਜ-ਭਾਗ ਦੇ ਲੋੜੀਆਂ ਘੜੀਆਂ ਤਦਬੀਰਾਂ
ਪਾਉਂਦੇ "ਖਲਕ" 'ਚ ਵੰਡੀਆਂ, ਵਾਹ ਲਹੂ ਲਕੀਰਾਂ
"ਸੱਭੇ ਸਾਂਝੀਵਾਲ" ਦੇ ਬੋਲਾਂ ਦੀਆਂ ਲੀਰਾਂ
ਰੂਹ 'ਤੇ ਗੁਰੂ ਗ੍ਰੰਥ ਦੀ ਵਰ੍ਹੀਆਂ ਸ਼ਮਸ਼ੀਰਾਂ
"ਦੇਹ" ਸੰਸੇ ਡੁੱਬੀਆਂ, ਅਣਜਾਣ ਵਹੀਰਾਂ
ਜੋਕਾਂ ਲੈ ਕੇ ਲੜਦੀਆਂ, ਧਰਮਾਂ ਦੀ ਢੋਈ
ਮੁੜ ਮੁੜ ਗੁਰੂ ਗ੍ਰੰਥ ਦੀ ਬੇਅਦਬੀ ਹੋਈ।

- ਜਸਪਾਲ ਜੱਸੀ

## ਕਲੀ

ਛੱਡਦੇ ਹੁਣ ਘੁਰਾੜੇ ਸੁੱਤਿਆ ਜਾਗ ਕਿਸਾਨਾਂ ਬਈ,
ਤੈਨੂੰ ਦੇ ਹਲੂਣੇ ਅੱਜ ਦਾ ਸਮਾਂ ਪੁਕਾਰੇ।

ਲੈ ਕੇ ਸਰਘੀ ਕੋਲੋਂ ਗੁੜ੍ਹਤੀ ਸੂਹੀਆਂ ਕਿਰਨਾਂ ਦੀ,
ਤੇਰੇ ਦਰ ਤੇ ਆਏ ਚਾਨਣ ਦੇ ਵਣਜਾਰੇ॥

ਕਈ ਨੇ ਹਾਕਮ ਬਦਲੇ ਭਾਵੇਂ ਅੱਜ ਤੱਕ ਦਿੱਲੀ ਦੇ,
ਤੇਰੇ ਲਈ ਤਾਂ ਆਏ ਇਕ ਤੋਂ ਵੱਧ ਕੇ ਸਾਰੇ।

ਬਗਲੇ ਮਾਰ ਉਡਾਰੀ ਉੱਡ ਜਾਂਦੇ ਜਿਉਂ ਜੂਹਾਂ 'ਚੋਂ,
ਪੰਜੀਂ ਸਾਲੀ ਮੁੜਦੇ ਵੋਟਾਂ ਲੈਣ ਦੇ ਮਾਰੇ।

ਤੂੰ ਤੇ ਖਾਕ ਛਾਣਦੈਂ ਨੰਗੇ ਤਨ ਸਿਆੜਾਂ ਦੀ,
ਤੇਰੀ ਮਿਹਨਤ ਉੱਤੇ ਵਿਹਲੜ ਲੈਣ ਨਜ਼ਾਰੇ।

ਲੱਖਾਂ ਜ਼ਫਰ ਜਾਲ ਕੇ ਪਾਲੀਆਂ ਤੇਰੀਆਂ ਜਿਨਸਾਂ ਬਈ,
ਵਿਕਦੀਆਂ ਕੌਡੀਆਂ ਦੇ ਭਾਅ ਤੱਕ ਲੈ ਸ਼ਰੇ-ਬਜ਼ਾਰੇ।

ਖੇੜੇ ਲੈ ਜਾਂਦੇ ਨੇ ਫਲ ਤਾਂ ਤੇਰੀਆਂ ਕਿਰਤਾਂ ਦਾ,
ਤੂੰ ਤੇ ਬਿਨ ਤਨਖਾਹੋਂ ਚਾਕਾ ਮੰਗੂ ਚਾਰੇ।

ਜੇ ਤੂੰ ਮਾਲਕ ਬਣਨਾ ਆਪਣੀ ਸਾਂਦਲ ਬਾਰ ਦਾ,
ਇਕ ਦਿਨ ਲਾਉਣੀ ਪੈਣੀ ਦੁੱਲਿਆ ਚੋਟ ਨਗਾਰੇ।

- ਜੈਮਲ ਪੱਡਾ

## .ਗ਼ਜ਼ਲ/- ਗੁਰਬਚਨ ਬਰਾੜ

ਪਸਰਦੇ ਜਾਂਦੇ ਹਨੇਰੇ ਦੇਰ ਹੀ ਨਾ ਕਰਦਿਆਂ।
ਸੂਰਜਾਂ ਦੇ ਬਾਲ ਦੀਵੇ ਹਰ ਬਨੇਰੇ ਧਰ ਦਿਆਂ।

ਫੈਸਲੇ ਦੇਖੋ ਅਜਬ ਹਰ ਧਰਮ ਦਾ ਰਹਿਬਰ ਕਰੇ,
ਕਿਸ ਸਖਸ਼ ਨੂੰ ਤੀਰ ਤੇ ਕਿਸ ਸਖਸ਼ ਨੂੰ ਖੰਜਰਦਿਆਂ।

ਤਪਦਿਆਂ ਮਾਰੂਥਲਾਂ ਦੀ ਬੇਬਸੀ ਇਹੋ ਰਹੀ
ਲਾਰਿਆਂ ਨੇ ਮਾਰਿਆ ਇਸ ਕੰਢਿਆਂ ਸਾਗਰ ਦਿਆਂ।

ਬੇਪਤੀ ਬੇਗਾਨਿਆਂ ਕੀਤੀ ਬੜੀ ਜਰਦੇ ਰਹੇ,
ਜਿਸਮ ਸਾਡਾ ਚੂੰਡਿਆਂ ਹੁਣ ਆਪਣੇ ਹੀ ਘਰਦਿਆਂ।

ਬੇਯਕੀਨੀ ਹੀ ਰਹੀ ਜੇ ਮੌਸਮਾਂ ਦੀ ਇਸ ਕਦਰ,
ਪਰਬਤਾਂ ਨੂੰ ਕਿਸ ਤਰ੍ਹਾਂ ਹੁਣ ਬਰਫ਼ ਦੀ ਚਾਦਰ ਦਿਆਂ।

ਕਿਸ ਤਰ੍ਹਾਂ ਦੇ ਜ਼ਖ਼ਮ ਤੈਨੂੰ ਦੇ ਰਹੀ ਇਹ ਜ਼ਿੰਦਗੀ,
ਲੈ ਕਲਾਵੇ ਜੀ ਕਰੇ ਹਰ ਪੀੜ ਤੇਰੀ ਹਰ ਦਿਆਂ।

# ਬਦਲਵੇਂ ਮੀਡੀਆ ਰਾਹੀਂ ਲੋਕ ਹਿੱਤਾਂ, ਮਸਲਿਆਂ ਤੇ ਸਰੋਕਾਰਾਂ ਨੂੰ ਉਭਾਰਨਾ ਸਮੇਂ ਦੀ ਲੋੜ! (ਸਫ਼ਾ 7 ਦੀ ਬਾਕੀ)

ਨਾ ਕਿਤੇ ਦਬ ਕੇ ਰਹਿ ਜਾਂਦੀ ਹੈ। ਮੈਂ ਸਮਾਜ ਦੇ ਉਸ ਹਿੱਸੇ ਦੇ ਮਸਲਿਆਂ ਜਾਂ ਹਿੱਤਾਂ ਨੂੰ ਸਾਹਮਣੇ ਲਿਆਉਣ ਲਈ ਅਲਟਰਨੇਟ ਮੀਡੀਆ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕੀਤੀ ਹੈ। ਮੈਂ ਇਹ ਦੇਖਿਆ ਹੈ ਕਿ ਪੱਛਮੀ ਦੇਸ਼ਾਂ ਵਿੱਚ ਮੇਨ ਸਟਰੀਮ ਮੀਡੀਆ ਦੇ ਮੁਕਾਬਲੇ ਅਲਟਰਨੇਟ ਮੀਡੀਆ ਇੱਕ ਵਧੀਆ ਤੇ ਸ਼ਕਤੀਸ਼ਾਲੀ ਰੋਲ ਅਦਾ ਕਰ ਰਿਹਾ ਹੈ, ਇਸ ਲਈ ਮੈਂ ਉਸ ਮੀਡੀਆ ਬਾਰੇ ਵੀ ਜਾਣਿਆ ਤੇ ਉਸ ਪੱਧਰ ਦਾ ਕੰਮ ਕਰਨ ਦੀ ਕੋਸ਼ਿਸ਼ ਕੀਤੀ। ਮੇਨ ਸਟਰੀਮ ਮੀਡੀਆ ਵਿੱਚ ਕੰਮ ਕਰਨ ਤੋਂ ਇੱਕ ਗੱਲ ਇਹ ਵੀ ਜਾਨਣ ਦਾ ਮੌਕਾ ਮਿਲਿਆ ਕਿ ਜਿਸ ਪੱਖ ਦੀ ਅਸੀਂ ਬਾਹਰੋਂ ਆਲੋਚਨਾ ਕਰਦੇ ਹਾਂ, ਉਹ ਅੰਦਰ ਵਾਪਰਦੀ ਕਿਵੇਂ ਹੈ? ਇਸ ਲਈ ਮੇਰੀ ਇਹ ਕੋਸ਼ਿਸ਼ ਰਹੀ ਹੈ ਕਿ ਜਿਹੜੇ ਮੁੱਦੇ ਮੇਨ ਸਟਰੀਮ ਵਿੱਚ ਆਦਰਸ਼ (Idea) ਜਾਂ ਘਟਨਾਵਾਂ (Incidents) ਦੇ ਪੱਧਰ ਤੇ ਵਿਸਰ ਗਏ ਹਨ ਜਾਂ ਇੱਕ ਖਾਸ ਸੋਚ ਅਧੀਨ ਵਿਸਾਰ ਦਿੱਤੇ ਜਾਂਦੇ ਹਨ, ਉਨ੍ਹਾਂ ਤੇ ਕੰਮ ਕੀਤਾ ਜਾਵੇ। ਮੇਰਾ ਇਹ ਵੀ ਯਤਨ ਹੁੰਦਾ ਹੈ ਸਮਾਜਿਕ ਰੁਝਾਨ ਤੇ ਸਰਕਾਰੀ ਨੀਤੀਆਂ ਨੂੰ ਮੁੱਖ ਰੱਖ ਕੇ ਵਿਸਰੇ ਮਸਲਿਆਂ ਜਾਂ ਸਰੋਕਾਰਾਂ ਨੂੰ ਸਮਾਜਿਕ ਕਦਰਾਂ ਕੀਮਤਾਂ ਨਾਲ ਜੋੜ ਕੇ ਪੱਤਰਕਾਰੀ (Journalism) ਕੀਤੀ ਜਾਵੇ। ਦਸਤਾਵੇਜ਼ੀ ਦਾ ਮਕਸਦ ਸਿਰਫ ਘਟਨਾਵਾਂ ਨੂੰ ਦਿਖਾਉਣਾ ਹੀ ਨਹੀਂ ਹੁੰਦਾ, ਸਗੋਂ ਉਸ ਰਾਹੀਂ ਸਮਾਜ ਨੂੰ ਕਿਹੋ ਜਿਹੀ ਸਮਝ ਦੇਣੀ ਹੈ, ਕੀ ਕੀਤਾ ਜਾ ਸਕਦਾ ਸੀ ਜਾਂ ਕੀ ਕੀਤਾ ਜਾਵੇ ਬਾਰੇ ਸੇਧ ਦੇਣਾ ਵੀ ਹੁੰਦਾ ਹੈ।

**?ਹੁਣ ਤੱਕ ਕਿੰਨੀਆਂ ਕੁ ਦਸਤਾਵੇਜ਼ੀ (Documentary) ਫਿਲਮਾਂ ਬਣਾ ਚੁੱਕੇ ਹੋ।**

-ਮੈਂ ਹੁਣ ਤੱਕ ਵੱਖ-ਵੱਖ ਵਿਸ਼ਿਆਂ ਤੇ 9 ਦਸਤਾਵੇਜ਼ੀ ਫਿਲਮਾਂ ਬਣਾ ਚੁੱਕਾ ਹਾਂ। ਇੱਕ ਨਵੀਂ ਫਿਲਮ ਮੁਕੰਮਲ ਹੋਣ ਵਾਲੀ ਹੈ ਅਤੇ ਇੱਕ ਤੇ ਕੰਮ ਚੱਲ ਰਿਹਾ ਹੈ। ਜਿਹੜੀ ਫਿਲਮ ਬਣਾ ਰਹੇ ਹਾਂ, ਉਸਦਾ ਮੁੱਖ ਮੁੱਦਾ ਹੈ ਕਿ ਇੱਕ ਪੰਜਾਬ ਦੇ ਪਿੰਡ ਤੋਂ ਪ੍ਰਵਾਸ ਕਰਕੇ ਵਿਅਕਤੀ ਬਾਹਰ ਜਾ ਕੇ ਆਪਣੀ ਮਿਹਨਤ ਤੇ ਲਿਆਕਤ ਨਾਲ ਮੁਕਾਮ ਬਣਾਉਂਦਾ ਹੈ, ਉਸਦਾ ਆਪਣੇ ਜੱਦੀ ਪਿੰਡ ਵਿੱਚ ਰੁਤਬਾ ਤੇ ਉਸੇ ਪਿੰਡ ਵਿੱਚ ਦੂਜੇ ਸੂਬਿਆਂ ਤੋਂ ਪ੍ਰਵਾਸ ਕਰਕੇ ਆਉਂਦੇ ਭਈਆਂ ਬਾਰੇ ਉਨ੍ਹਾਂ ਦਾ ਨਜ਼ਰੀਆ ਕੀ ਹੈ ਤੇ ਉਨ੍ਹਾਂ ਦਾ ਸਮਾਜ ਵਿੱਚ ਕੀ ਸਥਾਨ ਹੈ? ਹੁਣ ਤੱਕ ਅਸੀਂ ਹੇਠ ਦਿੱਤੀਆਂ ਫਿਲਮਾਂ ਬਣਾਈਆਂ ਹਨ।

1. ਏ ਹਿਸਟੋਰੀਅਨ ਆਨ ਕਾਲ: ਕਿਰਪਾਲ ਸਿੰਘ (2015), 2. ਸੇਵਾ (2012), 3. ਨੌਟ ਐਵਰੀ ਟਾਈਮ (2006), 4. ਅਨਅਰਥਿੰਗ ਅਨਫੈਮੀਲੀਅਰ (2004), 5. ਅਨਹਦ ਬਾਜਾ ਬੱਜੇ (2004), 6. ਕਾਰਸੇਵਾ: ਏ ਡਿਫਰੈਂਟ ਸਟੋਰੀ (2004), 7. ਸੁਦਰਸ਼ਨ: ਐਨ ਇੰਸਟੀਟਿਊਸ਼ਨ ਆਫ ਸਿੰਪਲੀਸਿਟੀ (2002), 8. ਜ਼ੁਲਮ ਔਰ ਅਮਨ (2002), 9. ਬੌਰਨ ਇਨ ਡੈਟ (2001)

**? ਪਿਛੇ ਜਿਹੇ ਤੁਸੀਂ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦੇ ਨਾਮ ਇੱਕ ਖੁੱਲ੍ਹਾ ਖਤ ਲਿਖਿਆ ਸੀ। ਉਹ ਖੁੱਲ੍ਹਾ ਖਤ ਲਿਖਣ ਦਾ ਤੁਹਾਡਾ ਕੀ ਮਕਸਦ ਸੀ?**

-ਕਿਸੇ ਜ਼ਿੰਮੇਵਾਰ ਸਖਸ਼ੀਅਤ, ਜਿਸ ਤੱਕ ਤੁਹਾਡੀ ਸਿੱਧੀ ਪਹੁੰਚ ਨਹੀਂ ਹੁੰਦੀ ਜਾਂ ਜਿਸਨੂੰ ਤੁਸੀਂ ਲੋਕ ਕਚਹਿਰੀ ਵਿੱਚ ਖੜਾ ਕਰਨਾ ਚਾਹੁੰਦੇ ਹੋ ਤਾਂ ਖੁੱਲ੍ਹਾ ਖਤ ਲਿਖਣਾ ਇੱਕ ਵਿਧਾ ਹੈ, ਜਿਸ ਰਾਹੀਂ ਤੁਸੀਂ ਲੋਕ ਕਚਹਿਰੀ ਵਿੱਚ ਆਪਣਾ ਪੱਖ ਰੱਖਦੇ ਹੋ। ਮੈਂ ਉਸ ਖਤ ਵਿੱਚ ਮੋਗਾ ਔਰਬਿਟ ਬੱਸ ਕਾਂਡ ਵਿੱਚ ਬੱਸ ਮੁਲਾਜ਼ਿਮਾਂ ਦੀ ਹਵਸ ਤੇ ਵਹਿਸ਼ੀਪੁਣੇ ਦਾ ਸ਼ਿਕਾਰ ਹੋਈਆਂ ਮਾਂ ਧੀ ਦਾ ਪੱਖ ਰੱਖਣ ਦੀ ਕੋਸ਼ਿਸ਼ ਕੀਤੀ ਸੀ। ਜਿਸ ਦੁਰਘਟਨਾ ਵਿੱਚ ਨਬਾਲਿਗ ਬੱਚੀ ਮਾਰੀ ਗਈ ਤੇ ਉਸਦੀ ਮਾਂ ਬੁਰੀ ਤਰ੍ਹਾਂ ਜ਼ਖ਼ਮੀ ਹੋਈ ਸੀ। ਜਦੋਂ ਦਿੱਲੀ ਦਾਮਨੀ ਬਲਾਤਕਾਰ ਤੇ ਕਤਲ ਦੀ ਘਟਨਾ ਵਾਪਰੀ ਸੀ ਤੇ ਇੱਕ ਧਿਰ ਵਲੋਂ ਇਹ ਸਵਾਲ ਉਭਾਰਿਆ ਜਾ ਰਿਹਾ ਸੀ ਕਿ ਰਾਤ ਨੂੰ 12 ਵਜੇ ਉਹ ਲੜਕੀ ਘਰੋਂ ਬਾਹਰ ਕੀ ਕਰਦੀ ਸੀ ਤੇ ਕਿਸ ਨਾਲ ਘੁੰਮਦੀ ਸੀ? ਇਹ ਕਹਿਣ ਦੀ ਕੋਸ਼ਿਸ਼ ਸੀ ਕਿ ਜਿਵੇਂ ਉਸ ਲੜਕੀ ਦੇ ਬਲਾਤਕਾਰ ਤੇ ਕਤਲ ਲਈ ਉਹ ਆਪ ਹੀ ਜ਼ਿੰਮੇਵਾਰ ਸੀ। ਪਰ ਪੰਜਾਬ ਵਿੱਚ ਵਾਪਰੀ ਇਸ ਘਟਨਾ ਮੌਕੇ ਤਾਂ ਅਜਿਹਾ ਕੁਝ ਵੀ ਨਹੀਂ ਸੀ, ਨਾ ਰਾਤ ਸੀ ਤੇ ਨਾ ਨਾਬਾਲਿਗ ਲੜਕੀ ਇਕੱਲੀ ਸੀ ਇਹ ਸਾਰਾ ਜ਼ੁਰਮ ਦਿਨ-ਦਿਹਾੜੇ ਉਸਦੀ ਮਾਂ ਸਾਹਮਣੇ ਵਾਪਰਿਆ ਸੀ। ਮੈਂ ਉਸ ਖਤ ਰਾਹੀਂ ਸਿਆਸੀ ਲੋਕਾਂ ਨੂੰ ਸੱਚ ਦਾ ਸ਼ੀਸ਼ਾ ਦਿਖਾਉਣ ਦੀ ਕੋਸ਼ਿਸ਼ ਕੀਤੀ ਸੀ ਬੇਸ਼ੱਕ ਉਸ ਖਤ ਨਾਲ ਪ੍ਰਕਾਸ਼ ਸਿੰਘ ਨੂੰ ਦੋਸ਼ੀ ਮੰਨਿਆ ਜਾਵੇ ਜਾਂ ਨਾ, ਉਨ੍ਹਾਂ ਤੇ ਅੱਜ ਕੋਈ ਕੇਸ ਚੱਲੇ ਜਾਂ ਨਾ। ਪਰ ਇਹ ਦੱਸਣ ਦੀ ਕੋਸ਼ਿਸ਼ ਸੀ ਕਿ ਇਹ ਕਤਲ ਸਾਡੇ ਸਮਿਆਂ ਵਿੱਚ ਹੋਇਆ ਸੀ, ਸਾਨੂੰ ਇੱਕ ਸ਼ਹਿਰੀ ਹੋਣ ਦੇ ਨਾਤੇ ਜਾਂ ਮਨੁੱਖਤਾ ਦਾ ਦਰਦ ਰੱਖਣ ਕਰਕੇ ਤਕਲੀਫ ਹੋਈ ਸੀ ਤੇ ਦੋਸ਼ੀ ਆਪਣੀ ਤਾਕਤ ਨਾਲ ਬੇਸ਼ੱਕ ਬਰੀ ਹੋ ਜਾਣ, ਪਰ ਇਤਿਹਾਸ ਤੇ ਲੋਕ ਕਚਹਿਰੀ ਵਿੱਚ ਉਨ੍ਹਾਂ ਖਿਲਾਫ ਮੁਕੱਦਮਾ ਚਲਦਾ ਰਹੇਗਾ।

**? ਭਾਰਤ ਵਿੱਚ ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਮਹਿੰਗਾਈ, ਫਿਰਕਾਪ੍ਰਸਤੀ, ਮਨੁੱਖੀ ਅਧਿਕਾਰਾਂ ਦੀ ਉਲੰਘਣਾ, ਬਲਾਤਕਾਰ, ਆਬਾਦੀ ਆਦਿ ਅਨੇਕਾਂ ਵੱਡੇ ਮੁੱਦੇ ਹਨ, ਪਰ ਫਿਰ ਵੀ ਉਥੇ ਕੋਈ ਵੱਡੀ ਮਾਸ ਮੂਵਮੈਂਟ ਕਿਉਂ ਨਹੀਂ ਬਣਦੀ।ਕੀ ਸੰਘਰਸ਼ਸ਼ੀਲ ਲੋਕਾਂ ਦੀ ਕਮੀ ਹੈ ਜਾਂ ਲੋਕਾਂ ਵਿੱਚ ਲੜਨ ਦੀ ਸਮਰੱਥਾ ਨਹੀਂ ਰਹੀ।**

-ਨਹੀਂ ਅਜਿਹਾ ਨਹੀਂ ਹੈ, ਉਥੇ ਹਰ ਪੱਧਰ ਤੇ ਲੋਕ ਆਪਣੇ-ਆਪਣੇ ਢੰਗ ਨਾਲ ਸਰਗਰਮੀਆਂ ਕਰ ਰਹੇ ਹਨ। ਜੇ ਆਪਾਂ ਕੁਰੱਪਸ਼ਨ ਦਾ ਮੁੱਦਾ ਹੀ ਦੇਖੀਏ ਤਾਂ ਜਿਤਨਾ ਵੱਡਾ ਜ਼ਿਹਾਦ ਖੜਾ ਹੋਇਆ, ਉਹ ਇੱਕ ਮਿਸਾਲ ਸੀ ਤੇ ਉਸ ਵਿਚੋਂ ਹੀ ਆਮ ਆਦਮੀ ਪਾਰਟੀ ਨਿਕਲੀ ਹੈ, ਉਸਨੂੰ ਕਾਫੀ ਵੱਡਾ ਹੁੰਗਾਰਾ ਵੀ ਮਿਲਿਆ ਹੈ, ਖਾਸਕਰ ਦਿੱਲੀ ਅਸੰਬਲੀ ਵਿੱਚ। ਇਸੇ ਤਰ੍ਹਾਂ ਦਾਮਨੀ ਬਲਾਤਕਾਰ ਤੇ ਕਤਲ ਕੇਸ ਵਿੱਚ ਬਹੁਤ ਵੱਡੀ ਮੂਵਮੈਂਟ ਖੜੀ ਹੋਈ ਸੀ। ਇਸ ਤੋਂ ਇਲਾਵਾ ਅਨੇਕਾਂ ਮਜ਼ਦੂਰ, ਕਿਸਾਨ, ਟਰੇਡ ਯੂਨੀਅਨਾਂ ਆਦਿ ਮਹਿੰਗਾਈ, ਬੇਰੁਜ਼ਗਾਰੀ ਆਦਿ ਅਨੇਕਾਂ ਮਸਲਿਆਂ ਤੇ ਵੱਡਾ ਵਿਰੋਧ ਕਰਦੀਆਂ ਹਨ। ਪਰ ਇਸਦੇ ਬਾਵਜੂਦ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਥੇ ਜਿਤਨੀਆਂ ਵੱਡੀਆਂ ਚੁਣੌਤੀਆਂ ਹਨ, ਉਤਨਾ ਵੱਡਾ ਕੱਦ, ਮੁਕਾਬਲੇ ਦੀਆਂ ਮੂਵਮੈਂਟਾਂ ਜਾਂ ਵਿਰੋਧ ਦੀ ਰਾਜਨੀਤੀ ਦਾ ਨਹੀਂ ਹੈ। ਪਰ ਇਤਿਹਾਸ ਵਿੱਚ ਹਮੇਸ਼ਾਂ ਇਹ ਨਹੀਂ ਦੇਖਿਆ ਜਾਂਦਾ ਕਿ ਕੌਣ ਜਿੱਤਿਆ ਤੇ ਕੌਣ ਹਾਰਿਆ? ਇਹ ਵੀ ਦੇਖਿਆ ਜਾਂਦਾ ਹੈ ਕਿ ਕੌਣ, ਕਿੰਨੀ ਇਮਾਨਦਾਰੀ ਨਾਲ, ਕਿੰਨੇ ਮੁੱਦਿਆਂ ਤੇ ਕਿੰਨੇ ਜ਼ੋਖਮ ਉਠਾ ਕੇ ਲੋਕ ਹਿੱਤਾਂ ਲਈ ਲੜਦਾ ਰਿਹਾ। ਦੁਨੀਆਂ ਦੇ ਇਤਿਹਾਸ ਵਿੱਚ ਜਿਨ੍ਹਾਂ ਦਾ ਨਾਮ ਲੋਕ ਸ਼ਾਨ ਨਾਲ ਲੈਂਦੇ ਹਨ, ਉਹ ਸਾਰੇ ਜਿੱਤੇ ਹੋਏ ਹੀ ਨਹੀਂ ਹੁੰਦੇ। ਉਨ੍ਹਾਂ ਦਾ ਇਤਿਹਾਸ ਸਿਦਕਦਿਲੀ ਨਾਲ ਲੜਦਿਆਂ ਕੁਰਬਾਨੀਆਂ ਕਰਨ ਕਰਕੇ ਹੀ ਹੁੰਦਾ ਹੈ। ਮੈਨੂੰ ਲਗਦਾ ਭਾਰਤ ਵਿੱਚ ਅਜਿਹੇ ਲੋਕਾਂ ਦੀ ਕਮੀ ਨਹੀਂ ਹੈ, ਮੈਂ ਇਸ ਗੱਲੋਂ ਨਿਰਾਸ਼ ਨਹੀਂ ਹਾਂ। ਮੈਨੂੰ ਲਗਦਾ ਲੋਕ ਆਪਣੀ ਸਮਰੱਥਾ ਤੇ ਯੋਗਤਾ ਨਾਲ ਸੀਮਤ ਸਾਧਨਾਂ ਰਾਹੀਂ ਸੰਘਰਸ਼ਸ਼ੀਲ ਹਨ। ਕੋਈ ਸਮਾਂ ਆਵੇਗਾ ਕਿ ਲੋਕ ਮਾਸ ਮੂਵਮੈਂਟ ਵੀ ਬਣਾਉਣਗੇ ਤੇ ਵੱਡੀ ਤਬਦੀਲੀ ਵੀ ਆਵੇਗੀ।

**?ਪੰਜਾਬ ਜਾਂ ਭਾਰਤ ਵਿੱਚ ਕਿਸਾਨਾਂ ਦੀ ਕਰਜ਼ਿਆਂ ਕਾਰਨ ਖੁਦਕੁਸ਼ੀ ਦੀ ਗੱਲ ਅਕਸਰ ਚਲਦੀ ਹੈ, ਪਰ ਖੇਤ ਮਜ਼ਦੂਰਾਂ, ਪੱਲੇਦਾਰਾਂ, ਦਿਹਾੜੀਦਾਰਾਂ, ਦਲਿਤਾਂ, ਰੇਹੜੀਆਂ ਵਾਲਿਆਂ ਆਦਿ ਹੋਰ ਮਿਹਨਕਸ਼ ਜਮਾਤਾਂ ਦੇ ਹਾਲਾਤਾਂ ਬਾਰੇ ਘੱਟ ਸੁਣਨ ਨੂੰ ਮਿਲਦਾ ਹੈ, ਕੀ ਉਹ ਖੁਦਕੁਸ਼ੀਆਂ ਨਹੀਂ ਕਰਦੇ?**

-ਮੈਨੂੰ ਲਗਦਾ ਇਸ ਮਸਲੇ ਤੇ ਜਿਥੇ ਸਮਝਾਂ ਦੀ ਗੜਬੜ ਹੈ, ਉਥੇ ਲੋਕਾਂ ਨਾਲ ਵੱਡੀ ਸਾਜ਼ਿਸ਼ ਹੋਈ ਹੈ। ਹਾਕਮ ਜਮਾਤਾਂ ਨੂੰ ਇਹ ਰਾਸ ਆਉਂਦਾ ਹੈ ਕਿ ਲੋਕ ਸਿਰਫ ਖੁਦਕੁਸ਼ੀਆਂ ਦੀ ਗੱਲ ਕਰਨ, ਕਿਉਂਕਿ ਇਸ ਨਾਲ ਉਨ੍ਹਾਂ ਦਾ ਕੰਮ ਕੁਝ ਖੁਦਕੁਸ਼ੀ ਕਰ ਗਏ ਲੋਕਾਂ ਨੂੰ ਮੁਆਵਜ਼ਾ ਦੇ ਕੇ ਮੁੱਕ ਜਾਂਦਾ ਹੈ। ਸਮਝਾਂ ਦੀ ਗੜਬੜ ਮੈਂ ਇਸ ਲਈ ਕਹਿੰਦਾ ਹਾਂ ਕਿਉਂਕਿ ਬੁੱਧੀਜੀਵੀਆਂ, ਪੱਤਰਕਾਰਾਂ, ਸਮਾਜਿਕ ਸਰੋਕਾਰਾਂ ਦੇ ਕਾਰਕੁੰਨਾਂ ਵਲੋਂ ਵੀ ਇਹ ਮੁੱਦਾ ਨਹੀਂ ਉਭਾਰਿਆ ਜਾ ਸਕਿਆ ਕਿ ਉਹ ਕਿਹੜੇ ਹਾਲਾਤ ਹਨ, ਜਿਥੇ ਜਾ ਕੇ ਕੋਈ ਵਿਅਕਤੀ ਜੀਵਨ ਦਾ ਜਾਂ ਸ਼ੰਘਰਸ਼ ਦਾ ਰਾਹ ਛੱਡ ਕੇ ਖੁਦਕੁਸ਼ੀ ਨੂੰ ਪਹਿਲ ਦਿੰਦਾ ਹੈ।ਸਰਕਾਰਾਂ ਵੀ ਇਹੀ ਚਾਹੁੰਦੀਆਂ ਹਨ ਹੈ ਕਿ ਲੋਕ ਉਨ੍ਹਾਂ ਹਾਲਾਤਾਂ ਦੀ ਗੱਲ ਨਾ ਕਰਨ, ਜਿਨ੍ਹਾਂ ਕਰਕੇ ਲੋਕ ਖੁਦਕੁਸ਼ੀ ਦਾ ਰਾਹ ਚੁਣਦੇ ਹਨ। ਜੇ ਅਸੀਂ ਹਾਲਾਤਾਂ ਨੂੰ ਮੁਖਾਤਿਬ ਹੋਵਾਂਗੇ ਤਾਂ ਫਿਰ ਉਸਦੇ ਕਾਰਨ ਵੀ ਲੱਭਣੇ ਪੈਣਗੇ। ਹੁਣ ਅਸੀਂ ਹਾਲਾਤਾਂ ਨੂੰ ਮੁਖਾਤਿਬ ਹੋਣ ਦੀ ਥਾਂ ਖੁਦਕੁਸ਼ੀਆਂ ਦੇ ਅੰਕੜਿਆਂ ਤੇ ਮੁਆਵਜਿਆਂ ਵਿੱਚ ਫਸ ਗਏ ਹਾਂ। ਦੂਸਰੀ ਗੱਲ ਕਿਸਾਨ ਹੀ ਖੁਦਕੁਸ਼ੀ ਕਿਉਂ ਕਰਦੇ ਹਨ, ਹੋਰ ਮਿਹਨਕਸ਼ ਕਲਾਸਾਂ ਕਿਉਂ ਨਹੀਂ ਕਰਦੀਆਂ? ਇੱਕ ਗੱਲ ਤੇ ਇਹ ਹੈ ਕਿ ਜੋ ਅੰਕੜੇ ਹੁਣ ਸਾਹਮਣੇ ਆਏ ਹਨ, ਉਨ੍ਹਾਂ ਮੁਤਾਬਿਕ ਹਰ ਵਰਗ ਦੇ ਲੋਕ ਖੁਦਕੁਸ਼ੀਆਂ ਕਰ ਰਹੇ ਹਨ। ਦੂਜੀ ਗੱਲ ਇਹ ਹੈ ਕਿ ਖੁਦਕੁਸ਼ੀ ਉਹ ਹੀ ਕਰਦਾ ਹੈ, ਜਿਸ ਕੋਲ ਕੁਝ ਖੁਸਣ ਨੂੰ ਹੈ, ਜਿਸਦਾ ਸਮਾਜ ਵਿੱਚ ਕੋਈ ਰੁਤਬਾ ਹੈ, ਕੋਈ ਮਾਣ-ਸਨਮਾਨ ਹੈ, ਜਿਸਨੂੰ ਆਪਣੀ ਬੇਇਜ਼ਤੀ ਦਾ ਅਹਿਸਾਸ ਹੈ। ਜਿਸ ਵਿਅਕਤੀ ਨੇ ਗੁਰਬਤ, ਮੰਦਹਾਲੀ, ਜਹਾਲਤ, ਬੇਇਜ਼ਤੀ ਨੂੰ ਆਪਣੇ ਜੀਵਨ ਦਾ ਹਿੱਸਾ ਬਣਾ ਲਿਆ ਹੈ।ਜਿਸਨੂੰ ਭੁੱਖੇ ਤੇ ਰੱਜੇ ਹੋਣ ਦਾ ਫਰਕ ਭੁੱਲ ਗਿਆ ਹੈ, ਜਿਸਦੇ ਹਾਲਾਤ ਸਮਾਜ ਵਿੱਚ ਬਹੁਤ ਹੇਠਲੇ ਪੱਧਰ ਤੇ ਜਾ ਚੁੱਕੇ ਹੁੰਦੇ ਹਨ, ਉਹ ਫਿਰ ਛੇਤੀ ਖੁਦਕੁਸ਼ੀ ਨਹੀਂ ਕਰਦਾ।ਜਿਨ੍ਹਾਂ ਲੋਕਾਂ ਨੂੰ ਅਸੀਂ ਬਰਾਬਰ ਹੋਣ, ਮਾਣ-ਇਜ਼ਤ ਆਦਿ ਦਾ ਅਹਿਸਾਸ ਨਹੀਂ ਦੁਆ ਸਕੇ, ਉਨ੍ਹਾਂ ਦਾ ਦੂਜਿਆਂ ਨਾਲ ਮੁਲਾਂਕਣ ਕਰਨਾ ਇੱਕ ਧੋਖਾ ਹੈ। ਇੱਕ ਗੱਲ ਮੈਂ ਇਹ ਵੀ ਕਹਿਣੀ ਚਾਹੁੰਦਾ ਹਾਂ ਕਿ ਪੜ੍ਹੇ-ਲਿਖੇ ਜਾਂ ਬੁੱਧੀਜੀਵੀ ਤਬਕੇ ਦੀ ਗਰੀਬ ਤਬਕੇ ਪ੍ਰਤੀ ਸਮਝ ਵਿੱਚ ਬੇਈਮਾਨੀ ਸ਼ਾਮਿਲ ਹੈ।

**? ਤੁਸੀਂ ਵੱਖ-ਵੱਖ ਸਮੇਂ ਮਨੁੱਖੀ ਅਧਿਕਾਰਾਂ ਲਈ ਕੰਮ ਵੀ ਕਰਦੇ ਰਹੇ ਹੋ, ਹੁਣ ਮਨੁੱਖੀ ਅਧਿਕਾਰਾਂ ਦੇ ਮਸਲੇ ਤੇ ਕੀ ਹਾਲਾਤ ਹਨ।**

-ਮੈਂ ਜਦੋਂ ਵੀ ਮੇਨ ਸਟਰੀਮ ਮੀਡੀਏ ਵਿੱਚ ਸਿੱਧੇ ਤੌਰ ਤੇ ਕੰਮ ਨਹੀਂ ਕਰਦਾ, ਉਦੋਂ ਵੱਖ-ਵੱਖ ਮਨੁੱਖੀ ਅਧਿਕਾਰ ਸੰਸਥਾਵਾਂ ਨਾਲ ਮਿਲ ਕੇ ਵੱਖ-ਵੱਖ ਮੁੱਦਿਆਂ ਤੇ ਕੰਮ ਕਰਦਾ ਰਿਹਾਂ, ਜਿਨ੍ਹਾਂ ਵਿੱਚ ਰਾਜਨੀਤਕ ਕੈਦੀਆਂ ਦੇ ਹੱਕ, ਮੌਤ ਦੀ ਸਜ਼ਾ ਬੰਦ ਹੋਵੇ, ਪੁਲਿਸ ਵਧੀਕੀਆਂ ਆਦਿ ਸ਼ਾਕੀ ਮਨੁੱਖੀ ਹਕੂਕਾਂ ਦੇ ਹਾਲਾਤ ਕੋਈ ਵਧੀਆ ਨਹੀਂ ਹਨ ਜਦੋਂ ਤੱਕ ਸਰਕਾਰਾਂ ਮਨੁੱਖੀ, ਸ਼ਹਿਰੀ ਤੇ ਜਮਹੂਰੀ ਹਕੂਕਾਂ ਨੂੰ ਤਕਨੀਕੀ ਪੱਧਰ ਤੇ ਦੇਖਣਗੀਆਂ ਤਾਂ ਇਨ੍ਹਾਂ ਦੀ ਉਲੰਘਣਾ ਹੁੰਦੀ ਰਹੇਗੀ। ਇਨ੍ਹਾਂ ਨੂੰ ਭਾਵਨਾ ਦੇ ਪੱਧਰ ਤੇ ਲਾਗੂ ਕਰਨ ਨਾਲ ਹੀ ਮਸਲੇ ਹੱਲ ਹੋ ਸਕਦੇ ਹਨ।

**?ਤੁਸੀਂ ਇੱਕ ਲੇਖ ਲਿਖਿਆ ਸੀ, 'ਬੁਰਾ ਹੋਇਆ ਹਾਲ ਪੰਜਾਬ ਦਾ...' ਤੁਸੀਂ ਇਸ ਲਈ ਕਿਸਨੂੰ ਦੋਸ਼ੀ ਮੰਨਦੇ ਹੋ।**

-ਬਿਨਾਂ ਸ਼ੱਕ ਹੁਕਮਰਾਨ ਧਿਰ ਵੱਧ ਦੋਸ਼ੀ ਹੈ, ਪਰ ਇਸ ਨਾਲ ਵਿਰੋਧੀ ਰਾਜਨੀਤਕ ਤੇ ਸਮਾਜਿਕ ਸਰੋਕਾਰਾਂ ਨੂੰ ਸਮਰਪਿਤ ਧਿਰਾਂ ਨੂੰ ਬਰੀ ਨਹੀਂ ਕੀਤਾ ਜਾ ਸਕਦਾ। ਇਹ ਦੇਖਿਆ ਜਾਵੇਗਾ ਕਿ ਦੋਸ਼ੀ ਧਿਰਾਂ ਨੂੰ ਕਟਹਿਰੇ ਖੜਾ ਕਰਨ ਲਈ ਬਾਕੀਆਂ ਨੇ ਕੀ ਰੋਲ ਅਦਾ ਕੀਤਾ ਸੀ।ਅੱਜ ਦੀ ਹਾਕਮ ਧਿਰ ਕੱਲ ਨੂੰ ਵਿਰੋਧੀ ਧਿਰ ਹੋ ਸਕਦੀ ਹੈ ਤੇ ਅੱਜ ਦੀ ਵਿਰੋਧੀ ਧਿਰ ਕੱਲ ਹਾਕਮ ਧਿਰ ਸੀ, ਇਸ ਲਈ ਦੋਨੋ ਧਿਰਾਂ ਹੀ ਦੋਸ਼ੀ ਹਨ। ਪਰ ਅਸੀਂ ਹਾਲਾਤਾਂ ਮੁਤਾਬਿਕ ਕੀ ਆਪਣਾ ਬਣਦਾ ਯੋਗਦਾਨ ਪਾਇਆ, ਸਵਾਲ ਇਥੇ ਖੜਾ ਹੈ। ਮੇਰੇ ਖਿਆਲ ਵਿੱਚ ਪੰਜਾਬ ਦੇ ਬੁਰੇ ਹਾਲ ਲਈ ਸਭ ਧਿਰਾਂ ਹੀ ਦੋਸ਼ੀ ਹਨ। ਹਾਕਮ ਧਿਰਾਂ ਨੂੰ ਜਵਾਬਦੇਹ ਬਣਾਉਣ ਲਈ ਲੋਕਾਂ ਨੂੰ ਰਾਜਨੀਤਕ ਸੂਝ ਪੱਖੋਂ ਤਿੱਖੇ ਹੋਣ ਦੀ ਲੋੜ ਹੈ।

**?ਗਲੋਬਲਾਈਜ਼ੇਸ਼ਨ ਦੇ ਦੌਰ ਵਿੱਚ ਵੱਡੀਆਂ ਕਾਰਪੋਰੇਸ਼ਨਾਂ ਆਉਣ ਨਾਲ ਲੋਕਾਂ ਤੇ ਕੀ ਅਸਰ ਪਿਆ ਹੈ?**

-ਇੱਕ ਗੱਲ ਤੇ ਸਭ ਨੂੰ ਸਪੱਸ਼ਟ ਰਹਿਣੀ ਚਾਹੀਦੀ ਹੈ ਕਿ ਕਾਰਪੋਰੇਸ਼ਨਾਂ ਸਿਰਫ ਆਪਣੇ ਮੁਨਾਫੇ ਲਈ ਹੀ ਕੰਮ ਕਰਦੀਆਂ ਹਨ, ਖਾਸਕਰ ਜਦੋਂ ਦੂਜੇ ਦੇਸ਼ਾਂ ਵਿੱਚ ਜਾਂਦੀਆਂ ਹਨ। ਉਨ੍ਹਾਂ ਦਾ ਮੁੱਖ ਮਕਸਦ ਵੱਧ ਤੋਂ ਵੱਧ ਮੁਨਾਫਾ ਕਮਾਉਣਾ ਹੈ। ਇਹ ਫਰਜ਼ ਮੌਕੇ ਦੀਆਂ ਹਕੂਮਤਾਂ ਦਾ ਬਣਦਾ ਹੈ ਕਿ ਉਨ੍ਹਾਂ ਨੇ ਆਪਣੇ ਲੋਕਾਂ ਦੇ ਹਿੱਤਾਂ ਤੇ ਖਾਸਕਰ ਲੋਕ ਕਲਿਆਣਕਾਰੀ ਸਰਕਾਰੀ ਸੰਸਥਾਵਾਂ ਨੂੰ ਕਿਵੇਂ ਬਚਾਉਣਾ ਹੈ। ਪਰ ਜੇ ਸਰਕਾਰਾਂ ਕਹਿਣ ਲੱਗ ਜਾਣ ਕਿ ਉਨ੍ਹਾਂ ਦਾ ਕੰਮ ਸਿਰਫ ਦੋ ਧਿਰਾਂ ਵਿੱਚ ਸਮਝੌਤੇ ਕਰਾਉਣਾ ਤੇ ਟੈਕਸ ਇਕੱਠੇ ਕਰਨਾ ਹੀ ਹੈ ਤਾਂ ਮੁਨਾਫਾਖੋਰ ਲੋਕ ਵਿਦਿਅਕ ਸੰਸਥਾਵਾਂ ਵਿੱਚ ਵਿਦਿਆਰਥੀਆਂ ਨੂੰ ਤੇ ਹਸਪਤਾਲਾਂ ਵਿੱਚ ਮਰੀਜ਼ਾਂ ਨੂੰ ਇੱਕ ਖਪਤਕਾਰ ਤੋਂ ਵੱਧ ਕੁਝ ਨਹੀਂ ਸਮਝਣਗੇ ਅਤੇ ਅਜਿਹਾ ਹੀ ਹੋ ਰਿਹਾ ਹੈ। ਮਨੁੱਖੀ ਕਦਰਾਂ ਕੀਮਤਾਂ ਜਾਂ ਭਾਵਨਾਵਾਂ ਦੀ ਪ੍ਰਵਾਹ ਕੀਤੇ ਬਿਨਾਂ ਮੁਨਾਫੇ ਨੂੰ ਮੁੱਖ ਰੱਖਿਆ ਜਾ ਰਿਹਾ ਹੈ।ਦੇਸ਼ ਦੇ ਕੁਦਰਤੀ ਵਸੀਲਿਆਂ ਨੂੰ ਭੰਗ ਦੇ ਭਾੜੇ ਵੇਚਿਆ ਜਾ ਰਿਹਾ ਹੈ। ਜਿਸ ਨਾਲ ਜਿਥੇ ਚੰਗੀ ਪੜ੍ਹਾਈ ਤੇ ਚੰਗਾ ਡਾਕਟਰੀ ਇਲਾਜ ਆਮ ਵਿਅਕਤੀ ਦੀ ਪਹੁੰਚ ਤੋਂ ਬਾਹਰ ਹੋ ਰਿਹਾ ਹੈ। ਉਥੇ ਲੋਕ ਕਲਿਆਣਕਾਰੀ ਸਰਕਾਰੀ ਸੰਸਥਾਵਾਂ ਨੂੰ ਸਾਜ਼ਿਸ਼ ਅਧੀਨ ਖਤਮ ਕੀਤਾ ਜਾ ਰਿਹਾ ਹੈ।

# ਆਓ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸੋਚ 'ਤੇ ਪਹਿਰਾ ਦੇਈਏ (ਸਫ਼ਾ 20 ਦੀ ਬਾਕੀ)

ਹੀ ਕੀਤੀ ਗਈ ਸੀ,ਜਿੱਥੇ ਜੇਲ ਦੀਆਂ ਉੱਚੀਆਂ-ਉੱਚੀਆਂ ਕੰਧਾਂ ਦੇ ਬਾਹਰ ਫੌਜ ਵੱਲੋਂ ਸਖਤ ਪਹਿਰਾ ਦਿੱਤਾ ਜਾਂਦਾ ਸੀ।ਇਸ ਕੇਸ਼ ਵਿੱਚ 81 ਗ਼ਦਰੀਆਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਸੀ। ਸਰਾਭੇ ਨੇ ਆਪਣੀ ਫਾਂਸੀ ਦੇ ਸੁਣਾਏ ਜਾਣ ਵਾਲੇ ਫੈਸਲੇ ਤੋਂ ਪਹਿਲਾਂ ਜੱਜ ਨੂੰ ਬੇਖੌਫ ਹੋ ਕੇ ਕਿਹਾ ਸੀ ਸਾਨੂੰ ਪਤਾ ਹੈ ਤੁਹਾਡੇ ਖੋਟੇ ਮਨਾਂ ਅੰਦਰ ਕੀ ਚਾਲ ਚੱਲਦੀ ਪਈ ਏ।ਇਸ ਲਈ ਹਮਦਰਦੀ ਵਰਗੇ ਸ਼ਬਦ ਬੋਲਕੇ ਕਾਨੂੰਨ ਦੀਆਂ ਕਿਤਾਬਾਂ ਦੀ ਪੜ੍ਹਾਈ ਬੰਦ ਕਰੋ ਅਤੇ ਤੁਸੀਂ ਮੈਨੂੰ ਜਲਦੀ ਤੋਂ ਜਲਦੀ ਫਾਂਸੀ ਉੱਪਰ ਲਟਕਾਓ ਤਾਂ ਜੋ ਮੇਰੇ ਇਸ ਦੁਨੀਆਂ ਉੱਪਰੋਂ ਜਾਣ ਪਿੱਛੋਂ ਮੇਰੀ ਇਸ ਧਰਤੀ ਉੱਪਰ ਮੇਰੇ ਡੁੱਲੇ ਖੂਨ ਦੇ ਕਤਰਿਆਂ ਵਿੱਚੋਂ ਸੈਂਕੜਿਆਂ ਦੀ ਗਿਣਤੀ ਵਿੱਚ ਹੋਰ ਇਨਕਲਾਬੀ ਯੋਧੇ ਪੈਦਾ ਹੋ ਸਕਣ ਤਾਂ ਜੋ ਜਿਸ ਇਨਕਲਾਬੀ ਜੰਗ ਨੂੰ ਮੈਂ ਵਿਚਕਾਰ ਛੱਡ ਕੇ ਜਾ ਰਿਹਾ ਹਾਂ, ਉਸ ਨੂੰ ਪੂਰਾ ਕਰਨ ਲਈ ਉਹ ਇਸ ਇਨਕਲਾਬੀ ਜੰਗ ਨੂੰ ਮੁੜ ਤੋਂ ਸ਼ੁਰੂ ਕਰ ਸਕਣ ਅਤੇ ਆਪਣੇ ਭਾਰਤ ਦੇਸ਼ ਨੂੰ ਗੁਲਾਮੀ ਦੀਆਂ ਜੰਜ਼ੀਰਾਂ ਚੋਂ ਮੁਕਤ ਕਰਵਾਕੇ ਇੱਥੇ 'ਗ਼ਦਰ ਪਾਰਟੀ' ਦੇ ਸੁਪਨਿਆ ਵਾਲਾ ਰਾਜ ਸਥਾਪਤ ਕਰ ਸਕਣ।ਇਸ ਕੇਸ਼ ਵਾਰੇ ਸਪੈਸ਼ਲ ਟਰੀਬੂਨਲ ਵੱਲੋਂ ਆਪਣਾ ਆਖਰੀ ਹੁਕਮ ਸੁਣਾਉਂਦੇ ਹੋਏ 13 ਸਤੰਬਰ 1915 ਨੂੰ ਜ਼ਾਲਮ ਅੰਗਰੇਜ਼ ਸਰਕਾਰ ਨੇ ਇੱਕ ਫੈਸਲੇ ਰਾਹੀਂ 17 ਗਦਰੀ ਕ੍ਰਾਂਤੀਕਾਰੀਆਂ ਦੀ ਮੌਤ ਦੀ ਸਜਾ ਨੂੰ ਘਟਾ ਕੇ ਉਮਰ ਕੈਦ ਅਤੇ ਦੇਸ਼ ਨਿਕਾਲੇ ਅੰਡੇਮਾਨ ਵਿੱਚ ਬਦਲ ਦਿੱਤੀ ਪਰ ਇਸ ਅੰਗਰੇਜ਼ ਹਕੂਮਤ ਦੀ ਅਦਾਲਤ ਵੱਲੋਂ ਆਪਣੇ ਹੀ ਬਣਾਏ ਹੋਏ ਸਭ ਕਾਨੂੰਨਾਂ ਨੂੰ ਸਿੱਕੇ ਟੰਗ ਕੇ ਸਿਰਲੱਥ ਯੋਧੇ ਕਰਤਾਰ ਸਿੰਘ ਸਰਾਭਾ ਅਤੇ ਉਸ ਦੇ 6 ਸਾਥੀਆਂ ਨੂੰ ਫਾਂਸੀ ਦੀ ਸਜਾ ਅਤੇ ਜਾਇਦਾਦ ਜਬਤ ਦਾ ਹੁਕਮ ਸੁਣ ਦਿੱਤਾ ਗਿਆ। ਫਾਂਸੀ ਦੀ ਸਜਾ ਮਿਲਣ ਤੋਂ ਬਾਅਦ ਇਹ ਭਾਰਤ ਮਾਤਾ ਦਾ ਇਹ ਸੂਰਬੀਰ ਯੋਧਾ ਖੁਸ਼ੀ ਵਿੱਚ ਹੱਥਾਂ ਨੂੰ ਲੱਗੀਆਂ ਹੱਥ ਕੜੀਆਂ ਦਾ ਸੰਗੀਤ ਬਣਾਕੇ ਖੜਕਾਉਂਦਾ ਹੇਠਾਂ ਲਿਖਿਆ ਗਿਆ ਇਹ ਗੀਤ ਗਾਉਣਾ ਸ਼ੁਰੂ ਕਰ ਦਿੰਦਾਂ ਹੈ,ਕਿਉਂਕਿ ਉਸਨੂੰ ਇਸ ਦੁਨੀਆਂ ਤੋਂ ਜਾਣ ਦਾ ਤਾਂ ਭੋਰਾ ਵੀ ਦੁੱਖ ਮਹਿਸੂਸ਼ ਨਹੀਂ ਹੋ ਰਿਹਾ ਸੀ ਹਾਂ ਉਸ ਨੂੰ ਦੁੱਖ ਸੀ ਤਾਂ ਸਿਰਫ ਇਸ ਗੱਲ ਦਾ ਕਿ ਸਮਾਂ ਪਾ ਕੇ ਕਿਤੇ ਮੇਰੇ ਦੇਸ਼ ਦੇ ਲੋਕ ਹੱਕ-ਸੱਚ ਲਈ ਚੱਲ ਰਹੀ ਇਸ ਲੜਾਈ ਵਿੱਚ ਆਪਣੀਆਂ ਕੀਮਤੀ ਜਾਨਾਂ ਕੁਰਬਾਨ ਕਰਨ ਵਾਲਿਆਂ ਦੀ ਸੋਚ ਨੂੰ ਆਪਣੀ ਘਰ ਗ੍ਰਸਿਤੀ ਵਿੱਚ ਉਲਝਕੇ ਆਪਣੇ ਚੇਤਿਆਂ ਵਿੱਚੋਂ ਭੁਲਾ ਨਾ ਦੇਣ ਇਸੇ ਲਈ ਤਾਂ ਉਹ ਇਹ ਗੀਤ ਗਾਇਆ ਕਰਦਾ ਸੀ ਕਿ:-

ਹਿੰਦ ਵਾਸੀਓ ਰੱਖਣਾ ਯਾਦ ਸਾਨੂੰ, ਕਿਤੇ ਦਿਲਾਂ ਤੋਂ ਨਹੀਂ ਭੁਲਾ ਜਾਣਾ।
ਖਾਤਰ ਦੇਸ਼ ਦੀ ਲਗੇ ਹਾਂ ਚੜਨ ਫਾਂਸੀ, ਸਾਨੂੰ ਦੇਖ ਕੇ ਨਹੀਂ ਘਬਰਾ ਜਾਣਾ।

ਅੰਤ 16 ਨਵੰਬਰ 1915 ਨੂੰ ਨਾ ਕੋਈ ਵਕੀਲ,ਨਾ ਕੋਈ ਦਲੀਲ ਅਤੇ ਨਾ ਕੋਈ ਅਪੀਲ ਸੁਣਦਿਆਂ ਉਸ ਦੇ ਛੇ ਸਾਥੀਆਂ ਵਿਸ਼ਨੂੰ ਗਣੇਸ਼ ਪਿੰਗਲੇ,ਜਗਤ ਸਿੰਘ ਸੁਰ ਸਿੰਘ,ਹਰਨਾਮ ਸਿੰਘ ਗੁਰਾਏ ਭੱਟੀ ਸਿਆਲਕੋਟ,ਬਖਸ਼ੀਸ਼ ਸਿੰਘ,ਸੁਰੈਣ ਸਿੰਘ ਛੋਟਾ ਅਤੇ ਸੁਰੈਣ ਸਿੰਘ ਵੱਡਾ ਗਿਲਵਾਲੀ ਸਮੇਤ ਫਾਂਸੀ ਦੇ ਦਿੱਤੀ ਗਈ ਅਤੇ ਉਹ ਆਪਣੀ ਵਿਚਾਰਧਾਰਾ ਦਾ ਅਧੂਰਾ ਕਾਰਜ਼ ਸਾਡੀਆਂ ਆਉਣ ਵਾਲੀਆਂ ਨੌਜਵਾਨ ਪੀੜੀਆਂ ਦੇ ਸਹਾਰੇ ਛੱਡ ਕੇ ਇਸ ਦੁਨੀਆਂ ਨੂੰ ਸਦਾ ਲਈ ਅਲਵਿਦਾ ਆਖ ਗਏ ਸ਼ਹੀਦ ਕਰਤਾਰ ਸਿੰਘ ਸਰਾਭਾ ਇਸ ਹਿੰਦੋਸਤਾਨ ਦੀ ਧਰਤੀ ਦੇ ਬ੍ਰਹਿਮੰਡ ਉੱਤੇ ਕਦੇ ਨਾ ਖਤਮ ਹੋਣ ਵਾਲਾ ਇੱਕ ਚਮਕਦਾ ਸਿਤਾਰਾ ਬਣ ਕੇ ਅਤੇ ਭਾਰਤੀ ਕਿਰਤੀ ਲੋਕਾਂ ਦੇ ਦਿਲਾਂ ਅੰਦਰ ਹਮੇਸ਼ਾ ਲਈ ਚਮਕਦਾ ਰਹੇਗਾ ,ਜਿਸ ਨੂੰ ਇਸ ਧਰਤੀ ਦੇ ਲੋਕਾਂ ਵੱਲੋਂ ਰਹਿੰਦੀ ਦੁਨੀਆਂ ਤੱਕ ਬੜੇ ਹੀ ਮਾਣ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਰਹੇਗਾ।ਸ਼ਹੀਦ ਸਰਾਭੇ ਦੀ ਸੋਚ ਉਸ ਵਗਦੇ ਦਰਿਆ ਦੇ ਪਾਣੀ ਵਾਂਗ ਸਾਡੇ ਸਾਹਮਣੇ ਅੱਜ ਵੀ ਮੌਜੂਦ ਹੈ,ਜੋ ਕਦੇ ਨਹੀਂ ਰੁੱਕੇਗੀ, ਸਦਾ ਨਿਰੰਤਰ ਆਪਣੀ ਚਾਲੇ ਚੱਲਦੀ ਜਾਵੇਗੀ ਤੇ ਸਾਡੀਆਂ ਆਉਣ ਵਾਲੀਆਂ ਪੀੜੀਆਂ ਲਈ ਪ੍ਰੇਰਨਾ ਸ੍ਰੋਤ ਦਾ ਕੰਮ ਕਰਦੀ ਅੱਗੇ ਵੱਧਦੀ ਜਾਵੇਗੀ।

ਭੂੰਦੜੀ ਵਾਲ-ਲੁਧਿਆਣਾ--9888814227

# ਜੀਵਨ ਅਤੇ ਮੌਤ-ਸਾਇੰਸ ਦੀ ਨਜ਼ਰ ਵਿਚ

(ਸਫ਼ਾ 24 ਦੀ ਬਾਕੀ)

ਜਦ ਅੱਜ ਵਾਂਗਰ ਕਿਸੇ ਨੂੰ ਬੇਹੋਸ਼ ਕਰਨ ਵਾਲੀ ਕੋਈ ਦਵਾਈ ਨਹੀਂ ਸੀ ਹੁੰਦੀ। ਪਰ ਇਸ ਕੱਟ ਵੱਢ ਤੋਂ ਹੇਰੋਫੀਲੋਸ ਨੇ ਅਰਸਤੂ ਦੇ ਵਕਤ ਤੋਂ ਆਉਂਦੀ ਧਾਰਨਾ, ਕਿ ਸੋਚਣ ਸ਼ਕਤੀ ਦਿੱਲ ਵਿਚ ਹੁੰਦੀ ਹੈ, ਨੂੰ ਨਿਕਾਰ ਕੇ ਦੱਸਿਆ ਕਿ ਬੁਧੀ ਦਿਮਾਗ ਵਿਚ ਹੁੰਦੀ ਹੈ। ਦੂਸਰੀ ਸਦੀ ਵਿਚ ਹੋਏ ਗੈਲਨ ਨੇ ਪੁਰਾਣੇ ਯੂਨਾਨ ਵਿਚਲੀ ਜਾਣਕਾਰੀ ਨੂੰ ਇੱਕ ਥਾਂ ਇਕੱਠਾ ਕੀਤਾ ਅਤੇ ਦੱਸਿਆ ਕਿ ਖੂੰਨ ਦੀਆਂ ਧਮਨੀਆਂ ਅਤੇ ਨਸਾਂ ਜਿਸ ਤਰ੍ਹਾਂ ਉਸ ਵੇਲੇ ਮਰੇ ਹੋਏ ਜੀਵਾਂ ਦੀ ਚੀਰ ਫਾੜ ਕਰਨ ਤੇ, ਇਨ੍ਹਾਂ ਨੂੰ ਖਾਲੀ ਵੇਖ ਕੇ ਕਿਹਾ ਜਾਂਦਾ ਸੀ, ਦਿਲ ਅਤੇ ਫੇਫੜਿਆਂ ਤੋਂ ਹਵਾ ਨਹੀਂ, ਸਗੋਂ ਖੂੰਨ ਲੈ ਕੇ ਜਾਂਦੀਆਂ ਹਨ। ਉਸ ਦੇ ਮਰਨ ਉਪਰੰਤ ਸਰੀਰ ਵਿਗਿਆਨ ਵਿਚ, ਤਕਰੀਬਨ ਹਜ਼ਾਰ ਸਾਲ ਤੱਕ ਹੋਰ ਖੋਜਾਂ ਨਹੀਂ ਹੋਈਆਂ। ਇਸ ਸਮੇਂ ਨੂੰ ਜੋ ਰੋਮਨ ਰਾਜ ਦੇ ਡਿਗਣ ਉਪਰੰਤ ਸ਼ੁਰੂ ਹੋਇਆ ਯੂਰਪ ਦਾ ਅੰਧਕਾਰ ਯੁੱਗ ਮੰਨਿਆਂ ਜਾਂਦਾ ਹੈ। ਇਸ ਸਮੇਂ ਵਿਚ ਨਵੀਆਂ ਖੋਜਾਂ ਨੂੰ ਛੱਡ ਬਾਈਬਲ ਵਿਚ ਲਿਖੀਆਂ ਗੱਲਾਂ ਨੂੰ ਹੀ ਆਖਰੀ ਸੱਚ ਮੰਨ ਲਿਆ ਗਿਆ। ਪੰਦਰਵੀਂ ਸਦੀ ਵਿਚ ਲਿਓਨਾਰਡੋ ਡਾ ਵਿਨਸੀ ਨੇ ਤੇ ਸੋਲਵੀਂ ਸਦੀ ਵਿਚ ਵੀਸੇਲੀਅਸ ਨੇ ਮਨੁੱਖੀ ਸਰੀਰ ਦੀ ਚੀੜ ਫਾੜ ਕਰਕੇ ਬਹੁੱਤ ਸਾਫ ਤੇ ਸਪੱਸ਼ਟ ਰੇਖਾ ਚਿਤਰ ਬਣਾਏ। ਸਤਾਰਵੀਂ ਸਦੀ ਤੱਕ ਸਰੀਰ ਵਿਚ ਖੂੰਨ ਕਿਸ ਤਰ੍ਹਾਂ ਧਮਨੀਆਂ ਵਿਚ ਜਾਂਦਾ ਹੈ ਅਤੇ ਨਸਾਂ ਰਾਹੀਂ ਵਾਪਿਸ ਆਉਂਦਾ ਹੈ, ਦਾ ਵੀ ਪਤਾ ਲਾ ਲਿਆ ਗਿਆ। ਯੂਰਪ ਦੇ ਮੈਡੀਕਲ ਕਾਲਜਾਂ ਵਿਚ ਚੀਰ ਫਾੜ ਲਈ ਮੁਰਦੇ ਸਰੀਰਾਂ ਦੀ ਲੋੜ ਪੂਰੀ ਕਰਨ ਲਈ ਕਬਰਾਂ ਵਿਚੋਂ ਲਾਸ਼ਾਂ ਚੋਰੀ ਹੋਣ ਲੱਗੀਆਂ। ਕੁਝ ਵਿਅੱਕਤੀਆਂ ਨੇ ਇਸ ਨੂੰ ਧੰਦਾ ਬਣਾ ਲਿਆ ਅਤੇ ਆਖਿਰ ਬਰਤਾਨੀਆਂ ਦੀ ਪਾਰਲੀਮੈਂਟ ਵਿਚ 1832 ਵਿਚ ਕਤਲ ਦੇ ਦੋਸ਼ੀਆਂ ਦੀਆਂ, ਫਾਸੀ ਲਾਉਣ ਉਪਰੰਤ ਲਾਸ਼ਾਂ, ਕਾਲਜਾਂ ਵਿਚ ਭੇਜਣ ਲਈ ਕਾਨੂੰਨ ਬਣਾ ਦਿੱਤਾ। ਕਿਸੇ ਵਿਅੱਕਤੀ ਦੀ ਲਾਸ਼ ਦੀ ਚੀਰ ਫਾੜ ਨੂੰ ਮੌਤ ਤੋਂ ਵੀ ਮਾੜਾ ਮੰਨਿਆਂ ਜਾਂਦਾ ਅਤੇ ਚੀਰ ਫਾੜ ਕਰਨ ਵਾਲੇ ਦੀ ਤੁਲਨਾ ਜਲਾਦ ਨਾਲ ਕੀਤੀ ਜਾਂਦੀ। ਉਸ ਸਮੇਂ ਸੂਰ ਚੋਰੀ ਕਰਨ ਵਾਲੇ ਨੂੰ ਫ਼ਾਂਸੀ ਅਤੇ ਕਤਲ ਦੇ ਦੋਸ਼ੀ ਨੂੰ ਫਾਸੀ ਉਪਰੰਤ ਲਾਸ਼ ਨੂੰ ਚੀਰ ਫ਼ਾੜ ਲਈ ਦੇਣ ਦੀ ਸਜ਼ਾ ਸੁਣਾਈ ਜਾਂਦੀ। ਫਿਰ ਵੀ ਲਾਸ਼ਾਂ ਦੀ ਥੁੜ ਰਹਿੰਦੀ ਅਤੇ ਕਈ ਸਰੀਰ ਰਚਨਾ (ਅਨੌਟਮੀ) ਦੇ ਵਿਗਿਆਨੀ ਕਬਰਾਂ ਵਿਚੋਂ ਕੱਢੀਆਂ ਲਾਸ਼ਾਂ ਵਰਤਦੇ ਅਤੇ ਕਈ, ਜਿਨ੍ਹਾਂ ਵਿਚ ਪ੍ਰਸਿੱਧ ਵਿਗਿਆਨੀ ਵਿਲੀਅਮ ਹਾਰਵੇ ਦਾ ਨਾ ਵੀ ਆਉਂਦਾ ਹੈ, ਨੇ ਅਪਣੇ ਸਕੇ ਸਬੰਧੀਆਂ ਦੇ ਸਰੀਰ ਕੱਟ ਵੱਢ ਕੇ ਵੇਖੇ।

ਆਖਿਰ ਇਹ ਅੰਗ ਕਿਸ ਚੀਜ਼ ਦੇ ਬਣੇ ਹੋਏ ਹਨ, ਬਾਰੇ ਖੋਜ ਖੁਰਦਬੀਨ ਦੇ ਬਣਨ ਤੋਂ ਬਾਅਦ ਸ਼ੁਰੂ ਹੋਈ। ਸ਼ੀਸ਼ੇ ਨੂੰ ਵਿਚਕਾਰੋਂ ਮੋਟਾ ਤੇ ਪਾਸਿਆਂ ਤੋਂ ਪਤਲਾ ਕਰ, ਬਣੇ ਗੋਲ ਟੁਕੜੇ ਨੂੰ ਉਤਲ ਲੈਂਜ਼ ਕਿਹਾ ਜਾਂਦਾ ਹੈ, ਇਹ ਨੇੜੇ ਵੇਖਣ ਵਾਲਿਆਂ ਐਨਕਾਂ ਵਿਚ ਆਮ ਵਰਤੇ ਜਾਂਦੇ ਹਨ। ਜਿਨੀ ਨੇੜੇ ਦੀ ਨਿਗਾਹ ਥੋੜੀ, ਉਨ੍ਹਾਂ ਹੀ ਇਹ ਲੈਂਜ਼, ਨਿਗਾਹ ਨੂੰ ਠੀਕ ਕਰਨ ਲਈ ਵਿਚਕਾਰੋਂ ਜਿਆਦਾ ਮੋਟਾ ਕਰਨਾ ਪੈਂਦਾ ਹੈ। ਇਸ ਤਰ੍ਹਾਂ ਦੇ ਸ਼ੀਸ਼ੇ ਤਾਂ ਈਸਾ ਤੋਂ 100 ਸਾਲ (ਅੱਜ ਤੋਂ 2100 ਸਾਲ) ਪਹਿਲਾਂ ਰੋਮ ਰਾਜ ਵਿਚ ਬਣਾ ਲਏ ਗਏ ਸਨ। ਪਰ ਕਿਸੇ ਵਸਤੂ ਨੂੰ ਵੱਡਾ ਕਰ ਕੇ ਸਾਫ ਵੇਖਣ ਯੋਗ ਖੁਰਦਬੀਨਾਂ, ਜਿਨ੍ਹਾਂ ਵਿਚ ਘੱਟੋ ਘੱਟ ਦੋ ਲੈਂਜ਼, ਇੱਕ ਖਾਲੀ ਨਾਲੀ ਦੇ ਹੇਠਾਂ ਤੇ ਇੱਕ ਉੱਪਰ, ਵਰਤੇ ਜਾਂਦੇ ਹਨ, 17ਵੀ ਸਦੀ ਵਿਚ ਹੀ ਬਣਨੀਆਂ ਸ਼ੁਰੂ ਹੋਈਆਂ। ਪਹਿਲੇ ਪਹਿਲ ਰੌਬਰਟ ਹੁੱਕ ਨੇ1665 ਈਸਵੀ ਵਿਚ ਅਪਣੀ ਖੁਰਦਬੀਨ ਬਣਾਈ ਅਤੇ ਇਸ ਹੇਠ ਬੋਤਲ ਦੇ ਕਾਰਕ (ਡਾਟ) ਨੂੰ, ਪਤਲਾ ਕੱਟ ਕੇ ਵੇਖਿਆ। ਉਸ ਨੂੰ ਇਸ ਵਿਚ ਖਾਨੇ ਨਜ਼ਰ ਆਏ ਜਿਨ੍ਹਾਂ ਨੂੰ ਉਸ ਨੇ ਸੈੱਲਾਂ ਦਾ ਨਾ ਦਿੱਤਾ। ਇਹ ਉਸ ਨੇ ਲਤੀਨੀ ਭਾਸ਼ਾ ਦੇ ਸ਼ਬਦ ਸੈਲਾ ਤੋਂ ਲਿਆ। ਸੈਲਾ ਉਸ ਵੇਲੇ ਪਾਦਰੀਆਂ ਦੇ ਰਹਿਣ ਲਈ ਬਣਾਏ ਛੋਟੇ ਬੰਦ ਕਮਰਿਆਂ ਨੂੰ ਕਿਹਾ ਜਾਂਦਾ ਸੀ। ਇਹ ਇੱਕ ਬੂਟੇ ਦੇ ਨਿਰਜਿੰਦ ਸੈੱਲ ਸਨ, ਜਿਨ੍ਹਾਂ ਵਿਚਲਾ ਮਾਦਾ ਸੁੱਕ ਚੁੱਕਾ ਸੀ।

ਕੁਝ ਦੇਰ ਬਾਅਦ ਹੀ ਲਿਊਵਿਨਹੋਕ ਨੇ ਜੋ ਕਪੜੇ ਦਾ ਵਪਾਰੀ ਸੀ, ਹੋਰ ਚੰਗੀ ਖੁਰਦਬੀਨ ਬਣਾ ਲਈ ਅਤੇ ਇਸ ਹੇਠ ਉਸਨੇ ਖੂੰਨ ਵਿਚ ਲਾਲ ਰਕਤਾਣੂ ਵੇਖੇ। ਉਸ ਦੇ ਲੈਂਨਜ਼ ਬਣਾਉਣ ਦਾ ਤਰੀਕਾ ਪਹਿਲਿਆਂ ਤੋਂ ਵੱਖਰਾ ਸੀ। ਉਸ ਤੋਂ ਪਹਿਲਾਂ ਸ਼ੀਸ਼ੇ ਨੂੰ ਪਾਸਿਆਂ ਤੋਂ ਘਸਾ ਕੇ ਉਤਲ ਲੈਂਨਜ਼ ਤਿਆਰ ਕੀਤੇ ਜਾਂਦੇ ਸਨ ਜੋ ਵਿਚਕਾਰੋਂ ਪੂਰੇ ਪਾਰਦਰਸ਼ੀ ਨਹੀਂ ਸਨ ਹੁੰਦੇ। ਪਰ ਲੀਊਵਿਨਹੋਕ ਨੇ ਇਨ੍ਹਾਂ ਨੂੰ ਸ਼ੀਸ਼ੇ ਦੀ ਛੜੀ ਨੂੰ ਗਰਮ ਕਰਕੇ ਬਣਾਉਣਾ ਸ਼ੁਰੂ ਕੀਤਾ। ਉਹ ਲਾਟ ਤੇ ਛੜੀ ਨੂੰ ਗਰਮ ਕਰਕੇ ਖਿਚਦਾ, ਇਹ ਵਿਚਕਾਰੋਂ ਲੰਬੀ ਹੋ ਟੁੱਟ ਜਾਂਦੀ। ਫਿਰ ਤਾਰ ਵਾਂਗਰ ਬਰੀਕ ਹੋਏ ਸਿਰੇ ਨੂੰ ਲਾਟ ਵਿਚ ਰੱਖ ਇਸ ਦਾ ਮਣਕੇ ਵਰਗਾ ਗੋਲ ਲੈਂਨਜ਼ ਬਣਾ ਲੈਂਦਾ। 1970 ਵਿਆਂ ਵਿਚ ਜਦ ਅਸੀਂ ਮੈਡੀਕਲ ਦੀ ਗਿਆਰਵੀਂ ਜਮਾਤ ਵਿਚ ਸੀ, ਤਾਂ ਸਾਡੇ ਪ੍ਰੋਫੈਸਰ ਨੇ ਜੀਵਨ ਵਿਗਿਆਨ ਦੇ ਪਹਿਲੇ ਪ੍ਰੈਕਟੀਕਲ ਵਿਚ ਸਭ ਨੂੰ ਅਪਣੇ ਖੂੰਨ ਦਾ ਕਤਰਾ ਕੱਢ ਕੇ ਸ਼ੀਸੇ ਦੀ ਸਲਾਈਡ ਤੇ ਰੱਖਣ ਲਈ ਕਿਹਾ ਤੇ ਫਿਰ ਇਸ ਨੂੰ ਖੁਰਦਬੀਨ ਹੇਠ ਰੱਖ ਕੇ ਅਸੀਂ ਇਸ ਦੇ ਚਿਤਰ ਬਣਾਏ। ਇਸ ਦਾ ਸਾਨੂੰ ਵੀ ਬੜਾ ਚਾਅ ਸੀ। ਇਸੇ ਤਰ੍ਹਾਂ ਹੀ ਲਿਊਵਨਹੋਕ, ਖੁਸ਼ ਹੋਇਆ ਅਤੇ ਵੱਖ ਵੱਖ ਚੀਜ਼ਾਂ ਖੁਰਦਬੀਨ ਹੇਠ ਵੇਖਣ ਲੱਗਾ। ਥੋੜੇ ਸਮੇਂ ਵਿਚ ਹੀ ਉਸ ਨੇ ਵੀਰਜ ਵਿਚਲੇ ਸ਼ੁਕਰਾਣੂ ਅਤੇ ਇਨ੍ਹਾਂ ਦਾ ਅੰਡੇ ਨਾਲ ਮੇਲ ਹੁੰਦਾ ਵੇਖਿਆ। ਇਸ ਤੋਂ ਇਲਾਵਾ 1676 ਵਿਚ ਇੱਕ ਸੈੱਲ ਦੇ ਬਣੇ ਸੂਖਮ ਜੀਵ ਵੀ ਚਲਦੇ ਫਿਰਦੇ ਵੇਖ ਲਏ। ਉਸ ਸਮੇਂ ਤੱਕ ਕਿਸੇ ਨੂੰ ਵੀ ਅਜਿਹੇ ਸੂਖਮ ਜੀਵਾ ਦਾ ਪਤਾ ਨਹੀਂ ਸੀ। ਕੁਝ ਸਾਇੰਸਦਾਨ ਉਸ ਦੀ ਖੋਜ ਤੇ ਸ਼ੱਕ ਪ੍ਰਗਟਾਉਣ ਲੱਗੇ ਅਤੇ ਕੁਝ ਮਖੌਲ ਵੀ ਉਡਾਉਣ ਲੱਗੇ। ਅਖਿਰ ਰਾਇਲ ਸੁਸਾਇਟੀ ਦੇ ਭੇਜੇ ਨੁਮਾਂਇੰਦਿਆਂ ਨੇ ਜਦ ਇਹ ਸਭ ਅਪਣੀ ਅੱਖੀਂ ਵੇਖਿਆ ਤਾਂ ਉਸ ਦੇ ਪੱਤਰ ਫਿਰ ਛੱਪਣ ਲੱਗੇ। ਸੁਸਾਇਟੀ ਨੇ ਉਸ ਨੂੰ ਸੁਸਾਇਟੀ ਦਾ ਮੈਂਬਰ ਬਣਾ ਲਿਆ, ਪਰ ਉਹ ਕਿਸੇ ਵੀ ਮੀਟਿੰਗ ਵਿਚ ਕਦੇ ਨਹੀਂ ਗਿਆ। ਉਹ ਸਾਇੰਸ ਨਹੀਂ ਸੀ ਪੜ੍ਹਿਆ ਅਤੇ ਨਾ ਹੀ ਉਸ ਨੇ ਸਾਰੀ ਉਮਰ ਕੋਈ ਵਿਧੀਵੱਧ ਖੋਜ ਪੱਤਰ ਲਿਖਿਆ। ਉਹ ਜੋ ਵੀ ਵੇਖਦਾ, ਚਿੱਠੀ ਦੇ ਰੂਪ ਵਿਚ ਉਹ ਵੀ ਅਪਣੀ ਡੱਚ ਜ਼ੁਬਾਨ ਵਿਚ ਲਿਖ ਕੇ ਲੰਡਨ ਵਿਚਲੀ ਰੋਇਲ ਸੁਸਾਇਟੀ ਨੂੰ ਲਿਖ ਦਿੰਦਾ ਅਤੇ ਉਹ ਉਸ ਦਾ ਅੰਗਰੇਜ਼ੀ ਵਿਚ ਅਨੁਵਾਦ ਕਰਕੇ ਛਾਪ ਦਿੰਦੇ। ਉਸ ਤੇ ਵਪਾਰੀ ਪ੍ਰਵਿਰਤੀ ਭਾਰੂ ਸੀ ਇਸ ਲਈ ਸਾਰੀ ਉਮਰ ਉਸ ਨੇ ਲੈਂਨਜ਼ ਬਣਾਉਣ ਦੇ ਅਪਣੇ ਤਰੀਕੇ ਨੂੰ ਜੱਗ ਜਾਹਿਰ ਨਾ ਕੀਤਾ। ਰੂਸ ਦਾ ਮਹਾਨ ਜ਼ਾਰ, ਮਹਾਨ ਪੀਟਰ ਵੀ ਉਸ ਕੋਲ ਆਇਆ ਉਸ ਨੂੰ ਵੀ ਬੱਸ ਕੁਝ ਆਮ ਜਿਹੇ ਲੈਂਨਜ਼ ਹੀ ਵਿਖਾਏ। ਬੇਸ਼ੱਕ ਕਿਨੇ ਹੀ ਇੱਕ ਸੈੱਲ ਦੇ ਜੀਵ ਵੇਖੇ ਜਾ ਚੁੱਕੇ ਸਨ ਅਤੇ ਹੋਰ ਜੀਵਾਂ ਦੇ ਅੰਗਾਂ ਦੇ ਸੈੱਲ ਵੀ ਵੇਖੇ ਜਾ ਚੁੱਕੇ ਸਨ, ਪਰ ਹਰ ਜੀਵ ਦਾ ਸਰੀਰ ਸੈੱਲਾਂ ਦਾ ਹੀ ਬਣਿਆਂ ਹੁੰਦਾ ਹੈ ਅਤੇ ਇਹ ਜੀਵਨ ਦੀ ਸਭ ਤੋਂ ਛੋਟੀ ਕੜੀ ਹੈ, ਜਿਸ ਵਿਚ ਜ਼ਿੰਦਗੀ ਦੇ ਗੁਣ ਹੁੰਦੇ ਹਨ, ਨੂੰ ਪੱਕੇ ਤੌਰ ਤੇ ਮੰਨਣ ਨੂੰ ਹੋਰ ਪੌਣੇ ਦੋ ਸੌ ਸਾਲ ਲੱਗੇ ਅਤੇ ਆਖਿਰ 1838 ਵਿਚ ਥੀਓਡੋਰ ਸ਼ਵਾਨ ਅਤੇ ਮੈਥੀਆਸ ਸ਼ਲੀਡਨ ਨੇ ਥਿਊਰੀ ਦਿੱਤੀ ਕਿ ਹਰ ਜੀਵ ਦਾ ਸਰੀਰ ਸੈੱਲਾਂ ਦਾ ਬਣਿਆਂ ਹੋਇਆ ਹੁੰਦਾ ਹੈ। ਇਹ ਸੈੱਲ, ਜਿਉਂਦੇ ਹਨ ਅਤੇ ਇਨ੍ਹਾਂ ਦੁਆਰਾ ਹੀ ਸਾਡੇ ਸਰੀਰ ਦੇ ਸਾਰੇ ਅੰਗ ਬਣਦੇ ਹਨ, ਸੋ ਇਨ੍ਹਾਂ ਦੇ ਜਿਉਣ ਨਾਲ ਹੀ ਅਸੀਂ ਜਿਉਂਦੇ ਹਾਂ। ਫਿਰ ਇੱਕ ਵਿਅਕਤੀ ਦਾ ਜੀਵਨ ਕਦ ਸ਼ੁਰੂ ਹੁੰਦਾ ਹੈ? ਜਨਮ ਸਮੇਂ? ਨਹੀਂ, ਉਹ ਤਾਂ ਪਹਿਲਾਂ ਹੀ ਮਾਂ ਦੇ ਗਰਭ ਵਿਚ ਭਰੂਣ ਦੇ ਤੌਰ ਤੇ ਜਿੰਦਾ ਸੀ। ਫਿਰ ਗਰਭ ਠਹਿਰਨ ਸਮੇਂ, ਜਦ ਸ਼ੁਕਰਾਣੂ ਅਤੇ ਅੰਡੇ ਦਾ ਮੇਲ ਹੋਇਆ? ਨਹੀਂ, ਉਹ ਤਾਂ ਪਹਿਲਾਂ ਹੀ ਸ਼ੁਕਰਣੂ ਅਤੇ ਅੰਡੇ ਦੇ ਤੌਰ ਤੇ ਜਿੰਦਾ ਸੀ। ਇਸ ਨੂੰ ਹੋਰ ਪਛਾਂਹ ਲੈਂ ਕੇ ਜਾਣ ਨਾਲ, ਇਹ ਜੀਵਨ ਦੇ ਸਾਢੇ ਤਿੰਨ ਅਰਬ ਸਾਲ, ਪਹਿਲੇ ਜੀਵ ਦੇ ਬਣਨ ਨਾਲ ਜੁੜ ਜਾਂਦਾ ਹੈ।

ਉਨੀਵੀਂ ਸਦੀ ਵਿਚ ਵੱਖ ਵੱਖ ਅੰਗਾਂ ਦੀਆਂ ਪਾਰਦਰਸ਼ੀ ਸਲਾਈਡਾਂ ਬਣਾ ਕੇ ਖੁਰਦਬੀਨ ਹੇਠਾਂ ਵੇਖ, ਉਨ੍ਹਾਂ ਦੇ ਸੈਲਾਂ ਦੀ ਬਣਤਰ ਦੇ ਰੇਖਾ ਚਿਤਰ ਵੀ ਬਣਾਏ ਜਾਣ ਲੱਗੇ। ਇਸ ਸਮੇਂ ਤੱਕ ਪਤਾ ਲੱਗ ਚੁੱਕਾ ਸੀ ਕਿ ਨਬਜ਼ ਦਿਲ ਦੀ ਧੜਕਣ ਕਾਰਨ ਧੜਕਦੀ ਹੈ ਅਤੇ ਸਾਹ ਦੀ ਕ੍ਰਿਆ ਵਿਚ ਫੇਫੜਿਆਂ ਅੰਦਰ ਹਵਾ ਜਾਂਦੀ ਤੇ ਵਾਪਿਸ ਆਉਂਦੀ ਹੈ ਆਦਿ।

ਮੌਤ ਕੀ ਹੈ?

ਕਿਸੇ ਵੱਡੇ ਜੀਵ ਦੇ ਮਰਨ ਸਮੇਂ ਕੀ ਹੁੰਦਾ ਹੈ? ਉਸ ਦੀ ਮੌਤ ਅਸਲ ਵਿਚ ਕੀ ਹੈ? ਸਾਡੇ ਸਰੀਰ ਵਿਚ ਕਿਸ ਅੰਗ ਜਾਂ ਅੰਗਾਂ ਦੇ ਮਰਨ ਨਾਲ ਮੌਤ ਹੋ ਜਾਂਦੀ ਹੈ? ਇਹ ਸਮੇਂ ਸਮੇਂ ਨਾਲ ਬਦਲਦਾ ਰਿਹਾ ਹੈ। ਪੁਰਾਣੇ ਸਮੇਂ ਵਿਚ ਲੋਕ, ਸਾਹ ਲੈਣਾ ਬੰਦ ਹੋਣ ਤੇ ਕਹਿ ਦਿੰਦੇ ਸਨ ਕਿ ਇਸ ਦੀ ਤਾਂ ਮੌਤ ਹੋ ਗਈ। ਅੱਜ ਵੀ ਲੋਕ ਕਹਿੰਦੇ ਹਨ, ਕੀ ਪਤਾ ਅਗਲਾ ਸਾਹ ਆਵੇ ਜਾਂ ਨਾ ਆਵੇ, ਮਤਲਬ ਕਿ ਕੀ ਪਤਾ ਕਦੋਂ ਮੌਤ ਹੋ ਜਾਵੇ। ਪਰ ਅੱਜ ਜੇਕਰ ਸਾਹ ਬੰਦ ਵੀ ਹੋ ਜਾਵੇ, ਕੁਝ ਅਰਸੇ ਲਈ ਮਸ਼ੀਨਾਂ ਦੀ ਸਹਾਇਤਾ ਨਾਲ ਸਰੀਰ ਵਿਚ ਲੋੜੀਂਦੀ ਆਕਸੀਜਨ, ਖੂੰਨ ਵਿਚ ਰਲਾਈ ਜਾ ਸਕਦੀ ਹੈ, ਜਿਸ ਨਾਲ ਸਰੀਰ ਦੇ ਤਕਰੀਬਨ ਸਾਰੇ ਅੰਗ ਕੁਝ ਸਮੇਂ ਲਈ ਚਲਦੇ ਰੱਖੇ ਜਾ ਸਕਦੇ ਹਨ। ਦੂਸਰੀ ਨਿਸ਼ਾਨੀ ਕਿ ਇਸ ਦੀ ਤਾਂ ਨਬਜ਼ ਬੰਦ ਹੋ ਗਈ, ਸੰਕੇਤ ਕਰਦੀ ਹੈ ਕਿ ਇਸ ਦੇ ਦਿੱਲ ਨੇ ਧੜਕਣਾ ਬੰਦ ਕਰ ਦਿੱਤਾ। ਇਹ ਵੀ ਪਹਿਲਾਂ ਮੌਤ ਦੀ ਪੱਕੀ ਨਿਸ਼ਾਨੀ ਕਹੀ ਜਾਂਦੀ ਸੀ, ਪਰ ਅੱਜ ਦਿੱਲ ਦੇ ਰੁਕਣ ਤੇ ਵੀ ਸਰੀਰ ਵਿਚ ਖੂੰਨ ਦਾ ਵਹਾਅ ਮਸ਼ੀਨਾਂ ਨਾਲ ਚਲਦਾ ਰੱਖਿਆ ਜਾ ਸਕਦਾ ਹੈ। ਫਿਰ ਕਿਹੜਾ ਅੰਗ ਹੈ, ਜਿਸ ਵਿਚਲੀਆਂ ਕ੍ਰਿਆਵਾਂ ਬੰਦ ਹੋਣ ਤੇ ਪੱਕਾ ਕਿਹਾ ਜਾਂਦਾ ਹੈ ਕਿ ਮੌਤ ਹੋ ਗਈ। ਇਹ ਹੈ, ਮਨੁੱਖ ਦਾ ਦਿਮਾਗ। ਜੇਕਰ ਦਿਮਾਗ ਕੰਮ ਕਰਨਾ ਬੰਦ ਕਰ ਦੇਵੇ ਤਾਂ ਉਸ ਵਿਅੱਕਤੀ ਨੂੰ ਮਰਿਆ ਘੋਸ਼ਿਤ ਕਰ ਦਿੱਤਾ ਜਾਂਦਾ ਹੈ। ਬੇਸ਼ੱਕ ਮਸ਼ੀਨਾਂ ਦੀ ਮਦਦ ਨਾਲ ਇਸ ਤਰ੍ਹਾਂ ਦੇ ਵਿਅੱਕਤੀ ਦੇ ਸਰੀਰ ਦੇ ਬਾਕੀ ਅੰਗ ਜੀਵਤ ਰੱਖੇ ਜਾ ਸਕਦੇ ਹਨ। ਉਸ ਦਾ ਦਿੱਲ ਚਲਦਾ ਰੱਖਿਆ ਜਾ ਸਕਦਾ ਹੈ, ਫੇਫੜੇ, ਗੁਰਦੇ ਆਦਿ ਕੰਮ ਕਰਦੇ ਰਹਿੰਦੇ ਹਨ ਅਤੇ ਮਸ਼ੀਨਾਂ ਦੁਆਰਾ ਚਾਲੂ ਰੱਖੇ ਜਾ ਰਹੇ, ਦਿਲ, ਫੇਫੜੇ ਆਦਿ ਉਸ ਵਿਅੱਕਤੀ ਨੂੰ ਮਸ਼ੀਨਾਂ ਨਾਲੋਂ ਵੱਖ ਕਰਨ ਉਪਰੰਤ ਲੋੜਵੰਦਾਂ ਨੂੰ ਦਿੱਤੇ ਵੀ ਜਾ ਸਕਦੇ ਹਨ, ਜਿਸ ਨਾਲ ਇੱਕ ਦੀ ਮੌਤ ਕਈ ਹੋਰ ਵਿਅੱਕਤੀਆਂ ਲਈ ਜਿੰਦਗੀ ਦਾ ਵਰਦਾਨ ਦੇ ਸਕਦੀ ਹੈ। ਸੋ ਦਿਮਾਗ ਦੇ ਮਰਨ ਤੇ ਵਿਅੱਕਤੀ ਦੀ ਮੌਤ ਹੋ ਜਾਂਦੀ ਹੈ।

ਪਰ ਦਿਮਾਗ ਜਾਂ ਹੋਰ ਦੂਸਰੇ ਅੰਗ ਮਰ ਕਦੋਂ ਜਾਂ ਕਿਵੇਂ ਜਾਂਦੇ ਹਨ? ਇਨ੍ਹਾਂ ਦੀ ਮੌਤ ਇਨ੍ਹਾਂ ਵਿਚਲੇ ਸੈੱਲਾਂ ਦੀ ਵੱਡੀ ਗਿਣਤੀ ਵਿਚ ਮਰਨ ਦਾ ਨਤੀਜਾ ਹੁੰਦੀ ਹੈ। ਇਹ ਸੈੱਲ ਕਦੋਂ ਮਰਦੇ ਹਨ? ਜਦ ਇਨ੍ਹਾਂ ਵਿਚਲੀਆਂ ਜਰੂਰੀ ਕ੍ਰਿਆਵਾਂ ਵਿਚੋਂ ਕੋਈ ਇੱਕ ਰੁੱਕ ਜਾਵੇ। ਅਸੀਂ ਇਸ ਨੂੰ ਇੱਕ ਪਹੀਏ ਦੇ ਘੁੰਮਣ ਦੀ ਉਦਾਹਰਣ ਲੈ ਕੇ ਸਮਝ ਸਕਦੇ ਹਾਂ। ਪਹੀਏ ਦੇ ਚਲਣ ਨੂੰ ਜੇਕਰ ਜੀਵਨ ਮੰਨ ਲਿਆ ਜਾਵੇ ਅਤੇ ਉਸ ਵਿਚਲੀਆਂ ਤਾਰਾਂ ਨੂੰ ਵੱਖ ਵੱਖ ਕ੍ਰਿਆਵਾਂ, ਤਾਂ ਜਿਵੇਂ, ਜੇਕਰ ਅਸੀਂ ਚਲਦੇ ਪਹੀਏ ਵਿਚ ਕੋਈ ਡੰਡਾ ਫਸਾ ਦੇਈਏ ਤਾਂ ਸਾਰਾ ਪਹੀਆ ਰੁੱਕ ਜਾਵੇਗਾ, ਬੇਸ਼ੱਕ ਡੰਡੇ ਨੇ ਤਾਂ ਇੱਕ ਤਾਰ ਨੂੰ ਹੀ ਰੋਕਿਆ ਹੈ, ਇਸੇ ਤਰ੍ਹਾਂ ਸੈੱਲ ਵਿਚ ਇੱਕ ਵੀ ਜ਼ਰੂਰੀ ਕ੍ਰਿਆ ਜੇਕਰ ਰੁੱਕ ਜਾਂਦੀ ਹੈ ਤਾਂ ਸੈੱਲ ਪਹੀਏ ਵਾਂਗਰ ਖੜ੍ਹ ਜਾਂਦਾ ਹੈ, ਜਾਂ ਕਹਿ ਲਓ ਕਿ ਮਰ ਜਾਂਦਾ ਹੈ। ਪੰਜਾਬ ਵਿਚਲੀਆਂ ਖਾੜਕੂ ਲਹਿਰਾਂ ਦੌਰਾਨ, ਖਾੜਕੂ, ਅਪਣੀਆਂ ਜੇਬਾਂ ਵਿਚ ਪੋਟਾਸ਼ੀਅਮ ਸਾਇਆਨਾਈਡ ਦੇ ਕੈਪਸੂਲ ਰਖਦੇ ਸਨ। ਇਨ੍ਹਾਂ ਦੇ ਇੱਕ ਵਾਰ ਕੁਝ ਮਾਤਰਾ ਵਿਚ ਹੀ ਸਰੀਰ ਵਿਚ ਜਾਣ ਨਾਲ ਮੌਤ, ਨਿਸ਼ਚਤ ਹੈ। ਇਹ ਜ਼ਹਿਰ ਸੈੱਲਾਂ ਵਿਚ ਚਲਦੀਆਂ ਹਜਾਰਾਂ ਕ੍ਰਿਆਵਾਂ ਵਿਚੋਂ ਸਿਰਫ ਇੱਕ ਕ੍ਰਿਆ, ਜਿਸ ਨੂੰ ਅਲੈੱਕਟਰਾਨ ਟਰਾਂਸਪੋਰਟ ਸਿਸਟਮ ਕਹਿੰਦੇ ਹਨ, ਜਿਸ ਨਾਲ ਸਰੀਰ ਵਿਚ ਆਕਸੀਜਨ ਵਰਤਕੇ ਸੈੱਲ ਤਾਕਤ ਬਣਾਉਂਦੇ ਹਨ, ਨੂੰ ਸਾਇਆਨਾਈਡ ਬੰਦ ਕਰ ਦਿੰਦੀ ਹੈ ਅਤੇ ਸੈੱਲਾਂ ਦੀ ਇਸ ਕਾਰਨ ਮੌਤ ਹੋ ਜਾਂਦੀ ਹੈ, ਜਦ ਜਰੂਰੀ ਅੰਗਾਂ ਦੇ ਸੈੱਲ ਮਰ ਜਾਣ ਤਾਂ ਜੀਵ ਮਰ ਜਾਂਦਾ ਹੈ। ਇਸੇ ਤਰਾਂ ਸੈਲਫਾਸ ਦੀਆਂ ਗੋਲੀਆਂ ਵਿਚੋਂ ਨਿਕਲੀ ਫੋਸਫੀਨ ਗੈਸ, ਸੈਲਾਂ ਨੂੰ ਅਤੇ ਇਸ ਤਰ੍ਹਾਂ ਜੀਵ ਨੂੰ ਮਾਰ ਦਿੰਦੀ ਹੈ। ਸੋ ਮਰਨਾ ਸਰੀਰ ਦੇ ਸੈੱਲਾਂ ਵਿਚਲੀਆਂ ਜ਼ਰੂਰੀ ਕ੍ਰਿਆਵਾਂ ਦਾ ਰੁਕਣਾ ਹੈ।

ਬਹੁਤੇ ਧਰਮਾਂ ਵਿਚ ਮੌਤ ਨੂੰ ਸਰੀਰ ਵਿਚੋਂ ਰੂਹ ਦੇ ਉਡਣ ਨਾਲ ਜੋੜਿਆ ਜਾਂਦਾ ਹੈ। ਸਾਇੰਸ ਵਿਚ ਇਸ ਨੂੰ ਨਹੀਂ ਮੰਨਿਆਂ ਜਾਂਦਾ। ਬਹੁਤ ਸਾਰੀਆਂ ਗੱਲਾਂ, ਜੋ ਬੱਸ ਲੋਕ ਕਥਾਵਾਂ ਹੀ ਕਹੀਆਂ ਜਾ ਸਕਦੀਆਂ ਹਨ, ਵਿਚ ਇਹ ਵੀ ਕਿਹਾ ਜਾਂਦਾ ਹੈ ਕਿ ਰੂਸ ਵਿਚ ਮੌਤ ਹੋਣ ਤੇ ਰੂਹ ਦੇ ਨਿਕਲਣ ਨੂੰ ਵੇਖਣ ਲਈ ਤਜਰਬਾ ਕੀਤਾ ਗਿਆ। ਜਿਸ ਵਿਚ ਮਰ ਰਹੇ ਵਿਅੱਕਤੀ ਨੂੰ ਸ਼ੀਸ਼ੇ ਦੇ ਬੰਦ ਖੋਲ ਵਿਚ ਰੱਖ ਦਿੱਤਾ ਗਿਆ ਅਤੇ ਜਦ ਉਸ ਦੀ ਮੌਤ ਹੋਈ ਤਾਂ ਸ਼ੀਸ਼ੇ ਵਿਚ ਤਰੇੜ ਆ ਗਈ। ਇਸ ਤਰ੍ਹਾਂ ਦਾ ਕੋਈ ਤਜਰਬਾ ਕਿਤੇ ਨਹੀਂ ਹੋਇਆ। ਹਾਂ ਅਧਾਰ ਰਹਿਤ ਲਿਖਤਾਂ ਵੀ ਮਿਲਦੀਆਂ ਹਨ ਜਿਨ੍ਹਾਂ ਵਿਚ ਰੂਹ ਦੇ ਸਰੀਰ ਵਿਚੋਂ ਨਿਕਲਣ ਦੀਆਂ ਫੋਟੋਆਂ ਤੱਕ ਛਾਪੀਆਂ ਹੋਈਆਂ ਹਨ, ਜੋ ਉਨ੍ਹਾਂ ਦੇ ਕਹਿਣ ਮੁਤਾਬਿਕ ਖਾਸ ਤਰ੍ਹਾਂ ਦੀ ਫੋਟੋਗਰਾਫ਼ੀ ਦੀ ਤਕਨੀਕ ਨਾਲ ਖਿਚੀਆਂ ਹੋਈਆਂ ਹਨ। ਅਸਲ ਵਿਚ ਰੂਹ ਦਾ ਸੰਕਲਪ ਮਨੁੱਖ ਦੇ ਮੌਤ ਦੇ ਡਰ ਵਿਚੋਂ ਹੀ ਉਤਪਨ ਹੋਇਆ ਹੈ, ਜਿਸ ਡਰ ਤੋਂ ਮੁਕਤ ਕਰਨ ਲਈ ਕਈ ਧਰਮਾਂ ਨੇ ਮਨੁੱਖ ਨੂੰ ਇਹ ਕਹਿ ਕੇ ਧਰਵਾਸ ਦੇਣ ਦੀ ਕੋਸ਼ਿਸ਼ ਕੀਤੀ ਹੈ, ਕਿ ਮੌਤ ਤਾਂ ਬੱਸ ਇਕ ਸਰੀਰ ਨੂੰ ਛੱਡ ਕਿਸੇ ਹੋਰ ਥਾਂ, ਸਵਰਗ ਜਾਂ ਨਰਕ ਜਾਂ ਫਿਰ ਕਿਸੇ ਹੋਰ ਸਰੀਰ ਵਿਚ ਜਾਣ ਦਾ ਇੱਕ ਪੜਾ ਹੀ ਹੈ। ਸਾਇੰਸ ਮੁਤਾਬਿਕ ਮੌਤ ਹੋਣ ਤੇ ਸਰੀਰ ਨਿਰਜੀਵ ਹੋ ਵਿਖੰਡਤ ਹੋ ਜਾਂਦਾ ਹੈ ਅਤੇ ਹੋਲੀ ਹੋਲੀ ਇਸ ਦੇ ਤੱਤ ਆਸੇ ਪਾਸੇ ਸਮਾ ਜਾਂਦੇ ਹਨ। ਸਸਕਾਰ ਕਰਨ ਤੇ ਇਹ ਕ੍ਰਿਆ ਜਲਦੀ ਹੋ ਜਾਂਦੀ ਹੈ ਅਤੇ ਜੇਕਰ ਕਿਸੇ ਨੂੰ ਦਫ਼ਨਾਇਆ ਜਾਂਦਾ ਹੈ ਤਾਂ ਸਮਾਂ ਕੁਝ ਜਿਆਦਾ ਲਗਦਾ ਹੈ। ਰੂਹ ਨਾਂ ਹੀ ਜਿਉਂਦੇ ਸਰੀਰ ਵਿਚ ਹੁੰਦੀ ਹੈ ਅਤੇ ਨਾ ਹੀ ਮਰਨ ਤੇ ਉਹ ਸਰੀਰ ਛਡਦੀ ਹੈ।

001 905 781 1197

## ਬਲਤੇਜ ਪੰਨੂੰ ਗ੍ਰਿਫ਼ਤਾਰ ਕੀਤੇ ਜਾਣ ਦੀ ਪੁਰਜ਼ੋਰ ਨਿਖੇਧੀ

ਅਦਾਰਾ ਦੋ-ਮਾਸਿਕ ਸੁਲਗਦੇ ਪਿੰਡ ਅਤੇ ਅਦਾਰਾ 'ਸਰੋਕਾਰਾਂ ਦੀ ਆਵਾਜ਼' ਵਲੋਂ ਇੰਡੋ-ਕੈਨੇਡੀਅਨ ਪੱਤਰਕਾਰ/ਤਬਸਰਾਕਾਰ ਬਲਤੇਜ ਪੰਨੂ ਨੂੰ ਗ੍ਰਿਫ਼ਤਾਰ ਕੀਤੇ ਜਾਣ ਦੀ ਪੁਰਜ਼ੋਰ ਨਿਖੇਧੀ ਕਰਦਾ ਹੈ ਅਤੇ ਸਮੂਹ ਇਨਸਾਫ਼ਪਸੰਦ ਤਾਕਤਾਂ ਨੂੰ ਇਸ ਦੇ ਖ਼ਿਲਾਫ਼ ਆਵਾਜ਼ ਉਠਾਉਣ ਦਾ ਸੱਦਾ ਦਿੰਦਾ ਹੈ। ਇਸ ਸਿਆਸੀ ਪ੍ਰਬੰਧ ਦੀ ਰਾਜ ਮਸ਼ੀਨਰੀ ਦੇ ਲੋਕ ਵਿਰੋਧੀ ਕਿਰਦਾਰ ਦੇ ਮੱਦੇਨਜ਼ਰ ਇਕ ਜਨਤਕ ਸ਼ਖਸੀਅਤ ਨੂੰ ਇਸ ਤਰ੍ਹਾਂ ਦੇ ਇਲਜ਼ਾਮਾਂ ਤਹਿਤ ਗ੍ਰਿਫ਼ਤਾਰ ਕਰਨ ਲਈ ਦਿਖਾਈ ਫ਼ੁਰਤੀ ਪੂਰੀ ਤਰ੍ਹਾਂ ਸਵਾਲਾਂ ਦੇ ਘੇਰੇ ਵਿਚ ਹੈ। ਇਹ ਉਹੀ ਪੰਜਾਬ ਪੁਲਿਸ ਹੈ ਜਿਸ ਦੀ ਫ਼ਰੀਦਕੋਟ ਦੇ ਸ਼ਰੁਤੀ ਅਗਵਾ ਮਾਮਲੇ ਅਤੇ ਗੰਧੜ ਜਬਰ-ਜਨਾਹ ਮਾਮਲੇ ਵਿਚ ਲੋਕ ਵਿਰੋਧੀ ਅਤੇ ਸਿਆਸੀ ਪੁਸ਼ਤਪਨਾਹੀ ਵਾਲੇ ਬਦਮਾਸ਼ਾਂ/ਮੁਜਰਿਮਾਂ ਪ੍ਰਤੀ ਕਾਰਗੁਜ਼ਾਰੀ ਅਜੇ ਕੱਲ੍ਹ ਦੇ ਮਾਮਲੇ ਹਨ। ਖ਼ਾਸ ਕਰਕੇ ਪਟਿਆਲਾ ਪੁਲਿਸ ਦੇ ਐਨ ਨੱਕ ਹੇਠ ਜਦੋਂ ਬੀਤੇ ਸਮੇਂ ਵਿਚ ਜਬਰ ਜਨਾਹ ਦੇ ਕੇਸ ਹੋਏ, ਜਦੋਂ ਪੀੜਤ ਔਰਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੇ ਥਾਣਿਆਂ ਵਿਚ ਜਾਕੇ ਰਿਪੋਰਟ ਦਰਜ ਕਰਾਉਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਦੀ ਐਫਆਈਆਰ ਵੀ ਦਰਜ ਕਰਨ ਦੀ ਬਜਾਏ ਬੁਰੀ ਤਰ੍ਹਾਂ ਜ਼ਲੀਲ ਕਰਕੇ ਥਾਣਿਆਂ ਵਿਚੋਂ ਕੱਢਿਆ ਜਾਂਦਾ ਰਿਹਾ। ਲੋਕ ਵਿਰੋਧ ਉੱਠਣ ਤੇ ਬਾਦ ਹੀ ਐਫਆਈਆਰ ਦਰਜ ਹੋਈਆਂ। ਪਟਿਆਲਾ ਨੇੜਲੇ ਪਿੰਡ ਵਿਚ ਵਿਆਹੀ ਉਪਿੰਦਰਜੀਤ ਕੌਰ ਦੇ ਕਾਤਲ ਸਹੁਰਾ ਪਰਿਵਾਰ ਖ਼ਿਲਾਫ਼ ਕਾਰਵਾਈ ਕਰਾਉਣ ਲਈ ਲੋਕਪੱਖੀ ਜਥੇਬੰਦੀਆਂ ਨੂੰ ਇਸੇ ਪਟਿਆਲਾ ਪੁਲਿਸ ਦੇ ਖ਼ਿਲਾਫ਼ ਲੰਮਾ ਸੰਘਰਸ਼ ਲੜਨਾ ਪਿਆ ਸੀ। ਪੁਲਿਸ ਦੀ ਔਰਤਾਂ ਉੱਪਰ ਜ਼ੁਲਮਾਂ ਪ੍ਰਤੀ 'ਸੰਵੇਦਨਸ਼ੀਲਤਾ' ਦੀਆਂ ਇਹ ਮਿਸਾਲਾਂ ਲੋਕਾਂ ਦੇ ਚੇਤਿਆਂ ਵਿਚ ਸੱਜਰੀਆਂ ਹਨ। ਲਿਹਾਜ਼ਾ ਲੋਕਪੱਖੀ ਧਿਰਾਂ ਨੂੰ ਪੁਲਿਸ ਵਲੋਂ ਪੇਸ਼ ਕਹਾਣੀ ਨੂੰ ਅੱਖਾਂ ਮੀਟਕੇ ਸੱਚ ਮੰਨ ਲੈਣ ਦੀ ਬਜਾਏ ਖ਼ੁਦ ਛਾਣਬੀਣ ਕਰਕੇ ਤੱਥ ਸਾਹਮਣੇ ਲਿਆਉਣੇ ਚਾਹੀਦੇ ਹਨ। ਜਨਤਕ ਸ਼ਖ਼ਸੀਅਤਾਂ ਦੀ ਕਿਰਦਾਰਕੁਸ਼ੀ ਲਈ ਇਸ ਤਰ੍ਹਾਂ ਦੇ ਮਾਮਲੇ ਖੜ੍ਹੇ ਕਰਨਾ ਸੱਤਾਧਾਰੀਆਂ ਲਈ ਆਮ ਗੱਲ ਹੈ। ਸੱਤਾਧਾਰੀ ਧਿਰ ਅਤੇ ਸੌੜੇ ਹਿੱਤਾਂ ਦੇ ਇਸ਼ਾਰਿਆਂ ਤੇ ਨੱਚ ਰਹੀ ਅਖਾਉਤੀ ਜਮਹੂਰੀਅਤ ਦੀ ਰਾਜ ਮਸ਼ੀਨਰੀ ਦੇ ਇਸ ਰਵੱਈਏ ਦਾ ਵਿਰੋਧ ਕੀਤਾ ਜਾਣਾ ਚਾਹੀਦਾ ਹੈ।


### ਸੰਪਾਦਕ ਮੰਡਲ (ਆਨਰੇਰੀ)

| | |
|---|---|
| ਮਾ. ਭਜਨ ਸਿੰਘ ਕੈਲਗਰੀ | ਹਰਨੇਕ ਧਾਲੀਵਾਲ, ਵਿਨੀਪੈਗ ਮਾਨੀਟੋਬਾ |
| 403-455-4220 | 204-488-6960 |
| ਹਰਬੰਸ ਸਿੰਘ | ਗੁਰਬਚਨ ਸਿੰਘ ਬਰਾੜ |
| 416-817-7142 | 403-470-2628 |
| ਦੇਵਿੰਦਰ ਤੂਰ | ਡਾ. ਹਰਦੀਪ ਸਿੰਘ, ਗੁਐਲਫ |
| 416-902-9372 | +1-226 979 5688 |
| ਜਸਪ੍ਰੀਤ ਧਾਲੀਵਾਲ | ਬਲਜਿੰਦਰ ਸਿੰਘ |
| ਸੁਖਦੇਵ ਸਿੰਘ ਸੰਧੂ | ਗ੍ਰਾਫਿਕਸ ਡਿਜ਼ਾਇਨਰ |
| ਮਾਸਟਰ ਬਲਬੀਰ ਸਿੰਘ ਗਿੱਲ | +91-92167-29598 |
| | akashdeep.1064@gmail.com |

'ਸਰੋਕਾਰਾਂ ਦੀ ਆਵਾਜ਼' ਅਖ਼ਬਾਰ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

## ਉੱਜੜੇ ਖੇਤਾਂ ਬਾਰੇ ਖੇਤਾਂ ਦੇ ਪੁੱਤਾਂ ਨੇ ਬਣਾਈ ਫ਼ਿਲਮ

# ਜ਼ੋਰ

ਅਮੋਲਕ ਸਿੰਘ





ਅੱਜ ਪੰਜਾਬੀ ਫ਼ਿਲਮ ਅਤੇ ਗਾਇਕੀ ਦੀ ਦੁਨੀਆਂ ਜੱਟਾਂ ਨੂੰ ਫੂਕ ਛਕਾਉਣ, ਕਚਹਿਰੀਆਂ 'ਚ ਮੇਲੇ ਲਾਉਣ, ਚੰਡੀਗੜ੍ਹ ਦੀਆਂ ਗੇੜੀਆਂ ਲਾਉਣ, ਨਸ਼ਿਆਂ ਦੇ ਦਰਿਆਂ 'ਚ ਤਾਰੀਆਂ ਲਾਉਣ, ਬੇ ਸਮਝ ਦਿਖਾਉਣ ਅਤੇ ਮਾਰ-ਧਾੜ ਵਿੱਚ ਉਲਝਣ ਉਲਝਾਉਣ ਵਾਲੇ ਪੇਸ਼ ਕਰਨ ਤੇ ਪੱਬਾਂ ਭਾਰ ਹੋਈ ਹੈ। ਅਜੇਹੇ ਗਾੜ੍ਹੇ ਬੱਦਲਾਂ ਦੇ ਦੌਰ ਅੰਦਰ ਕਿਰਤੀ ਕਿਸਾਨਾਂ ਦੀ ਦੁਖ਼ਦੀ ਰਗ਼ ਫੜਨ ਵਾਲੀ ਫ਼ਿਲਮ 'ਜ਼ੋਰ' ਦੀ ਨਵੀਂ ਨਕੋਰ ਲਿਸ਼ਕੋਰ ਸਾਹਮਣੇ ਆਈ ਹੈ। ਇਹ ਫ਼ਿਲਮ ਵੱਡੇ ਪਰਦੇ ਦੀ ਬਜਾਏ, ਉੱਜੜੇ ਘਰਾਂ ਦੀਆਂ ਕੰਧਾਂ ਉਪਰ ਹੀ ਚਿੱਟੀਆਂ ਚਾਦਰਾਂ ਤਣਕੇ ਦਿਖਾਈ ਜਾਏਗੀ। ਇਸ ਉਪਰ ਸਾਰਾ ਖਰਚਾ ਵੀ ਕਿਰਤੀ-ਕਿਸਾਨਾਂ ਦੇ ਜਾਏ ਨੌਜਵਾਨਾਂ ਨੇ ਆਪ ਹੀ ਉੱਦਮ ਕਰਕੇ ਕੀਤਾ ਹੈ। ਚੌਰਾਹੇ ਭਟਕਦੀ ਜੁਆਨੀ ਦਾ ਇਹ ਸੁਲੱਖਣਾ ਵਰਤਾਰਾ ਉਸ ਵੱਲੋਂ ਆਸ਼ਾਮਈ ਰੌਸ਼ਨ ਭਵਿੱਖ ਦਾ ਮੱਥਾ ਚੁੰਮਣ ਦੇ ਰਾਹ ਤੁਰਨ ਦੀਆਂ ਸੈਨਤਾਂ ਕਰਦਾ ਹੈ।

ਇਸਦੀ ਵਿਲੱਖਣਤਾ ਇਹ ਹੈ ਕਿ ਇਹ ਫ਼ਿਲਮ ਬਾਲੀਵੁੱਡ ਜਾਂ ਹਾਲੀਵੁੱਡ ਦੇ ਵਡੇਰੇ ਸਟੂਡੀਓ ਵਿਚ ਤਿਆਰ ਨਹੀਂ ਹੋਈ। "ਨਾਮਵਰ" ਪ੍ਰੋਡਿਊਸਰਾਂ ਅਤੇ "ਨਾਇਕਾਂ" ਦੀ ਵੀ 'ਜ਼ੋਰ' ਫ਼ਿਲਮ 'ਚ ਹਾਜ਼ਰੀ ਨਹੀਂ। ਇਹ ਫ਼ਿਲਮ ਪਿੰਡਾਂ ਦੇ ਵਿਹੜਿਆਂ ਖੇਤਾਂ ਵਿਚ ਤਿਆਰ ਹੋਈ ਹੈ ਅਤੇ ਖੇਤਾਂ ਦੇ ਪੁੱਤਾਂ ਨੇ ਆਪੇ ਹਿੰਮਤ ਕਰਕੇ ਤਿਆਰ ਕੀਤੀ ਹੈ।

ਬਠਿੰਡਾ ਜਿਲ੍ਹੇ ਦੇ ਪਿੰਡ ਕੋਟੜਾ ਕੌੜਾ ਦੇ ਨੌਜਵਾਨ ਸਤਵੰਤ ਭੁੱਲਰ ਅਤੇ ਉਸਦੇ ਜੋਟੀਦਾਰ ਨੌਜਵਾਨਾਂ ਨੇ ਇਹ ਫ਼ਿਲਮ ਬਣਾਈ ਹੈ। ਗਰੀਬੀ ਦਾਅਵੇ ਅਮੀਰ ਪਰੰਪਰਾ ਦਾ ਪਰਚਮ ਬੁਲੰਦ ਕਰਦੀ ਫ਼ਿਲਮ 'ਜ਼ੋਰ' ਝੀਲਾਂ ਸਾਗਰਾਂ ਦੇ ਕਿਨਾਰੇ, ਖੁੱਲ੍ਹੀਆਂ ਹੁਸੀਨ ਵਾਦੀਆਂ 'ਚ ਬਹਿਕੇ ਲਿਖਣ ਦੇ ਸ਼ੌਕੀਨਾਂ ਅੱਗੇ ਨਵੇਂ ਕੀਰਤੀਮਾਨ ਸਿਰਜਦੀ ਹੈ, ਕਿ ਸਾਧਾਰਨ ਪਿੰਡਾਂ ਦੇ ਸਾਧਾਰਨ ਘਰਾਂ ਦੇ ਨੌਜਵਾਨ ਕਲਮਕਾਰ ਅਤੇ ਕਲਾਕਾਰ ਆਪਣੀ ਮਿੱਟੀ ਨਾਲ ਵਫ਼ਾ ਪਾਲਦੇ ਹੋਏ ਕਿਵੇਂ ਸਮਾਜ ਦੀਆਂ ਮਰਜ਼ਾਂ ਦੀ ਬੁਨਿਆਦੀ ਮਰਜ਼ ਦੀਆਂ ਜੜ੍ਹਾਂ ਤੱਕ ਪਹੁੰਚਣ ਵਾਲੀ ਦੂਰ-ਦ੍ਰਿਸ਼ਟੀ ਨਾਲ ਅਜੇਹੀ ਮੁੱਲਵਾਨ ਕਲਾ ਕਿਰਤ ਦੀ ਸਿਰਜਣਾ ਕਰਨ ਦੇ ਸਮਰੱਥ ਵੀ ਹੋ ਸਕਦੇ ਹਨ।

ਲੇਖਕ, ਪ੍ਰੋਡਿਊਸਰ ਅਤੇ ਸਕਰੀਨ ਪਲੇਅਰ ਸਤਵੰਤ ਭੁੱਲਰ ਨੇ ਪੰਜਾਬ ਦੇ ਵਿਕਾਊ ਹੋਏ ਪਿੰਡਾਂ ਦੀ ਦਾਸਤਾਂ ਨੂੰ ਫ਼ਿਲਮ ਦਾ ਵਿਸ਼ਾ-ਵਸਤੂ ਬਣਾਇਆ ਹੈ। ਕਰਜ਼ੇ, ਖੁਦਕੁਸ਼ੀਆਂ, ਬੇਰੁਜ਼ਗਾਰੀ, ਨਸ਼ੇ ਅਤੇ ਕਿਰਤੀ-ਕਿਸਾਨਾਂ ਦੀ ਅਟੁੱਟ ਗਲਵੱਕੜੀ ਵਰਗੇ ਵਿਸ਼ਿਆਂ ਨੂੰ ਆਧਾਰ ਬਣਾਇਆ ਹੈ।

ਹਰਵਿੰਦਰ ਦੀਵਾਨਾ ਦੀ ਨਿਰਦੇਸ਼ਨਾ, ਸਿੰਘ ਬੀ. ਬਸਨਿੰਦੀ ਦੀ ਸਹਿ ਨਿਰਦੇਸ਼ਨਾ, ਕੈਮਰਾ ਮੈਨ ਬੀ. ਕੇ. ਜੈਤੋ ਦੀ ਕਲਾਮਈ ਦ੍ਰਿਸ਼ਟੀ ਨੇ ਫ਼ਿਲਮ ਨੂੰ ਅਜੇਹੇ ਰੰਗ 'ਚ ਰੰਗਿਆ ਹੈ ਕਿ ਇਸ ਪੂਰੀ ਟੀਮ ਨੇ ਸਿਨੇਮਾ ਘਰਾਂ ਦੀ ਮੁਹਿੰਮ ਤੋਂ ਬਚਦੇ ਹੋਏ ਪੰਜਾਬ ਦੇ ਪਿੰਡਾਂ ਅੰਦਰ ਕੰਧਾਂ ਦੇ ਹੀ ਵੱਡੇ ਪਰਦੇ ਤੇ ਲਿਜਾਣ ਲਈ ਆਪ ਹੀ ਕਮਰ ਕੱਸੇ ਕਸ ਰੱਖੇ ਹਨ।

ਰਵਾਇਤੀ, ਵਪਾਰਕ, ਕਾਮ-ਉਕਸਾਊ, ਅੰਧ-ਵਿਸਵਾਸ਼ੀ ਭਰੇ, ਗੈਂਗਵਾਰ ਅਤੇ ਨਕਲੀ ਦੁਨੀਆਂ ਦੇ ਦਿਸਹੱਦਿਆਂ ਤੋਂ ਪਾਰ ਪਰਵਾਜ਼ ਭਰਦੀ ਫ਼ਿਲਮ 'ਜ਼ੋਰ' ਅਜੋਕੇ ਪੰਜਾਬ ਦੇ ਧੁਰ ਸੀਨੇ ਅੰਦਰ ਮਘਦੇ ਸਰੋਕਾਰਾਂ ਦੀ ਬਾਖ਼ੂਬੀ ਨਾਲ ਪਰਦਾ ਪੇਸ਼ੀ ਕਰਦੀ ਹੈ।

ਕਿਰਤੀ ਕਿਸਾਨਾਂ ਸਿਰ ਬੋਝਲ ਹੋ ਰਹੀਆਂ ਕਰਜ਼ੇ ਦੀਆਂ ਪੰਡਾਂ, ਸਰਕਾਰੀ, ਗੈਰ-ਸਰਕਾਰੀ ਕਰਜ਼ੇ ਦੇ ਕੁੰਡਲ-ਨਾਗ਼, ਖੇਤਾਂ ਦੇ ਪੁੱਤਾਂ ਵੱਲੋਂ ਚੜ੍ਹਦੇ ਸੂਰਜ ਕੀਤੀਆਂ ਜਾ ਰਹੀਆਂ ਖੁਦਕੁਸ਼ੀਆਂ, ਸੀਰੀ ਦੇ ਗਲ਼ ਲੱਗਕੇ ਰੋਂਦੇ ਜੱਟਾਂ ਦੀ ਕਹਾਣੀ, ਕੀਟ/ਨਦੀਨ ਨਾਸ਼ਕ ਦਵਾਈਆਂ ਦੇ ਵਪਾਰੀਆਂ, ਰਾਜਨੀਤੀਵਾਨਾਂ, ਪੁਲਸ, ਪ੍ਰਸ਼ਾਸਨ, ਕਾਨੂੰਨ ਦੇ ਗੱਠਜੋੜ ਦੀਆਂ ਗੰਢਾਂ ਖੋਲ੍ਹਦੀ ਫ਼ਿਲਮ 'ਜ਼ੋਰ' ਆਪਣੀ ਨਿਵੇਕਲੀ ਥਾਂ ਬਣਾਉਂਦੀ ਹੋਈ ਵਿਗਿਆਨਕ, ਜਮਾਤੀ ਚੇਤਨਾ ਦਾ ਛੱਟਾ ਦੇਣ ਦੀ ਲੋੜ ਵੱਲ ਦਰਸ਼ਕਾਂ ਦਾ ਧਿਆਨ ਖਿੱਚਦੀ ਹੈ।

ਧੀਆਂ ਦੇ ਉਧਾਲੇ, ਬੇਪਤੀਆਂ, ਵਿਚਾਰਾਂ ਦੀ ਆਜ਼ਾਦੀ ਉਪਰ ਹੱਲੇ, ਲੋਕ ਆਗੂਆਂ ਦੇ ਵਿਉਂਤਬੱਧ ਢੰਗ ਨਾਲ ਕਤਲ, ਜਨਤਕ ਆਗੂਆਂ ਨੂੰ ਝੂਠੇ ਕੇਸਾਂ ਵਿੱਚ ਫਸਾਉਣ ਵਰਗੇ ਭਖ਼ਦੇ ਸੁਆਲਾਂ ਨੂੰ ਕਲਾਵੇ 'ਚ ਲੈਂਦੀ ਅਤੇ ਵਿਗਿਆਨਕ ਨਜ਼ਰੀਏ ਤੋਂ ਇਹਨਾਂ ਦੇ ਕਾਰਨਾ ਦੀ ਚੀਰ-ਫਾੜ ਕਰਦੀ ਅਤੇ ਮੁਕਤੀ ਦਾ ਮਾਰਗ ਦਰਸਾਉਂਦੀ ਹੈ ਫ਼ਿਲਮ 'ਜ਼ੋਰ'।

ਫ਼ਿਲਮ ਉਸ ਵੇਲੇ ਅਮੁੱਲਾ ਮੋੜ ਕੱਟਦੀ ਹੈ ਜਦੋਂ ਸੀਰੀ ਕਾਮਾ ਆਪਣੇ ਕਿਸਾਨ ਭਰਾ ਨੂੰ ਜ਼ਹਿਰ ਪੀ ਕੇ ਖੁਦਕੁਸ਼ੀ ਕਰਨ ਤੋਂ ਵਰਜਦਿਆਂ ਕਹਿੰਦਾ ਹੈ:

"ਬਾਈ ਸਿਆਂ, ਸਾਡੇ ਵੱਲ ਦੇਖ। ਸਾਡੇ ਕੋਲ ਗਿੱਠ ਵੀ ਜ਼ਮੀਨ ਨਹੀਂ। ਰੋਟੀ ਰੋਜੀ ਲਈ ਇੱਕ ਵੀ ਮਸ਼ੀਨ ਨਹੀਂ। ਭਲਾ ਅਸੀਂ ਕਿਵੇਂ ਗੁਜ਼ਾਰਾ ਕਰਦੇ ਹਾਂ। ਥੋਡੀਆਂ ਫ਼ਸਲਾਂ ਨੂੰ ਸੁੰਡੀ ਖਾ ਗਈ। ਖੇਤਾਂ ਨੂੰ ਕੰਪਨੀਆਂ ਖਾ ਗਈਆਂ। ਸਾਡੀ ਵੀ ਤਾਂ ਨਾਲ ਹੀ ਤਬਾਹੀ ਹੋ ਰਹੀ ਐਂ। ਮਾਰ ਵਗਾਹ ਕੇ ਦਵਾਈ ਦੀ ਸ਼ੀਸ਼ੀ। ਚੁੱਕ ਹੱਕ ਅਤੇ ਸੱਚ ਦਾ ਝੰਡਾ। ਆ ਚੱਲੀਏ ਆਪਣੀ ਤਕਦੀਰ ਆਪ ਲਿਖਣ ਦੇ ਰਾਹ"।

ਚਿੱਟੇ ਮੱਛਰ ਨੂੰ ਹੀ ਫ਼ਸਲਾਂ ਚੱਟ ਜਾਣ ਵਾਲੀ ਮਰਜ਼ ਸਮਝਕੇ, ਏਸੇ ਸੋਚ ਦੇ ਬੈਰੀਅਰ ਤੇ ਅਟਕਣ ਦੀ ਬਜਾਏ, ਇਸਤੋਂ ਪਾਰ ਜਾਂਦਿਆਂ ਫ਼ਿਲਮ 'ਜ਼ੋਰ' ਇਸ ਸੰਤਾਪ ਦੀਆਂ ਜ਼ਿੰਮੇਵਾਰ ਸ਼ਾਤਰ ਅਤੇ ਜ਼ੋਰਾਵਰ ਤਾਕਤਾਂ ਉਪਰ ਸਿਦਕ ਅਤੇ ਸਿਰੜ ਨਾਲ ਉਂਗਲ ਧਰਨ ਦੀ ਜੁਰੱਅਤ ਕਰਦੀ ਹੈ। ਕਿਸਾਨ ਅਤੇ ਲੋਕ ਆਗੂਆਂ ਉਪਰ ਹੋ ਰਹੇ ਕਾਤਲਾਨਾ ਵਾਰਾਂ ਦੀ ਕਹਾਣੀ ਪੇਸ਼ ਕਰਦੀ ਹੈ।

ਫ਼ਿਲਮ ਬੁਲੰਦ ਹੋਕਾ ਦਿੰਦੀ ਹੈ ਕਿ ਬਾਹਰੋਂ ਆਏ ਹਾਕਮਾਂ ਖਿਲਾਫ਼ ਸੰਗਰਾਮ ਛੇੜਿਆ ਸੀ ਸਾਡੇ ਗ਼ਦਰੀ ਪੁਰਖ਼ਿਆ ਨੇ। ਅੱਜ ਸਥਾਪਤੀ ਦਾ ਰੰਗ ਢੰਗ ਹੀ ਬਦਲਿਆ ਹੈ। ਪਰਨਾਲਾ ਓਥੇ ਹੀ ਹੈ। ਇਸ ਲਈ ਲੰਮਾ ਦਮ ਰੱਖਕੇ ਲੋਕ-ਸੰਗਰਾਮ ਦਾ ਸਮੂਹ ਗਾਇਨ ਮਿਲ ਕੇ ਗਾਉਣਾ ਪਏਗਾ।

ਲੋਕ ਰਜ਼ਾ ਨੂੰ ਬੰਨ੍ਹ ਮਾਰਨ ਲਈ ਸਥਾਪਤੀ ਵੱਲੋਂ ਬਲ ਅਤੇ ਛਲ ਦੀਆਂ ਖੇਡੀਆਂ ਜਾ ਰਹੀਆਂ ਖੇਡਾਂ ਤੋਂ ਪਰਦਾ ਚੁੱਕਦੀ, ਅਦਿਖ ਹਕੀਕਤਾਂ ਦੀ ਪਰਦਾ ਪੇਸ਼ੀ ਕਰਨਾ ਅਤੇ ਹਨੇਰੇ 'ਚ ਟੱਕਰਾਂ ਮਾਰਦੇ ਲੋਕਾਂ ਨੂੰ ਆਪਣੀ ਮੁਕਤੀ ਲਈ ਨਵੇਂ ਰਾਹਾਂ ਦੇ ਰਾਹੀਂ ਬਣਨ ਲਈ ਸੰਵਾਦ ਛੇੜਨਾ ਫ਼ਿਲਮ ਦੇ ਸੁਨੇਹੇ ਦਾ ਕੇਂਦਰੀ ਬਿੰਦੂ ਉਘੜਕੇ ਸਾਹਮਣੇ ਆਉਂਦਾ ਹੈ।

'ਜ਼ੋਰ' ਫ਼ਿਲਮ ਪੌਣਾਂ 'ਚ ਸੁਨੇਹਾ ਘੋਲਦੀ ਹੈ, ਕਿ ਡਾਢਿਆਂ ਕੋਲ ਧਨ, ਧਰਤੀ, ਹਥਿਆਰਾਂ, 'ਕਾਨੂੰਨਾਂ', ਜੇਲ੍ਹਾਂ, ਲੱਠ ਮਾਰ ਗਰੋਹਾਂ ਦੀ ਜੋ ਮਰਜ਼ੀ ਤਾਕਤ ਹੋਵੇ ਲੋਕ-ਤਾਕਤ ਦੇ 'ਜ਼ੋਰ' ਅੱਗੇ 'ਜ਼ੋਰਾਵਰਾਂ' ਦਾ ਕਦੇ ਜ਼ੋਰ ਨਹੀਂ ਪੁੱਗਦਾ।

ਫ਼ਿਲਮ ਅਜੇਹਾ ਪੈਰਾਡਾਈਮ ਸਿਰਜਦੀ ਹੈ ਕਿ ਅਨੇਕਾਂ ਆਫ਼ਤਾਂ ਦੇ ਭੰਨੇ ਲੋਕ ਜਦੋਂ ਗੂਹੜੀ ਨੀਂਦ ਤੋਂ ਜਾਗਦੇ ਹਨ ਤਾਂ ਉਹ ਨਿਕਲ ਤੁਰਦੇ ਹਨ ਨਵੇਂ ਰਾਹਾਂ ਦੀ ਤਲਾਸ਼ ਲਈ। ਨਵੀਆਂ ਮੰਜ਼ਲਾਂ ਪਾਉਣ ਲਈ। ਉਹ ਖ਼ੁਦ ਹੀ ਇੱਕ ਗੀਤ ਬਣ ਜਾਂਦੇ ਹਨ। ਉਹਨਾਂ ਦੀ ਆਵਾਜ਼ ਲੇਖਕ ਦੇ ਗੀਤ ਅਤੇ ਨਵਦੀਪ ਧੌਲਾ, ਜਗਰਾਜ ਧੌਲਾ ਦੀ ਪਿੱਠ-ਭੂਮੀ 'ਚੋਂ ਉੱਠਦੀ ਆਵਾਜ਼ ਰਾਹੀਂ ਹਵਾਵਾਂ ਨਾਲ ਗੱਲਾਂ ਕਰਦੀ ਹੈ:

ਖੇਤਾਂ ਦੇ ਪੁੱਤ ਜਾਗ ਪਏ
ਜਾਗ ਪਏ ਬਈ ਜਾਗ ਪਏ
ਇਹ ਖੇਤਾਂ ਦੇ ਜਾਏ
ਇਹ ਬੰਨ੍ਹ ਕਾਫ਼ਲੇ ਆਏ
ਇਹ ਰਲ਼ਕੇ ਦੇਵਣ ਹੋਕਾ
ਤੂੰ ਵੀ ਆ ਜਾ ਲੋਕਾ
ਤੂੰ ਵੀ ਆ ਜਾ ਲੋਕਾ

ਆਪਣੀ ਚਰਮਸੀਮਾ ਤੇ ਪੁੱਜਕੇ ਫ਼ਿਲਮ ਤਿੱਖੇ ਸੁਆਲ ਖੜ੍ਹੇ ਕਰਦੀ ਹੈ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ, ਜਿਸਦੀ ਸ਼ਹਾਦਤ ਦੀ 100 ਵੀਂ ਵਰ੍ਹੇ ਗੰਢ ਹੈ। ਸਾਡੀ ਮੁਕਤੀ ਲਈ ਜ਼ਿੰਦ ਵਾਰ ਗਿਆ। ਅਨੇਕਾਂ ਹੀ ਭਗਤ ਸਿੰਘ, ਊਧਮ ਸਿੰਘ ਅਤੇ ਰਹਿਮਤ ਅਲੀ ਵਜੀਦਕੇ ਇਸ ਧਰਤੀ ਤੇ ਘੋੜੀਆਂ ਗਾਉਂਦੇ ਫਾਂਸੀ ਦੇ ਤਖ਼ਤੇ ਵੱਲ ਤੁਰ ਗਏ। ਉਹ ਆਪਣਾ ਫ਼ਰਜ ਅਦਾ ਕਰ ਗਏ। ਹੁਣ ਵਕਤ ਸਾਡੇ ਤੇ ਸੁਆਲ ਕਰਦਾ ਹੈ ਕਿ ਕੀ ਅਸੀਂ ਆਪਣੇ ਹਿੱਸੇ ਦੀ ਮੋਮਬੱਤੀ ਲੈ ਕੇ ਹਨੇਰਾ ਚੀਰਨ ਅੱਗੇ ਆਵਾਂਗੇ ਜਾਂ ਜ਼ਿੰਦਗੀ ਇਉਂ ਹੀ ਵਕਤ ਦੀਆਂ ਚਪੇੜਾਂ ਖਾਂਦੀ ਰਹੇਗੀ?

ਪੰਜਾਬ ਅੰਦਰ ਜਦੋਂ ਕਿਰਤੀ ਕਿਸਾਨ ਆਰਥਕ ਤੰਗੀਆਂ ਖ਼ੁਦਕੁਸ਼ੀਆਂ ਦੇ ਮੂੰਹ ਕੁਰਲਾ ਰਹੇ ਹਨ। ਆਪਣੀ ਜੀਵਨ ਲੀਲਾ ਖਤਮ ਕਰਨ ਤੁਰੇ ਹੋਏ ਹਨ। ਜਦੋਂ ਉਹ ਦੂਜੇ ਬੰਨੇ ਸੰਘਰਸ਼ ਵੀ ਕਰ ਰਹੇ ਹਨ। ਉਦੱਮੀ ਨੌਜਵਾਨਾਂ ਵੱਲੋਂ ਅਜੇਹੇ ਵੇਲੇ ਮਾਰਿਆਂ ਇਹ ਹੰਭਲਾ ਕਲਮ, ਕਲਾ ਅਤੇ ਲੋਕ-ਸੰਗਰਾਮ ਦੀ ਜੋਟੀ ਪਵਾਉਣ ਦੇ ਮਹੱਤਵ ਨੂੰ ਪਛਾਣਦਿਆਂ ਢੇਰ ਸਾਰੀਆਂ ਮੁਬਾਰਕਾਂ ਦਾ ਹੱਕਦਾਰ ਹੈ।

ਸੰਪਰਕ: 94170-76735

Metro Immigration.com
FOR 100% HONEST ADVICE
EXPRESS ENTRY $500
SPOUSAL VISA $750
VISITOR VISA $100
SUPER VISA $200
APPEALS $1000+$2000
PNP = REQUIRED NET WORTH (Assets) of $400,000 (2 crores) & INVEST $200,000
LMIA/AEO (Work Permit) 2X$750
20 YEARS OF SOLID EXPERIENCE
SURESH GUPTA
Licenced Immigration Practitioner
Member ICCRC
Head Office:
Tel: 905-673-1200
Brampton: 905-794-6003 Toronto: 416-840-7554

Commitment to Excellent Services
Punjab Insurance Inc
Pii Punjab Insurance Inc
Your Insurance Advisor
Super Visa Insurance
Disability Insurance | Life Insurance | Critical Illness Insurance |
Mortgage Insurance Segregated Funds | RRSP & TFSA | RESP |
Email : dharbans@hotmail.com www.numberoneinsurance.ca
Harbans Singh
416-817-7142

## ਕੈਨੇਡਾ ਦੀ ਨਵੀਂ ਸਰਕਾਰ

# ਨਵੀਆਂ ਆਸਾਂ, ਨਵੇਂ ਸਵੇਰੇ



ਡਾ. ਹਰਦੀਪ ਸਿੰਘ, ਗੁਐਲਫ਼ ਓਂਟਾਰੀਓ
+1-226 979 5688



ਕੈਨੇਡਾ ਦੀ ਮੌਜੂਦਾ ਚੋਣ ਪ੍ਰਕਿਰਿਆ ਦੌਰਾਨ ਲਿਬਰਲ ਪਾਰਟੀ ਭਾਰੀ ਬਹੁਮਤ ਪ੍ਰਾਪਤ ਕਰਨ ਤੋਂ ਬਾਅਦ, ਪ੍ਰਧਾਨ ਮੰਤਰੀ ਜਸਟਿਸ ਟਰੂਡੋ ਦੀ ਅਗਵਾਈ ਵਿੱਚ ਸਰਕਾਰ ਦਾ ਗਠਨ ਵਿਚ ਕਾਮਯਾਬ ਹੋ ਗਈ ਹੈ। ਫੈਡਰਲ ਲਿਬਰਲ ਪਾਰਟੀ ਦੇ ਆਗੂ ਜਸਟਿਨ ਪੈਰੀ ਜੇਮਜ ਟ੍ਰੂਡੋ ਨੂੰ ਹਾਊਸ ਆਫ਼ ਕਾਮਨਜ਼ ਵਿਚ ਬਹੁਮਤ ਮਿਲ ਗਿਆ ਹੈ, ਲਿਬਰਲ ਪਾਰਟੀ 338 ਸੀਟਾਂ ਵਾਲੇ ਹਾਊਸ ਵਿਚ 184 ਸੀਟਾਂ ਜਿੱਤ ਕੇ ਸੱਤਾ 'ਤੇ ਕਾਬਜ਼ ਹੋ ਗਈ ਹੈ । ਪਾਰਟੀ ਨੂੰ 2011 ਚੋਣਾਂ ਨਾਲੋਂ 150 ਸੀਟਾਂ ਵੱਧ ਮਿਲੀਆਂ। ਲਿਬਰਲ ਪਾਰਟੀ ਦੇ ਜਸਟਿਨ ਪੈਰੀ ਜੇਮਜ ਟਰੂਡੋ ਕੈਨੇਡਾ ਦੇ 23ਵੇਂ ਪ੍ਰਧਾਨ ਬਨਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਨਵੀਂ ਸਰਕਾਰ ਦੇ ਗਠਨ ਵਿੱਚ ਸਾਰੀਆਂ ਨਸਲਾਂ ਨੂੰ ਬਰਾਬਰ ਨੁਮਇੰਦਗੀ ਅਤੇ ਜੰਮੇਵਾਰੀ ਦੇਕੇ, ਉੱਚਕੋਟੀ ਦੇ ਪੜ੍ਹੇ ਲਿਖੇ ਯੋਗ ਮੰਤਰੀ ਮੰਡਲ ਬਨਾਉਣ ਦੇ ਪਹਿਲੇ ਕਦਮ ਵਿੱਚ ਵੀ ਪ੍ਰਧਾਨ ਮੰਤਰੀ ਟਰੂਡੋ ਨੇ ਆਮ ਲੋਕਾਂ ਵਿੱਚ ਸ਼ਲਾਘਾ ਪ੍ਰਾਪਤ ਕੀਤੀ ਹੈ। ਪਿਛਲੀ ਕੰਜਰਵੇਟਿਵ ਸਰਕਾਰ ਦੀਆਂ ਬਹੁਤ ਸਾਰੇ ਵਿਵਾਦਪੂਰਨ ਫੈਸਲਿਆਂ ਕਾਰਨ, ਲੋਕਾਂ ਵਿੱਚ ਹਾਰਪਰ ਦੀ ਸਰਕਾਰ ਪ੍ਰਤੀ ਰੋਹ ਦੀ ਭਾਵਨਾ ਸੀ ਜਿਸ ਕਰਕੇ ਨਵੀਂ ਲਿਬਰਲ ਪਾਰਟੀ ਨੂੰ ਹੁਣ ਇਹ ਮੌਕਾ ਪ੍ਰਾਪਤ ਹੋਇਆ ਹੈ । ਲਿਬਰਲ ਪਾਰਟੀ ਨੇ ਚੋਣਾਂ ਵੇਲੇ ਬਹੁਤ ਸਾਰੇ ਵਾਅਦੇ ਕੀਤੇ ਸਨ ਤਾਂਕਿ ਉਹ ਆਪ ਨੂੰ ਦੇਸ ਦੇ ਭਵਿੱਖ ਲਈ ਸਹੀ ਸਾਬਤ ਕਰ ਸਕੇ ਜਿਸਦਾ ਨਤੀਜਾ ਇਹ ਬਹੁਮਤ ਹੈ। ਜਿੰਨੀ ਵੋਟ ਸੰਖਿਆ ਅਤੇ ਬਹੁਮਤ ਲਿਬਰਲ ਪਾਰਟੀ ਨੂੰ ਪ੍ਰਾਪਤ ਹੋਈ ਹੈ ਉਨ੍ਹੀਆਂ ਹੀ ਆਮ ਲੋਕਾਂ ਦੀਆਂ ਆਸਾਂ ਜਿਆਦਾ ਹੋਣ ਕਰਕੇ, ਸਰਕਾਰ ਲਈ ਜੰਮੇਵਾਰੀਆਂ ਵੀ ਜਿਆਦਾ ਹਨ। ਲਿਬਰਲ ਪਾਰਟੀ ਦੀ ਇਸ ਬਹੁਮਤ ਲੋਕ ਰਾਇ ਵਿੱਚ ਕੈਨੇਡੀਅਨ ਸਮਾਜ ਦੀਆਂ ਸਾਰੇ ਵਰਗਾਂ ਦਾ ਯੋਗਦਾਨ ਸਾਮਿਲ ਹੈ ਜਿਸ ਵਿਚ ਬਹੁਗਿਣਤ ਵੋਟਰ ਮੱਧਵਰਗ ਮਿਹਨਤਕਸ਼ ਵਰਗ ਨਾਲ ਸਬੰਧਤ ਹਨ। ਲਿਬਰਲ ਸਰਕਾਰ ਲਈ ਇਹ ਗੱਲ ਭਵਿੱਖ ਵਿੱਚ ਬਹੁਤ ਪਰਖ ਵਾਲੀ ਹੋਵੇਗੀ ਕਿ ਉਹ ਬਹੁਗਿਣਤੀ ਮਿਹਨਤਕਸ਼ ਵਰਗ ਦੀਆਂ ਜੀਵਨ ਹਾਲਤਾਂ ਨੂੰ ਸੌਖਾ ਕਰਨ ਲਈ ਕੰਮ ਕਰੇਗੀ ਜਾਂ ਇਸ ਦੇ ਉਲਟ ਕੈਨੇਡਾ ਦੇ ਵੱਡੇ ਕਾਰਪੋਰੇਟ ਸਰਮਾਏਦਾਰ ਵਰਗ ਨੂੰ ਵੱਡੇ ਮੁਨਾਫ਼ਿਆਂ ਨੂੰ ਸੁਰੱਖਿਅਤ ਕਰਨ ਦੀ ਵਿਉਂਤਬੰਦੀ ਕਰੇਗੀ।

ਇਸ ਸਮੇਂ ਕੈਨੇਡਾ ਦੀਆਂ ਵੱਡੀਆਂ ਕਾਰਪੋਰੇਟ ਪੂੰਜੀਪਤੀ ਕੰਪਨੀਆਂ, ਸੰਸਾਰ ਸਰਮਾਏਦਾਰ ਪ੍ਰਬੰਧ ਦਾ ਹਿੱਸਾ ਬਣਕੇ, ਉਸੇ ਦੀ ਵਿਉਂਤਬੰਦੀ ਅਨੁਸਾਰ, ਸੰਸਾਰ ਆਰਥਿਕ ਮੰਦਵਾੜੇ ਨਾਲ ਨਜਿੱਠਣ ਦੀ ਕੋਸ਼ਿਸ਼ ਵਿਚ ਹਨ । ਜਿਸ ਦੀ ਯੋਜਨਾ ਦਾ ਹਿੱਸਾ, ਕਿਰਤ ਉਜਰਤ ਨੂੰ ਘਟਾਉਣਾ, ਮਿਹਨਤਕਸ਼ ਆਮ ਵਸੋਂ ਦੇ ਜੀਵਨ ਪੱਧਰ ਦੀ ਕਟੌਤੀ ਕਰਨਾ, ਸਾਮਰਾਜੀ ਜੰਗਾਂ ਨੂੰ ਫੈਲਾਉਣ ਅਤੇ ਲੋਕਾਂ ਦੇ ਉਪਰ ਟੈਕਸਾਂ ਦਾ ਬੋਝ ਵਧਾਉਣਾ ਸ਼ਾਮਿਲ ਹੈ। ਇਹ ਸਭਕੁਝ ਉਹ ਦੇਸ਼ਾਂ ਦੀਆਂ ਸਰਕਾਰਾਂ ਉਪੱਰ ਦਬਾਉ ਰਖਕੇ ਲਾਗੂ ਕਰਵਾਉਂਦੇ ਹਨ, ਜਿਸਦਾ ਨਤੀਜਾ ਸਰਕਾਰਾਂ ਵੱਲੋਂ ਸਰਮਾਏਦਾਰੀ ਕੰਪਨੀਆਂ ਦੇ ਅਥਾਹ ਮੁਨਾਫੇ, ਟੈਕਸ ਛੋਟਾਂ, ਸਰਕਾਰੀ ਬਜਟ ਗਰਾਂਟਾਂ ਆਦਿ ਦੇ ਰੂਪ ਵਿੱਚ ਨਿਕਲਦਾ ਹੈ ਅਤੇ ਸਰਕਾਰ ਦੇ ਇਸ ਘਾਟੇ ਨੂੰ ਆਮ ਬਹੁਗਿਣਤੀ ਵੱਸੋਂ ਦੀ ਜੇਬ ਵਿੱਚੋਂ ਟੈਕਸ ਉਗਰਾਹੀ ਵਧਾਕੇ, ਸਮਾਜ ਦੇ ਕਮਜੋਰ ਵਰਗਾਂ ਦੀਆਂ ਭਲਾਈ ਸਕੀਮਾਂ ਵਿੱਚ ਕਟੋਤੀਆਂ ਨਾਲ ਪੂਰਾ ਕਰਦੀ ਹੈ । ਹੁਣ ਤੱਕ ਤਾਂ, ਪਿਛਲੀ ਕੈਨੇਡਾ ਸਰਕਾਰਾਂ ਵਲੋਂ ਵਿਵਾਦਪੂਰਨ ਲੋਕ ਵਿਰੋਧੀ ਨੀਤੀਆਂ ਘੜ੍ਹਨ ਵੇਲੇ ਦੇਸ਼ ਦੀ ਅਰਥਵਿਵਸਥਾ ਦੀ ਮਾੜੀ ਹਾਲਤ, ਸੰਸਾਰ ਜਮਹੂਰੀਅਤ ਨੂੰ ਖ਼ਤਰਾ, ਵਾਤਾਵਰਣ ਨੂੰ ਖ਼ਤਰਾ ਵਰਗੇ ਬਹਾਨੇ ਦੀ ਦੁਹਾਈ ਪਾਂਉਦੇ ਰਹੇ ਹਨ। ਇਨ੍ਹਾਂ ਭੁਲੇਖਾ ਪਾਉ ਪ੍ਰਚਾਰ ਵੇਲੇ, ਹਮੇਸਾ ਹੀ ਲਿਬਰਲ ਪਾਰਟੀ ਨੇ ਆਪਣੀ ਵੱਖਰੀ ਰਾਇ ਹੋਣ ਦਾ ਦਾਅਵਾ ਕੀਤਾ ਸੀ । ਚਾਹੇ ਕੈਨੇਡਾ ਦੀ ਲਿਬਰਲ ਪਾਰਟੀ ਆਮ ਮਿਹਨਤਕਸ਼ ਮੱਧਵਰਗ ਦੀਆਂ ਸਹੂਲਤਾਂ ਦੀ ਰਾਖੀ ਲਈ ਬਹੁ ਚਰਚਿਤ ਰਹੀ ਹੈ ਪਰ ਕੀ ਨਿਕਟ ਭਵਿੱਖ ਵਿੱਚ ਵੀ ਇਹ ਪਾਰਟੀ ਮਿਹਨਤਕਸ਼ ਜਮਾਤ ਦੇ ਹਿੱਤਾਂ ਦੀ ਰਾਖੀ ਲਈ, ਕੈਨੇਡਾ ਦੀ ਆਰਥਿਕ ਵਿਉਂਤਬੰਦੀ ਕਰ ਸਕਦੀ ਹੈ? ਹੁਣ ਸਰਕਾਰ ਦੀ ਅਗਵਾਈ ਹੱਥ ਆਉਣ ਤੋਂ ਬਾਅਦ ਹੀ ਅਸੀਂ ਲਿਬਰਲ ਪਾਰਟੀ ਦੀ ਭਵਿੱਖ ਦੀ ਰਣਨੀਤੀ ਤੋਂ ਇਸ ਦਾ ਅੰਦਾਜ਼ਾ ਲਾ ਸਕਦੇ ਹਾਂ, ਕਿ ਹਕੀਕੀ ਰੂਪ ਵਿੱਚ ਇਹ, ਸੰਸਾਰ ਸਰਮਾਏਦਾਰੀ ਅਰਥਚਾਰੇ ਦੀ ਵਿਉਂਤਬੰਦੀ ਦੇ ਦਬਾਅ ਤੋਂ ਮੁਕਤ, ਪੂੰਜੀ ਦੀ ਅਰਥਵਿਵਸਥਾ ਨਾਲ ਜਾਇਜ ਤਾਲਮੇਲ ਰੱਖਕੇ, ਬਹੁਗਿਣਤੀ ਮਿਹਨਤਕਸ ਜਮਾਤ ਲਈ ਕੰਮ ਕਰਦੀ ਹੈ ਜਾਂ ਨਹੀਂ ।

ਜਸਟਿਨ ਟਰੂਡੋ ਵਲੋਂ ਨਵੀਂ ਸਰਕਾਰ ਦਾ ਗਠਨ ਹੁੰਦੇ ਸਾਰ ਹੀ ਕਾਰਪੋਰੇਟ ਜਗਤ ਦੀਆਂ ਕੰਪਨੀਆਂ ਦੇ ਸੀ. ਈ. ਓ. ਕੈਨੇਡੀਅਨ ਕੌਂਸਲ ਵਲੋਂ ਸਰਕਾਰ ਦੇ ਵਿਚ ਖੁੱਲ੍ਹੀ ਚਿੱਠੀ ਲਿਖ ਕੇ ਆਪਣੇ ਹਿੱਤਾਂ ਦੀ ਰਾਖੀ ਅਤੇ ਮੁਨਾਫ਼ੇ ਦੇ ਵਾਧੇ ਲਈ ਆਰਥਿਕ ਯੋਜਨਾਵਾਂ ਦੀ ਮੰਗ ਕੀਤੀ ਹੈ। ਅਜਾਰੇਦਾਰੀ ਪੂੰਜੀ ਹਮੇਸ਼ਾ ਆਪਣੇ ਅਤੇ ਦੇਸ਼ ਦੇ ਵਿੱਤੀ ਘਾਟਿਆਂ ਦੀ ਦੁਹਾਈ ਪਾਕੇ ਸਿਹਤ, ਸਿੱਖਿਆ ਅਤੇ ਸਮਾਜ ਭਲਾਈ ਦੀਆਂ ਲੋਕ ਵਿਰੋਧੀ ਕਟੌਤੀਆਂ ਦੇ ਹੀ ਪੱਖ ਵਿੱਚ ਦਲੀਲ ਰੱਖ ਰਹੀ ਹੈ । ਦੇਸ਼ ਦੀ ਆਰਥਿਕ ਵਿਵਸਥਾ ਅਤੇ ਫੈਡਰਲ ਕਰਜ਼ੇ ਦੇ ਬਹਾਨੇ, ਅਜਾਰੇਦਾਰੀ ਸਰਮਾਏਦਾਰੀ ਦੇ ਮੁਨਾਫ਼ਿਆਂ ਦੀ ਕਟੌਤੀ ਅਤੇ ਉਨ੍ਹਾਂ ਉਪੱਰ ਟੈਕਸ ਵਾਧਾ ਕਰਨ ਦਾ ਵਿਰੋਧ ਕਰਕੇ, ਲੋਕਾਂ ਦੀਆਂ ਜੀਵਨ ਹਾਲਤ ਅਤੇ ਵਾਤਾਵਰਣ ਦੀ ਬਲੀ ਦੇਣ ਦੀਆਂ ਤਜ਼ਵੀਜ਼ਾਂ ਹੀ ਰੱਖਦੀਆਂ ਹਨ। ਆਪਣੇ ਸਰਮਾਏ ਦੇ ਵਾਧੇ ਲਈ ਇਹ ਲਗਾਤਾਰ ਨਿੱਜੀਕਰਨ ਦਾ ਰਾਹ ਪੱਧਰਾ ਕਰਨ ਦਾ ਦਬਾਅ ਰੱਖਦੀਆਂ ਹਨ ਅਤੇ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ ਦੇ ਨਾਮ ਹੇਠ ਸਰਕਾਰੀ ਖੇਤਰ ਵਿਚ ਨਿੱਜੀਕਰਨ ਦਾ ਘੇਰਾ ਵਧਾਉਣ ਦੀ ਯੋਜਨਾ ਰੱਖਦੀਆਂ ਹਨ। ਪਰ ਹੈਰਾਨੀ ਵਾਲੀ ਗੱਲ ਹੈ, ਪਿਛੇ ਜਿਹੇ ਹੀ ਜਸਟਿਸ ਟਰੂਡੋ ਨੇ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ ਦੀ ਸਲਾਨਾ ਕੈਨੇਡੀਅਨ ਕਾਨਫਰੰਸ ਵਿਚ ਆਪਣੇ ਆਪ ਨੂੰ ਇਸ ਪ੍ਰੋਜੈਕਟ ਦੇ ਮਜਬੂਤ ਹਮਾਇਤੀ ਹੋਣ ਦਾ ਐਲਾਨ ਕੀਤਾ ਸੀ। ਇਸ ਦਾ ਮਤਲਬ ਕਿ ਖਦ ਭਵਿੱਖ ਦੀ ਲਿਬਰਲ ਸਰਕਾਰ ਨਿੱਜੀਕਰਨ ਦੀ ਹਮਾਇਤ ਕਰਦਿਆਂ ਨਿੱਜੀ ਸਰਮਾਏਦਾਰੀ ਦੇ ਮੁਨਾਫ਼ੇ ਦੇ ਵਾਧੇ ਅਤੇ ਫੈਲਾਅ ਲਈ ਕੰਮ ਕਰੇਗੀ, ਨਾ ਕਿ ਇਨ੍ਹਾਂ ਵੱਡੇ ਪੂੰਜੀਪਤੀ ਵਰਗ ਦੇ ਅਥਾਹ ਮੁਨਾਫੇ ਦੀ ਕਟੌਤੀ ਅਤੇ ਇਨ੍ਹਾਂ ਦੇ ਟੈਕਸਾਂ ਨਾਲ, ਆਮ ਲੋਕਾਂ ਦੀਆਂ ਜੀਵਨ ਹਾਲਤਾਂ ਅਤੇ ਟੈਕਸ ਰਾਹਤ ਦੇਵੇਗੀ। ਸਟੀਫ਼ਨ ਹਾਰਪਰ ਦੀ ਪਿਛਲੀ ਸਰਕਾਰ ਔਰਤ ਵਿਰੋਧੀ, ਪਰਵਾਸੀ ਵਿਰੋਧੀ ਕਰਕੇ ਬਦਨਾਮ ਰਹੀ ਹੈ ਅਤੇ ਟਰੂਡੋ ਦੀ ਲਿਬਰਲ ਪਾਰਟੀ ਪ੍ਰਸ਼ੰਸਾ ਪ੍ਰਾਪਤ ਕਰਨ ਵਿੱਚ ਕਾਮਯਾਬ ਹੋਈ ਹੈ ਕਿ ਇਸ ਨੇ ਆਪਣੀ ਕੈਬਨਿਟ ਵਿਚ ਔਰਤਾਂ ਅਤੇ ਸਾਰੀਆਂ ਨਸਲਾਂ ਨੂੰ ਮਾਨਤਾ ਦਿੱਤੀ ਹੈ। ਪਰ ਵੱਡੇ ਪੂੰਜੀਪਤੀ ਵਰਗ ਨੂੰ ਖੁਸ਼ ਕਰਨ ਅਤੇ ਆਰਥਿਕ ਮੰਦਵਾੜੇ ਦਾ ਇਲਾਜ ਕਰਨ ਦੀ ਲਈ ਸਮਾਜ ਭਲਾਈ ਬਜਟ ਕਟੌਤੀਆਂ ਦੀ ਯੋਜਨਾ ਦਾ ਸਿੱਧਾ ਮਾੜ੍ਹਾ ਅਸਰ ਮਿਹਨਤਕਸ਼ ਵਰਗ 'ਤੇ ਹੀ ਪਵੇਗਾ। ਇਸ ਗੱਲ ਦਾ ਖਦਸ਼ਾ ਹੈ, ਸਰਕਾਰ ਦੇ ਉੱਚ ਸਰਮਾਏਦਾਰੀ ਦੀ ਵਿਉਂਤ ਵਿਚ ਸ਼ਾਮਲ ਹੋਣ ਦਾ ਨਤੀਜੇ ਵੱਜੋਂ ਮਿਹਨਕਸ਼ ਬਹੁਗਿਣਤੀ ਵਸੋਂ ਦੇ ਕਮਜ਼ੋਰ ਹਿੱਸੇ ਇਸ ਦੀ ਵੱਧ ਮਾਰ ਝੱਲਣਗੇ ਜਿਸ ਵਿਚ ਔਰਤਾਂ, ਨਵੇਂ ਪਰਵਾਸੀ ਅਤੇ ਨਸਲੀ ਰੰਗ ਭੇਦ ਦਾ ਸ਼ਿਕਾਰ ਵਰਗ ਅਤੇ ਕੈਨੇਡੀਅਨ ਮੂਲ ਨਿਵਾਸੀ, ਨੌਜਵਾਨ ਅਤੇ ਵਿਦਿਆਰਥੀ ਹੋਣਗੇ।

ਜਿਥੋਂ ਤੱਕ ਵੱਡੀ ਸਰਮਾਏਦਾਰੀ ਦੇ ਮੁਨਾਫਿਆਂ ਦੇ ਪਸਾਰ ਲਈ ਆਜ਼ਾਦ ਵਿਉਪਾਰ ਦੀ ਗੱਲ ਹੈ, ਲਿਬਰਲ ਪਾਰਟੀ ਦਾ ਇਤਿਹਾਸ ਇਸ ਮਸਲੇ ਲਈ ਗਵਾਹ ਹੈ ਕਿ 1993 ਵਿਚ ਕੰਜਰਵੇਟਿਵ ਪਾਰਟੀ ਦੀ ਮੱਠਾ ਹਥਿਆਉਣ ਲਈ ਲਿਬਰਲ ਪਾਰਟੀ ਨੇ ਚੋਣਾਂ ਵਿਚ 'ਨਾਰਥ ਅਮਰੀਕਨ ਫਰੀ ਟਰੇਡ ਐਗਰੀਮੈਂਟ' ਖ਼ਤਮ ਕਰਨ ਦਾ ਵਾਅਦਾ ਕੀਤਾ ਸੀ ਪਰ ਸਰਕਾਰ ਬਣਨ 'ਤੇ ਵਿਸ਼ਵ ਸਰਮਾਏਦਾਰੀ ਲਈ ਹੋਰ ਵੀ ਨੀਤੀਆਂ ਲਾਗੂ ਕਰ ਦਿੱਤੀਆਂ ਸਨ। ਹੁਣ ਵੀ ਲਿਬਰਲਾਂ ਨੇ ਕਿਹਾ ਹੈ ਕਿ ਉਹ ਟਰਾਂਸ-ਪੈਸੇਫਿਕ ਪਾਰਟਨਸ਼ਿਪ ਦੇ ਹੱਕ ਵਿਚ ਹਨ ਅਤੇ ਹਾਰਪਰ ਕੰਜਰਵੇਟਿਵ ਵਲੋਂ ਫਾਸੀਵਾਦ ਕੋਲੰਬੀਆ ਨਾਲ ਖੁੱਲ੍ਹੇ ਵਪਾਰ ਦੀ ਸੰਧੀ ਨੂੰ ਲਾਗੂ ਕਰਨ ਵਿਚ ਹਾਂਪੱਖੀ ਵੋਟ ਪਾਈ ਹੈ।

ਨਵੇਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਚਾਹੇ ਜਿੱਤਣ ਤੋਂ ਝੱਟ ਬਾਅਦ ਹੀ ਇਰਾਕ ਅਤੇ ਸੀਰੀਆ ਤੇ ਗੈਰ ਕਾਨੂੰਨੀ ਬੰਬਾਰੀ ਬੰਦ ਕਰਨ ਕਰਕੇ, ਕੈਨੇਡਾ ਦੀਆਂ ਸਾਮਰਾਜੀ ਜੰਗਾਂ ਵਿਚ ਸ਼ਮੂਲੀਅਤ ਤੋਂ ਪਿਛੇ ਹਟਣ ਦਾ ਐਲਾਨ ਕੀਤਾ ਹੈ, ਪਰ ਇਹ ਵੀ ਦੱਸਿਆ ਹੈ ਕਿ ਮਿਲਟਰੀ ਟ੍ਰੇਨਿੰਗ ਜਾਰੀ ਰਹੇਗੀ। ਇਸ ਦਾ ਅਰਥ ਹੈ ਕਿ ਚਾਹੇ ਸਿੱਧੇ ਰੂਪ ਵਿਚ ਜੰਗ ਵਿਚ ਸ਼ਮੂਲੀਅਤ ਬੰਦ ਕੀਤੀ ਜਾਵੇਗੀ ਪਰ ਅਮਰੀਕਾ ਅਤੇ ਨਾਟੋ ਦੀ ਅੱਤਵਾਦ ਨੂੰ ਖ਼ਤਮ ਕਰਨ ਦੇ ਨਾਮ ਹੇਠ ਚੱਲ ਰਹੀ ਹੈ ਪੰਦਰਾਂ ਸਾਲ ਪੁਰਾਣੀ ਲੜਾਈ ਦਾ ਹਿੱਸਾ ਬਣਕੇ ਦੂਸਰੇ ਦੇਸ਼ਾਂ 'ਤੇ ਚੜ੍ਹਾਈ ਵਿੱਚ ਯੋਗਦਾਨ ਪਾਉਂਦੇ ਰਹਿਣ ਤੋਂ ਕੈਨੇਡਾ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ, ਅਤੇ ਇਹ ਉਹੀ ਜੰਗ ਹੈ ਜਿਹੜੀ ਹੁਣ ਤੱਕ ਇਕ ਤੋਂ ਦੋ ਮਿਲੀਅਨ ਇਨਸਾਨਾਂ ਦੀ ਮੌਤਾਂ ਦਾ ਕਾਰਨ ਬਣ ਚੁੱਕੀ ਹੈ। ਲਿਬਰਲ ਪਾਰਟੀ ਨੇ ਕਿਹਾ ਹੈ ਕਿ ਉਹ ਐਫ-35 ਜੈਟ ਜੰਗੀ ਜਹਾਜ਼ਾਂ ਨੂੰ ਖਰੀਦਣ ਦਾ ਫੈਸਲਾ ਵਾਪਸ ਲੈਣਗੇ ਅਤੇ ਇਸ ਤੋਂ ਬਚਾਇਆ ਗਿਆ ਬਜਟ, ਸਮੁੰਦਰੀ ਫੌਜ ਲਈ ਨਵਾਂ ਹਾਰਡਵੇਅਰ ਖਰੀਦਣ ਤੇ ਖਰਚ ਕੀਤਾ ਜਾਵੇਗਾ। ਇਸ ਦਾ ਮਤਲਬ "ਜੈਟ ਜਹਾਜ ਨਹੀਂ, ਸਗੋਂ ਘਰ" ਦੇ ਲੋਕਪੱਖੀ ਨਾਅਰੇ ਦੀ ਬਜਾਏ ਲਿਬਰਲ ਪਾਰਟੀ ਸਰਕਾਰ "ਜੰਗੀ ਜੈਟ ਨਹੀਂ, ਜੰਗੀ ਬੇੜੀਆਂ' ਦਾ ਨਾਅਰਾ ਲਾਗੂ ਕਰ ਰਹੀ ਹੈ। ਇਸੇ ਤਰ੍ਹਾਂ ਲਿਬਰਲ ਪਾਰਟੀ ਨਵੇਂ ਪਰਵਾਸੀਆਂ ਲਈ ਨਰਮਦਿਲੀ ਲਈ ਕਾਫ਼ੀ ਮਸ਼ਹੂਰ ਹੈ ਪਰ ਇਹ ਵੀ ਗੱਲ ਭੁਲਾਉਣ ਵਾਲੀ ਨਹੀਂ ਕਿ ਪਿਛਲੀ ਲਿਬਰਲ ਸਰਕਾਰ ਨੇ ਹੀ "ਟੈਰਪਰੇਰੀ ਫਾਰਨ ਵਰਕਰ ਪ੍ਰੋਗਰਾਮ" ਬਣਾਇਆ ਸੀ ਜਿਸ ਨੂੰ ਇਨ੍ਹਾਂ ਤੋਂ ਬਾਅਦ ਟੋਰੀ ਸਰਕਾਰ ਨੇ ਇਸ ਨੂੰ ਹੋਰ ਮਜ਼ਬੂਤ ਕਰਕੇ ਕੈਨੇਡੀਅਨ ਬਾਰਡਰ ਏਜੰਸੀ ਬਣਾਈ ਜਿਸ ਰਾਹੀਂ ਇਕ ਲੱਖ ਲੋਕਾਂ ਨੂੰ ਇਸ ਦੇਸ਼ ਤੋਂ ਡਿਪੋਰਟ ਕਰਕੇ ਕੱਢਿਆ। ਪਿਛਲੀ ਕੰਜਰਵੇਟਿਵ ਸਰਕਾਰ ਲੋਕ ਵਿਰੋਧੀ ਜਮਹੂਰੀਅਤ ਵਿਰੋਧੀ ਅਤੇ ਨਸਲ ਵਿਰੋਧੀ ਟਿੱਪਣੀਆਂ ਅਤੇ ਨੀਤੀਆਂ ਕਰਕੇ ਬਦਨਾਮ ਹੋਈ ਅਤੇ ਲੋਕਾਂ ਵਿਚ ਅਸੁਰੱਖਿਆ ਦੀ ਭਾਵਨਾ ਪੈਦਾ ਹੋ ਗਈ ਜਿਸ ਦੇ ਬਦਲ ਲਈ ਲੋਕਾਂ ਨੇ ਜਿਨ੍ਹਾਂ ਨੂੰ ਲਿਬਰਲ ਪਾਰਟੀ ਨੂੰ ਚੁਣਿਆ ਹੈ।

ਯਾਦ ਰਹੇ ਕਿ ਲਿਬਰਲ ਪਾਰਟੀ ਨੇ ਆਪਣੇ ਮੈਨੀਫੈਸਟੋ ਅਰਥਾਤ ਚੋਣ ਮਨੋਰਥ ਪੱਤਰ ਵਿਚ ਆਮ ਮੱਧਵਰਗ ਲੋਕਾਂ ਦੇ ਹਿੱਤਾਂ ਦੀ ਨੁਮਾਇੰਦਗੀ ਕਰਦੇ ਹੋਏ ਬਹੁਤ ਸਾਰੇ ਵਾਅਦੇ ਕੀਤੇ ਸਨ । ਜਿਸ ਵਿੱਚ ਰੋਜਗਾਰ ਗਾਰੰਟੀ ਲਈ ਵਾਅਦਾ ਵੀ ਸੀ ਕਿ ਲਿਬਰਲ ਪਾਰਟੀ ਨੌਜਵਾਨਾਂ ਲਈ ਰੋਜਗਾਰ ਪੈਦਾ ਕਰਨ ਲਈ $300 ਮਿਲੀਅਨ ਖਰਚੇਗੀ ਜਿਸ ਵਿਚ 12 ਮਹੀਨਿਆਂ ਦੀ ਬੀਮੇ ਦੀ ਕਿਸ਼ਤ ਜਿਸ ਤੋਂ ਕੈਨੇਡੀਅਨ ਲੋਕਾਂ ਨੂੰ ਰੋਜਗਾਰ ਦੇ ਲਈ ਕੰਪਨੀਆਂ ਉਤਸ਼ਾਹਿਤ ਹੋਣਗੀਆਂ। ਪ੍ਰਾਂਤਾਂ ਤੇ ਇਲਾਕਿਆਂ ਨੂੰ ਕਾਮਿਆਂ ਦੀ ਸਿਖਲਾਈ ਲਈ $500 ਮਿਲੀਅਨ ਸਲਾਨਾ ਖਰਚਿਆ ਜਾਵੇਗਾ।

ਲਿਬਰਲ ਪਾਰਟੀ ਦਾ ਇਹ ਵੀ ਵਾਅਦਾ ਹੈ ਕਿ ਆਮ ਲੋਕਾਂ ਦੀ ਰਾਹਤ ਲਈ ਆਮਦਨ ਟੈਕਸ ਸਲੈਬ ਚ ਤਬਦੀਲੀ ਕਰਕੇ $200 000 ਤੋਂ ਵੱਧ ਆਮਦਨੀ ਲਈ 33%; $44701 ਤੋਂ $8941 ਤੱਕ ਆਮਦਨੀ ਲਈ 20.5% (ਪਹਿਲਾਂ ਇਹ ਟੈਕਸ 22% ਹੈ) ਬਣਾਈ ਜਾਵੇਗੀ। ਇਹ ਪਾਰਟੀ ਕੈਨੇਡਾ ਆਧਾਰ-ਢਾਂਚਾ ਬੈਂਕ ਖੜ੍ਹਾ ਕਰੇਗੀ ਜੋ ਪ੍ਰਾਂਤਾਂ, ਇਲਾਕੇ ਅਤੇ ਮਿਊਂਸਪੈਲਟੀਆਂ ਸੌਖੇ ਤਰੀਕੇ ਨਾਲ ਕਰਜਾ ਲੈ ਕੇ ਤਰੱਕੀ ਕਰ ਸਕਣ। ਨਵੀਆਂ ਸੜਕਾਂ, ਪੁਲ (ਟਰਾਂਜਿਟ) ਦੇ ਲਈ $60 ਬਿਲੀਅਨ ਤਿੰਨਾਂ ਸਾਲਾਂ ਵਿਚ ਖਰਚ ਕਰਨਗੇ ਪਬਲਿਕ ਟਰਾਂਜਿਟ ਤੇ $20 ਬਿਲੀਅਨ ਖਰਚ ਕਰਨਗੇ। ਲਿਬਰਲ ਪਾਰਟੀ ਕੈਨੇਡਾ, ਯੂਨੀਵਰਸਿਟੀ ਚਾਲਿਡ ਬੈਨੀਫਿਟ ਲਈ $2,500 ਸਲਾਨਾ ਚਾਰ ਮੈਂਬਰ ਪਰਿਵਾਰ ਲਈ ਪ੍ਰਬੰਧ ਕਰਨ ਦੀ ਵਚਨਬੱਧ ਹੈ। ਸੀਨੀਅਰਜ਼ ਨੂੰ ਕੀਮਤ ਸੂਚਕ ਅੰਕ ਨਾਲ ਮੁਕਾਬਲਾ ਕਰਕੇ ਚੀਜ਼ ਖਰੀਦਣ ਦੀ ਸਹੂਲਤ ਦਿੱਤੀ ਜਾਵੇਗੀ ਤੇ ਨਾਲ ਹੀ ਉਨ੍ਹਾਂ ਦਾ ਵੱਖਰਾ ਸੀਨੀਅਰ ਕੀਮਤ ਸੂਚਕ ਅੰਕ ਸਥਾਪਤ ਕੀਤਾ ਜਾਵੇਗਾ ਤਾਂ ਕਿ ਵਧਦੀਆਂ ਕੀਮਤਾਂ ਵਿਚ ਉਨ੍ਹਾਂ ਦਾ ਫਾਇਦਾ ਮਿਲ ਸਕੇ। ਸਸਤੀਆਂ ਦਵਾਈਆਂ ਖ੍ਰੀਦਣ ਲਈ ਪ੍ਰਾਂਤਾਂ ਅਤੇ ਇਲਾਕਾਈ ਸਰਕਾਰਾਂ ਦੀ ਸਹਾਇਤਾ ਕੀਤੀ ਜਾਵੇਗੀ। ਅਗਲੇ ਚਾਰ ਸਾਲ ਲਈ ਸਿਹਤ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ $3 ਬਿਲੀਅਨ ਖਰਚਿਆ ਜਾਵੇਗਾ। ਇਹ ਹੋਮ ਕੇਅਰ ਮਰੀਜ਼ਾਂ ਨੂੰ ਸਹੂਲਤਾਂ ਦੇਣ 'ਤੇ ਲਗੇਗਾ। ਗੰਭੀਰ ਬਿਮਾਰੀ ਵਾਲੇ ਮਰੀਜ਼ਾਂ ਦੇ ਲਈ $190 ਮਿਲੀਅਨ ਖਰਚਿਆ ਜਾਵੇਗਾ।

ਲਿਬਰਲ ਪਾਰਟੀ ਨੇ ਇਹ ਵੀ ਮੰਨਿਆ ਹੈ ਕਿ ਕੈਨੇਡਾ ਦੀ ਉਸਾਰੀ 'ਤੇ ਤਰੱਕੀ ਪਰਵਾਸੀ ਇਮੀਗਰੇਟਸ ਦੁਆਰਾ ਕੀਤੀ ਗਈ ਹੈ, ਇਸ ਲਈ ਉਨ੍ਹਾਂ ਦੁਆਰਾ ਇਸ ਦੇਸ਼ ਦੀ ਆਰਥਿਕ ਕਾਮਯਾਬੀ ਹੋਈ ਹੈ ਅਤੇ ਹੁਣ ਵੀ ਇਨ੍ਹਾਂ 'ਤੇ ਹੀ ਨਿਰਭਰ ਕਰਦੀ ਹੈ। ਇਸ ਪਰਵਾਸੀਆਂ ਲਈ ਵੱਧ ਤੋਂ ਵੱਧ ਸੁੱਖ ਅਤੇ ਕੰਮ ਦੇ ਮੌਕੇ ਪੈਦਾ ਕੀਤੇ ਜਾਣਗੇ। ਪਰਵਾਸੀਆਂ ਵਾਸਤੇ ਕਾਨੂੰਨ ਸੀ-21 ਤੇ ਸੀ-51 ਦੀ ਵਿਰੋਧੀ ਅਤੇ ਅਫ਼ਸਰਸ਼ਾਹੀ ਦੀ ਆਪਹੁਦੀਆਂ ਇਮੀਗਰੇਸ਼ਨ ਸੀ-50 ਦੀਆਂ ਧਰਾਵਾਂ ਵੀ ਖਤਮ ਕੀਤੀਆਂ ਜਾਣਗੀਆਂ, ਜਿਹੜੀਆਂ ਪਰਵਾਸੀਆਂ ਨੂੰ ਉਨ੍ਹਾਂ ਦੀ ਕਾਨੂੰਨੀ ਹੱਦ ਤੋਂ ਵਾਂਝਾ ਕਰਦੀਆਂ ਹਨ ਉਨ੍ਹਾਂ ਸੋਧ ਕੀਤਾ ਜਾਵੇਗਾ ਜੇ ਲੋੜ ਪਈ ਇਹ ਕਾਨੂੰਨ ਰੱਦ ਕਰਨ ਦਾ ਲਿਬਰਲ ਪਾਰਟੀ ਵਾਅਦਾ ਕਰਦੀ ਹੈ। ਵਾਅਦੇ ਮੁਤਬਿਕ, ਪਰੀਵਾਰ (ਫੈਮਿਲੀ) ਕਲਾਸ ਇਮੀਗ੍ਰੇਸ਼ਨ ਵਾਸਤੇ ਕੇਸਾਂ ਦੀ ਪ੍ਰਕਿਰੀਆ ਵਾਸਤੇ ਬਜਟ ਨੂੰ ਦੁਗਣਾ ਕਰਨਗੇ ਤਾਂ ਕਿ ਇੰਤਜਾਰ ਸਮਾਂ ਘਟਾਉਣ ਲਈ ਮਦਦ ਮਿਲ ਸਕੇ, ਐਕਸਪ੍ਰੈਸ ਸਿਸਟਮ ਐਂਟਰੀ ਤਹਿਤ ਉਨ੍ਹਾਂ ਲੋਕਾਂ ਨੂੰ ਵਾਧੂ ਨੰਬਰ ਦਿੱਤੇ ਜਾਣਗੇ, ਜਿਨ੍ਹਾਂ ਦੇ ਭੈਣ ਭਰਾ ਪਹਿਲਾਂ ਹੀ ਕੈਨੇਡੀਅਨ ਬਣ ਚੁੱਕੇ ਹਨ। ਸਿਟੀਜਨ ਬਣਨ ਲਈ ਬਣੇ ਹੋਏ ਗੁੰਝਲਦਾਰ ਪ੍ਰਕਿਰੀਆ ਨੂੰ ਸਰਲ ਅਤੇ ਸੌਖਾ ਬਣਾਇਆ ਜਾਵੇਗਾ। ਪਹਿਲਾਂ ਨਾਲੋਂ ਦੁਗਣਾ ਕੀਤੇ ਸਮੇਂ ਨੂੰ ਠੀਕ ਕੀਤਾ ਜਾਵੇਗਾ। ਪਰਵਾਸੀਆਂ ਨੂੰ ਬੁਢਾਪਾ ਸਹੂਲਤ ਦੀ ਉਮਰ ਪਹਿਲਾਂ ਵਾਲੀ 65 ਸਾਲ, ਕੈਨੈਡਾ ਵਿਚ ਠਹਿਰਣ ਦਾ ਸਮਾਂ 10 ਸਾਲ ਹੀ ਰੱਖਿਆ ਜਾਵੇਗਾ।

ਇਹ ਵੀ ਠੀਕ ਹੈ ਕਿ ਲਿਬਰਲ ਪਾਰਟੀ ਨੂੰ ਜਿਆਦਾ ਸੁਹਿਰਦ ਲੋਕਪੱਖੀ ਹੋਣ ਦਾ ਮਾਣ ਪ੍ਰਾਪਤ ਹੈ ਪਰ ਕੀ ਜਸਟਿਨ ਟਰੂਡੋ ਦੀ ਲਿਬਰਲ ਸਰਕਾਰ ਅਜ਼ਾਰੇਦਾਰੀ ਵੱਡੀ ਸਰਮਾਏਦਾਰੀ ਦੇ ਬੇ-ਰੋਕ ਟੋਕ ਮੁਨਾਫ਼ਿਆਂ, ਨਿੱਜੀਕਰਨ ਅਤੇ ਖੁੱਲ੍ਹੇ ਵਪਾਰ ਦੇ ਦਬਾਅ ਨੂੰ ਦਰਕਿਨਾਰ ਕਰਕੇ , ਆਮ ਬਹੁਗਿਣਤੀ ਵੋਟਰਾਂ ਦੇ ਫ਼ਤਵੇ ਅਤੇ ਹਿੱਤਾਂ ਦੀ ਰਾਖੀ ਦੇ ਵਾਅਦੇ ਪੂਰੇ ਕਰ ਸਕੇਗੀ ? ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ। ਇਸ ਕਾਰਜ ਲਈ ਬਹੁਗਿਣਤੀ ਮਿਹਨਤਕਸ਼ ਲੋਕਾਂ ਦੀਆਂ ਸ਼ੁਭ ਇੱਛਾਵਾਂ ਜਸਟਿਸ ਟਰੂਡੋ ਦੇ ਨਾਲ ਹਨ।